


Mann Insurance Brokers, Inc.
COVERED CALIFORNIA
Auto Home Business Worker Comp
Free Enrollment
Easy Appointment
Deadline: Feb 15, 2015
-Travelers-Progressive
-Kemper Preferred
-Mercury-Hartford
-Safeco-Victoria
-Mapfre -GMAC
Fidelity– Access
& Many More
Gurdawar Singh Mann
License # 0D74334 Certified Agent
Phone: 510-487-1000 Email: mann@ggiausa.com



COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
15 ਨਵੰਬਰ ਤੋਂ 15 ਫਰਵਰੀ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400



Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 52, December 27, 2014 20451 N Plum Grove Rd., Palatine, IL 60074 Ph:847-359-0746, Fax:847-705-9388


# ਨਸ਼ਾ ਸਮਗਲਿੰਗ ਦੀ ਸੂਈ ਆਖਰਕਾਰ ਮਜੀਠੀਏ ‘ਤੇ

## ਇਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਕਾਰਵਾਈ ਸ਼ੁਰੂ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਆਖ਼ਰਕਾਰ ਬਾਦਲ ਸਰਕਾਰ ਦੇ ਸਭ ਤੋਂ ਤਾਕਤਵਰ ਵਜ਼ੀਰ ਬਿਕਰਮ ਸਿੰਘ ਮਜੀਠੀਆ ਨੂੰ ਹੱਥ ਪਾ ਲਿਆ ਹੈ। ਛੇ ਹਜ਼ਾਰ ਕਰੋੜ ਰੁਪਏ ਦੀ ਨਸ਼ਾ ਤਸਕਰੀ ਨਾਲ ਜੁੜੇ ਮਾਮਲੇ ਵਿਚ ਮਜੀਠੀਆ ਦਾ ਨਾਂ ਤਕਰੀਬਨ 11 ਮਹੀਨੇ ਪਹਿਲਾਂ ਸਾਹਮਣੇ ਆਇਆ ਸੀ, ਪਰ ਇਸ ਤਾਕਤਵਰ ਵਜ਼ੀਰ ਅਤੇ ਬਾਦਲ ਪਰਿਵਾਰ ਦੇ ਰਿਸ਼ਤੇਦਾਰ ਨੂੰ ਹੱਥ ਪਾਉਣ ਤੋਂ ਈ.ਡੀ. ਵਲੋਂ ਟਾਲਾ ਵੱਟਿਆ ਜਾ ਰਿਹਾ ਸੀ। ਈ.ਡੀ. ਵਲੋਂ ਮਜੀਠੀਆ ਨੂੰ ਤਲਬ ਕਰਨ ਦੀ ਗੱਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਵੀ ਜੁੜ ਗਈ ਹੈ। ਤਕਰੀਬਨ ਹਫਤਾ ਪਹਿਲਾਂ ਹੀ ਸ੍ਰੀ ਮੋਦੀ ਵਲੋਂ ਰੇਡੀਓ ਪ੍ਰੋਗਰਾਮ ‘ਮਨ ਕੀ ਬਾਤ’ ਵਿਚ ਪੰਜਾਬ ਵਿਚ ਨਸ਼ਿਆਂ ਦੇ ਫੈਲੇ ਮੱਕੜਜਾਲ ਦਾ ਖਾਸ ਜ਼ਿਕਰ ਕੀਤਾ ਸੀ। ਪ੍ਰਧਾਨ ਮੰਤਰੀ ਦੀ ਇਹ ਟਿੱਪਣੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਕਾਫੀ ਰੜਕੀ ਸੀ ਅਤੇ ਉਨ੍ਹਾਂ ਨੇ ਨਸ਼ਾ, ਭਾਜਪਾ ਦੇ ਸੱਤਾ ਵਾਲੇ ਸੂਬਿਆਂ ਵਿਚੋਂ ਆਉਣ ਦੀ ਗੱਲ ਆਖੀ ਸੀ। ਕੁਝ ਸਿਆਸੀ ਮਾਹਿਰਾਂ ਨੇ ਇਸ ਕਾਰਵਾਈ ਨੂੰ ਭਾਜਪਾ ਦੀ ਰਣਨੀਤੀ ਦਾ ਹੀ ਹਿੱਸਾ ਦੱਸਿਆ ਹੈ ਤਾਂ ਕਿ ਬਾਦਲਾਂ ਦੇ ਪੈਰਾਂ ਹੇਠੋਂ ਹੋਰ ਜ਼ਮੀਨ ਖਿਸਕਾਈ ਜਾ ਸਕੇ।



ਬਿਕਰਮ ਸਿੰਘ ਮਜੀਠੀਆ

### ਬਾਦਲ ਨੇ ਫਿਰ ਮਾਰਿਆ ਯੂ-ਟਰਨ

ਡਰੱਗ ਤਸਕਰੀ ਵਿਚ ਬਿਕਰਮ ਮਜੀਠੀਆ ਦਾ ਨਾਂ ਸਾਹਮਣੇ ਆਉਣ ਪਿੱਛੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਹ ਕਹਿੰਦੇ ਆ ਰਹੇ ਸਨ ਕਿ ਖ਼ਬਰਾਂ ਦੇ ਆਧਾਰ ’ਤੇ ਕਿਸੇ ਮੰਤਰੀ ਦਾ ਅਸਤੀਫਾ ਨਹੀਂ ਲਿਆ ਜਾ ਸਕਦਾ। ਹੁਣ ਉਨ੍ਹਾਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਇਹ ਜਾਂਚ ਦਾ ਵਿਸ਼ਾ ਹੈ ਅਤੇ ਉਹ ਈ.ਡੀ. ਦੇ ਤਲਬ ਕਰਨ ’ਤੇ ਹੀ ਅਸਤੀਫਾ ਨਹੀਂ ਲੈ ਸਕਦੇ, ਹਾਲਾਂਕਿ ਜਦੋਂ ਸਰਵਨ ਸਿੰਘ ਫਿਲੌਰ ਦੇ ਬੇਟੇ ਦਮਨਬੀਰ ਸਿੰਘ ਨੂੰ ਈ.ਡੀ. ਨੇ ਪੁੱਛ-ਗਿੱਛ ਲਈ ਸੱਦਿਆ ਸੀ ਤਾਂ ਫਿਲੌਰ ਤੋਂ ਅਸਤੀਫ਼ਾ ਲੈ ਲਿਆ ਸੀ। ਗੁਲਜ਼ਾਰ ਸਿੰਘ ਰਣੀਕੇ ਦੇ ਪੀ.ਏ. ਉੱਤੇ ਫ਼ੰਡ ਘਪਲੇ ਦੇ ਇਲਜ਼ਾਮਾਂ ਪਿੱਛੋਂ ਉਸ ਨੂੰ ਅਸਤੀਫ਼ਾ ਦੇਣਾ ਪਿਆ ਸੀ।

ਯਾਦ ਰਹੇ ਕਿ ਇਨਫੋਰਸਮੈਂਟ ਡਾਇਰੈਕਟੋਰੇਟ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਦੇ ਅਧੀਨ ਹੈ। ਮੰਨਿਆ ਜਾ ਰਿਹਾ ਹੈ ਕਿ ਕੇਂਦਰ ਤੋਂ ਹਰੀ ਝੰਡੀ ਲੈ ਕੇ ਹੀ ਮਜੀਠੀਆ ਨੂੰ ਤਲਬ ਕੀਤਾ ਗਿਆ ਹੈ। ਖਾਸ ਗੱਲ ਇਹ ਹੈ ਕਿ ਮਜੀਠੀਆ ‘ਤੇ ਨਸ਼ਾ ਤਸਕਰਾਂ ਦੀ ਮਦਦ ਦੇ ਦੋਸ਼ ਲਗਾਤਾਰ ਲੱਗਦੇ ਰਹੇ ਹਨ, ਪਰ ਈ.ਡੀ. ਸਿਰਫ ਹਵਾਲਾ ਕਾਰੋਬਾਰ ਨਾਲ ਸਬੰਧਤ ਮਾਮਲਿਆਂ ਨੂੰ ਦੇਖਦਾ ਹੈ। ਹੁਣ ਈ.ਡੀ ਦੀ ਤਿਆਰੀ ਤੋਂ ਲੱਗਦਾ

(ਬਾਕੀ ਸਫਾ 6 ’ਤੇ)

# ਭਾਜਪਾ ਦਾ ਮਿਸ਼ਨ ਕਸ਼ਮੀਰ ਫੇਲ੍ਹ

**ਸ੍ਰੀਨਗਰ (ਪੰਜਾਬ ਟਾਈਮਜ਼ ਬਿਊਰੋ):** ਕਸ਼ਮੀਰੀਆਂ ਨੇ ਭਾਰਤੀ ਜਨਤਾ ਪਾਰਟੀ ਅਤੇ ਨਰੇਂਦਰ ਮੋਦੀ ਦੇ ਜੇਤੂ ਰੱਥ ਡੱਕ ਲਿਆ ਹੈ। ਪਾਰਟੀ ਨੂੰ ਜੰਮੂ ਕਸ਼ਮੀਰ ਦੀ 87 ਮੈਂਬਰੀ ਵਿਧਾਨ ਸਭਾ ਵਿਚ ਸਿਰਫ 25 ਸੀਟਾਂ ਮਿਲੀਆਂ ਹਨ ਜਦਕਿ ਇਸ ਦਾ ਦਾਈਆ 44 ਤੋਂ ਵੱਧ ਸੀਟਾਂ ਉਤੇ ਜਿੱਤਣ ਦਾ ਸੀ। ਕੁੱਲ 28 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਪੀਪਲਜ਼ ਡੈਮੋਕਰੇਟਿਕ ਪਾਰਟੀ (ਪੀ.ਡੀ.ਪੀ.) ਨੇ ਵਾਦੀ ਵਿਚ ਝੰਡੇ ਗੱਡ ਦਿੱਤੇ ਹਨ। ਕਾਂਗਰਸ ਨੂੰ 12 ਅਤੇ ਨੈਸ਼ਨਲ ਕਾਨਫਰੰਸ ਨੂੰ 15 ਸੀਟਾਂ ਉਤੇ ਜਿੱਤ ਹਾਸਲ ਹੋਈ ਹੈ।

ਇਹ ਲਗਾਤਾਰ ਤੀਜੀ ਵਾਰ ਹੈ ਜਦੋਂ ਜੰਮੂ ਕਸ਼ਮੀਰ ਵਿਚ ਕਿਸੇ ਇਕ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ ਹੈ। ਉਂਜ, ਇਸ ਵਾਰ ਵੋਟਰਾਂ ਨੇ ਕਸ਼ਮੀਰ ਵਾਦੀ ਵਿਚ ਪੀ.ਡੀ.ਪੀ. ਅਤੇ ਜੰਮੂ ਖੇਤਰ ਵਿਚ ਭਾਜਪਾ ਦੇ ਹੱਕ ਵਿਚ ਫਤਵਾ ਦਿੱਤਾ। ਇਸ ਨਾਲ ਐਤਕੀਂ ਸੂਬੇ ਦੀ ਖੇਤਰ ਪੱਧਰ ਉਤੇ ਵੰਡ ਪਹਿਲਾਂ ਨਾਲੋਂ ਵੀ ਤਿੱਖੇ ਰੂਪ ਵਿਚ ਸਾਹਮਣੇ ਆਈ ਹੈ। ਅਸਲ ਵਿਚ ਐਤਕੀਂ ਭਾਜਪਾ ਦੇ ਹਮਲਾਵਰ ਰੁਖ ਕਾਰਨ ਸੂਬੇ ਵਿਚ ਖੇਤਰੀ ਅਤੇ ਫਿਰਕੂ ਵੰਡੀਆਂ ਸਿਰੇ ਉਤੇ ਪੁੱਜ ਗਈਆਂ ਸਨ। ਭਾਜਪਾ ਆਗੂਆਂ ਨੇ ‘ਮਿਸ਼ਨ 44+’ ਪੂਰਾ

(ਬਾਕੀ ਸਫਾ 6 ’ਤੇ)

**ਕਸ਼ਮੀਰੀਆਂ ਨੇ ਮੋਦੀ ਦਾ ਰਾਹ ਡੱਕਿਆ**

**ਜੇਤੂ ਰੱਥ ਦੇ ਪਹੀਏ ਜੰਮੂ ਤੋਂ ਅੱਗੇ ਨਾ ਨਿਕਲੇ**

## ਪੰਜਾਬ ਦੀ ਸਿਆਸਤ ਉਤੇ ਅਸਰ

ਭਾਜਪਾ ਨੇ ਜੰਮੂ ਕਸ਼ਮੀਰ ਵਿਚ ‘ਮਿਸ਼ਨ 44+’ ਤੋਂ ਬਾਅਦ 2016 ਵਿਚ ਪੱਛਮੀ ਬੰਗਾਲ ਅਤੇ 2017 ਵਿਚ ਪੰਜਾਬ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਉਤੇ ਨਿਸ਼ਾਨਾ ਸਾਧਿਆ ਹੋਇਆ ਸੀ। ਜੰਮੂ ਕਸ਼ਮੀਰ ਵਿਚ ‘ਮਿਸ਼ਨ 44+’ ਫੇਲ੍ਹ ਹੋਣ ਤੋਂ ਬਾਅਦ ਇਸ ਦੇ ‘ਮਿਸ਼ਨ ਪੱਛਮੀ ਬੰਗਾਲ’ ਅਤੇ ‘ਮਿਸ਼ਨ ਪੰਜਾਬ’ ਉਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਪੰਜਾਬ ਵਿਚ ਪਿਛਲੇ ਕੁਝ ਸਮੇਂ ਤੋਂ ਬਾਦਲਾਂ ਦੀ ਗੱਡੀ ਲੀਹੋਂ ਲਹਿਣ ਅਤੇ ਹਿਤਾਂ ਦਾ ਟਕਰਾਅ ਵਧਣ ਕਾਰਨ ਭਾਜਪਾ ਆਗੂ ਵਿਧਾਨ ਸਭਾ ਚੋਣਾਂ ਇਕੱਲਿਆਂ ਹੀ ਲੜਨ ਬਾਰੇ ਖੰਭ ਤੋਲ ਰਹੇ ਸਨ। ਇਸੇ ਦੌਰਾਨ ਆਹਲਾ ਮਿਆਰੀ ਸੂਤਰਾਂ ਤੋਂ ਇਹ ਸੂਹ ਵੀ ਮਿਲੀ ਹੈ ਕਿ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦਾ ਇਕ ਹਿੱਸਾ ਸ਼੍ਰੋਮਣੀ ਅਕਾਲੀ ਦਲ ਨੂੰ ਇਕੱਲਿਆਂ ਛੱਡਣ ਦੇ ਹੱਕ ਵਿਚ ਨਹੀਂ ਹੈ। ਇਸ ਹਿੱਸੇ ਦੇ ਲੀਡਰਾਂ ਦੀ ਸਮਝ ਹੈ ਕਿ ਇਕ ਤਾਂ ਪੰਜਾਬ ਸਰਹੱਦੀ ਸੂਬਾ ਹੈ ਅਤੇ ਦੂਜੇ, ਵੱਖਵਾਦ ਦਾ ਮਸਲਾ ਵੀ ਸੂਬੇ ਵਿਚ ਸਦਾ ਸੁਲਗਦਾ ਰਹਿੰਦਾ ਹੈ, ਇਸ ਕਰ ਕੇ ਅਕਾਲੀ ਦਲ ਨੂੰ ਆਪਣੇ ਤੋਂ ਦੂਰ ਨਾ ਹੀ ਕੀਤਾ ਜਾਵੇ।


REAL ESTATE & HOME LOANS



✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL Century 21
Broker / Associate
209.918.6464
ahundal@c21mm.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra



>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com


TRAVELOPOD.COM
Exclusive Christmas Deals
BOOK BY PHONE & SAVE UPTO 30%
'December Fare'
Limited Offer - Few Seats Left!!
Call now...
1-855-436-0728
US Domestic
SAN FRANCISCO - LA $144
NEW YORK - MIAMI $213
NEW YORK - LOS ANGELES $337
CHICAGO - NEW YORK $216
MIAMI - NEW YORK $214
Why Book with TravelOpod?
Customer Satisfaction
Best Fare Guarantee on Dom & Inl Flights
Excellent Service
24x7 Live Support
Domestic & International Special Deals Available from All Cities
USA to India
SAN FRANSISCO - MUMBAI $1,950
LOS ANGELES - DELHI $1,850
NEW YORK - HYDERABAD $1,600
NEW YORK - DELHI $1,500
CHICAGO - BANGALORE $1,800
Travelopod- Where Service Matters
CST # 2112418-40


GILL EXPRESS
NEW LOCATION
MEMPHIS
ਤਜ਼ਰਬੇਕਾਰ ਮਕੈਨਿਕ ਦੀ ਲੋੜ ਹੈ
ਚੰਗੀ ਤਨਖਾਹ ਤੇ ਰਿਹਾਇਸ਼ ਫਰੀ
Hwy I-40 Exit 280, Hwy I-55 Exit 4
Next To Pilot TRAVEL CENTERS LLC
REPAIR
TIRES
WASH
ਪੰਜਾਬੀ ਢਾਬਾ
@ 3657 Southland Dr. W. Memphis, AR-72301
Tel : 661-203-0433



ਸਰਬੰਸ ਦਾਨੀ, ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ

ਮਹਾਨ ਆਤਮ ਰਸ ਕੀਰਤਨ ਦਰਬਾਰ

26, 27 ਅਤੇ 28 ਦਸੰਬਰ 2014

ਪੰਥ ਦੇ ਮਹਾਨ ਕੀਰਤਨੀਏ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ

ਪਹੁੰਚ ਰਹੇ ਕੀਰਤਨੀ ਜਥੇ


ਭਾਈ ਸਤਨਾਮ ਸਿੰਘ
ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ


ਭਾਈ ਜਸਬੀਰ ਸਿੰਘ ਖਾਲਸਾ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ


ਭਾਈ ਹਰਪ੍ਰੀਤ ਸਿੰਘ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ


ਭਾਈ ਤਜਿੰਦਰ ਸਿੰਘ ਜੀ
ਭਾਈ ਡਿੰਪਲ ਸਿੰਘ ਜੀ
ਦਿੱਲੀ ਵਾਲੇ


ਭਾਈ ਹਰਬਲਜੀਤ ਸਿੰਘ
ਭਾਈ ਗੁਰਮੀਤ ਸਿੰਘ
ਬਟਾਲੇ ਵਾਲੇ


ਭਾਈ ਅੰਮ੍ਰਿਤਪਾਲ ਸਿੰਘ
ਸੰਗਰੂਰ ਵਾਲੇ

ਪ੍ਰੋਗਰਾਮ ਦਾ ਵੇਰਵਾ
26 ਅਤੇ 27 ਦਸੰਬਰ 2014
ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ
28 ਦਸੰਬਰ 2014 (ਐਤਵਾਰ)
ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2:30 ਵਜੇ ਤੱਕ

ਸੰਪਰਕ ਕਰੋ
ਇੰਦਰਜੀਤ ਸਿੰਘ-ਪ੍ਰਧਾਨ 510-774-4118
ਵਰਿੰਦਰ ਸਿੰਘ-ਜਨਰਲ ਸਕੱਤਰ 510-928-4625
ਕੁਲਵਿੰਦਰ ਸਿੰਘ-ਮੀਤ ਸਕੱਤਰ 510-472-2749

ਦਾਸਰੇ: ਸਮੂਹ ਪ੍ਰਬੰਧਕ ਕਮੇਟੀ, ਸਿੱਖ ਸੈਂਟਰ, ਐਲ ਸਬਰਾਂਟੇ, ਕੈਲੀਫੋਰਨੀਆ

Sikh Center of San Francisco
3500 Hill Crest Road, El Sobrante, CA 94803 (Ph: 510-223-9987)

# ਪੰਜਾਬੀ ਸਭਿਆਚਾਰ ਦੇ ਬਾਬਾ ਬੋਹੜ ਜਗਦੇਵ ਸਿੰਘ ਜੱਸੋਵਾਲ ਨਹੀਂ ਰਹੇ

**ਲੁਧਿਆਣਾ:** ਪੰਜਾਬੀ ਸਭਿਆਚਾਰ ਦੇ ਥੰਮ ਜਗਦੇਵ ਸਿੰਘ ਜੱਸੋਵਾਲ ਨਹੀਂ ਰਹੇ। ਉਹ 79 ਸਾਲ ਦੇ ਸਨ। ਸ੍ਰੀ ਜੱਸੋਵਾਲ 24 ਨਵੰਬਰ ਤੋਂ ਹਸਪਤਾਲ ਵਿਚ ਇਲਾਜ ਲਈ ਦਾਖਲ ਸਨ। ਉਹ ਗੁਰਦਿਆਂ ਤੇ ਜਿਗਰ ਦੀ ਬਿਮਾਰੀ ਤੋਂ ਪੀੜਤ ਸਨ। ਪੂਰੇ ਸੰਸਾਰ ਦੇ ਪੰਜਾਬੀਆਂ ਵਿਚ ਉਹ ਸਭਿਆਚਾਰਕ ਗਤੀਵਿਧੀਆਂ ਕਾਰਨ ਬਹੁਤ ਹਰਮਨ ਪਿਆਰੇ ਸਨ। ਅਤਿਵਾਦ ਦੇ ਸਮੇਂ ਵਿਚ ਜਦੋਂ ਪੱਤਾ ਵੀ ਨਹੀਂ ਸੀ ਹਿਲਦਾ, ਉਨ੍ਹਾਂ ਨੇ ਉਦੋਂ ਪੰਜਾਬ ਭਰ ਵਿਚ ਸਭਿਆਚਾਰਕ ਮੇਲੇ ਲਾ ਕੇ ਪੰਜਾਬ ਦੇ ਲੋਕਾਂ ਵਿੱਚ ਭਾਈਚਾਰਕ ਸਾਂਝ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਹਰਭਜਨ ਮਾਨ, ਰਵਿੰਦਰ ਗਰੇਵਾਲ, ਹਰਬੰਸ ਸਹੋਤਾ ਤੋਂ ਲੈ ਕੇ ਸੈਂਕੜੇ ਗਾਇਕਾਂ ਦੀ ਸਰਪ੍ਰਸਤੀ ਕੀਤੀ ਤੇ ਇਨ੍ਹਾਂ ਨੂੰ ਉਂਗਲ ਫੜ ਕੇ ਕਲਾ ਦੀ ਦੁਨੀਆਂ ਵਿੱਚ ਤੋਰਿਆ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ੍ਰੀ ਜਗਦੇਵ ਸਿੰਘ ਜੱਸੋਵਾਲ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮੌਤ ਨਾਲ ਪੰਜਾਬੀਆਂ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਜੱਸੋਵਾਲ ਨੂੰ ਪੰਜਾਬੀ ਸਭਿਆਚਾਰ ਦਾ ਦੂਤ ਦੱਸਿਆ, ਜਿਨ੍ਹਾਂ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਫੁੱਲਿਤ ਕਰਨ ਵਿਚ ਵੱਡਾ ਯੋਗਦਾਨ ਪਾਇਆ।

30 ਅਪਰੈਲ 1935 ਨੂੰ ਜ਼ੈਲਦਾਰ ਕਰਤਾਰ ਸਿੰਘ ਤੇ ਮਾਤਾ ਅਮਰ ਕੌਰ ਦੇ ਘਰ ਜਨਮੇ ਜੱਸੋਵਾਲ ਨੇ ਪ੍ਰਾਇਮਰੀ ਤੱਕ ਦੀ ਸਿੱਖਿਆ ਆਪਣੇ ਜੱਦੀ ਪਿੰਡ ਜੱਸੋਵਾਲ ਸੂਦਾਂ ਦੇ ਸਕੂਲ ਤੋਂ ਲਈ। ਆਰੀਆ ਕਾਲਜ ਵਿਚ ਹਾਲੇ ਉਹ ਪੜ੍ਹ ਹੀ ਰਹੇ ਸਨ ਕਿ ਇਕ ਗੁਰਦੁਆਰੇ



ਜਗਦੇਵ ਸਿੰਘ ਜੱਸੋਵਾਲ

ਵਿਚ ਪੰਜਾਬੀ ਸੂਬੇ ਦੇ ਮੋਰਚੇ ਬਾਰੇ ਦੀਵਾਨ ਸੁਣਨ ਚਲੇ ਗਏ। ਇਨ੍ਹਾਂ ਤਕਰੀਰਾਂ ਨੇ ਉਨ੍ਹਾਂ ਨੂੰ ਏਨਾ ਕਾਟ ਕੀਤਾ ਕਿ ਉਹ ਮੋਰਚੇ ਦੇ ਜਥੇ ਨਾਲ ਜੇਲ੍ਹ ਜਾ ਪੁੱਜੇ। ਉਨ੍ਹਾਂ ਨੇ ਪੰਜਾਬੀ ਸੂਬੇ ਦੇ ਮੋਰਚੇ ਵਿਚ ਡੇਢ ਸਾਲ ਕੈਦ ਕੱਟੀ ਤੇ ਉਨ੍ਹਾਂ ਨੂੰ 11 ਹਜ਼ਾਰ ਰੁਪਏ ਜੁਰਮਾਨਾ ਹੋਇਆ ਪਰ ਪੰਜਾਬੀ ਸੂਬਾ ਬਨਣ ਬਾਅਦ ਕਈ ਵਾਰ ਅਕਾਲੀ ਸਰਕਾਰਾਂ ਆਈਆਂ ਉਨ੍ਹਾਂ ਨੂੰ ਇਹ ਜੁਰਮਾਨਾ ਵਾਪਸ ਨਹੀਂ ਮਿਲਿਆ। ਸਿਆਸੀ ਜ਼ਿੰਦਗੀ ਦੀ ਸ਼ੁਰੂਆਤ ਵਜੋਂ ਉਹ ਪੜ੍ਹਾਈ ਦੌਰਾਨ ਹੀ ਉਹ ਸਰਬਸੰਮਤੀ ਨਾਲ ਪਿੰਡ ਦੇ ਸਰਪੰਚ ਬਣ ਗਏ। 1969 ਵਿਚ ਉਹ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੇ ਸੈਕਟਰੀ ਬਣ ਗਏ। 1972 ਵਿਚ ਕਿਲਾ ਰਾਇਪੁਰ ਤੋਂ ਤੱਕੜੀ ਚੋਣ ਨਿਸ਼ਾਨ 'ਤੇ ਪਹਿਲੀ ਵਿਧਾਨ ਸਭਾ ਦੀ ਚੋਣ ਲੜੀ ਪਰ ਸਫਲ ਨਹੀਂ ਹੋਏ।

ਕੁਝ ਸਮਾਂ ਉਹ ਸੰਤ ਫਤਿਹ ਸਿੰਘ ਦੇ ਨਾਲ ਅਕਾਲੀ ਦਲ ਦੇ ਜਨਰਲ ਸਕੱਤਰ ਵੀ ਰਹੇ। 1980 ਵਿਚ ਕਾਂਗਰਸ ਦੀ ਟਿਕਟ 'ਤੇ ਰਾਏਕੋਟ ਹਲਕੇ ਤੋਂ ਚੋਣ ਲੜੇ ਤੇ ਵਿਧਾਇਕ ਬਣ ਗਏ। ਮੁੱਖ ਮੰਤਰੀ ਦਰਬਾਰਾ ਸਿੰਘ ਦੀ ਸਰਕਾਰ ਵਿਚ ਉਹ ਡੇਅਰੀ ਵਿਕਾਸ ਬੋਰਡ ਤੇ ਜੰਗਲਾਤ ਵਿਭਾਗ ਦੇ ਚੇਅਰਮੈਨ ਰਹੇ। ਦੋ ਸਾਲ ਪੰਜਾਬ ਸਟੇਟ ਯੂਥ ਵੈਲਫੇਅਰ ਬੋਰਡ ਦੇ ਅਡਵਾਈਜ਼ਰ ਰਹੇ। ਮੈਂਬਰ ਬਿਜਲੀ ਬੋਰਡ, ਮੈਂਬਰ ਭਾਸ਼ਾ ਅਡਵਾਈਜ਼ਰੀ ਬੋਰਡ, ਮੈਂਬਰ ਦੂਰਦਰਸ਼ਨ ਕੌਂਸਲ, ਮੈਂਬਰ ਪੰਜਾਬ ਆਰਟਸ ਕੌਂਸਲ ਰਹੇ। ਉਹ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਚੰਡੀਗੜ੍ਹ ਦੇ ਪੰਜ ਸਾਲ ਤੱਕ ਪ੍ਰਧਾਨ ਰਹੇ। 1978 ਵਿਚ ਉਨ੍ਹਾਂ ਨੇ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਬਣਾਈ ਜਿਸ ਦੇ ਆਖਰੀ ਸਾਹ ਤੱਕ ਉਹ ਚੇਅਰਮੈਨ ਰਹੇ। ਉਨ੍ਹਾਂ ਇਸ ਸੰਸਥਾ ਰਾਹੀਂ ਪ੍ਰੋ. ਮੋਹਨ ਸਿੰਘ ਦਾ ਜਨਮ ਦਿਨ ਸਾਲਾਨਾ ਮੇਲਿਆਂ ਦੇ ਰੂਪ ਵਿਚ ਮਨਾਇਆ। ਪੰਜਾਬ ਭਰ ਦੇ ਕਲਾਕਾਰਾਂ ਨੂੰ ਸੰਗਠਿਤ ਕੀਤਾ। ਉਨ੍ਹਾਂ ਮੋਹਨ ਸਿੰਘ ਦਾ ਬੁੱਤ ਆਰਤੀ ਚੌਕ ਲੁਧਿਆਣਾ ਵਿਚ ਸਥਾਪਤ ਕਰਵਾਇਆ।

# ਕਤਲੇਆਮ 84: ਵਿਸ਼ੇਸ਼ ਜਾਂਚ ਟੀਮ ਦੀ ਸੰਭਾਵਨਾ ਬਾਰੇ ਕਮੇਟੀ ਕਾਇਮ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਰਕਾਰ ਨੇ ਇਕ ਕਮੇਟੀ ਕਾਇਮ ਕੀਤੀ ਹੈ, ਜੋ 1984 ਦੇ ਸਿੱਖ ਵਿਰੋਧੀ ਕਤਲੇਆਮ ਦੀ ਮੁੜ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੇ ਜਾਣ ਦੀਆਂ ਸੰਭਾਵਨਾਵਾਂ ਦੀ ਪੁਣਛਾਣ ਕਰੇਗੀ। ਇਹ ਕਾਰਵਾਈ ਇਸ ਕਰਕੇ ਅਹਿਮ ਹੈ ਕਿ ਸਿੱਖ ਕਤਲੇਆਮ ਦੇ ਕੁੱਲ 3325 ਪੀੜਤਾਂ ਵਿਚੋਂ 2733 ਦਿੱਲੀ ਨਾਲ ਸਬੰਧਤ ਸਨ।

ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ (ਸੇਵਾਮੁਕਤ) ਜੀ.ਪੀ. ਮਾਥੁਰ ਦੀ ਅਗਵਾਈ ਵਾਲੀ ਇਹ ਕਮੇਟੀ ਤਿੰਨ ਮਹੀਨਿਆਂ ਵਿਚ ਆਪਣੀ ਰਿਪੋਰਟ ਦੇਵੇਗੀ। ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਭਾਜਪਾ ਪਹਿਲਾਂ ਵੀ 1984 ਦੇ ਦੰਗਿਆਂ ਦੇ ਸਾਰੇ ਕੇਸਾਂ ਦੀ ਜਾਂਚ ਕਰਾਏ ਜਾਣ ਦੀ ਮੰਗ ਕਰ ਚੁੱਕੀ ਹੈ, ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਸ ਦੇ ਅੰਗ ਰੱਖਿਅਕਾਂ ਵੱਲੋਂ ਹੱਤਿਆ ਕੀਤੇ ਜਾਣ ਮਗਰੋਂ ਇਹ ਕਤਲੇਆਮ ਸ਼ੁਰੂ ਹੋਇਆ ਸੀ। ਜਸਟਿਸ ਨਾਨਾਵਤੀ ਨੇ ਪੁਲਿਸ ਵੱਲੋਂ ਬੰਦ ਕੀਤੇ 241 ਕੇਸਾਂ ਵਿਚੋਂ ਸਿਰਫ ਚਾਰ ਕੇਸ ਮੁੜ ਖੋਲ੍ਹਣ ਦੀ ਸਿਫਾਰਸ਼ ਕੀਤੀ ਸੀ। ਜਦਕਿ ਭਾਜਪਾ ਬਾਕੀ ਦੇ 237 ਕੇਸਾਂ ਦੀ ਵੀ ਮੁੜ ਜਾਂਚ ਕਰਾਏ ਜਾਣ ਦੀ ਮੰਗ ਕਰਦੀ ਰਹੀ ਹੈ।

ਸਿੱਖ ਕਤਲੇਆਮ ਵਿਚ ਸਿੱਖ ਪੀੜਤਾਂ ਦੇ ਕੇਸ ਲੜਦੇ ਆ ਰਹੇ ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ ਨੇ ਸਾਬਕਾ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੂੰ ਲਿਖੇ ਖੁੱਲ੍ਹੇ ਪੱਤਰ ਰਾਹੀਂ 1984 ਦੇ ਕੇਸਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੇ ਜਾਣ ਦੀ ਮੰਗ ਕੀਤੀ ਸੀ। ਫੂਲਕਾ ਨੇ ਦੱਸਿਆ ਕਿ ਸਬੰਧਤ 241 ਕੇਸਾਂ ਵਿਚੋਂ ਸੀ.ਬੀ.ਆਈ. ਨੇ ਮੁੜ ਜਾਂਚ ਲਈ ਸਿਰਫ ਚਾਰ ਕੇਸ ਹੀ ਖੋਲ੍ਹੇ ਸਨ ਤੇ ਦੋ ਕੇਸਾਂ ਵਿੱਚ ਏਜੰਸੀ ਨੇ ਚਾਰਜਸ਼ੀਟ ਦਾਇਰ ਕੀਤੀ ਤੇ ਇਕ ਕੇਸ ਵਿੱਚ ਇਕ ਸਾਬਕਾ ਵਿਧਾਇਕ ਸਮੇਤ 5 ਵਿਅਕਤੀ ਦੋਸ਼ੀ ਕਰਾਰ ਦਿੱਤੇ ਗਏ ਸਨ। ਸ੍ਰੀ ਫੂਲਕਾ ਨੇ ਕਿਹਾ ਕਿ ਜੇਕਰ ਬਾਕੀ ਕੇਸ ਵੀ ਖੋਲ੍ਹੇ ਜਾਂਦੇ ਤਾਂ ਹੋਰ ਲੋਕਾਂ ਨੂੰ ਵੀ ਸਜ਼ਾਵਾਂ ਹੋ ਸਕਦੀਆਂ ਸਨ। ਹੁਣ ਭਾਜਪਾ ਸਰਕਾਰ ਵੱਲੋਂ ਕਾਇਮ ਕਮੇਟੀ, ਸਿੱਖ ਕਤਲੇਆਮ ਨਾਲ ਸਬੰਧਤ ਵੱਖ-ਵੱਖ ਸ਼ਿਕਾਇਤਾਂ 'ਤੇ ਨਜ਼ਰਸਾਨੀ ਕਰੇਗੀ। ਗ੍ਰਹਿ ਮੰਤਰਾਲੇ ਨੇ ਵੱਖ-ਵੱਖ ਲੋਕਾਂ ਤੇ ਜਥੇਬੰਦੀਆਂ ਵੱਲੋਂ ਸ਼ਿਕਾਇਤਾਂ ਮਿਲਣ ਮਗਰੋਂ ਇਹ ਕਮੇਟੀ ਕਾਇਮ ਕੀਤੀ ਹੈ। ਇਹ ਕਮੇਟੀ ਕੇਂਦਰੀ ਕੈਬਨਿਟ ਵੱਲੋਂ 10 ਦਸੰਬਰ 2014 ਨੂੰ ਮਨਜ਼ੂਰ ਦੰਗਿਆਂ ਵਿਚ ਮਾਰੇ ਗਏ ਹਰੇਕ ਵਿਅਕਤੀ ਦੇ ਵਾਰਸਾਂ ਨੂੰ ਪੰਜ ਲੱਖ ਰੁਪਏ ਅਦਾ ਕੀਤੇ ਜਾਣ ਨੂੰ ਵੀ ਯਕੀਨੀ ਬਣਾਏਗੀ। ਸ੍ਰੀ ਫੂਲਕਾ ਨੇ ਕੇਂਦਰ ਦੀ ਇਸ ਕਾਰਵਾਈ ਦੀ ਨਿੰਦਾ ਕੀਤੀ ਕਿ ਹਾਲੇ ਵੀ ਵਿਸ਼ੇਸ਼ ਜਾਂਚ ਟੀਮ ਬਣਾਉਣ ਦੀਆਂ ਸੰਭਾਵਨਾਵਾਂ ਦੇਖੀਆਂ ਜਾ ਰਹੀਆਂ ਹਨ।

# ਜਸਵਿੰਦਰ ਜੱਸੀ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਸ੍ਰੀ ਜਸਵਿੰਦਰ ਜੱਸੀ ਖੇਡ ਤੇ ਸਭਿਆਚਾਰਕ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ ਦੇ ਸਾਲ 2015 ਲਈ ਪ੍ਰਧਾਨ ਚੁਣੇ ਗਏ ਹਨ। ਇਸ ਸਬੰਧੀ ਫੈਸਲਾ ਕਲੱਬ ਦੇ ਮੈਂਬਰਾਂ ਦੀ ਪਿਛਲੇ ਦਿਨੀਂ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਸ੍ਰੀ ਜੱਸੀ ਕਲੱਬ ਦੀ ਸਥਾਪਨਾ ਤੋਂ ਹੀ ਇਸ ਨਾਲ ਜੁੜੇ ਹੋਏ ਹਨ।



ਜਸਵਿੰਦਰ ਜੱਸੀ

ਜ਼ਿਕਰਯੋਗ ਹੈ ਕਿ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ 2007 ਵਿਚ ਆਪਣੇ ਗਠਨ ਤੋਂ ਲੈ ਕੇ ਹਰ ਸਾਲ ਕੌਮਾਂਤਰੀ ਪੱਧਰ ਦਾ ਕਬੱਡੀ ਮੇਲਾ ਕਰਵਾਉਂਦਾ ਆ ਰਿਹਾ ਹੈ। ਮੇਲੇ ਦੌਰਾਨ ਲੋਕ ਕਲਾਕਾਰ ਦਰਸ਼ਕਾਂ ਦੇ ਮਨੋਰੰਜਨ ਲਈ ਵੀ ਬੁਲਾਏ ਜਾਂਦੇ ਹਨ। ਇਸ ਕਲੱਬ ਦਾ ਖੇਡ ਮੇਲਾ ਮਿਡਵੈਸਟ ਵਿਚ ਹੋਣ ਵਾਲੇ ਅਹਿਮ ਖੇਡ ਮੇਲਿਆਂ ਵਿਚ ਸ਼ੁਮਾਰ ਹੁੰਦਾ ਹੈ। ਸਾਲ 2015 ਦੌਰਾਨ ਇਸ ਵਲੋਂ ਖੇਡ ਮੇਲਾ ਪਿਛਲੇ ਸਾਲਾਂ ਵਾਂਗ ਹੀ ਲੇਬਰ ਡੇਅ ਵੀਕਐਂਡ 'ਤੇ 6 ਸਤੰਬਰ ਨੂੰ ਪਹਿਲਾਂ ਦੀ ਤਰ੍ਹਾਂ ਬਸੀਵੁਡਜ਼, ਐਲਕਗਰੂਵ ਵਿਚ ਹੋਵੇਗਾ।

ਇਸੇ ਦੌਰਾਨ ਸ੍ਰੀ ਜੱਸੀ ਨੇ ਕਲੱਬ ਦੇ ਪ੍ਰਧਾਨ ਦੀ ਜਿੰਮੇਵਾਰੀ ਸੌਂਪੇ ਜਾਣ ਉਤੇ ਕਲੱਬ ਦੇ ਸਾਬਕਾ ਪ੍ਰਧਾਨਾਂ, ਚੇਅਰਮੈਨਾਂ, ਅਹੁਦੇਦਾਰਾਂ ਅਤੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਉਹ ਸੌਂਪੀ ਗਈ ਜਿੰਮੇਵਾਰੀ ਸਭ ਦੇ ਸਹਿਯੋਗ ਨਾਲ ਪੂਰੀ ਜਿੰਮੇਵਾਰੀ ਨਾਲ ਨਿਭਾਉਣ ਦੀ ਕੋਸ਼ਿਸ਼ ਕਰਨਗੇ। ਸ੍ਰੀ ਜੱਸੀ ਨਾਲ ਸੰਪਰਕ ਫੋਨ: 773-759-0433 ਰਾਹੀਂ ਕੀਤਾ ਜਾ ਸਕਦਾ ਹੈ।

# ਵੱਖਰੀ ਕਮੇਟੀ ਬਾਰੇ ਫੈਸਲੇ ਦੀ ਪੈਰਵੀ ਕਰੇਗੀ ਹਰਿਆਣਾ ਸਰਕਾਰ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭਰੋਸਾ ਦਿੱਤਾ ਹੈ ਕਿ ਸਰਕਾਰ ਸੂਬੇ ਵਿਚ ਵੱਖਰੀ ਕਮੇਟੀ ਬਣਾਉਣ ਦੇ ਫੈਸਲੇ ਦੀ ਸੁਪਰੀਮ ਕੋਰਟ ਵਿਚ ਪੈਰਵੀ ਕਰੇਗੀ। ਇਸ ਕੇਸ ਦੀ ਸੁਣਵਾਈ ਸੁਪਰੀਮ ਕੋਰਟ ਵਿਚ ਅਗਲੇ ਸਾਲ ਸੱਤ ਜਨਵਰੀ ਨੂੰ ਹੋਵੇਗੀ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ 16 ਮੈਂਬਰੀ ਵਫਦ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ, ਸੀਨੀਅਰ ਮੀਤ ਪ੍ਰਧਾਨ ਜਥੇਦਾਰ ਦੀਦਾਰ ਸਿੰਘ ਨਲਵੀ ਤੇ ਜਨਰਲ ਸਕੱਤਰ ਜੋਗਾ ਸਿੰਘ ਦੀ ਅਗਵਾਈ ਹੇਠ ਇਥੇ ਮੁੱਖ ਮੰਤਰੀ ਨੂੰ ਮਿਲਿਆ ਤੇ ਪਿਛਲੀ ਸਰਕਾਰ ਵੱਲੋਂ ਵੱਖਰੀ ਕਮੇਟੀ ਬਣਾਉਣ ਤੇ ਇਸ ਨੂੰ ਚੁਣੌਤੀ ਦੇਣ ਦੇ ਮਾਮਲੇ ਦੀ ਵਿਸਥਾਰ ਵਿਚ ਜਾਣਕਾਰੀ ਦਿੱਤੀ।

ਜਥੇਦਾਰ ਨਲਵੀ ਨੇ ਕਿਹਾ ਕਿ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਵੱਖਰੀ ਕਮੇਟੀ ਬਣਾਉਣ ਦਾ ਫੈਸਲਾ ਪਿਛਲੀ ਸਰਕਾਰ ਨੇ ਕੀਤਾ ਸੀ ਤੇ ਇਸ ਲਈ ਉਨ੍ਹਾਂ ਦੀ ਸਰਕਾਰ ਇਸ ਫੈਸਲੇ ਦੀ ਸੁਪਰੀਮ ਕੋਰਟ ਵਿਚ ਪੈਰਵੀ ਕਰੇਗੀ ਤੇ ਸੂਬੇ ਦੇ ਸਿੱਖਾਂ ਤੇ ਨਾਗਰਿਕਾਂ ਦੇ ਹਿੱਤਾਂ ਦੀ ਰਾਖੀ ਕਰਨਾ ਉਨ੍ਹਾਂ ਦੀ ਸਰਕਾਰ ਦਾ ਫਰਜ਼ ਹੈ। ਦੱਸਣਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਦੀ ਅਗਵਾਈ ਹੇਠ ਕੁਝ ਦਿਨ ਪਹਿਲਾਂ ਇਕ ਵਫਦ ਹਰਿਆਣਾ ਦੇ ਮੁੱਖ ਮੰਤਰੀ ਨੂੰ ਮਿਲਿਆ ਸੀ। ਵਫਦ ਨੇ ਹਰਿਆਣਾ ਵਿੱਚ ਵੱਖਰੀ ਕਮੇਟੀ ਬਣਾਉਣ ਦੇ ਫੈਸਲੇ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ ਪਰ ਮੁੱਖ ਮੰਤਰੀ ਖੱਟਰ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫਦ ਨੂੰ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀ ਸਰਕਾਰ ਵੱਖਰੀ ਕਮੇਟੀ ਬਣਾਉਣ ਦੇ ਫੈਸਲੇ ਦੀ ਪੈਰਵੀ ਕਰੇਗੀ।

## ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਨ ਬਾਰੇ ਮਤਾ ਪਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਨ ਦੀ ਮੰਗ ਦਾ ਮਤਾ ਪਾਸ ਕਰ ਦਿੱਤਾ। ਵਿਧਾਨ ਸਭਾ ਵਿਚ ਇਹ ਮਤਾ ਅਮਰਗੜ੍ਹ ਤੋਂ ਅਕਾਲੀ ਵਿਧਾਇਕ ਇਕਬਾਲ ਸਿੰਘ ਝੂੰਦਾਂ ਨੇ ਪੇਸ਼ ਕੀਤਾ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਮਦਨ ਮੋਹਨ ਮਿੱਤਲ ਨੇ ਗ਼ੈਰ-ਸਰਕਾਰੀ ਮਤਿਆਂ ਦੀ ਜ਼ਿਕਰ ਕਰਦਿਆਂ ਕਿਹਾ ਕਿ ਜਦੋਂ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਇਸ ਮੁੱਦੇ 'ਤੇ ਇਕਮਤ ਹਨ ਤਾਂ ਮਤਾ ਪਾਸ ਕਰ ਦੇਣਾ ਚਾਹੀਦਾ ਹੈ। ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਮੰਤਰੀ ਦੀ ਦਲੀਲ ਨਾਲ ਸਹਿਮਤ ਹੁੰਦਿਆਂ ਮਤਾ ਪਾਸ ਕਰਵਾ ਦਿੱਤਾ।

ਇਸ ਸਮੇਂ ਵਿਰੋਧੀ ਧਿਰ ਸਦਨ ਦੀ ਕਾਰਵਾਈ ਵਿਚੋਂ ਵਾਕਆਊਟ ਕਰ ਚੁੱਕੀ ਸੀ। ਮਤੇ ਵਿਚ ਕਿਹਾ ਗਿਆ ਹੈ ਕਿ ਰਾਜ ਸਰਕਾਰ ਇਸ ਮਾਮਲੇ ਨੂੰ ਕੇਂਦਰ ਸਰਕਾਰ ਕੋਲ ਉਠਾਵੇ ਕਿ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ, ਜੋ ਹਰਿਆਣਾ ਵਿਚ ਰਹਿ ਗਏ ਹਨ, ਨੂੰ ਤੁਰੰਤ ਪੰਜਾਬ ਵਿਚ ਸ਼ਾਮਲ ਕਰਵਾਇਆ ਜਾਵੇ।

# ਡੇਰਾ ਸਿਰਸਾ ਮੁਖੀ ਖਿਲਾਫ ਸੀ.ਬੀ.ਆਈ. ਜਾਂਚ ਦੇ ਹੁਕਮ

## ਸ਼ਰਧਾਲੂਆਂ ਨੂੰ ਨਿਪੁੰਸਕ ਬਣਾਉਣ ਦਾ ਮਾਮਲਾ

**ਚੰਡੀਗੜ੍ਹ:** ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਜਦੋਂ ਪੰਜਾਬ, ਹਰਿਆਣਾ ਹਾਈਕੋਰਟ ਨੇ ਡੇਰੇ ਵਿਚ ਕੁਝ ਸ਼ਰਧਾਲੂਆਂ ਨੂੰ ਨਿਪੁੰਸਕ ਬਣਾਉਣ ਦੇ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰਾਉਣ ਦੇ ਹੁਕਮ ਦਿੱਤੇ। ਹਾਈਕੋਰਟ ਦੇ ਜਸਟਿਸ ਕੇ. ਕੰਨਨ ਨੇ ਡੇਰੇ ਦੇ ਇਕ ਸਾਬਕਾ ਸ਼ਰਧਾਲੂ ਹੰਸਰਾਜ ਚੌਹਾਨ ਦੀ ਪਟੀਸ਼ਨ 'ਤੇ ਇਹ ਹੁਕਮ ਦਿੱਤੇ ਹਨ। ਚੌਹਾਨ ਵੱਲੋਂ ਆਪਣੇ ਵਕੀਲ ਨਵਕਿਰਨ ਸਿੰਘ ਰਾਹੀਂ ਦਾਇਰ ਕੀਤੀ ਗਈ ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਸੀ ਕਿ ਡੇਰੇ ਵਿਚ ਕਰੀਬ 400 ਸ਼ਰਧਾਲੂਆਂ ਨੂੰ ਨਿਪੁੰਸਕ ਬਣਾਇਆ ਗਿਆ ਸੀ ਤੇ ਉਨ੍ਹਾਂ ਨੂੰ ਇਹ ਭਰੋਸਾ ਦਿੱਤਾ ਗਿਆ ਸੀ ਕਿ ਇਸ ਤਰ੍ਹਾਂ ਉਹ ਡੇਰਾ ਮੁਖੀ ਰਾਹੀਂ ਰੱਬ ਨੂੰ ਪ੍ਰਾਪਤ ਕਰ ਸਕਣਗੇ।

ਪਟੀਸ਼ਨ ਦਾ ਨੋਟਿਸ ਲੈਂਦਿਆਂ ਪਹਿਲਾਂ ਹਾਈਕੋਰਟ ਨੇ ਹੰਸਰਾਜ ਚੌਹਾਨ ਦਾ ਚੰਡੀਗੜ੍ਹ ਦੇ ਸੈਕਟਰ-16 ਸਥਿਤ ਮਲਟੀ-ਸਪੈਸ਼ਿਐਲਿਟੀ ਹਸਪਤਾਲ ਤੋਂ ਮੈਡੀਕਲ ਜਾਂਚ ਕਰਾਉਣ ਦਾ ਹੁਕਮ ਦਿੱਤਾ ਸੀ। ਨਵਕਿਰਨ ਸਿੰਘ ਨੇ ਦੱਸਿਆ ਕਿ ਹਸਪਤਾਲ ਦੇ ਮਾਹਿਰਾਂ ਨੇ ਚੌਹਾਨ ਦੀ ਜਾਂਚ ਕਰਕੇ ਪਾਇਆ ਕਿ ਉਸ ਨੂੰ ਖੱਸੀ ਕੀਤਾ ਗਿਆ ਸੀ। ਚੌਹਾਨ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਡੇਰੇ ਦੇ ਸ਼ਰਧਾਲੂਆਂ ਨੂੰ ਨਿਪੁੰਸਕ ਬਣਾਉਣ ਦਾ ਅਮਲ ਗੁਰਮੀਤ ਰਾਮ ਰਹੀਮ ਸਿੰਘ ਦੇ ਇਸ਼ਾਰੇ 'ਤੇ ਉਸ ਦੇ ਹਸਪਤਾਲ ਵਿਚ ਰੱਖੇ ਡਾਕਟਰਾਂ ਵੱਲੋਂ ਕੀਤਾ ਗਿਆ ਸੀ। ਦੱਸਣਯੋਗ ਹੈ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਅਕਸਰ ਵਿਵਾਦਾਂ ਦੇ ਘੇਰੇ ਵਿਚ ਰਿਹਾ ਹੈ। ਅਗਲੇ ਮਹੀਨੇ ਉਸ ਦੀ ਫਿਲਮ 'ਐਮਐਸਜੀ' ਰਿਲੀਜ਼ ਹੋਣ ਜਾ ਰਹੀ ਹੈ। ਇਸ ਫਿਲਮ ਉਤੇ ਕੁਝ ਸਿੱਖ ਜਥੇਬੰਦੀਆਂ ਨੇ ਇਤਰਾਜ਼ ਉਠਾਇਆ ਹੈ ਤੇ ਸੈਂਸਰ ਬੋਰਡ ਨੂੰ ਇਸ ਫਿਲਮ ਉਤੇ ਪਾਬੰਦੀ ਲਾਉਣ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਡੇਰਾ ਮੁਖੀ ਦੇ ਖ਼ਿਲਾਫ਼ ਹੱਤਿਆ ਤੇ ਮਹਿਲਾ ਸ਼ਰਧਾਲੂਆਂ ਦੇ ਸ਼ੋਸ਼ਣ ਦੇ ਕੇਸ ਵੀ ਚੱਲ ਰਹੇ ਹਨ।

## ਆਈ.ਐਸ.ਆਈ. ਤੇ ਲਸ਼ਕਰ ਦੀ ਸਾਜ਼ਿਸ਼ ਸੀ 26/11 ਹਮਲਾ

**ਨਿਊ ਯਾਰਕ:** ਮੁੰਬਈ ਦੇ 26/11 ਹਮਲਿਆਂ ਦੀ ਸਾਜ਼ਿਸ਼ ਲਸ਼ਕਰ-ਏ-ਤੋਇਬਾ ਤੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਦੇ ਕੁਝ ਅਧਿਕਾਰੀਆਂ ਨੇ ਮਿਲ ਕੇ ਘੜੀ ਸੀ। ਦੋਹਾਂ ਨੇ ਭਾਰਤ ਵਿਚ ਕਮਾਂਡੋਜ਼ ਵਰਗੇ ਹਮਲੇ ਦੀ ਯੋਜਨਾ ਬਣਾਈ ਤਾਂ ਜੋ ਬਾਕੀ ਹਮਲੇ ਉਸ ਅੱਗੇ ਛੋਟੇ ਪੈ ਜਾਣ। ਮੁੰਬਈ ਹਮਲੇ ਨੂੰ ਖੁਫੀਆ ਢੰਗ ਨਾਲ ਅੰਜਾਮ ਦਿੱਤਾ ਗਿਆ। ਅਮਰੀਕਾ, ਬ੍ਰਿਟੇਨ ਤੇ ਭਾਰਤੀ ਖ਼ੁਫ਼ੀਆ ਏਜੰਸੀਆਂ ਵੀ ਨਾਕਾਮ ਹੋ ਗਈਆਂ। ਨਿਊ ਯਾਰਕ ਟਾਈਮਜ਼ ਦੀ ਖੋਜੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਲਸ਼ਕਰ-ਏ-ਤੋਇਬਾ ਨੇ ਪਹਿਲਾਂ ਭਾਰਤ ਤੇ ਕਸ਼ਮੀਰ ਵੱਲ ਧਿਆਨ ਕੇਂਦਰਤ ਕੀਤਾ ਸੀ ਪਰ ਬਾਅਦ 'ਚ ਉਹ ਪੱਛਮੀ ਮੁਲਕਾਂ ਖ਼ਿਲਾਫ਼ ਹੋ ਗਿਆ।

ਰਿਪੋਰਟ ਮੁਤਾਬਕ ਲਸ਼ਕਰ ਤੇ ਆਈ.ਐਸ.ਆਈ. ਦੇ ਰਿਸ਼ਤਿਆਂ ਵਿਚ ਉਸ ਸਮੇਂ ਤਰੇੜ ਆ ਗਈ ਜਦੋਂ ਕੁਝ ਦਹਿਸ਼ਤਗਰਦਾਂ ਨੇ ਅਲਕਾਇਦਾ ਵਾਂਗ ਪੱਛਮੀ ਮੁਲਕਾਂ 'ਤੇ ਹਮਲਾ ਕਰਨ ਦੀ ਯੋਜਨਾ ਬਣਾਈ।

# ਮਾਲਟਾ ਦੁਖਾਂਤ:18 ਵਰ੍ਹੇ ਬਾਅਦ ਵੀ ਦੋਆਬੇ ਦੇ ਜ਼ਖ਼ਮ ਅੱਲ੍ਹੇ

**ਨਵਾਂ ਸ਼ਹਿਰ:** ਮਾਲਟਾ ਕਿਸ਼ਤੀ ਦੁਖਾਂਤ ਵਾਪਰਿਆਂ ਅੱਜ ਭਾਵੇਂ 18 ਵਰ੍ਹੇ ਪੂਰੇ ਹੋ ਗਏ ਹਨ ਪਰ ਇਸ ਦੇ ਜ਼ਖ਼ਮ ਦੋਆਬੇ ਦੇ ਦਿਲ 'ਤੇ ਜਿਉਂ ਦੇ ਤਿਉਂ ਹਨ। ਇਹ ਹਾਦਸਾ 24-25 ਦਸੰਬਰ 1996 ਦੀ ਦਰਮਿਆਨੀ ਰਾਤ ਨੂੰ ਵਾਪਰਿਆ ਸੀ ਜਿਸ ਵਿਚ ਭਾਰਤ, ਸ੍ਰੀਲੰਕਾ ਤੇ ਪਾਕਿਸਤਾਨ ਦੇ ਤਕਰੀਬਨ 300 ਨੌਜਵਾਨ ਮਾਰੇ ਗਏ ਸਨ। ਹਾਦਸੇ ਦਾ ਸ਼ਿਕਾਰ ਹੋਣ ਵਾਲੇ ਭਾਰਤ ਦੇ 170 ਨੌਜਵਾਨਾਂ ਵਿਚੋਂ ਕੁਝ ਨੂੰ ਛੱਡ ਕੇ ਜ਼ਿਆਦਾਤਰ ਨਵਾਂ ਸ਼ਹਿਰ, ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਨਾਲ ਸਬੰਧਤ ਸਨ।

ਮੌਤ ਦੇ ਮੂੰਹ ਪਏ ਇਨ੍ਹਾਂ ਨੌਜਵਾਨਾਂ ਦੀਆਂ ਅੱਜ ਤੱਕ ਨਾ ਤਾਂ ਲਾਸ਼ਾਂ ਮਿਲੀਆਂ ਹਨ ਤੇ ਨਾ ਹੀ ਕੋਈ ਸਾਮਾਨ ਪਰਿਵਾਰਾਂ ਤੱਕ ਪਹੁੰਚਿਆ ਹੈ। ਇਥੋਂ ਤੱਕ ਕਿ ਉਸ ਕਿਸ਼ਤੀ ਦਾ ਮਲਬਾ ਤੱਕ ਵੀ ਨਹੀਂ ਮਿਲ ਸਕਿਆ ਜਿਸ ਵਿਚ ਇਹ ਹਾਦਸਾ ਵਾਪਰਿਆ ਸੀ। ਮਾਰੇ ਗਏ ਨੌਜਵਾਨਾਂ ਦੇ ਮਾਪੇ ਇਸ ਕੌੜੀ ਸੱਚਾਈ ਨੂੰ ਮੰਨਣ ਲਈ ਅਜੇ ਤੱਕ ਵੀ ਤਿਆਰ ਨਹੀਂ ਹਨ। ਹਾਦਸੇ ਤੋਂ ਬਾਅਦ ਪੀੜਤ ਪਰਿਵਾਰਾਂ ਵੱਲੋਂ ਮੌਕੇ ਦੀਆਂ ਹਾਕਮ ਸਰਕਾਰਾਂ ਵਿਚ ਵਿਧਾਇਕਾਂ ਤੇ ਸੰਸਦ ਮੈਂਬਰਾਂ ਕੋਲ ਲੱਖਾਂ ਤਰਲੇ ਕੱਢੇ ਗਏ ਪਰ ਕਿਸੇ ਵੱਲੋਂ ਇਨ੍ਹਾਂ ਦੀ ਪੁਕਾਰ ਨਹੀਂ ਸੁਣੀ ਗਈ। ਇਸ ਉਪਰੰਤ ਮੌਕੇ ਦੀ ਜ਼ਰੂਰਤ ਸਮਝਦਿਆਂ ਮਾਲਟਾ ਕਿਸ਼ਤੀ ਕਾਂਡ ਪੀੜਤ ਸੰਘਰਸ਼ ਕਮੇਟੀ ਬਣਾਉਣ ਦਾ ਫ਼ੈਸਲਾ ਲਿਆ ਗਿਆ ਸੀ।

## ਕੈਨੇਡਾ ਵਿਚ ਪੰਜਾਬੀਅਤ ਦੇ ਮੁਦੱਈ ਤ੍ਰਲੋਚਨ ਗਿੱਲ ਦਾ ਦੇਹਾਂਤ

**ਟੋਰਾਂਟੋ:** ਪੰਜਾਬੀ ਭਾਸ਼ਾ ਲਈ ਜੱਦੋਜਹਿਦ ਕਰਨ ਵਾਲੇ ਟਰਾਂਟੋ ਵਸਦੇ ਲਿਖਾਰੀ ਤ੍ਰਲੋਚਨ ਸਿੰਘ ਗਿੱਲ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। 70ਵਿਆਂ ਵਿਚ ਜਦੋਂ ਇਥੇ ਪੰਜਾਬੀ ਲੋਕ ਅਜੇ ਟਾਵੇਂ-ਟਾਵੇਂ ਹੀ ਸਨ ਉਦੋਂ ਗਿੱਲ ਹੁਰਾਂ ਦਾ ਘਰ ਨਵੇਂ ਪਰਵਾਸੀਆਂ ਲਈ ਮਸ਼ਹੂਰ ਠਾਹਰ ਹੋਇਆ ਕਰਦਾ ਸੀ। ਪੰਜਾਬੀ ਭਾਸ਼ਾ, ਬੋਲੀ ਤੇ ਸਾਹਿਤ ਨਾਲ ਉਨ੍ਹਾਂ ਨੂੰ ਅੰਤਾਂ ਦਾ ਮੋਹ ਸੀ ਤੇ ਉਨ੍ਹਾਂ ਸਮਿਆਂ ਵਿਚ ਜਦੋਂ ਕੰਪਿਊਟਰ 'ਤੇ ਹਾਲੇ ਪੰਜਾਬੀ ਵਿਚ ਵਰਤੋਂ ਨਾਮਾਤਰ ਹੀ ਸੀ, ਉਦੋਂ ਉਹ ਟਾਈਪਰਾਈਟਰ ਨਾਲ ਪੰਜਾਬੀ ਦੇ ਕਾਇਦੇ ਤੇ ਹੋਰ ਜਾਣਕਾਰੀ ਪਰਚੇ ਤਿਆਰ ਕਰਕੇ ਵੰਡਿਆ ਕਰਦੇ ਸਨ।

# ਗਾਇਕ ਹੰਸ ਰਾਜ ਹੰਸ ਵਲੋਂ ਅਕਾਲੀ ਦਲ ਨੂੰ ਅਲਵਿਦਾ

**ਜਲੰਧਰ:** ਗਾਇਕੀ ਤੋਂ ਸਿਆਸਤ ਵਿਚ ਆਏ ਹੰਸ ਰਾਜ ਹੰਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। 2009 ਵਿਚ ਸਿਆਸਤ ਵਿਚ ਪੈਰ ਰੱਖਣ ਵਾਲੇ ਹੰਸ ਰਾਜ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਚੈਨ ਤੇ ਸਕੂਨ ਦੀ ਜ਼ਿੰਦਗੀ ਜਿਊਣ ਲਈ ਸਿਆਸਤ ਤੋਂ ਕਿਨਾਰਾ ਕੀਤਾ ਹੈ। ਉਹ ਪਾਰਟੀ ਦੇ ਉਪ-ਪ੍ਰਧਾਨ ਤੇ ਪੀ.ਏ.ਸੀ. ਕਮੇਟੀ ਦੇ ਮੈਂਬਰ ਸਨ। ਹੰਸ ਰਾਜ ਹੰਸ ਨੂੰ ਪਾਰਟੀ ਦਾ ਦਲਿਤ ਚਿਹਰਾ ਵੀ ਮੰਨਿਆ ਜਾਂਦਾ ਸੀ। ਉਨ੍ਹਾਂ ਆਪਣਾ ਅਸਤੀਫ਼ਾ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਚੰਨੀ ਦੇ ਹੱਥ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭੇਜਿਆ ਹੈ।



ਉਧਰ, ਇਹ ਕਿਆਫੇ ਵੀ ਲਗਾਏ ਜਾ ਰਹੇ ਹਨ ਕਿ ਹੰਸ ਰਾਜ ਛੇਤੀ ਹੀ ਭਾਜਪਾ ਵਿਚ ਜਾ ਕੇ ਸਿਆਸਤ ਵਿਚ ਵਾਪਸੀ ਕਰ ਸਕਦੇ ਹਨ ਪਰ ਫ਼ਿਲਹਾਲ ਹੰਸ ਨੇ ਇਨ੍ਹਾਂ ਅਟਕਲਾਂ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦਾ ਰਾਜਨੀਤੀ ਵਿਚ ਵਾਪਸੀ ਦਾ ਕੋਈ ਇਰਾਦਾ ਨਹੀਂ ਹੈ। ਸਿਆਸਤ ਵਿਚ ਆਉਣ ਤੋਂ ਬਾਅਦ ਹੰਸ ਰਾਜ ਕਈ ਵਾਰ ਪਾਰਟੀ ਵਿਚ ਆਪਣੇ ਮਾਣ-ਸਨਮਾਨ ਨੂੰ ਲੈ ਕੇ ਨਰਾਜ਼ਗੀ ਜ਼ਾਹਰ ਕਰਦੇ ਰਹੇ ਹਨ। 2009 ਦੀਆਂ ਲੋਕ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਉਦਾਸ ਹੰਸ ਨੇ ਰਾਜਨੀਤੀ ਤੋਂ ਸੰਨਿਆਸ ਦਾ ਐਲਾਨ ਕਰ ਦਿੱਤਾ ਸੀ ਪਰ ਕੁਝ ਸਮਾਂ ਬਾਅਦ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਉਨ੍ਹਾਂ ਨੂੰ ਮਨਾ ਕੇ ਦੁਬਾਰਾ ਪਾਰਟੀ ਵਿਚ ਵਾਪਸ ਲਿਆ ਕੇ ਅਹਿਮ ਅਹੁਦੇ 'ਤੇ ਬਿਠਾ ਦਿੱਤਾ ਸੀ।

## ਕੈਪਟਨ ਨੂੰ ਮਿਲੀ ਵਿਦੇਸ਼ ਜਾਣ ਦੀ ਆਗਿਆ

**ਮੁਹਾਲੀ:** ਅਦਾਲਤ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵਿਦੇਸ਼ ਜਾਣ ਦੀ ਆਗਿਆ ਦੇ ਦਿੱਤੀ ਹੈ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਕਰਨ ਕਰਕੇ ਕੈਪਟਨ ਅਮਰਿੰਦਰ ਸਿੰਘ ਦਾ ਪਾਸਪੋਰਟ ਅਦਾਲਤ ਵੱਲੋਂ ਜ਼ਬਤ ਕੀਤਾ ਹੋਇਆ ਹੈ। ਇਸ ਕਾਰਨ ਵਿਦੇਸ਼ ਜਾਣ ਲਈ ਉਨ੍ਹਾਂ ਨੂੰ ਅਦਾਲਤ ਵਿਚੋਂ ਜ਼ਬਤ ਪਾਸਪੋਰਟ ਤੇ ਅਗਾਊਂ ਆਗਿਆ ਲੈਣੀ ਪੈਂਦੀ ਹੈ। ਕੈਪਟਨ ਨੇ ਆਪਣੇ ਵਕੀਲਾਂ ਰਾਹੀਂ ਜ਼ਿਲ੍ਹਾ ਅਦਾਲਤ 'ਚ ਅਰਜ਼ੀ ਦਾਇਰ ਕਰਕੇ ਵਿਦੇਸ਼ ਜਾਣ ਦੀ ਆਗਿਆ ਮੰਗੀ ਸੀ।

ਕਾਂਗਰਸੀ ਵਿਧਾਇਕਾਂ ਤੇ ਸੀਨੀਅਰ ਆਗੂਆਂ ਨੂੰ ਆਪਣੇ ਧੜੇ ਵਿਚ ਮਿਲਾਉਣ ਲਈ ਵਿੱਢੀ ਗਈ ਮੁਹਿੰਮ ਬਾਰੇ ਕੈਪਟਨ ਨੇ ਆਖਿਆ ਕਿ ਅਜਿਹੀ ਕੋਈ ਗੱਲ ਨਹੀਂ ਹੈ ਤੇ ਨਾ ਹੀ ਉਹ ਕਿਸੇ ਨੂੰ ਆਪਣੇ ਵੱਲ ਖਿੱਚ ਰਹੇ ਹਨ ਸਗੋਂ ਪਾਰਟੀ ਆਗੂ ਤੇ ਵਿਧਾਇਕ ਖ਼ੁਦ ਹੀ ਉਨ੍ਹਾਂ ਕੋਲ ਆ ਜਾਂਦੇ ਹਨ।

# ਅਦਾਲਤੀ ਝਾੜ ਪਿੱਛੋਂ ਹੀ ਗੰਭੀਰ ਹੋਈ ਪੁਲਿਸ

### ਲਾਪਤਾ ਬੱਚਿਆਂ ਦਾ ਮਾਮਲਾ

**ਫਰੀਦਕੋਟ:** ਸੁਪਰੀਮ ਕੋਰਟ ਦੀ ਝਾੜ ਪਿੱਛੋਂ ਪੰਜਾਬ ਪੁਲਿਸ ਨੇ ਲਾਪਤਾ ਬੱਚਿਆਂ ਦੇ ਮਾਮਲੇ ਵਿਚ ਕਾਰਵਾਈ ਲਈ ਸਰਗਰਮੀ ਫੜ ਲਈ ਹੈ। ਲੁਧਿਆਣਾ ਪੁਲਿਸ ਨੇ ਵੱਖ-ਵੱਖ ਥਾਣਿਆਂ ਵਿਚ ਕੋਈ 30 ਲਾਪਤਾ ਬੱਚਿਆਂ ਦੇ ਕੇਸ ਦਰਜ ਕੀਤੇ ਹਨ। ਇਹ ਕੇਸ ਪੰਜਾਬ ਸਰਕਾਰ ਦੇ ਹੁਕਮਾਂ ਪਿੱਛੋਂ ਦਰਜ ਕੀਤੇ ਗਏ ਹਨ। ਇਕੱਲੀ ਫਰੀਦਕੋਟ ਪੁਲਿਸ ਨੇ ਹੀ ਇਕ ਦਿਨ ਵਿਚ ਲਾਪਤਾ ਬੱਚਿਆਂ ਬਾਰੇ ਅੱਠ ਕੇਸ ਦਰਜ ਕੀਤੇ। ਇਹ ਕੇਸ ਉਨ੍ਹਾਂ ਬੱਚਿਆਂ ਨਾਲ ਸਬੰਧਤ ਹਨ, ਜੋ ਜ਼ਿਲ੍ਹੇ ਵਿਚੋਂ ਪਿਛਲੇ 23 ਮਹੀਨਿਆਂ ਦੌਰਾਨ ਲਾਪਤਾ ਹੋ ਗਏ ਸਨ, ਪਰ ਪੁਲਿਸ ਪਰਚਾ ਦਰਜ ਕਰਨੋਂ ਢਿੱਲ-ਮੱਠ ਕਰ ਰਹੀ ਸੀ।

ਇਨ੍ਹਾਂ ਲਾਪਤਾ ਬੱਚਿਆਂ ਨਾਲ ਨਿਆਂ ਲਈ ਵੱਖ-ਵੱਖ ਸਮਾਜਕ ਸੰਗਠਨ 25 ਮਈ ਤੋਂ ਪੁਲਿਸ ਥਾਣਾ ਫਰੀਦਕੋਟ ਅੱਗੇ ਮੁਜ਼ਾਹਰਾ ਕਰ ਰਹੇ ਸਨ। ਨੋਬੇਲ ਪੁਰਸਕਾਰ ਜੇਤੂ ਕੈਲਾਸ਼ ਸੱਤਿਆਰਥੀ ਵੱਲੋਂ ਸੁਪਰੀਮ ਕੋਰਟ ਵਿਚ ਪਾਈ ਪਬਲਿਕ ਪਟੀਸ਼ਨ 'ਤੇ ਸੁਣਵਾਈ ਦੌਰਾਨ ਅਦਾਲਤ ਨੇ ਪੁਲਿਸ ਦੇ ਉਦਾਸੀਨ ਵਤੀਰੇ ਦਾ ਸਖਤੀ ਨਾਲ ਨੋਟਿਸ ਲਿਆ ਤੇ ਸੂਬੇ ਦੇ ਮੁੱਖ ਸਕੱਤਰ ਤੇ ਡੀ.ਜੀ.ਪੀ. ਨੂੰ ਇਹ ਕੇਸ ਦਰਜ ਨਾ ਹੋਣ ਦੀ ਸੂਰਤ ਵਿਚ ਅਦਾਲਤ ਵਿਚ ਖੁਦ ਪੇਸ਼ ਹੋ ਕੇ ਜੁਆਬ ਦੇਣ ਦੀ ਚਿਤਾਵਨੀ ਦਿੱਤੀ। ਸੁਪਰੀਮ ਕੋਰਟ ਦੇ ਹੁਕਮਾਂ ਮਗਰੋਂ ਬਿਊਰੋ ਆਫ ਇਨਵੈਸਟੀਗੇਸ਼ਨ ਪੰਜਾਬ ਦੇ ਡਾਇਰੈਕਟਰ ਵੀ.ਕੇ. ਭਾਵੜਾ ਨੇ 16 ਦਸੰਬਰ ਨੂੰ ਐਸ.ਐਸ.ਪੀ. ਫਰੀਦਕੋਟ ਨੂੰ ਪੱਤਰ ਲਿਖ ਕੇ ਸਾਰੇ ਲਾਪਤਾ ਬੱਚਿਆਂ ਬਾਰੇ ਕੇਸ ਦਰਜ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ।

ਅੱਠ ਵਿਚੋਂ ਛੇ ਐਫ.ਆਈ.ਆਰ. ਫਰੀਦਕੋਟ ਸਿਟੀ ਪੁਲਿਸ ਥਾਣੇ ਤੇ ਇਕ-ਇਕ ਸਦਰ ਫਰੀਦਕੋਟ ਤੇ ਸਾਦਿਕ ਥਾਣੇ ਵਿਚ ਦਰਜ ਹੋਈ। ਲਾਪਤਾ ਬੱਚਿਆਂ ਵਿਚ ਮੋਹਨਜੀਤ ਸਿੰਘ (10), 22 ਦਸੰਬਰ 2013 ਤੋਂ ਲਾਪਤਾ, ਬਾਦਲ (16) ਤਿੰਨ ਅਕਤੂਬਰ 2013 ਤੋਂ, ਮੰਗਲ ਸਿੰਘ (17) 25 ਮਈ 2013 ਤੋਂ ਲਾਪਤਾ ਹਨ। ਗੁਰਦੀਪ ਸਿੰਘ (16) 24 ਮਈ 2013, ਮਹਿੰਦਰ ਕੁਮਾਰ (17) ਚਾਰ ਜੂਨ 2014, ਮੰਗਾ (14) 16 ਜੂਨ 2014, ਅਗਨਦੀਪ ਸਿੰਘ (16) 12 ਸਤੰਬਰ 2014, ਕਰਮਜੀਤ ਕੌਰ (16) ਜੂਨ 2014 ਤੋਂ ਲਾਪਤਾ ਹਨ। ਐਸ.ਐਸ.ਪੀ. ਨੂੰ ਲਿਖੇ ਪੱਤਰ ਮੁਤਾਬਕ (2013 ਵਿਚ 25 ਤੇ 30 ਨਵੰਬਰ 2014 ਤੱਕ 24) ਕੁੱਲ 45 ਬੱਚੇ ਜ਼ਿਲ੍ਹੇ ਵਿਚ ਲਾਪਤਾ ਹੋਏ ਸਨ, ਪਰ ਐਫ.ਆਈ.ਆਰ. 28 ਹੀ ਦਰਜ ਹੋਈਆਂ। ਇਨ੍ਹਾਂ ਵਿਚੋਂ 28 ਬੱਚੇ ਲੱਭ ਗਏ ਸਨ। ਪੰਜਾਬ ਸਰਕਾਰ ਨੇ ਅਗਲੇ ਮਹੀਨੇ ਸੁਪਰੀਮ ਕੋਰਟ ਵਿਚ ਲਾਪਤਾ ਬੱਚਿਆਂ ਦੇ ਕੇਸਾਂ ਬਾਰੇ ਵੇਰਵੇ ਪੇਸ਼ ਕਰਨੇ ਹਨ।

## ਫਰਜ਼ੀ ਬਿੱਲ ਦੇਣ ਵਾਲਾ ਭਾਰਤੀ ਡਾਕਟਰ ਪੁਲਿਸ ਅੜਿੱਕੇ

**ਨਿਊ ਯਾਰਕ:** ਭਾਰਤ-ਅਮਰੀਕੀ ਡਾਕਟਰ ਸ੍ਰੀਕ੍ਰਿਸ਼ਨਾ ਚੇਰੇਵੂ (58) 'ਤੇ ਅੱਠ ਲੱਖ ਡਾਲਰ ਦੇ ਝੂਠੇ ਦਾਅਵੇ ਪੇਸ਼ ਕਰਨ ਦੇ ਦੋਸ਼ ਲੱਗੇ ਹਨ। ਜੇਕਰ ਦੋਸ਼ ਸਾਬਤ ਹੋ ਗਏ ਤਾਂ ਉਸ ਨੂੰ 10 ਸਾਲਾਂ ਦੀ ਜੇਲ੍ਹ ਹੋ ਸਕਦੀ ਹੈ। ਉਸ ਨੂੰ ਢਾਈ ਲੱਖ ਡਾਲਰ ਦਾ ਜੁਰਮਾਨਾ ਵੀ ਭਰਨਾ ਪੈ ਸਕਦਾ ਹੈ। ਉਸ 'ਤੇ ਦੋਸ਼ ਲਾਏ ਗਏ ਹਨ ਕਿ ਉਸ ਨੇ ਫਰਜ਼ੀ ਦਾਅਵੇ ਪੇਸ਼ ਕਰਕੇ ਬੀਮਾ ਕੰਪਨੀਆਂ ਤੋਂ ਪੈਸੇ ਵਸੂਲਣੇ ਚਾਹੇ। ਉਸ ਨੇ ਅਜਿਹੇ ਬਿੱਲ ਵੀ ਤਿਆਰ ਕੀਤੇ ਜਿਨ੍ਹਾਂ ਵਿਚ ਮਰੀਜ਼ਾਂ ਦੇ ਰਿਸ਼ਤੇਦਾਰਾਂ ਦੀ ਆਮਦ ਦਾ ਹਵਾਲਾ ਸੀ ਪਰ ਅਸਲ ਵਿਚ ਇਹ ਮਰੀਜ਼ ਉਸ ਦੀ ਦੇਖ-ਰੇਖ ਹੇਠ ਨਹੀਂ ਸਨ।



*ਐਲਾਮੀਡਾ ਕਾਊਂਟੀ (ਕੈਲੀਫੋਰਨੀਆ) ਦੇ ਕਮਿਸ਼ਨਰ ਫਾਰ ਸੀਨੀਅਰਜ਼ ਪ੍ਰਿੰਸੀਪਲ ਰਾਜਪਾਲ ਸਿੰਘ, ਜਿਨ੍ਹਾਂ ਦਾ ਐਲਾਮੀਡਾ ਕਾਊਂਟੀ ਦੇ ਐਡਮਿਨਿਸਟੇਟਰ ਸੂਸ਼ਨ ਐਸ ਮੁਰਾਨਿਸ਼ੀ ਨੇ ਉਨ੍ਹਾਂ ਦੀਆਂ ਚੰਗੀਆਂ ਸੇਵਾਵਾਂ ਬਦਲੇ ਲੰਘੀ 18 ਦਸੰਬਰ ਨੂੰ ਸਰਟੀਫਿਕੇਟ ਦੇ ਕੇ ਸਨਮਾਨ ਕੀਤਾ।*

# ਭਾਰਤ ਜਾਣ ਲਈ 'ਵੀਜ਼ਾ ਆਨ ਅਰਾਈਵਲ' ਸਹੂਲਤ

**ਸ਼ਿਕਾਗੋ (ਬਿਊਰੋ):** ਅਮਰੀਕੀ ਸਿਟੀਜ਼ਨਾਂ ਨੂੰ ਹੁਣ ਭਾਰਤ ਜਾਣ ਲਈ 'ਵੀਜ਼ਾ ਆਨ ਅਰਾਈਵਲ' (ਪਹੁੰਚਣ 'ਤੇ ਵੀਜ਼ਾ) ਵੀਜ਼ਾ ਸਹੂਲਤ ਉਪਲਬਧ ਹੋਵੇਗੀ।

ਇਹ ਸਹੂਲਤ ਸਿਰਫ਼ ਉਨ੍ਹਾਂ ਕੌਮਾਂਤਰੀ ਯਾਤਰੀਆਂ ਨੂੰ ਹੀ ਮਿਲ ਸਕੇਗੀ, ਜਿਨ੍ਹਾਂ ਦਾ ਭਾਰਤ ਜਾਣ ਦਾ ਮਕਸਦ ਮੌਜ ਮੇਲਾ, ਇਤਿਹਾਸਕ ਤੇ ਹੋਰ ਦਿਲਚਸਪ ਥਾਂਵਾਂ ਦੇਖਣਾ, ਆਪਣੇ ਦੋਸਤਾਂ-ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਥੋੜ੍ਹੇ ਸਮੇਂ ਲਈ ਮਿਲਣ ਜਾਣਾ, ਇਲਾਜ ਕਰਾਉਣ ਵਾਸਤੇ ਥੋੜੇ ਸਮੇਂ ਲਈ ਜਾਣਾ ਜਾਂ ਥੋੜੇ ਸਮੇਂ ਲਈ ਕਾਰੋਬਾਰੀ ਫੇਰੀ ਲਾਉਣਾ ਹੋਵੇ।

ਭਾਰਤੀ ਸਫਾਰਤਖਾਨੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅਜਿਹੇ ਯਾਤਰੀਆਂ ਦੇ ਪਾਸਪੋਰਟ ਘਟੋ-ਘੱਟ ਛੇ ਮਹੀਨਿਆਂ ਲਈ ਵੈਲਿਡ ਹੋਣ, ਉਨ੍ਹਾਂ ਪਾਸ ਵਾਪਸੀ ਟਿਕਟ ਜਾਂ ਅਗਲੀ ਯਾਤਰਾ ਲਈ ਹਵਾਈ ਟਿਕਟ ਅਤੇ ਭਾਰਤ ਵਿਚ ਆਪਣੀ ਠਹਿਰ ਦੌਰਾਨ ਖਰਚੇ ਲਈ ਲੋੜੀਂਦੇ ਪੈਸੇ ਹੋਣ। ਜਿਹੜੇ ਕੌਮਾਂਤਰੀ ਯਾਤਰੀਆਂ ਪਾਸ ਪਾਕਿਸਤਾਨੀ ਪਾਸਪੋਰਟ ਹੈ ਜਾਂ ਉਹ ਪਾਕਿਸਤਾਨੀ ਮੂਲ ਦੇ ਹਨ, ਉਨ੍ਹਾਂ ਨੂੰ ਆਮ ਵੀਜ਼ੇ ਲਈ ਭਾਰਤੀ ਮਿਸ਼ਨ ਵਿਚ ਅਰਜੀ ਦੇਣੀ ਪਵੇਗੀ। ਇਹ ਸਹੂਲਤ ਆਸਟ੍ਰੇਲੀਆ, ਬ੍ਰਾਜ਼ੀਲ, ਜਰਮਨੀ, ਫਿਜ਼ੀ, ਨਿਊਜ਼ੀਲੈਂਡ, ਜਾਪਾਨ, ਸਿੰਗਾਪੁਰ, ਯੂ ਏ ਈ ਸਮੇਤ ਬਹੁਤ ਸਾਰੇ ਮੁਲਕਾਂ ਦੇ ਯਾਤਰੀਆਂ ਲਈ ਉਪਲਬਧ ਹੈ। ਹੋਰ ਜਾਣਕਾਰੀ ਭਾਰਤੀ ਸਿਫਾਰਤਖਾਨੇ ਦੀ ਵੈਬਸਾਈਟ ਤੋਂ ਹਾਸਲ ਕੀਤੀ ਜਾ ਸਕਦੀ ਹੈ।

## ਅਮਰੀਕੀ ਅਦਾਲਤ ਵਲੋਂ 84 ਕਤਲੇਆਮ ਦਾ ਕੇਸ ਖਾਰਜ

**ਨਿਊ ਯਾਰਕ:** ਅਮਰੀਕਾ ਦੀ ਅਦਾਲਤ ਨੇ ਸਿੱਖਜ਼ ਫਾਰ ਜਸਟਿਸ ਜਥੇਬੰਦੀ ਵਲੋਂ 1984 ਦੇ ਸਿੱਖ ਕਤਲੇਆਮ ਲਈ ਕਾਂਗਰਸ ਪਾਰਟੀ ਖ਼ਿਲਾਫ਼ ਪਾਈ ਪਟੀਸ਼ਨ ਨੂੰ ਇਹ ਕਹਿੰਦਿਆਂ ਖਾਰਜ ਕਰ ਦਿੱਤਾ ਕਿ ਇਸ ਕੇਸ ਦਾ ਅਮਰੀਕਾ ਨਾਲ ਕੋਈ ਸਬੰਧ ਨਹੀਂ ਹੈ। ਅਮਰੀਕੀ ਸੈਕਿੰਡ ਸਰਕਿਟ ਅਪੀਲ ਕੋਰਟ ਦੇ ਤਿੰਨ ਜੱਜਾਂ ਦੇ ਬੈਂਚ ਨੇ ਜਥੇਬੰਦੀ ਵੱਲੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਏ ਦੰਗਿਆਂ ਲਈ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਉਣ ਦੇ ਦੋਸ਼ਾਂ ਨੂੰ ਮੂਲੋਂ ਰੱਦ ਕਰ ਦਿੱਤਾ। ਬੈਂਚ ਨੇ ਫੈਸਲਾ ਦਿੱਤਾ ਕਿ ਜੇਕਰ ਮੰਨ ਲਿਆ ਜਾਵੇ ਕਿ ਕਾਂਗਰਸ ਪਾਰਟੀ ਤੇ ਆਗੂ ਕਮਲ ਨਾਥ ਸਿੱਖਾਂ ਖ਼ਿਲਾਫ਼ ਹਿੰਸਾ ਲਈ ਜ਼ਿੰਮੇਵਾਰ ਹਨ ਤਾਂ ਇਹ ਕਾਰਾ ਭਾਰਤ ਵਿਚ ਭਾਰਤੀ ਨਾਗਰਿਕਾਂ ਵੱਲੋਂ ਦੂਜੇ ਭਾਰਤੀ ਨਾਗਰਿਕਾਂ ਖ਼ਿਲਾਫ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਦੂਜੇ ਮੁਲਕ ਦਾ ਮਾਮਲਾ ਹੋਣ ਕਰਕੇ ਸਾਡੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ।

ਅਪੀਲ ਕੋਰਟ ਨੇ ਕਿਹਾ ਕਿ ਏਟੀਐਸ (ਏਲੀਏਨ ਟੋਰਟਸ ਸਟੈਚੂਟ) ਦੀ ਉਲੰਘਣਾ ਵਿਦੇਸ਼ ਵਿਚ ਹੋਈ ਹੈ ਤੇ ਕੇਸ ਦਾਇਰ ਕਰਨ ਵਾਲੇ ਅਮਰੀਕਾ ਵਿਚ ਹਨ ਜਿਸ ਕਾਰਨ ਦੂਜੇ ਮੁਲਕ ਵਿਚ ਇਹ ਕਾਨੂੰਨ ਲਾਗੂ ਨਹੀਂ ਹੁੰਦਾ।

COVERED CALIFORNIA™
ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ
ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ
ਓਪਨ ਇਨਰੋਲਮੈਂਟ 15 ਨਵੰਬਰ 2014 ਤੋਂ 15 ਫਰਵਰੀ 2015 ਤੱਕ ਹੈ
ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ
ਆਪਣੇ ਸਰਟੀਫਾਈਡ ਇੰਸ਼ੋਰੈਂਸ ਏਜੈਂਟ ਨਾਲ ਸੰਪਰਕ ਕਰੋ
Jarnail Singh Lallria (License # 0C19939)
Phone: (408) 728-0795
Fax: (209) 216-5502
E-mail: Jarnail_lallria@yahoo.com

DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
ਹੁਣ ਸ਼ਿਕਾਗੋ ਤੋਂ
REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

LAW OFFICE OF NIRWAN & ASSOCIATES

Jagdip S. Nirwan
SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com
• IMMIGRATION LAW
• TAX LAW
• TAX PREPARATION
• BUSINESS INCORPORATION
• BUSINESS LITIGATION

Upgrade your Security Cameras to High Definition at very reasonable prices

For more Details, Contact:
Balbir S Sidhu
209-495-3905 (Cell)
www.dvrunlimited.com
Toll Free (888) 233-4566
DVRunlimited Inc.
Fax: 209-665-7067

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਫਿਲਮ 'ਪੀ.ਕੇ.' ਵਿਚ ਧਾਰਮਿਕ ਲੁਟੇਰਿਆਂ ਦਾ ਪਰਦਾਫਾਸ਼

**ਨਵੀਂ ਦਿੱਲੀ:** ਫਿਲਮਸਾਜ਼ ਰਾਜ ਕੁਮਾਰ ਹਿਰਾਨੀ ਅਤੇ ਚਰਚਿਤ ਅਦਾਕਾਰ ਆਮਿਰ ਖਾਨ ਦੀ ਫਿਲਮ 'ਪੀ.ਕੇ.' ਨੂੰ ਦਰਸ਼ਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਹੈ। ਫਿਲਮ ਆਲੋਚਕਾਂ ਦਾ ਕਹਿਣਾ ਹੈ ਕਿ ਚਿਰਾਂ ਬਾਅਦ ਅਜਿਹੀ ਫਿਲਮ ਆਈ ਹੈ ਜਿਹੜੀ ਵਾਰ-ਵਾਰ ਦੇਖੀ ਜਾ ਸਕਦੀ ਹੈ। ਕਮਾਈ ਪੱਖੋਂ ਵੀ ਇਹ ਫਿਲਮ ਲੀਹ ਉਤੇ ਪਈ ਹੋਈ ਹੈ।

ਫਿਲਮ 'ਪੀ.ਕੇ.' ਵਿਚ ਧਰਮ ਦੇ ਨਾਂ ਉਤੇ ਲੋਕਾਂ ਨੂੰ ਲੁੱਟ ਵਾਲਿਆਂ ਉਤੇ ਬਹੁਤ ਤਿੱਖਾ ਵਿਅੰਗ ਕੀਤਾ ਗਿਆ ਹੈ ਅਤੇ ਇਹ ਵਿਅੰਗ ਇੰਨੇ ਵਧੀਆ ਢੰਗ ਨਾਲ ਕੀਤਾ ਗਿਆ ਹੈ ਕਿ ਫਿਲਮ ਵੇਖ ਰਹੇ ਦਰਸ਼ਕ ਵਾਰ-ਵਾਰ ਤਾੜੀਆਂ ਮਾਰਦੇ ਹਨ। ਉਂਜ ਇਸ ਲੁੱਟ ਬਾਰੇ ਚਰਚਾ ਕਰਨ ਤੋਂ ਕੁਝ ਹਿੰਦੂਵਾਦੀ ਜਥੇਬੰਦੀਆਂ ਬਹੁਤ ਜ਼ਿਆਦਾ ਔਖੀਆਂ ਹੋਈਆਂ ਹਨ ਅਤੇ ਉਨ੍ਹਾਂ ਨੇ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਦੋਸ਼ ਲਗਾ ਕੇ ਆਮਿਰ ਖਾਨ ਅਤੇ ਰਾਜ ਕੁਮਾਰ ਹਿਰਾਨੀ ਖਿਲਾਫ਼ ਕਈ ਥਾਂਈਂ ਕੇਸ ਵੀ ਦਰਜ ਕਰਵਾ ਦਿੱਤੇ ਹਨ। ਪੰਜਾਬ ਵਿਚ ਵੀ ਕੁਝ ਹਿੰਦੂ ਜਥੇਬੰਦੀਆਂ ਨੇ ਰੋਸ ਵਿਖਾਵੇ ਕੀਤੇ ਹਨ ਅਤੇ ਫਿਲਮ ਉਥੇ ਪਾਬੰਦੀ ਲਾਉਣ ਦੀ ਮੰਗ ਵੀ ਕੀਤੀ ਹੈ।



*ਫਿਲਮ 'ਪੀ.ਕੇ.' ਵਿਚ ਅਨੁਸ਼ਕਾ ਸ਼ਰਮਾ ਤੇ ਆਮਿਰ ਖਾਨ।*

ਫਿਲਮ ਨੂੰ ਮਿਲੇ ਭਰਪੂਰ ਹੁੰਗਾਰੇ ਤੋਂ ਖੁਸ਼ ਹੋਇਆ ਆਮਿਰ ਖਾਨ ਕਹਿੰਦਾ ਹੈ ਕਿ ਉਸ ਨੇ ਲੋਕਾਂ ਨਾਲ ਸਿੱਧੇ ਜੁੜੇ ਮਸਲੇ ਨੂੰ ਆਪਣੀ ਫਿਲਮ ਵਿਚ ਉਭਾਰਨ ਯਤਨ ਕੀਤਾ ਹੈ ਅਤੇ ਆਪਣੀਆਂ ਅਗਲੀਆਂ ਫਿਲਮਾਂ ਵਿਚ ਵੀ ਉਹ ਇਸੇ ਤਰ੍ਹਾਂ ਕਰਦਾ ਰਹੇਗਾ। ਇਸੇ ਦੌਰਾਨ ਆਮਿਰ ਖਾਨ ਅਤੇ ਰਾਜ ਕੁਮਾਰ ਹਿਰਾਨੀ ਦੇ ਹੱਕ ਵਿਚ ਆਮ ਦਰਸ਼ਕਾਂ ਅਤੇ ਬੁੱਧੀਜੀਵੀਆਂ ਨੇ ਵੀ ਮੁਹਿੰਮ ਚਲਾ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਧਾਰਮਿਕ ਭਾਵਨਾਵਾਂ ਦਾ ਬਹਾਨਾ ਬਣਾ ਕੇ ਬੋਲਣ ਅਤੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਦੀ ਆਜ਼ਾਦੀ ਉਤੇ ਰੋਕ ਨਹੀਂ ਲਗਾਈ ਜਾ ਸਕਦੀ। ਉਨ੍ਹਾਂ ਆਮਿਰ ਖਾਨ ਨੂੰ ਵਧਾਈ ਦਿੱਤੀ ਕਿ ਉਸ ਨੇ ਸਮਾਜਕ ਸਰੋਕਾਰਾਂ ਦੀ ਗੱਲ ਕਰਦੀ ਫਿਲਮ ਬਣਾਈ ਹੈ।

# ਨਸ਼ਾ ਤਸਕਰੀ ਦੀ ਸੂਈ ਆਖਰਕਾਰ ਮਜੀਠੀਏ 'ਤੇ

*(ਸਫਾ ਇਕ ਦੀ ਬਾਕੀ)*

ਹੈ ਕਿ ਮਜੀਠੀਆ ਨੂੰ ਘੇਰਨ ਦੀ ਕਾਰਵਾਈ ਪੱਕੇ ਪੈਰੀਂ ਹੈ। ਇਸ ਮਾਮਲੇ 'ਤੇ ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਤੋਂ ਬਾਅਦ ਸ੍ਰੀ ਮੋਦੀ ਦੇ ਕਰੀਬੀ ਮੰਨੇ ਜਾਂਦੇ ਪਾਰਟੀ ਦੇ ਕੌਮੀ ਸਕੱਤਰ ਤਰੁਣ ਚੁੱਘ ਨੇ ਵੀ ਮਜੀਠੀਆ ਤੋਂ ਅਸਤੀਫ਼ੇ ਦੀ ਮੰਗ ਕਰ ਕੇ ਅਕਾਲੀ ਦਲ ਲਈ ਸੰਕਟ ਖੜ੍ਹਾ ਕਰ ਦਿੱਤਾ ਹੈ। ਮਜੀਠੀਆ ਤੀਜੇ ਅਕਾਲੀ ਆਗੂ ਹਨ ਜਿਨ੍ਹਾਂ ਨੂੰ ਜਗਦੀਸ਼ ਭੋਲਾ ਤੇ ਹੋਰ ਮੁਲਜ਼ਮਾਂ ਦੇ ਬਿਆਨਾਂ ਦੇ ਆਧਾਰ ਉੱਤੇ ਈ.ਡੀ. ਨੇ ਪੁੱਛ-ਗਿੱਛ ਲਈ ਬੁਲਾਇਆ ਹੈ। ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ ਨੂੰ ਵੀ ਪਹਿਲਾਂ ਪੁੱਛ-ਗਿੱਛ ਲਈ ਬੁਲਾਇਆ ਜਾ ਚੁੱਕਾ ਹੈ। ਸੂਤਰਾਂ ਮੁਤਾਬਕ ਦੋਵੇਂ ਬਾਦਲਾਂ ਵੱਲੋਂ ਈ.ਡੀ. ਦੇ ਜਿੰਨ ਤੋਂ ਖਹਿੜਾ ਛੁਡਾਉਣ ਲਈ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਤੱਕ ਵੀ ਪਹੁੰਚ ਕੀਤੀ ਜਾ ਰਹੀ ਹੈ।

ਮਹੱਤਵਪੂਰਨ ਤੱਥ ਇਹ ਵੀ ਹੈ ਕਿ ਪੰਜਾਬ ਸਰਕਾਰ ਵਲੋਂ ਪੌਣੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਚਾਰ ਮੰਤਰੀਆਂ ਤੋਂ ਅਸਤੀਫ਼ੇ ਲਏ ਜਾ ਚੁੱਕੇ ਹਨ। ਇਨ੍ਹਾਂ ਵਿਚੋਂ ਦੋ ਜਥੇਦਾਰ ਤੋਤਾ ਸਿੰਘ ਤੇ ਗੁਲਜ਼ਾਰ ਸਿੰਘ ਰਣੀਕੇ ਦੀ ਤਾਂ ਵਜ਼ਾਰਤ ਵਿਚ ਵਾਪਸੀ ਹੋ ਚੁੱਕੀ ਹੈ ਜਦੋਂ ਕਿ ਬੀਬੀ ਜਗੀਰ ਕੌਰ ਤੇ ਸਰਵਨ ਸਿੰਘ ਫਿਲੌਰ ਦੀਆਂ ਖੁਸ਼ੀਆਂ ਤਾਕਤਾਂ ਬਹਾਲ ਨਹੀਂ ਹੋਈਆਂ। ਮਜੀਠੀਆ ਮਾਮਲੇ ਵਿਚ ਸਰਕਾਰ 'ਤੇ ਦੂਹਰੇ ਮਾਪਦੰਡ ਅਪਨਾਉਣ ਦੇ ਦੋਸ਼ ਵੀ ਲੱਗ ਰਹੇ ਹਨ ਕਿਉਂਕਿ ਦਲਿਤ ਮੰਤਰੀਆਂ ਗੁਲਜ਼ਾਰ ਸਿੰਘ ਰਣੀਕੇ ਤੇ ਸਰਵਨ ਸਿੰਘ ਫਿਲੌਰ ਤੋਂ ਤਾਂ ਝੱਟ ਅਸਤੀਫ਼ੇ ਲੈ ਲਏ ਗਏ ਸਨ, ਪਰ ਮਜੀਠੀਆ ਨੂੰ ਛੱਡ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਈ.ਡੀ. ਵਲੋਂ ਸ੍ਰੀ ਮਜੀਠੀਆ ਤੋਂ ਪੁੱਛ-ਪੜਤਾਲ ਲਈ ਸਵਾਲਾਂ ਦੀ ਲੰਮੀ ਸੂਚੀ ਤਿਆਰ ਕੀਤੀ ਗਈ ਹੈ। ਇਸ ਦੇ ਨਾਲ ਛੇ ਹਜ਼ਾਰ ਕਰੋੜੀ ਡਰੱਗ ਕੇਸ ਦੇ ਕਥਿਤ ਦੋਸ਼ੀ ਐਨ.ਆਰ.ਆਈ. ਬਿੱਟੂ ਔਲਖ, ਸਤਪ੍ਰੀਤ ਸਿੰਘ ਉਰਫ ਸੱਤਾ, ਅਮਰਿੰਦਰ ਸਿੰਘ ਉਰਫ ਲਾਡੀ ਤੇ ਪਰਮਿੰਦਰ ਸਿੰਘ ਪਿੰਡੀ ਨਾਲ ਵਪਾਰਕ ਸਬੰਧਾਂ ਤੇ ਹੋਈਆਂ ਮਿਲਣੀਆਂ ਬਾਰੇ ਸਵਾਲ ਸ਼ਾਮਲ ਹਨ।

**ਕਾਂਗਰਸ ਵਲੋਂ ਅਕਾਲੀ ਦਲ 'ਤੇ ਚੜ੍ਹਾਈ:** ਸਰਕਾਰ ਦੀ ਮਾੜੀ ਕਿਸਮਤ ਨੂੰ ਮਜੀਠੀਏ ਖਿਲਾਫ ਇਹ ਕਾਰਵਾਈ ਸਰਦ ਰੁੱਤ ਸੈਸ਼ਨ ਤੋਂ ਇਕ ਪਹਿਲਾਂ ਕੀਤੀ ਗਈ ਜਿਸ ਕਾਰਨ ਵਿਰੋਧੀ ਧਿਰ ਕਾਂਗਰਸ ਵਲੋਂ ਸਰਕਾਰ ਨੂੰ ਘੇਰਨ ਦਾ ਮੌਕਾ ਮਿਲ ਗਿਆ। ਕਾਂਗਰਸ ਵਲੋਂ ਸਦਨ ਵਿਚ ਪੇਸ਼ ਕੀਤਾ ਬੇਵਿਸਾਹੀ ਮਤਾ ਭਾਵੇਂ ਹਾਕਮ ਧਿਰ ਜ਼ੁਬਾਨੀ ਵੋਟਾਂ ਨਾਲ ਜਿੱਤ ਗਈ, ਪਰ ਇਸ ਮਤੇ ਨੇ ਸਰਕਾਰ ਨੂੰ ਕੱਖੋਂ ਹੌਲਾ ਕਰ ਦਿੱਤਾ ਹੈ; ਕਿਉਂਕਿ ਇਹ ਮਤਾ 36 ਸਾਲ ਬਾਅਦ ਬਾਦਲ ਸਰਕਾਰ ਖਿਲਾਫ ਲਿਆਂਦਾ ਗਿਆ ਹੈ, ਇਸ ਤੋਂ ਪਹਿਲਾਂ 1978 ਵਿਚ ਸੁਨੀਲ ਜਾਖੜਾ ਦੇ ਪਿਤਾ ਬਲਰਾਮ ਜਾਖੜ ਮੁੱਖ ਮੰਤਰੀ ਪ੍ਰਕਾਸ਼ ਸਿੰਘ ਖਿਲਾਫ ਬੇਵਿਸਾਹੀ ਦਾ ਮਤਾ ਲਿਆਏ ਸਨ। ਸਦਨ ਵਿਚ ਸਿਆਸੀ ਜ਼ੋਰ ਅਜ਼ਮਾਇਸ਼ ਦੌਰਾਨ ਸਿੱਟਾ ਕੁਝ ਵੀ ਨਿਕਲੇ ਪਰ ਮਾਲ ਮੰਤਰੀ ਦੇ ਮੁੱਦੇ 'ਤੇ ਅਕਾਲੀ ਦਲ ਨੂੰ ਪੈਣ ਵਾਲੇ ਰਾਜਸੀ ਘਾਟੇ ਦੀ ਭਰਪਾਈ ਲਈ ਕਾਫ਼ੀ ਮਿਹਨਤ ਕਰਨੀ ਪਵੇਗੀ।

**ਸਫਾਈ ਦਿੰਦਿਆਂ ਇਕ ਹੋਰ ਵਿਵਾਦ ਵਿਚ ਘਿਰੇ ਮਜੀਠੀਆ:** ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਜਦੋਂ ਸਦਨ ਵਿਚ ਆਪਣੇ 'ਤੇ ਲੱਗੇ ਦੋਸ਼ਾਂ ਦੀ ਸਫਾਈ ਦੇਣ ਲਈ ਬੋਲਣ ਲੱਗੇ ਤਾਂ ਉਹ ਦਸਵੇਂ ਗੁਰੂ ਦੀ ਉਸਤਤ ਨਾਲ ਜੁੜੀ ਇਕ ਤੁਕ ਨੂੰ ਆਪਣੇ ਢੰਗ ਨਾਲ ਬਦਲਣ ਦੇ ਦੋਸ਼ਾਂ ਵਿਚ ਘਿਰ ਗਏ। ਇਸ ਮਾਮਲੇ ਨੂੰ ਲੈ ਕੇ ਕਾਫ਼ੀ ਵਿਵਾਦ ਵੀ ਹੋਇਆ। ਵਿਰੋਧੀ ਧਿਰ ਨੇ ਸਦਨ ਵਿਚ ਮਾਲ ਮੰਤਰੀ ਵਿਰੁੱਧ ਨਾਅਰੇਬਾਜ਼ੀ ਕੀਤੀ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਬਿਕਰਮ ਮਜੀਠੀਆ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਸ੍ਰੀ ਮਜੀਠੀਆ ਨੇ ਲੋਕ ਸਭਾ ਚੋਣਾਂ ਦੌਰਾਨ ਅੰਮ੍ਰਿਤਸਰ ਤੋਂ ਭਾਜਪਾ ਦੇ ਉਮੀਦਵਾਰ ਅਰੁਣ ਜੇਤਲੀ ਦੇ ਹੱਕ ਵਿਚ ਪ੍ਰਚਾਰ ਕਰਦਿਆਂ ਗੁਰਬਾਣੀ ਦੀ ਤੁਕ ਤੋੜ-ਮਰੋੜ ਕੇ ਪੇਸ਼ ਕੀਤੀ ਸੀ। ਉਸ ਸਮੇਂ ਮਜੀਠੀਆ ਨੇ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਤਨਖਾਹ ਵੀ ਲਵਾਈ ਸੀ।

## ਡਰੱਗ ਕੇਸ: ਭੋਲਾ ਤੇ ਪੰਮਾ ਪੇਸ਼ ਨਾ ਹੋਏ

**ਮੁਹਾਲੀ:** ਨਸ਼ਾ ਤਸਕਰੀ ਮਾਮਲੇ 'ਚ ਬਰਖ਼ਾਸਤ ਡੀ.ਐਸ.ਪੀ. ਜਗਦੀਸ਼ ਸਿੰਘ ਉਰਫ਼ ਭੋਲਾ ਤੇ ਪਰਮਜੀਤ ਸਿੰਘ ਪੰਮਾ ਅਦਾਲਤ ਵਿਚ ਪੇਸ਼ ਨਹੀਂ ਹੋਏ। ਇਸ ਮਾਮਲੇ ਵਿਚ ਸਾਰੇ ਮੁਲਜ਼ਮਾਂ ਖ਼ਿਲਾਫ਼ ਦੋਸ਼ ਤੈਅ ਕੀਤੇ ਜਾ ਚੁੱਕੇ ਹਨ ਜਦੋਂਕਿ ਇਕ ਮੁਲਜ਼ਮ ਅਨੂਪ ਸਿੰਘ ਕਾਹਲੋਂ ਨੂੰ ਅਦਾਲਤ ਵੱਲੋਂ ਡਿਸਚਾਰਜ ਕੀਤਾ ਜਾ ਚੁੱਕਿਆ ਹੈ। ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ ਅੱਠ ਜਨਵਰੀ 2015 'ਤੇ ਅੱਗੇ ਪਾ ਦਿੱਤੀ ਹੈ। ਭੋਲਾ ਨੇ ਆਪਣੇ ਵਕੀਲ ਰਾਹੀਂ ਅਦਾਲਤ ਵਿਚ ਇਕ ਅਰਜ਼ੀ ਤੇ ਮੈਡੀਕਲ ਦਾਇਰ ਕਰਦਿਆਂ ਕਿਹਾ ਕਿ ਉਸ (ਜਗਦੀਸ਼ ਭੋਲਾ) ਦੀ ਤਬੀਅਤ ਠੀਕ ਨਹੀਂ ਹੈ।

## ਗ੍ਰਿਫਤਾਰੀ ਟਾਲਣ ਲਈ ਫੋਨ ਕਰਦੇ ਸਨ ਬਾਦਲ: ਸ਼ਸ਼ੀਕਾਂਤ

**ਮੁਕੇਰੀਆਂ:** ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਨੇ ਕਿਹਾ ਹੈ ਕਿ ਉਹ ਨਸ਼ਿਆਂ ਵਿਰੁੱਧ ਲੜਾਈ ਤਦ ਤੱਕ ਜਾਰੀ ਰੱਖਣਗੇ, ਜਦ ਤੱਕ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਨੂੰ ਜਿਉਂਦਾ ਰਹਿਣ ਦੇਣਗੇ। ਉਨ੍ਹਾਂ ਕਿਹਾ ਕਿ 2007 ਦੀਆਂ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੂੰ ਜੇਲ੍ਹ ਵਿਚ ਭੇਜਣ ਦੇ ਹੁਕਮ ਕੀਤੇ ਸਨ, ਜਿਨ੍ਹਾਂ ਤੋਂ ਬਚਣ ਲਈ ਇਹ ਦੋਵੇਂ ਮੈਨੂੰ ਦਿਨ ਰਾਤ ਫ਼ੋਨ ਕਰਕੇ ਜਾਰੀ ਹੋਣ ਵਾਲੇ ਗ੍ਰਿਫ਼ਤਾਰੀ ਵਾਰੰਟਾਂ ਬਾਰੇ ਪੁੱਛਦੇ ਸਨ। ਗ੍ਰਿਫ਼ਤਾਰੀ ਮੇਰੇ ਵੱਲੋਂ ਨਾ ਕੀਤੇ ਜਾਣ ਕਾਰਨ ਹੀ 2007 ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਮੈਨੂੰ ਡੀ.ਜੀ.ਪੀ. ਇੰਟੈਲੀਜੈਂਸ ਲਗਾਇਆ ਗਿਆ ਸੀ। ਉਨ੍ਹਾਂ ਸਵਾਲ ਕੀਤਾ ਕਿ ਮੋਦੀ ਕਾਰਵਾਈ ਉਦੋਂ ਕਰਨਗੇ, ਜਦ ਦੇਸ਼ ਦੇ ਨੌਜਵਾਨ ਗਰਕ ਹੋ ਜਾਣਗੇ। ਸੂਬੇ ਅੰਦਰ ਨਸ਼ਿਆਂ ਦੀ ਤਸਕਰੀ ਵਿਚ ਵੱਡੀ ਗਿਣਤੀ ਵਿਚ ਥਾਣੇਦਾਰ ਤੋਂ ਲੈ ਕੇ ਵੱਡੇ ਪੁਲਿਸ ਅਧਿਕਾਰੀ ਤੱਕ, ਰਾਜਸੀ ਆਗੂ ਤੇ ਸਿਵਲ ਅਧਿਕਾਰੀ ਵੀ ਸ਼ਾਮਲ ਹਨ। ਨਸ਼ਿਆਂ ਦਾ ਕਾਰੋਬਾਰ ਤਾਂ 80ਵੇਂ ਦੌਰਾਨ ਹੀ ਸ਼ੁਰੂ ਹੋ ਗਿਆ ਸੀ, ਪਰ ਇਸ ਦਾ ਖੁੱਲ੍ਹੇਆਮ ਧੰਦਾ 1992 ਵਿਚ ਸ਼ੁਰੂ ਹੋਇਆ ਸੀ।

# ਭਾਜਪਾ ਦਾ ਮਿਸ਼ਨ ਕਸ਼ਮੀਰ ਫੇਲ੍ਹ

*(ਸਫਾ ਇਕ ਦੀ ਬਾਕੀ)*

ਕਰਨ ਦੇ ਨਾਲ ਹੀ ਸੂਬੇ ਵਿਚ ਹਿੰਦੂ ਮੁੱਖ ਮੰਤਰੀ ਬਣਾਉਣ ਬਾਰੇ ਵੀ ਆਪਣੀ ਇੱਛਾ ਜ਼ਾਹਿਰ ਕਰ ਦਿੱਤੀ ਸੀ। ਇਹੀ ਨਹੀਂ, ਧਾਰਾ 370 ਜਿਸ ਤਹਿਤ ਸੂਬੇ ਨੂੰ ਵਿਸ਼ੇਸ਼ ਦਰਜਾ ਮਿਲਿਆ ਹੋਇਆ ਹੈ, ਬਾਰੇ ਇਸ ਨੇ ਭਾਵੇਂ ਲਕੋ ਰੱਖਣ ਦਾ ਯਤਨ ਕੀਤਾ, ਪਰ ਪਾਰਟੀ ਦੇ ਆਗੂ ਇਸ ਮੁੱਦੇ ਬਾਰੇ ਅਕਸਰ ਹੀ ਖੁੱਲ੍ਹ ਕੇ ਵਿਚਾਰ ਪ੍ਰਗਟ ਕਰਦੇ ਰਹੇ ਹਨ। ਇਸ ਲਈ ਇਸੇ ਚੋਣ ਪ੍ਰਚਾਰ ਇਨ੍ਹਾਂ ਮੁੱਦਿਆਂ ਉਤੇ ਹੀ ਜੰਮੂ ਖੇਤਰ ਅਤੇ ਵਾਦੀ ਵਿਚ ਲਾਮਬੰਦੀ ਹੋਈ। ਪਿਛਲੇ ਸਮੇਂ ਦੌਰਾਨ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਦੀ ਕਾਰਗੁਜ਼ਾਰੀ ਵਧੇਰੇ ਚੰਗੀ ਨਹੀਂ ਸੀ, ਇਸ ਲਈ ਵਾਦੀ ਵਿਚ ਵੋਟਰਾਂ ਨੇ ਲੱਕ ਬੰਨ੍ਹ ਕੇ ਪੀ.ਡੀ.ਪੀ. ਨੂੰ ਵੋਟਾਂ ਪਾਈਆਂ।

ਭਾਜਪਾ ਦੇ ਹਮਲਾਵਰ ਰੁਖ ਖਿਲਾਫ ਵੀ ਵਾਦੀ ਨੇ ਲੋਕਾਂ ਨੇ ਆਪਣੀ ਰਾਏ ਜ਼ਾਹਿਰ ਕੀਤੀ। ਭਾਜਪਾ ਜਿਹੜੀ ਇਹ ਪ੍ਰਚਾਰ ਕਰ ਰਹੀ ਸੀ ਕਿ ਸੂਬੇ ਵਿਚ ਰਿਕਾਰਡ ਵੋਟਿੰਗ ਉਸ ਦੇ ਹੱਕ ਵਿਚ ਫਤਵੇ ਦੇ ਸੰਕੇਤ ਹਨ, ਚੋਣ ਨਤੀਜਿਆਂ ਨੇ ਇਸ ਦੇ ਪੱਲੇ ਨਿਰਾਸ਼ਾ ਪਾਈ। ਅਸਲ ਵਿਚ ਜਦੋਂ ਭਾਜਪਾ ਨੇ ਫਿਰਕੂ ਅਤੇ ਦੇਸ਼ ਦੇ ਹੋਰ ਥਾਂਵਾਂ ਉਤੇ ਧਰਮ ਬਦਲੀ ਦਾ ਮੁੱਦਾ ਉਭਾਰਿਆ, ਉਸ ਨੇ ਵੀ ਕਸ਼ਮੀਰੀਆਂ ਉਤੇ ਅਸਰ ਪਾਇਆ। ਇਹੀ ਨਹੀਂ, ਇਨ੍ਹਾਂ ਚੋਣ ਨਤੀਜਿਆਂ ਨਾਲ 'ਮੋਦੀ ਲਹਿਰ' ਨੂੰ ਵੀ ਫਿਲਹਾਲ ਠੱਲ੍ਹ ਪੈ ਗਈ ਹੈ, ਕਿਉਂਕਿ ਮੋਦੀ ਨੇ ਸੂਬੇ ਵਿਚ ਉਚੇਚੇ ਤੌਰ 'ਤੇ ਪ੍ਰਚਾਰ ਕੀਤਾ ਸੀ ਅਤੇ ਇਸ ਨੂੰ ਆਸ ਹੀ ਨਹੀਂ ਯਕੀਨ ਸੀ ਕਿ ਇਹ 44 ਦਾ ਅੰਕੜਾ ਸਹਿਜੇ ਹੀ ਪਾਰ ਕਰ ਲਵੇਗੀ।

ਹੁਣ ਸੂਬੇ ਵਿਚ ਸਰਕਾਰ ਦੀ ਕਾਇਮੀ ਲਈ ਸਿਆਸੀ ਜੋੜ-ਤੋੜ ਸ਼ੁਰੂ ਹੋ ਗਿਆ ਹੈ। ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਨੇ ਪੀ.ਡੀ.ਪੀ. ਨੂੰ ਹਮਾਇਤ ਦੀ ਗੱਲ ਆਖੀ ਹੈ, ਪਰ ਭਾਜਪਾ ਵੀ ਪੀ.ਡੀ.ਪੀ. ਨਾਲ ਸਰਕਾਰ ਬਣਾਉਣ ਬਾਰੇ ਸੋਚ ਰਹੀ ਹੈ। ਚੋਣ ਨਤੀਜਿਆਂ ਤੋਂ ਪਹਿਲਾਂ ਵੀ ਇਹ ਕਿਆਸ-ਆਰਾਈਆਂ ਸਨ ਕਿ ਭਾਜਪਾ ਨੂੰ ਸਭ ਤੋਂ ਵੱਧ ਸੀਟਾਂ ਮਿਲਣ 'ਤੇ ਬਾਅਦ ਪੀ.ਡੀ.ਪੀ. ਇਸ ਦੀ ਹਮਾਇਤ 'ਤੇ ਆ ਸਕਦੀ ਹੈ, ਪਰ ਹੁਣ ਹਾਲਾਤ ਬਦਲ ਗਏ ਹਨ ਅਤੇ ਪੀ.ਡੀ.ਪੀ. ਦਾ ਹੱਥ ਉਪਰ ਹੋ ਗਿਆ ਹੈ। ਉਂਜ, ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਹੋਣ ਕਾਰਨ ਪੀ.ਡੀ.ਪੀ. ਇਸ ਸਾਂਝ ਬਾਰੇ ਸੋਚ ਸਕਦੀ ਹੈ। ਕੁਝ ਵੀ ਹੋਵੇ, ਵਾਦੀ ਅਤੇ ਜੰਮੂ ਖੇਤਰ ਵਿਚ ਲੋਕਾਂ ਦੇ ਸਪਸ਼ਟ ਫਤਵੇ ਤੋਂ ਬਾਅਦ ਸੂਬੇ ਵਿਚ ਸਥਿਰ ਸਰਕਾਰ ਉਤੇ ਫਿਲਹਾਲ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਕੁਝ ਸਿਆਸੀ ਵਿਸ਼ਲੇਸ਼ਕਾਂ ਨੇ ਤਾਂ ਸੂਬੇ ਵਿਚ ਮੱਧਕਾਲੀ ਚੋਣਾਂ ਬਾਰੇ ਵੀ ਵਿਚਾਰ ਪ੍ਰਗਟ ਕਰ ਦਿੱਤੇ ਹਨ।

**ਝਾਰਖੰਡ ਵਿਚ ਭਾਜਪਾ ਨੂੰ ਬਹੁਮਤ:** ਇਕ ਹੋਰ ਸੂਬੇ ਝਾਰਖੰਡ ਵਿਚ ਭਾਵੇਂ ਭਾਜਪਾ ਅਤੇ ਇਸ ਦੀ ਭਾਈਵਾਲ ਪਾਰਟੀ ਏ.ਜੇ.ਐਸ.ਯੂ. ਨੇ ਕੁੱਲ 81 ਸੀਟਾਂ ਵਿਚੋਂ 42 ਉਤੇ ਜਿੱਤ ਹਾਸਲ ਕਰ ਕੇ ਬਹੁਮਤ ਹਾਸਲ ਕਰ ਲਿਆ ਹੈ, ਪਰ ਇਹ ਜਿੱਤ ਭਾਜਪਾ ਦੀ ਆਸ ਤੋਂ ਘੱਟ ਹੀ ਨਿਕਲੀ ਹੈ। ਇਸ ਸੂਬੇ ਵਿਚ ਝਾਰਖੰਡ ਮੁਕਤੀ ਮੋਰਚਾ ਨੂੰ 19 ਅਤੇ ਕਾਂਗਰਸ ਨੂੰ ਸਿਰਫ 6 ਸੀਟਾਂ ਮਿਲੀਆਂ ਹਨ। ਇਸ ਸੂਬੇ ਵਿਚ ਵੀ ਵਧੇਰੇ ਨੁਕਸਾਨ ਕਾਂਗਰਸ ਦਾ ਹੀ ਹੋਇਆ ਹੈ ਅਤੇ ਇਹ ਜੰਮੂ ਕਸ਼ਮੀਰ ਵਾਂਗ ਹੀ ਚੌਥੇ ਸਥਾਨ ਉਤੇ ਜਾ ਡਿੱਗੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਆਟਾ ਦਾਲ ਸਕੀਮ ਦੀ ਜਾਂਚ ਦਾ ਜ਼ਿੰਮਾ ਅਧਿਆਪਕਾਂ ਸਿਰ

**ਚੰਡੀਗੜ੍ਹ:** ਜਾਅਲੀ ਲਾਭਪਾਤਰੀਆਂ ਕਾਰਨ ਵਿਵਾਦਾਂ ਵਿਚ ਘਿਰੀ ਆਟਾ ਦਾਲ ਸਕੀਮ ਦੀ ਜਾਂਚ ਅਧਿਆਪਕਾਂ, ਪਟਵਾਰੀਆਂ ਤੇ ਪੰਚਾਇਤ ਸਕੱਤਰਾਂ ਹਵਾਲੇ ਕਰ ਦਿੱਤੀ ਗਈ ਹੈ। ਇਸ ਵਾਰ ਪੜਤਾਲ ਰਿਪੋਰਟ ਨੂੰ ਜਨਤਕ ਥਾਂ 'ਤੇ ਨਸ਼ਰ ਕਰਕੇ ਇਤਰਾਜ਼ ਮੰਗੇ ਜਾਣਗੇ।

ਸਰਕਾਰ ਨੇ ਬੇਨਿਯਮੀਆਂ ਦੇ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਪੜਤਾਲ ਦਾ ਕੰਮ ਤਿੰਨ ਵੱਖ-ਵੱਖ ਵਿਭਾਗਾਂ ਨੂੰ ਸੌਂਪਿਆ ਹੈ। ਇਨ੍ਹਾਂ ਵਿਚ ਸਿੱਖਿਆ, ਮਾਲ ਤੇ ਪੇਂਡੂ ਵਿਕਾਸ ਵਿਭਾਗ ਦੇ ਮੁਲਾਜ਼ਮ ਸ਼ਾਮਲ ਹਨ। ਆਟਾ ਦਾਲ ਸਕੀਮ ਫੂਡ ਐਂਡ ਸਪਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਹੈ। ਪਤਾ ਲੱਗਿਆ ਹੈ ਕਿ ਇਸ ਵਾਰ ਪੜਤਾਲੀਆ ਟੀਮ ਵਿਚ ਸਕੂਲ ਲੈਕਚਰਾਰ ਵੀ ਸ਼ਾਮਲ ਕੀਤੇ ਗਏ ਹਨ ਪਰ ਵਿਦਿਆਰਥੀਆਂ ਦੀਆਂ ਸਾਲਾਨਾ ਪ੍ਰੀਖਿਆਵਾਂ ਸਿਰ 'ਤੇ ਹੋਣ ਕਾਰਨ ਇਸ ਦਾ ਅੰਦਰਖ਼ਾਤੇ ਵਿਰੋਧ ਵੀ ਹੋਣ ਲੱਗਿਆ ਹੈ। ਇਸ ਵਾਰ ਪੜਤਾਲੀਆ ਅਮਲੇ ਨੂੰ ਡਿਊਟੀ ਉਨ੍ਹਾਂ ਦੇ ਆਪਣੇ ਪਿੰਡਾਂ ਤੋਂ ਦੂਰ ਦੀ ਦਿੱਤੀ ਗਈ ਹੈ। ਪਿਛਲੀ ਵਾਰ ਅਧਿਆਪਕਾਂ ਨੂੰ ਆਪਣੇ ਪਿੰਡਾਂ ਵਿਚ ਹੀ ਤਾਇਨਾਤ ਕੀਤਾ ਗਿਆ ਸੀ, ਜਿਸ ਕਾਰਨ ਪੜਤਾਲ ਵਿਵਾਦਾਂ ਵਿਚ ਘਿਰ ਗਈ ਸੀ। ਪੜਤਾਲੀਆ ਅਮਲੇ ਨੇ ਵੀ ਸਿਆਸੀ ਦਬਾਅ ਦੇ ਦੋਸ਼ ਲਾਏ ਸਨ। ਰਾਜ ਵਿਚ ਲਾਭਪਾਤਰੀ ਪਰਿਵਾਰਾਂ ਦੀ ਗਿਣਤੀ 31 ਲੱਖ ਹੈ ਤੇ 1.41 ਕਰੋੜ ਲੋਕ ਇਸ ਸਕੀਮ ਦਾ ਲਾਭ ਲੈ ਰਹੇ ਹਨ। ਇਨ੍ਹਾਂ ਵਿਚ ਮ੍ਰਿਤਕਾਂ ਤੇ ਨੀਲੇ ਕਾਰਡਧਾਰਕਾਂ ਤੋਂ ਬਿਨਾਂ ਹੋਰਾਂ ਨੂੰ ਵੀ ਸ਼ਾਮਲ ਕਰਨ ਦੇ ਦੋਸ਼ ਲੱਗੇ ਹਨ। ਰਾਜ ਸਰਕਾਰ ਨੇ ਕੌਮੀ ਖ਼ੁਰਾਕ ਸੁਰੱਖਿਆ ਕਾਨੂੰਨ ਅਧੀਨ ਸ਼ੁਰੂ ਕੀਤੀ ਇਸ ਯੋਜਨਾ ਨੂੰ ਇਸੇ ਸਾਲ ਦੇ ਪਹਿਲੇ ਮਹੀਨੇ ਚਾਲੂ ਕੀਤਾ ਸੀ। ਸਕੀਮ ਸ਼ੁਰੂ ਕਰਨ ਵੇਲੇ ਕਣਕ ਦਾ ਭਾਅ ਇਕ ਰੁਪਏ ਕਿੱਲੋ ਤੇ ਦਾਲ ਦਾ ਭਾਅ ਵੀਹ ਰੁਪਏ ਕਿੱਲੋ ਰੱਖਿਆ ਗਿਆ ਸੀ, ਜੋ ਕਿ ਬਾਅਦ ਵਿਚ ਵਧਾ ਕੇ ਦੁੱਗਣਾ ਕਰ ਦਿੱਤਾ ਗਿਆ ਸੀ।

## ਇੰਦਰਮੋਹਨ ਸਿੰਘ ਛਾਬੜਾ ਨੂੰ ਸਦਮਾ, ਭੈਣ ਸੁਰਗਵਾਸ

**ਜਲੰਧਰ (ਬਿਊਰੋ):** ਪੱਤਰਕਾਰ ਅਤੇ 'ਸਿਖ ਟੀ.ਵੀ.' ਸ਼ਿਕਾਗੋ ਦੇ ਸੰਚਾਲਕ ਸ. ਇੰਦਰਮੋਹਨ ਸਿੰਘ ਛਾਬੜਾ ਨੂੰ ਉਸ ਸਮੇਂ



ਗਹਿਰਾ ਸਦਮਾ ਪੁਜਾ ਜਦੋਂ ਉਨ੍ਹਾਂ ਦੀ ਵਡੀ ਭੈਣ ਬੀਬੀ ਰਣਜੀਤ ਕੌਰ ਸੰਖੇਪ ਜਿਹੀ ਬਿਮਾਰੀ ਪਿਛੋਂ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਸਸਕਾਰ ਜਲੰਧਰ ਵਿਖੇ ਕਰ ਦਿਤਾ ਗਿਆ।

ਬੀਬੀ ਰਣਜੀਤ ਕੌਰ ਨਮਿਤ ਅੰਤਿਮ ਅਰਦਾਸ ਇਥੇ ਗੁਰੂਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਖੇ ਹੋਈ। ਇਹ ਅਫਸੋਸਨਾਕ ਸੂਚਨਾ ਮਿਲਦਿਆਂ ਹੀ ਸ. ਛਾਬੜਾ ਇੰਡੀਆ ਨੂੰ ਰਵਾਨਾ ਹੋ ਗਏ। ਅਮਰੀਕਾ ਵਿਚ ਉਨ੍ਹਾਂ ਨਾਲ ਸੰਪਰਕ ਫੋਨ 312-834-3204 ਰਾਹੀਂ ਹੋ ਸਕਦਾ ਹੈ।

## ਗੁਰਬਖਸ਼ ਸਿੰਘ ਖਾਲਸਾ ਦੇ ਹੱਕ ਵਿਚ ਮੁਜ਼ਾਹਰਾ 30 ਨੂੰ

**ਸੈਨ ਫਰਾਂਸਿਸਕੋ (ਬਿਊਰੋ):** ਭਾਈ ਗੁਰਬਖਸ਼ ਸਿੰਘ ਖਾਲਸਾ ਵਲੋਂ ਹੱਕ, ਸੱਚ ਤੇ ਇਨਸਾਫ ਦੀ ਖਾਤਰ ਰੱਖੀ ਗਈ ਭੁੱਖ ਹੜਤਾਲ ਦੇ ਹੱਕ ਵਿਚ ਇਕ ਰੋਸ ਮੁਜ਼ਾਹਰਾ ਆਉਂਦੀ 30 ਦਸੰਬਰ ਦਿਨ ਮੰਗਲਵਾਰ ਨੂੰ ਬਾਅਦ ਦੁਪਹਿਰ 11 ਤੋਂ 2 ਵਜੇ ਤੱਕ ਸੈਨ ਫਰਾਂਸਿਸਕੋ ਦੇ ਭਾਰਤੀ ਕੌਂਸਲੇਟ ਅੱਗੇ ਕੀਤਾ ਜਾ ਰਿਹਾ ਹੈ। ਇਹ ਰੋਸ ਮੁਜ਼ਾਹਰਾ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਰੋਸ ਮੁਜ਼ਾਹਰੇ ਦੇ ਪ੍ਰਬੰਧਕਾਂ ਨੇ ਸਮੂਹ ਇਨਸਾਫਪਸੰਦ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਭਾਈ ਗੁਰਬਖਸ਼ ਸਿੰਘ ਵਲੋਂ ਨਿਆਂ ਖਾਤਰ ਚਲਾਈ ਜਾ ਰਹੀ ਅਮਨਮਈ ਜਦੋਜਹਿਦ ਦੀ ਹਮਾਇਤ ਖਾਤਰ ਇਸ ਮੁਜ਼ਾਹਰੇ ਵਿਚ ਜਰੂਰ ਸ਼ਾਮਲ ਹੋਣ।

## ਬਰਫ਼ ਯੁੱਗ ਦੇ ਖਾਤਮੇ ਦੇ ਹਜ਼ਾਰ ਸਾਲ ਪਹਿਲਾਂ ਦੇ ਪੱਥਰ ਮਿਲੇ

**ਲੰਡਨ:** ਅਟਲਾਂਟਿਕ ਸਾਗਰ ਨੇ ਇਕ ਹਜ਼ਾਰ ਵਰ੍ਹੇ ਪਹਿਲਾਂ ਸੰਕੇਤ ਦੇ ਦਿੱਤੇ ਸਨ ਕਿ ਆਖਰੀ ਆਈਸ ਯੁੱਗ ਖਤਮ ਹੋਣ ਵਾਲਾ ਹੈ। ਇਸ ਤੋਂ ਪਹਿਲਾਂ ਵਿਗਿਆਨੀ ਇਹੋ ਸਮਝਦੇ ਰਹੇ ਕਿ 14700 ਸਾਲ ਪਹਿਲਾਂ ਪੱਥਰ ਯੁੱਗ ਵਿਚ ਅਟਲਾਂਟਿਕ ਸਾਗਰ ਵਿਚ ਵੱਡੇ ਬਦਲਾਅ ਆਏ ਸਨ। ਉਸ ਪਿਛੋਂ ਗਲੇਸ਼ੀਅਰ ਪਿਘਲਦੇ ਗਏ ਤੇ ਧਰਤੀ ਗਰਮ ਹੁੰਦੀ ਰਹੀ ਜਿਸ ਕਾਰਨ ਅਟਲਾਂਟਿਕ ਸਾਗਰ ਦੇ ਗਹਿਰੇ ਪਾਣੀਆਂ ਵਿਚ ਬਦਲਾਅ ਹੁੰਦੇ ਰਹੇ।


Korma Sutra Cuisine of India
*Overland Park, Kansas*

ਰੈਸਟੋਰੈਂਟ ਸਟਾਫ ਦੀ ਜ਼ਰੂਰਤ ਹੈ

ਓਵਰਲੈਂਡ, ਕੈਨਸਸ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਡਿਸ਼ ਵਾਸ਼ਰ, ਹੈਲਪਰ, ਤੰਦੂਰੀਏ, ਵੇਟਰ ਅਤੇ ਸ਼ੈਫ ਦੀ ਫੌਰੀ ਲੋੜ ਹੈ

ਸੰਪਰਕ ਕਰੋ
ਫੋਨ: 913-269-5727
51-2



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838




Golden State Realty
Sacramento Office: 9912 Kapalua Ln., Elk Grove, CA 95624
Tel: 916-612-5773
*Courtesy of Sales Manager Traci Lill, Meadows at Galt*

| The Poppy ~ Plan 1 | 4 Bedrooms, 2 & half Baths, Two-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

| The Poppy ~ Plan 2 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

| The Poppy ~ Plan 3 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

| The Poppy ~ Plan 4 | 6 Bedrooms, 3 & half Baths, Three-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |


Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14


# ਵਿਸ਼ਵ ਕਬੱਡੀ ਵਿਚ ਭਾਰਤ ਫਿਰ ਚੈਂਪੀਅਨ ਬਣਿਆ

**ਬਾਦਲ (ਸ੍ਰੀ ਮੁਕਤਸਰ ਸਾਹਿਬ):** ਪੰਜਵੇਂ ਵਿਸ਼ਵ ਕਬੱਡੀ ਕੱਪ ਵਿਚ ਭਾਰਤ ਨੇ ਆਪਣੀ ਸਰਦਾਰੀ ਬਰਕਰਾਰ ਰੱਖੀ ਹੈ। ਭਾਰਤ ਨੇ ਪੁਰਸ਼ ਵਰਗ ਵਿਚ ਪਾਕਿਸਤਾਨ ਨੂੰ 45-42 ਨਾਲ ਹਰਾ ਕੇ ਲਗਾਤਾਰ ਪੰਜਵੀਂ ਵਾਰ ਤੇ ਮਹਿਲਾ ਵਰਗ ਵਿਚ ਨਿਊਜ਼ੀਲੈਂਡ ਨੂੰ 36-27 ਨਾਲ ਹਰਾ ਕੇ ਲਗਾਤਾਰ ਚੌਥੀ ਵਾਰ ਵਿਸ਼ਵ ਕੱਪ ਜਿੱਤਿਆ। ਪੁਰਸ਼ ਵਰਗ ਦੇ ਫਾਈਨਲ ਵਿਚ ਭਾਰਤ ਦੀ ਪਾਕਿਸਤਾਨ 'ਤੇ ਇਹ ਚੌਥੀ ਜਿੱਤ ਹੈ ਜਦੋਂ ਕਿ ਮਹਿਲਾ ਵਰਗ ਵਿਚ ਭਾਰਤ ਦੀ ਨਿਊਜ਼ੀਲੈਂਡ 'ਤੇ ਦੂਜੀ ਜਿੱਤ ਹੈ। ਪੁਰਸ਼ ਵਰਗ ਵਿਚ ਭਾਰਤ ਨੇ ਪਹਿਲੇ ਸਥਾਨ ਨਾਲ ਦੋ ਕਰੋੜ ਦਾ ਇਨਾਮ ਜਿੱਤਿਆ ਜਦੋਂ ਕਿ ਉਪ ਜੇਤੂ ਪਾਕਿਸਤਾਨ ਨੇ ਇਕ ਕਰੋੜ ਰੁਪਏ ਤੇ ਤੀਜੇ ਸਥਾਨ 'ਤੇ ਆਈ ਇਰਾਨ ਦੀ ਟੀਮ ਨੇ 51 ਲੱਖ ਰੁਪਏ ਦਾ ਇਨਾਮ ਹਾਸਲ ਕੀਤਾ। ਮਹਿਲਾ ਵਰਗ ਵਿਚ ਚੈਂਪੀਅਨ ਬਣੀ ਭਾਰਤ ਦੀ ਟੀਮ ਨੂੰ ਇਕ ਕਰੋੜ ਰੁਪਏ, ਉਪ ਜੇਤੂ ਬਣੀ ਨਿਊਜ਼ੀਲੈਂਡ ਨੂੰ 51 ਲੱਖ ਰੁਪਏ ਤੇ ਤੀਜੇ ਸਥਾਨ 'ਤੇ ਰਹੀ ਪਾਕਿਸਤਾਨ ਦੀ ਟੀਮ ਨੂੰ 25 ਲੱਖ ਰੁਪਏ ਦਾ ਇਨਾਮ ਦਿੱਤਾ ਗਿਆ।

ਮਹਿਲਾ ਵਰਗ ਦਾ ਫਾਈਨਲ ਮੈਚ ਬਹੁਤ ਫਸਵਾਂ ਰਿਹਾ ਤੇ ਨਿਊਜ਼ੀਲੈਂਡ ਦੀ ਟੀਮ ਨੇ ਭਾਰਤ ਨੂੰ ਤਕੜੀ ਟੱਕਰ ਦਿੱਤੀ। ਭਾਰਤ ਦੀ ਸਟਾਰ ਜਾਫੀ ਅਨੂ ਰਾਣੀ ਵੱਲੋਂ ਲਾਏ ਜੱਫਿਆਂ ਨੇ ਭਾਰਤ ਦੀ ਜਿੱਤ ਆਸਾਨ ਕੀਤੀ ਤੇ ਅੰਤ ਵਿਚ ਭਾਰਤ ਨੇ ਨਿਊਜ਼ੀਲੈਂਡ ਨੂੰ 36-27 ਨਾਲ ਹਰਾ ਕੇ ਖਿਤਾਬ ਜਿੱਤਿਆ। ਕੀਵੀ ਖਿਡਾਰਨਾਂ ਨੇ ਵੀ ਆਪਣੀ ਜੁਝਾਰੂ ਖੇਡ ਨਾਲ ਦਰਸ਼ਕਾਂ ਦੇ ਦਿਲ ਜਿੱਤੇ। ਕੀਵੀ ਰੇਡਰ ਪਰਸੇ ਨੂੰ ਰੋਕਣਾ ਭਾਰਤੀ ਜਾਫੀਆਂ ਲਈ ਟੇਢੀ ਖੀਰ ਸਾਬਤ ਹੋਇਆ। ਅੱਧੇ ਸਮੇਂ ਤੱਕ ਭਾਰਤੀ ਟੀਮ 18-14 ਨਾਲ ਅੱਗੇ ਸੀ। ਪੁਰਸ਼ ਵਰਗ ਦੇ ਫਾਈਨਲ ਵਿਚ ਭਾਰਤ ਨੇ ਪਾਕਿਸਤਾਨ ਨੂੰ 45-42 ਨਾਲ ਹਰਾ ਕੇ ਪੰਜਵੀਂ ਵਾਰ ਵਿਸ਼ਵ ਚੈਂਪੀਅਨ ਦਾ ਖਿਤਾਬ ਜਿੱਤਿਆ। ਭਾਰਤ ਨੇ ਆਖਰੀ ਮੌਕੇ ਪਾਸਾ ਪਲਟਦਿਆਂ ਵਿਸ਼ਵ ਕੱਪ ਖਿਤਾਬ ਆਪਣੀ ਝੋਲੀ ਪਾਇਆ। ਮੈਚ ਬਹੁਤ ਫਸਵਾਂ ਰਿਹਾ ਤੇ ਪਾਕਿਸਤਾਨ ਦੇ ਸਟਾਰ ਜਾਫੀ ਮੁਸ਼ੱਰਫ ਜਾਵੇਦ ਜੰਜੂਆ ਨੇ ਦਿਲਖਿਚਵੇਂ ਜੱਫੇ ਲਾਉਂਦਿਆਂ ਭਾਰਤ ਵਿਰੁੱਧ ਲੀਡ ਲੈਣ ਵਿਚ ਵੱਡਾ ਯੋਗਦਾਨ ਪਾਇਆ।

ਪਹਿਲੇ ਤਿੰਨ ਕੁਆਰਟਰਾਂ ਵਿਚ ਪਾਕਿਸਤਾਨ ਨੇ ਥੋੜੇ ਜਿਹੇ ਫਰਕ ਨਾਲ ਲੀਡ ਬਣਾਈ ਰੱਖੀ ਜਦੋਂ ਕਿ ਆਖਰੀ ਤੇ ਚੌਥੇ ਕੁਆਰਟਰ ਵਿਚ ਭਾਰਤ ਦੇ ਸਟਾਰ ਜਾਫੀ ਯਾਦਵਿੰਦਰ ਸਿੰਘ ਯਾਦਾ ਸੁਰਖਪੁਰ ਤੇ ਗੁਰਪ੍ਰੀਤ ਸਿੰਘ ਗੋਪੀ ਮਾਣਕੀ ਨੇ ਜੱਫੇ ਲਗਾ ਕੇ ਮੈਚ ਦਾ ਪਾਸਾ ਪਲਟ ਦਿੱਤਾ। ਭਾਰਤ ਦੇ ਰੇਡਰਾਂ ਵਿਚੋਂ ਸੰਦੀਪ ਸਿੰਘ ਸੁਰਖਪੁਰ ਨੇ 16 ਤੇ ਸੰਦੀਪ ਲੁੱਧੜ ਨੇ 10 ਅੰਕ ਲਏ ਜਦੋਂ ਕਿ ਭਾਰਤ ਦੇ ਜਾਫੀ ਯਾਦਵਿੰਦਰ ਸੁਰਖਪੁਰ ਨੇ ਪੰਜ ਤੇ ਗੁਰਪ੍ਰੀਤ ਸਿੰਘ ਗੋਪੀ ਮਾਣਕੀ ਨੇ ਤਿੰਨ ਜੱਫੇ ਲਾਏ। ਪਾਕਿਸਤਾਨ ਦੇ ਰੇਡਰ ਅਹਿਮਦ ਸਫੀਕ ਚਿਸ਼ਤੀ ਨੇ 15, ਇਰਫਾਨ ਨੇ 13 ਤੇ ਅਕਮਲ ਸਜਾਦ ਡੋਗਰ ਨੇ ਛੇ ਅੰਕ ਲਏ ਜਦੋਂ ਕਿ ਜਾਫੀ ਮੁਸ਼ੱਰਫ ਜਾਵੇਦ ਜੰਜੂਆ ਨੇ ਚਾਰ ਜੱਫੇ ਲਾਏ।

### ਪਾਕਿਸਤਾਨ ਨੂੰ 45-42 ਦੇ ਫਰਕ ਨਾਲ ਹਰਾਇਆ




### ਯਾਦਵਿੰਦਰ ਸਿੰਘ ਯਾਦਾ ਸਰਬੋਤਮ ਜਾਫੀ

ਪੁਰਸ਼ ਵਰਗ ਵਿਚ ਭਾਰਤ ਦੇ ਸੰਦੀਪ ਸਿੰਘ ਸੁਰਖਪੁਰ ਤੇ ਪਾਕਿਸਤਾਨ ਦੇ ਅਹਿਮਦ ਸ਼ਫੀਕ ਚਿਸ਼ਤੀ ਨੂੰ ਸਾਂਝੇ ਤੌਰ 'ਤੇ ਸਰਬੋਤਮ ਰੇਡਰ ਚੁਣਿਆ ਗਿਆ। ਭਾਰਤ ਦੇ ਯਾਦਵਿੰਦਰ ਸਿੰਘ ਯਾਦਾ ਸੁਰਖਪੁਰ ਨੂੰ ਸਰਬੋਤਮ ਜਾਫੀ ਚੁਣਿਆ ਗਿਆ ਜਿਨ੍ਹਾਂ ਨੂੰ ਪ੍ਰੀਤ ਟਰੈਕਟਰ ਇਨਾਮ ਵਿਚ ਦਿੱਤੇ ਗਏ। ਇਸੇ ਤਰ੍ਹਾਂ ਮਹਿਲਾ ਵਰਗ ਵਿਚ ਭਾਰਤ ਦੀ ਪ੍ਰਿਅੰਕਾ ਤੇ ਰਾਮ ਬਤੇਰੀ ਤੇ ਨਿਊਜ਼ੀਲੈਂਡ ਦੀ ਪਰਸੇ ਨੂੰ ਸਾਂਝੇ ਤੌਰ 'ਤੇ ਸਰਵੋਤਮ ਰੇਡਰ ਤੇ ਭਾਰਤ ਦੀ ਅਨੂ ਰਾਣੀ ਤੇ ਨਿਊਜ਼ੀਲੈਂਡ ਦੀ ਟੀਟੋ ਨੂੰ ਸਾਂਝੇ ਤੌਰ 'ਤੇ ਸਰਵੋਤਮ ਜਾਫੀ ਚੁਣਿਆ ਗਿਆ। ਇਨ੍ਹਾਂ ਜੇਤੂਆਂ ਨੂੰ ਇਕ-ਇਕ ਲੱਖ ਰੁਪਏ ਦੀ ਇਨਾਮ ਰਾਸ਼ੀ ਦਿੱਤੀ ਗਈ।

## ਪਾਕਿਤਸਾਨੀ ਕਪਤਾਨ ਚਿਸ਼ਤੀ ਨੇ ਲਾਏ ਧੱਕੇਸ਼ਾਹੀ ਦੇ ਦੋਸ਼

**ਬਾਦਲ:** ਕਬੱਡੀ ਕੱਪ ਦੇ ਫਾਈਨਲ ਮੁਕਾਬਲੇ ਵਿਚ ਭਾਰਤ ਤੋਂ 45-42 ਦੇ ਫਰਕ ਨਾਲ ਹਾਰਨ ਵਾਲੀ ਪਾਕਿਸਤਾਨੀ ਕਬੱਡੀ (ਪੁਰਸ਼) ਟੀਮ ਦੇ ਕਪਤਾਨ ਸ਼ਫੀਕ ਅਹਿਮਦ ਚਿਸ਼ਤੀ ਨੇ ਭਾਰਤੀ 'ਤੇ ਧੱਕੇਸ਼ਾਹੀ ਦੇ ਦੋਸ਼ ਲਾਏ ਹਨ। ਪਾਕਿ ਟੀਮ ਦੇ ਕਪਤਾਨ ਦਾ ਦੋਸ਼ ਸੀ ਕਿ ਭਾਰਤੀ ਟੀਮ ਨੂੰ ਜਿਤਾਉਣ ਲਈ ਮੈਚ ਸਮੇਂ ਤੋਂ ਪਹਿਲਾਂ ਮੁਕਾ ਦਿੱਤਾ ਗਿਆ। ਤਿੱਖੇ ਰੋਹ ਵਿਚ ਆਈ ਪਾਕਿਸਤਾਨੀ ਟੀਮ ਨੇ ਭਵਿੱਖ ਵਿਚ ਵਿਸ਼ਵ ਕਬੱਡੀ ਕੱਪ ਵਿਚ ਹਿੱਸਾ ਨਾ ਲੈਣ ਦੀ ਚਿਤਾਵਨੀ ਦਿੱਤੀ।



ਪਾਕਿਸਤਾਨੀ ਟੀਮ ਦਾ ਕਪਤਾਨ ਸ਼ਫੀਕ ਅਹਿਮਦ ਚਿਸ਼ਤੀ।

ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਤੇ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਪਾਕਿਸਤਾਨੀ ਟੀਮ ਵੱਲੋਂ ਉਠਾਏ ਨੁਕਤਿਆਂ ਦੀ ਜਾਂਚ ਵਾਸਤੇ ਇਕ ਤਕਨੀਕੀ ਕਮੇਟੀ ਦਾ ਗਠਨ ਕਰ ਦਿੱਤਾ, ਪਰ ਪਾਕਿਸਤਾਨੀ ਟੀਮ ਨੇ ਇਸ ਕਮੇਟੀ ਨੂੰ ਰੱਦ ਕਰ ਦਿੱਤਾ ਤੇ ਦੋਹਾਂ ਮੁਲਕਾਂ ਦਾ ਸਾਂਝਾ ਨਿਆਇਕ ਕਮਿਸ਼ਨ ਬਣਾਏ ਜਾਣ ਦੀ ਮੰਗ ਰੱਖੀ। ਉਨ੍ਹਾਂ ਮੰਗ ਕੀਤੀ ਕਿ ਭਾਰਤ ਤੇ ਪਾਕਿਸਤਾਨ ਦੇ ਹਾਈਕੋਰਟ ਦੇ ਜੱਜਾਂ 'ਤੇ ਅਧਾਰਿਤ ਦੋ ਮੈਂਬਰੀ ਨਿਆਂਇਕ ਕਮਿਸ਼ਨ ਬਣਾਇਆ ਜਾਵੇ ਜੋ ਸਾਰੇ ਮਾਮਲੇ ਦੀ ਪੜਤਾਲ ਕਰਕੇ ਫੈਸਲਾ ਦੇਵੇ। ਪੰਜਾਬ ਸਰਕਾਰ ਨੂੰ ਸੋਸ਼ਲ ਮੀਡੀਆ ਵਿਚ ਚੰਗਾ ਰਗੜਾ ਲੱਗ ਰਿਹਾ ਹੈ। ਕਬੱਡੀ ਕੱਪ ਦੇ ਪ੍ਰਬੰਧਕਾਂ 'ਤੇ ਲੋਕ ਨਜ਼ਲਾ ਝਾੜ ਰਹੇ ਹਨ। ਚਿਸ਼ਤੀ ਨੇ ਭਰੇ ਮਨ ਨਾਲ ਦੋਸ਼ ਲਾਇਆ ਕਿ ਭਾਰਤੀ ਟੀਮ ਨੂੰ ਜਿਤਾਉਣ ਲਈ ਸੰਚਾਲਕਾਂ ਵੱਲੋਂ ਪੂਰੀ ਵਾਹ ਲਾਈ ਹੋਈ ਸੀ ਤੇ ਭਾਰਤੀ ਕਬੱਡੀ ਟੀਮ ਦੇ ਖਿਡਾਰੀਆਂ ਨੇ ਆਪਣੇ ਪਿੰਡੇ 'ਤੇ ਬਾਮ ਲਾਈ ਹੋਈ ਸੀ।

ਚਿਸ਼ਤੀ ਨੇ ਆਖਿਆ ਕਿ ਮੈਚ ਵਿਚ ਜਿਵੇਂ ਹੀ ਭਾਰਤੀ ਟੀਮ ਦੇ ਅੰਕ ਵਧਣ ਲੱਗੇ ਤਾਂ ਸੰਚਾਲਕਾਂ ਵੱਲੋਂ ਮੈਚ ਨੂੰ ਜਾਣਬੁੱਝ ਕੇ ਨਿਪਟਾ ਦਿੱਤਾ ਗਿਆ। ਸ਼ਫੀਕ ਚਿਸ਼ਤੀ ਵੱਲੋਂ ਕਬੱਡੀ ਕੱਪ ਦੀ ਲਾਈਵ ਕਵਰੇਜ ਕਰ ਰਹੇ ਇਕ ਨਿੱਜੀ ਚੈਨਲ 'ਤੇ ਆਪਣਾ ਰੋਹ ਭਰਿਆ ਬਿਆਨ ਦੇਣ ਦੌਰਾਨ ਕਬੱਡੀ ਦੇ ਪ੍ਰਮੋਟਰਾਂ, ਪੰਜਾਬ ਪੁਲਿਸ ਦੇ ਵੱਖ-ਵੱਖ ਸੀਨੀਅਰ ਅਧਿਕਾਰੀਆਂ ਵੱਲੋਂ ਸ਼ਫੀਕ ਚਿਸ਼ਤੀ ਨੂੰ ਮੀਡੀਆ ਤੋਂ ਪਾਸੇ ਲਿਜਾਣ ਲਈ ਮਨੁੱਖੀ ਘੇਰਾ ਪਾ ਲਿਆ ਗਿਆ। ਇਸ ਦੌਰਾਨ ਪੁਲਿਸ ਨੇ ਮੀਡੀਆ ਨੂੰ ਵੀ ਆਪਣੇ ਨਿਸ਼ਾਨੇ 'ਤੇ ਲੈਣ ਦੀ ਕੋਸ਼ਿਸ਼ ਕੀਤੀ। ਘੋਰੇ ਵਿਚਕਾਰ ਭਾਰਤੀ ਅਧਿਕਾਰੀਆਂ ਤੇ ਪਾਕਿਸਤਾਨੀ ਟੀਮ ਵਿਚਕਾਰ ਤਕਰੀਬਨ 12-13 ਮਿੰਟ ਗੱਲਬਾਤ ਉਪਰੰਤ ਪਾਕਿਸਤਾਨੀ ਟੀਮ ਉਪ ਜੇਤੂ ਖਿਤਾਬ ਲਈ ਲੈਣ ਲਈ ਤਿਆਰ ਹੋਈ।

## ਗੁਰਦੁਆਰਾ ਗੜ੍ਹੀ ਸਾਹਿਬ ਨੂੰ ਪੁਰਾਤਨ ਦਿੱਖ ਦੇਣ ਦਾ ਕੰਮ ਜੰਗੀ ਪੱਧਰ 'ਤੇ

**ਚਮਕੌਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਥੇ ਸਥਿਤ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਨੂੰ ਪੁਰਾਤਨ ਦਿੱਖ ਦੇਣ ਲਈ ਆਰੰਭੀ ਕਾਰ ਸੇਵਾ ਬਾਈ ਦੀਪ ਸਿੰਘ ਦੀ ਅਗਵਾਈ ਹੇਠ ਜੰਗੀ ਪੱਧਰ 'ਤੇ ਜਾਰੀ ਹੈ ਤੇ 55 ਫੀਸਦੀ ਕੰਮ ਮੁਕੰਮਲ ਕਰ ਲਿਆ ਗਿਆ ਹੈ। ਇਸ ਕਾਰਜ ਦਾ ਜਾਇਜ਼ਾ ਲੈਣ ਬਾਅਦ ਜਥੇਦਾਰ ਬਾਈ ਦੀਪ ਸਿੰਘ ਤੇ ਬਾਬਾ ਦਿਲਬਾਗ ਸਿੰਘ ਨੇ ਦੱਸਿਆ ਕਿ ਇਸ ਜਗ੍ਹਾ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 40 ਸਿੰਘਾਂ ਨਾਲ ਦਸ ਲੱਖ ਮੁਗਲ ਫੌਜ ਖਿਲਾਫ਼ ਜੰਗ ਲੜੀ ਸੀ। ਇਸ ਲੜਾਈ ਵਿਚ ਦਸਮ ਪਿਤਾ ਦੇ ਦੋ ਸਾਹਿਬਜ਼ਾਦਿਆਂ ਤੇ ਤਿੰਨ ਪਿਆਰਿਆਂ ਸਮੇਤ 40 ਸਿੰਘਾਂ ਨੇ ਬੜੀ ਬਹਾਦਰੀ ਨਾਲ ਮੁਗਲ ਫੌਜਾਂ ਦੇ ਆਹੂ ਲਾਹੁੰਦਿਆਂ ਸ਼ਹਾਦਤ ਦਾ ਜਾਮ ਪੀਤਾ ਸੀ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਸਿੱਖਾਂ ਦੇ ਜਜ਼ਬਾਤਾਂ ਦੇ ਮੱਦੇਨਜ਼ਰ ਇਸ ਅਸਥਾਨ ਨੂੰ ਪੁਰਾਤਨ ਦਿੱਖ ਦੇਣ ਦਾ ਨੀਂਹ ਪੱਥਰ 17 ਦਸੰਬਰ, 2013 ਨੂੰ ਰੱਖਿਆ ਸੀ। ਇਸ ਦੀ ਕਾਰ ਸੇਵਾ ਬਾਬਾ ਬਚਨ ਸਿੰਘ ਨੂੰ ਸੌਂਪੀ, ਜਿਨ੍ਹਾਂ ਨੇ ਬਾਈ ਦੀਪ ਸਿੰਘ ਨੂੰ ਇਹ ਡਿਊਟੀ ਸੌਂਪੀ। ਜਥੇਦਾਰ ਬਾਈ ਦੀਪ ਸਿੰਘ ਤੇ ਬਾਬਾ ਦਿਲਬਾਗ ਸਿੰਘ ਨੇ ਦੱਸਿਆ ਕਿ ਭਾਵੇਂ ਇਹ ਕਾਰਜ ਬਹੁਤ ਹੀ ਬਰੀਕੀ ਵਾਲਾ ਹੈ ਪਰ ਫਿਰ ਵੀ ਉਹ ਪ੍ਰੋ. ਰਾਵਲ ਸਿੰਘ ਦੇ ਸਹਿਯੋਗ ਨਾਲ ਨਿਰਧਾਰਤ ਸਮੇਂ ਵਿਚ ਇਹ ਕੰਮ ਮੁਕੰਮਲ ਕਰਨ ਲਈ ਦ੍ਰਿੜ੍ਹ ਹਨ। ਉਨ੍ਹਾਂ ਦੱਸਿਆ ਕਿ 55 ਫੀਸਦ ਕੰਮ ਮੁਕੰਮਲ ਹੋ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਚਮਕੌਰ ਸਾਹਿਬ ਦੀ ਗੜ੍ਹੀ ਦੀ ਪੁਰਾਤਨ ਦਿੱਖ ਬਹਾਲ ਕਰਨ ਲਈ ਡੇਢ ਕਰੋੜ ਰੁਪਏ ਖਰਚੇ ਜਾ ਰਹੇ ਹਨ ਤੇ ਸ੍ਰੀ ਫਤਹਿਗੜ੍ਹ ਸਾਹਿਬ ਦੇ ਠੰਢੇ ਬੁਰਜ ਤੇ ਮੋਰਿੰਡਾ ਦੀ ਕੋਤਵਾਲੀ ਨੂੰ ਵੀ ਪੁਰਾਤਨ ਦਿੱਖ ਦੇਣ ਦੇ ਕਾਰਜ ਆਰੰਭੇ ਜਾ ਰਹੇ ਹਨ।

# ਚੰਡੀਗੜ੍ਹ ਵਿਚ ਬਰਡ ਫਲੂ ਦੀ ਪੁਸ਼ਟੀ ਪਿੱਛੋਂ ਚੌਕਸੀ

**ਚੰਡੀਗੜ੍ਹ:** ਇਥੇ ਸੁਖਨਾ ਝੀਲ ਉੱਤੇ ਪਿਛਲੇ ਦਿਨਾਂ ਦੌਰਾਨ ਦੋ ਦਰਜਨ ਤੋਂ ਵੱਧ ਬੱਤਖਾਂ ਦੀ ਮੌਤ ਪਿੱਛੋਂ ਬਰਡ ਫਲੂ ਦਾ ਖਤਰਾ ਮੰਡਰਾਉਣ ਲੱਗਾ ਹੈ। 'ਨੈਸ਼ਨਲ ਇੰਸਟੀਚੂਟ ਆਫ਼ ਹਾਈ ਸਕਿਉਰਿਟੀ ਐਨੀਮਲ ਡਿਸੀਜ਼ਜ਼ ਲੈਬਾਰਟਰੀ', ਭੋਪਾਲ ਨੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਭੇਜੇ ਗਏ ਪੰਜ ਨਮੂਨਿਆਂ ਵਿਚੋਂ ਇਕ ਨੂੰ ਬਰਡ ਫਲੂ ਹੋਣ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਬਾਅਦ ਚੰਡੀਗੜ੍ਹ ਪ੍ਰਸ਼ਾਸਨ ਨੇ ਇਹਤਿਹਾਤ ਵਜੋਂ ਝੀਲ ਉੱਤੇ ਲੋਕਾਂ ਦਾ ਜਾਣਾ ਬੰਦ ਕਰ ਦਿੱਤਾ ਹੈ ਤੇ ਇਕ ਕਿਲੋਮੀਟਰ ਦੇ ਦਾਇਰੇ ਵਿਚ ਰਹਿੰਦੀਆਂ ਬੱਤਖਾਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ।

ਨਵੰਬਰ ਮਹੀਨੇ ਦੇ ਆਖਰੀ ਹਫ਼ਤੇ ਕੇਰਲਾ ਸਰਕਾਰ ਨੇ ਪੋਲਟਰੀ ਤੇ ਹੋਰਨਾਂ ਪੰਛੀਆਂ ਨੂੰ ਵੱਡੇ ਪੈਮਾਨੇ ਉੱਤੇ ਮਾਰਨ ਦਾ ਹੁਕਮ ਦਿੱਤਾ ਗਿਆ ਸੀ ਕਿਉਂਕਿ ਉੱਥੇ ਵੀ ਬਰਡ ਫਲੂ ਨਾਲ 17 ਹਜ਼ਾਰ ਬੱਤਖਾਂ ਦੇ ਮਰਨ ਦੀ ਪੁਸ਼ਟੀ ਹੋਈ ਸੀ। ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਦੇ ਨਿਯਮਾਂ ਅਨੁਸਾਰ ਬਰਡ ਫਲੂ ਇਕ ਛੂਤ ਦਾ ਰੋਗ ਹੈ ਜੋ ਐਚ5 ਐਨ1 ਵਾਇਰਸ ਦੇ ਕਾਰਨ ਫੈਲਦਾ ਹੈ। ਇਹ ਵਾਇਰਸ ਪੋਲਟਰੀ ਦੇ ਸੇਵਨ ਜਾਂ ਸੰਪਰਕ ਨਾਲ ਮਨੁੱਖ ਅੰਦਰ ਜਾਂਦਾ ਹੈ। ਪੁਸ਼ਟੀ ਹੋਣ ਤੋਂ ਬਾਅਦ ਇਕ ਕਿਲੋਮੀਟਰ ਦੇ ਦਾਇਰੇ ਵਿਚ ਆਉਂਦੇ ਸਾਰੇ ਪੰਛੀਆਂ ਨੂੰ ਖ਼ਤਮ ਕਰਨਾ ਪੈਂਦਾ ਹੈ। ਆਮ ਤੌਰ ਉੱਤੇ ਮਾਈਗਰੇਟਰੀ ਪੰਛੀਆਂ ਬਾਰੇ ਖਾਸ ਚੌਕਸੀ ਵਰਤੀ ਜਾਂਦੀ ਹੈ ਕਿਉਂਕਿ ਇਨ੍ਹਾਂ ਦੇ ਰਾਹੀਂ ਵਾਇਰਸ ਦੂਰ ਦੁਰਾਡੀਆਂ ਥਾਵਾਂ ਉੱਤੇ ਜਾਣ ਦੀ ਵੀ ਗੁੰਜਾਇਸ਼ ਬਣੀ ਰਹਿੰਦੀ ਹੈ। ਇਸੇ ਕਰਕੇ ਜਦੋਂ ਵੀ ਬਰਡ ਫਲੂ ਦੀ ਪੁਸ਼ਟੀ ਹੁੰਦੀ ਹੈ ਤਾਂ ਲੋਕਾਂ ਨੂੰ ਪੋਲਟਰੀ ਵਸਤੂਆਂ ਦਾ ਸੇਵਨ ਬੰਦ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਬਰਡ ਫਲੂ ਦੇ ਸੰਭਾਵੀ ਖ਼ਤਰੇ ਦੇ ਮੱਦੇਨਜ਼ਰ ਚੰਡੀਗੜ੍ਹ ਨਾਲ ਲੱਗਦੇ ਪੰਜਾਬ ਦੇ ਇਲਾਕਿਆਂ ਵਿਚ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਚੌਕੰਨੇ ਰਹਿਣ ਸਮੇਤ ਆਮ ਲੋਕਾਂ ਖਾਸ ਕਰਕੇ ਪੋਲਟਰੀ ਦਾ ਕਾਰੋਬਾਰ ਕਰਦੇ ਤੇ ਪੰਛੀ ਪਾਲਣ ਦੇ ਸ਼ੌਕੀਨ ਵਿਅਕਤੀਆਂ ਨੂੰ ਅਗਾਊਂ ਸੁਚੇਤ ਰਹਿਣ ਲਈ ਆਖਿਆ। ਸਿਹਤ ਤੇ ਵੈਟਰਨਰੀ ਵਿਭਾਗ ਦੀਆਂ ਵੱਖ-ਵੱਖ ਟੀਮਾਂ ਵੱਲੋਂ ਸੁਖਨਾ ਝੀਲ ਨਾਲ ਲੱਗਦੇ ਇਲਾਕੇ ਪਿੰਡ ਕਾਂਸਲ ਤੇ ਨਵਾਂ ਗਰਾਓਂ ਵਿਚ ਘਰ-ਘਰ ਜਾ ਕੇ ਪੜਤਾਲ ਕੀਤੀ ਜਾ ਰਹੀ ਹੈ।

ਪ੍ਰਸ਼ਾਸਨ ਨੂੰ ਹਦਾਇਤ ਕੀਤੀ ਗਈ ਹੈ ਕਿ ਜੇਕਰ ਕੋਈ ਬਰਡ ਫਲੂ ਦਾ ਸ਼ੱਕੀ ਮਰੀਜ਼ ਸਾਹਮਣੇ ਆਉਂਦਾ ਹੈ, ਉਸ ਦਾ ਤੁਰੰਤ ਇਲਾਜ ਕੀਤਾ ਜਾਵੇ ਤੇ ਮਰੀਜ਼ ਦੇ ਬਾਕੀ ਪਰਿਵਾਰਕ ਮੈਂਬਰਾਂ ਤੇ ਆਸ-ਪਾਸ ਦੇ ਘਰਾਂ ਵਿਚ ਰੋਕਥਾਮ ਬਾਰੇ ਜ਼ਰੂਰੀ ਕਦਮ ਚੁੱਕੇ ਜਾਣ। ਸਿਹਤ ਵਿਭਾਗ ਨੇ ਲੋਕਾਂ ਦੀ ਸਹੂਲਤ ਲਈ ਟੋਲ ਫਰੀ ਨੰਬਰ-104 ਵੀ ਜਾਰੀ ਕੀਤਾ ਹੈ। ਜ਼ਿਲ੍ਹੇ ਵਿਚ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਪਰਚੇ ਵੰਡੇ ਜਾਣਗੇ। ਇਥੋਂ ਦੇ ਫੇਜ਼-6 ਸਥਿਤ ਜ਼ਿਲ੍ਹਾ ਪੱਧਰੀ ਸਰਕਾਰੀ ਹਸਪਤਾਲ ਮੁਹਾਲੀ ਸਮੇਤ ਸਰਕਾਰੀ ਹਸਪਤਾਲ ਖਰੜ ਤੇ ਡੇਰਾਬਸੀ ਵਿਚ ਵੀ ਸਪੈਸ਼ਲ ਆਈਸੋਲੇਸ਼ਨ ਵਾਰਡ ਬਣਾਏ ਗਏ ਹਨ। ਇਸ ਤੋਂ ਇਲਾਵਾ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਜ਼ਿਲ੍ਹੇ ਵਿਚ ਰੈਪਿਡ ਰਿਸਪੌਂਸ ਟੀਮ ਵੀ ਕਾਇਮ ਕੀਤੀ ਗਈ ਹੈ। ਨੈਸ਼ਨਲ ਐੱਗ ਕੋਆਰਡੀਨੇਸ਼ਨ ਤਾਲਮੇਲ ਕਮੇਟੀ ਦੇ ਵਾਈਸ ਚੇਅਰਮੈਨ ਸੰਦੀਪ ਮਹਿਤਾ ਤੇ ਡੇਰਾਬੱਸੀ ਪੋਲਟਰੀ ਫਾਰਮ ਐਸੋਸੀਏਸ਼ਨ ਦੇ ਪ੍ਰਧਾਨ ਪਰਵੀਨ ਕੁਮਾਰ ਨੇ ਦਾਅਵਾ ਕੀਤਾ ਕਿ ਚੰਡੀਗੜ੍ਹ ਵਿਚ ਬਰਡ ਫਲੂ ਫੈਲਣ ਦੀ ਸੂਚਨਾ ਤੋਂ ਬਾਅਦ ਅਜੇ ਤਾਈਂ ਆਂਡਿਆਂ ਦੀ ਸਪਲਾਈ 'ਤੇ ਕੋਈ ਅਸਰ ਨਹੀਂ ਪਿਆ ਹੈ ਤੇ ਆਮ ਦਿਨਾਂ ਵਾਂਗ ਆਂਡਿਆਂ ਦੀ ਸਪਲਾਈ ਕੀਤੀ ਗਈ ਹੈ। ਇਸ ਕਾਰੋਬਾਰ ਨਾਲ ਜੁੜੇ ਲੋਕਾਂ ਦੇ ਸਾਰੇ ਜਾਨਵਰ ਪੂਰੀ ਤਰ੍ਹਾਂ ਸੁਰੱਖਿਅਤ ਹਨ।



### ਪਰਵਾਸੀ ਪੰਛੀਆਂ ਦੀ ਆਮਦ 'ਤੇ ਨਜ਼ਰ

ਜੰਗਲੀ ਜੀਵ, ਪੰਜਾਬ ਦੇ ਚੀਫ ਵਾਰਡਨ ਡਾ. ਧਰਿੰਦਰ ਸਿੰਘ ਨੇ ਚੰਡੀਗੜ੍ਹ ਵਿਚ ਬਰਡ ਫਲੂ ਨਾਲ ਪੰਛੀ ਮਰਨ ਤੋਂ ਬਾਅਦ ਸਰਕਾਰ ਨੇ ਜੰਗਲੀ ਜੀਵਾਂ, ਸੁਰੱਖਿਆ ਤੇ ਬਾਹਰੋਂ ਆਉਂਦੇ ਪਰਵਾਸੀ ਪੰਛੀਆਂ ਦੀ ਆਮਦ ਤੇ ਸੈਰਗਾਹ ਵਾਲੀਆਂ ਥਾਵਾਂ 'ਤੇ ਪੂਰੀ ਤਰ੍ਹਾਂ ਚੌਕਸੀ ਵਰਤਣ ਦੇ ਹੁਕਮ ਜਾਰੀ ਕੀਤੇ ਹਨ। ਮੁਹਾਲੀ ਦੇ ਨੇੜਲੇ ਪਿੰਡ ਮੋਟੇ ਮਾਜਰਾ, ਸਿਸਵਾਂ ਡੈਮ ਸਮੇਤ ਭਾਖੜਾ ਨੰਗਲ ਡੈਮ, ਰੂਪਨਗਰ, ਸਤਲੁਜ ਦਰਿਆ ਸਮੇਤ ਹੋਰਨਾਂ ਥਾਵਾਂ 'ਤੇ ਪੰਛੀਆਂ ਦੀ ਸੁਰੱਖਿਆ ਸਮੇਤ ਬਰਡ ਫਲੂ ਦਾ ਵਾਇਰਸ ਆਮ ਲੋਕਾਂ ਵਿਚ ਫੈਲਣ ਤੋਂ ਰੋਕਣ ਲਈ ਸਖ਼ਤ ਕਦਮ ਚੁੱਕੇ ਗਏ ਹਨ।

### ਮਹਿੰਗੀ ਪੈ ਸਕਦੀ ਹੈ ਕੇਂਦਰ ਦੀ ਅਣਗਹਿਲੀ

**ਨਵੀਂ ਦਿੱਲੀ:** ਸੁਖਨਾ ਝੀਲ 'ਤੇ ਇਸ ਮਾਰੂ ਰੋਗ ਦੀ ਸ਼ੁਰੂਆਤ 11 ਦਸੰਬਰ ਨੂੰ ਹੀ ਹੋ ਗਈ ਸੀ ਤੇ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰਨ ਨੂੰ ਹੀ ਹਫਤਾ ਲੱਗ ਗਿਆ ਸੀ। ਜਿਹੜਾ ਸਰਕਾਰੀ ਨੋਟੀਫਿਕੇਸ਼ਨ ਭਾਰਤ ਸਰਕਾਰ ਨੇ 'ਜਾਨਵਰਾਂ ਲਈ ਵਿਸ਼ਵ ਸਿਹਤ ਸੰਗਠਨ' (ਡਬਲਯੂ.ਐਚ.ਓ. ਫਾਰ ਐਨੀਮਲਜ਼ ਹੈਲਥ) ਨੂੰ ਭੇਜਿਆ ਹੈ, ਉਸ ਵਿਚ ਸੁਖਨਾ ਝੀਲ ਦੀਆਂ ਬੱਤਖਾਂ ਵਿਚ ਇਹ ਬਿਮਾਰੀ ਫੈਲਣ ਦੀ ਤਰੀਕ 11 ਦਸੰਬਰ ਦੱਸੀ ਗਈ ਹੈ ਤੇ ਰਿਪੋਰਟਿੰਗ ਦੀ ਤਰੀਕ 18 ਦਸੰਬਰ ਹੈ।

ਸਰਕਾਰੀ ਨੋਟੀਫਿਕੇਸ਼ਨ ਅਨੁਸਾਰ ਬਰਡ ਫਲੂ ਦੀ ਪੁਸ਼ਟੀ ਤੋਂ ਪਹਿਲਾਂ (ਮੁਢਲੀ ਰਿਪੋਰਟ) ਦੀ ਰਿਪੋਰਟ 16 ਦਸੰਬਰ ਨੂੰ ਆਈ, ਹੁਣ ਸੁਆਲ ਇਹ ਉਠਦਾ ਹੈ ਕਿ ਕੀ ਐਨੀ ਭਿਆਨਕ ਇਨਫੈਕਸ਼ਨ ਵਾਲੀ ਬਿਮਾਰੀ ਬਾਰੇ ਨੋਟੀਫਾਈ ਕਰਨ ਨੂੰ ਇਕ ਹਫਤਾ ਲੋੜੀਂਦਾ ਹੈ ਜਦਕਿ ਬਿਮਾਰੀ ਦਾ ਕੇਂਦਰ ਉਹ ਸਥਾਨ ਹੈ ਜਿਥੇ ਵੱਡੀ ਗਿਣਤੀ ਲੋਕ ਆਉਂਦੇ-ਜਾਂਦੇ ਰਹਿੰਦੇ ਹਨ।

ਜਾਂਚ-ਪੜਤਾਲ ਤੋਂ ਇਹ ਖੁਲਾਸਾ ਹੋਇਆ ਹੈ ਕਿ ਇਸ ਬਿਮਾਰੀ ਦੀ ਸ਼ੁਰੂਆਤੀ ਦਿਨਾਂ ਵਿਚ ਸੁਖਨਾ ਝੀਲ ਦੀਆਂ ਮਰ ਰਹੀਆਂ ਬੱਤਖਾਂ ਨੂੰ ਲੈ ਕੇ ਅਧਿਕਾਰ ਖੇਤਰ ਦੀ ਲੜਾਈ ਚੱਲ ਰਹੀ ਸੀ। ਯੂ.ਟੀ. ਦੇ ਪਸ਼ੂ ਪਾਲਣ ਵਿਭਾਗ ਦੇ ਇਕ ਉੱਚ ਅਧਿਕਾਰੀ ਨੇ ਨਾਮ ਨਾ ਛਾਪੇ ਜਾਣ ਦੀ ਸ਼ਰਤ 'ਤੇ ਦੱਸਿਆ ਕਿ ਸਥਿਤੀ ਲਈ ਜੰਗਲਾਤ ਵਿਭਾਗ ਨੂੰ ਮਨਾਉਣ ਵਿਚ ਵੀ ਸਮਾਂ ਲੱਗ ਗਿਆ। ਜੰਗਲਾਤ ਵਿਭਾਗ ਝੀਲ ਖੇਤਰ ਦੇਖਦਾ ਹੈ ਪਰ ਸ਼ੁਰੂ ਦੇ ਦਿਨਾਂ ਵਿਚ ਉਹ ਮਰ ਰਹੀਆਂ ਬੱਤਖਾਂ ਦੀ ਜ਼ਿੰਮੇਵਾਰੀ ਲੈਣੋਂ ਇਨਕਾਰੀ ਸੀ।

# ਪਾਕਿਸਤਾਨ ਲਈ ਅਤਿਵਾਦੀ ਗੁੱਟਾਂ ਨਾਲ ਸਾਂਝ ਮੁਕਾਉਣਾ ਔਖਾ

**ਵਾਸ਼ਿੰਗਟਨ:** ਪਿਸ਼ਾਵਰ ਵਿਚ ਆਰਮੀ ਸਕੂਲ 'ਤੇ ਹੋਏ ਭਿਆਨਕ ਹਮਲੇ ਮਗਰੋਂ ਭਾਵੇਂ ਪਾਕਿਸਤਾਨ ਵੱਲੋਂ ਅਤਿਵਾਦੀ ਕਾਰਵਾਈਆਂ ਵਿਚ ਦੋਸ਼ੀਆਂ ਨੂੰ ਧੜਾਧੜ ਫਾਹੇ ਲਾਇਆ ਜਾ ਰਿਹਾ ਹੈ ਪਰ ਭਾਰਤ, ਪਾਕਿਸਤਾਨ ਤੇ ਦੱਖਣੀ ਏਸ਼ੀਆ ਲਈ ਵਿਦੇਸ਼ ਸਬੰਧਾਂ ਬਾਰੇ ਕੁਝ ਮਾਹਰਾਂ ਦਾ ਦਾਅਵਾ ਹੈ ਕਿ ਪਾਕਿ ਦੀ ਲਸ਼ਕਰ-ਏ-ਤੋਇਬਾ (ਐਨ.ਈ.ਟੀ.) ਜਿਹੀਆਂ ਅਤਿਵਾਦੀ ਜਥੇਬੰਦੀਆਂ ਨਾਲ ਰਣਨੀਤਕ ਸਬੰਧਾਂ ਦੀ ਨੀਤੀ ਵਿਚ ਕੋਈ ਤਬਦੀਲੀ ਆਉਣ ਦੀ ਸੰਭਾਵਨਾ ਨਹੀਂ ਹੈ। ਸਕੂਲ 'ਤੇ ਇਸ ਅਤਿਵਾਦੀ ਹਮਲੇ ਵਿਚ 132 ਬੱਚਿਆਂ ਸਮੇਤ 148 ਲੋਕਾਂ ਦੀ ਮੌਤ ਹੋ ਗਈ ਸੀ। ਅਮਰੀਕੀ ਕੌਂਸਲ (ਸੀਐਫਆਰ) ਦੇ ਸੀਨੀਅਰ ਫੈਲੋ ਡੇਨੀਅਲ ਮਰਕੇ ਨੇ ਕਿਹਾ ਕਿ ਸਕੂਲ ਉੱਤੇ ਹਮਲਾ, ਜੋ ਬਹੁਤ ਘਿਨੌਣਾ ਸੀ, ਜ਼ਰੂਰੀ ਨਹੀਂ ਕਿ ਪਾਕਿਸਤਾਨ ਦੀ ਕੁਝ ਅਤਿਵਾਦੀ ਗਰੁੱਪਾਂ ਨਾਲ ਰਣਨੀਤਕ ਭਾਈਵਾਲੀ ਵਿਚ ਕੋਈ ਤਬਦੀਲੀ ਲਿਆ ਸਕੇ।

ਸ੍ਰੀ ਡੇਨੀਅਲ ਮਰਕੇ ਨੇ ਕਿਹਾ ਕਿ ਭਾਰਤ ਵੱਲੋਂ ਪਾਕਿਸਤਾਨ ਦੇ ਲਸ਼ਕਰ-ਇ-ਤੋਇਬਾ ਜਾਂ ਇਸ ਦੀਆਂ ਹੋਰ ਸਹਾਇਕ ਅਤਿਵਾਦੀ ਜਥੇਬੰਦੀਆਂ, ਜੋ ਇਸ ਵਾਲੇ ਹੀ ਟੀਚੇ ਤੇ ਖਾਹਸ਼ਾਂ ਪਰ ਨਵੇਂ ਨਾਵਾਂ ਅਧੀਨ ਹੋਂਦ ਵਿਚ ਆਉਂਦੀਆਂ ਹਨ, ਨਾਲ ਸਬੰਧਾਂ ਬਾਰੇ ਪ੍ਰਗਟਾਏ ਜਾਂਦੇ ਫਿਕਰ ਜਾਇਜ਼ ਹਨ। ਇਸ ਅਮਰੀਕੀ ਮਾਹਰ ਮੁਤਾਬਕ ਪਿਛਲੇ ਛੇ ਮਹੀਨਿਆਂ ਤੋਂ ਪਾਕਿਸਤਾਨੀ ਫੌਜ ਦੇ ਪਾਕਿਸਤਾਨੀ ਤਾਲਿਬਾਨ ਵਿਰੁੱਧ ਉੱਤਰੀ ਵਜ਼ੀਰਿਸਤਾਨ ਵਿਚ ਕਾਰਵਾਈ ਚਲਾਉਣ ਦੇ ਬਾਵਜੂਦ ਲਸ਼ਕਰ-ਇ-ਤੋਇਬਾ ਦਾ ਬਾਨੀ ਹਾਫਿਜ਼ ਮੁਹੰਮਦ ਸਈਦ ਦੇਸ਼ ਭਰ ਵਿਚ ਖੁੱਲ੍ਹੇਆਮ ਘੁੰਮ ਰਿਹਾ ਹੈ। ਉਨ੍ਹਾਂ ਇਕ ਸੁਆਲ ਦੇ ਜੁਆਬ ਵਿਚ ਕਿਹਾ ਕਿ ਜਦੋਂ ਅਤਿਵਾਦੀਆਂ ਵਿਰੁੱਧ ਕਾਰਵਾਈ ਦਾ ਸੁਆਲ ਆਉਂਦਾ ਹੈ, ਤਾਂ ਬਹੁਤੇ ਪਾਕਿਸਤਾਨ ਦੇ ਮਿੱਤਰ ਨਿਕਲ ਆਉਂਦੇ ਹਨ। ਜੇਕਰ ਕਿਤੇ ਪਾਕਿਸਤਾਨ ਨੂੰ ਅਹਿਸਾਸ ਹੋ ਸਕਦਾ ਕਿ ਜੇਕਰ ਉਹ ਹੋਰ ਅਤਿਵਾਦੀ ਜਥੇਬੰਦੀਆਂ ਨੂੰ ਵੀ ਖਦੇੜ ਦੇਵੇ ਤਾਂ ਉਸ ਨੂੰ ਕਿੰਨੇ ਬਿਹਤਰ ਦੋਸਤ ਮਿਲਣੇ ਸਨ ਤੇ ਅਸੀਂ ਸਭ ਨੇ ਵੀ ਬਿਹਤਰ ਥਾਵੇਂ ਹੋਣਾ ਸੀ।


ਇਸ ਦੇ ਨਾਲ ਹੀ ਇਹ ਮਾਹਰ ਪਾਕਿਸਤਾਨ ਨੂੰ ਬਾਸ਼ਰਤ ਵਿੱਤੀ ਮਦਦ ਦੇਣ ਦੇ ਖ਼ਿਲਾਫ਼ ਹੈ। ਉਸ ਦਾ ਕਹਿਣਾ ਹੈ ਕਿ ਅਮਰੀਕੀ ਸਹਾਇਤਾ, ਇਸ ਮੁਲਕ ਨੂੰ ਬੇਰੋਕ ਮਿਲਣੀ ਚਾਹੀਦੀ ਹੈ, ਇਸ ਵਿਚ ਕੋਈ ਸ਼ਰਤਾਂ ਲਾਗੂ ਨਹੀਂ ਹੋਣੀਆਂ ਚਾਹੀਦੀਆਂ। ਉਹ ਤਾਂ ਪਾਕਿਸਤਾਨ ਨੂੰ ਧਨ ਦੇ ਨਾਲ-ਨਾਲ ਤਕਨੀਕੀ ਇਮਦਾਦ ਤੇ ਤਕਨਾਲੋਜੀਆਂ ਦੇਣ ਦੇ ਵੀ ਹੱਕ ਵਿਚ ਹੈ, ਤਾਂ ਕਿ ਇਹ ਮੁਲਕ ਪਾਕਿਸਤਾਨੀ ਤਾਲਿਬਾਨ ਜਿਹੇ ਸਥਾਨਕ ਖ਼ਤਰਿਆਂ ਨੂੰ ਤਾਂ ਠੱਲ੍ਹ ਪਾਉਂਦੇ ਰਹੇ। ਉਨ੍ਹਾਂ ਕਿਹਾ ਕਿ ਇਕ ਵਾਰ ਉਨ੍ਹਾਂ ਨੂੰ ਦਿੱਤੇ ਜਾਣ ਵਾਲੇ ਧਨ ਦੀ ਸੀਮਾ ਤੈਅ ਕਰ ਲਈ ਜਾਵੇ ਤੇ ਇਹ ਉਦੋਂ ਤੱਕ ਦਿੱਤੀ ਜਾਣੀ ਜਾਰੀ ਰਹੇ, ਜਦੋਂ ਤੱਕ ਉਹ ਇਸ ਧਨ ਨਾਲ ਕੀਤੇ ਜਾਣ ਵਾਲੇ ਕੰਮ ਇਹ (ਪਾਕਿਸਤਾਨ) ਕਰਦਾ ਰਹਿੰਦਾ ਹੈ। ਮਾਹਰ ਅਨੁਸਾਰ ਹੁਣ ਪਾਕਿਸਤਾਨ ਅਜਿਹਾ ਕਰੇਗਾ ਵੀ ਕਿਉਂਕਿ ਇਸ ਵਿਚ ਹੀ ਇਸ ਦੇ ਹਿੱਤ ਹਨ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਇਹ ਵੀ ਵੱਡੀ ਲੋੜ ਹੈ ਕਿ ਇਸ ਨੂੰ ਸਹੀ ਥਾਂ ਤੋਂ ਠਕੋਰਿਆ ਜਾਂਦਾ ਰਹੇ ਤੇ ਸਾਂਝੇ ਹਿੱਤਾਂ ਵਾਲੇ ਖੇਤਰਾਂ ਵਿਚ ਕੰਮ ਨਹੀਂ ਰੁਕਣਾ ਚਾਹੀਦਾ।

## ਓਬਾਮਾ ਵਲੋਂ ਕੌਮੀ ਸੁਰੱਖਿਆ ਕੌਂਸਲ ਨਾਲ ਵਿਚਾਰਾਂ

**ਵਾਸ਼ਿੰਗਟਨ:** ਪਾਕਿਸਤਾਨ ਵਿਚ ਪਿਸ਼ਾਵਰ ਦੇ ਸਕੂਲ ਵਿਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਵ੍ਹਾਈਟ ਹਾਊਸ ਵਿਚ ਕੌਮੀ ਸੁਰੱਖਿਆ ਕੌਂਸਲ ਦੀ ਟੀਮ ਨਾਲ ਮੀਟਿੰਗ ਕੀਤੀ ਤੇ ਪਾਕਿਸਤਾਨ ਵਿਚ ਸੁਰੱਖਿਆ ਪ੍ਰਬੰਧਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਸ੍ਰੀ ਓਬਾਮਾ ਨੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਤੇ ਸੁਰੱਖਿਆ ਪ੍ਰਬੰਧਾਂ ਦੀ ਮਜ਼ਬੂਤੀ ਬਾਰੇ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਮਗਰੋਂ ਐਡਮਿਰਲ ਜੋਹਨ ਕਿਰਬੀ ਨੇ ਕਿਹਾ ਕਿ ਅਮਰੀਕਾ, ਪਾਕਿਸਤਾਨ ਦੀ ਮਦਦ ਲਈ ਤਿਆਰ ਹੈ ਪਰ ਅਜੇ ਤੱਕ ਪਾਕਿਸਤਾਨ ਵੱਲੋਂ ਮਦਦ ਦੀ ਮੰਗ ਨਹੀਂ ਕੀਤੀ ਗਈ।

# ਡੇਰਾ ਮੁਖੀ ਖਿਲਾਫ ਕੇਸ ਛੇ ਮਹੀਨੇ ਵਿਚ ਨਿਬੇੜਨ ਦੀ ਹਦਾਇਤ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈਕੋਰਟ ਨੇ ਕਿਹਾ ਕਿ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਖ਼ਿਲਾਫ਼ ਬਲਾਤਕਾਰ ਦਾ ਕੇਸ ਛੇ ਮਹੀਨਿਆਂ ਵਿਚ ਨਿਬੇੜਿਆ ਜਾਣਾ ਚਾਹੀਦਾ ਹੈ।



ਜਸਟਿਸ ਦਯਾ ਚੌਧਰੀ ਨੇ ਮੁਲਜ਼ਮ ਦੀ ਤਰਫੋਂ ਦਾਖ਼ਲ ਕੀਤੀ ਅਰਜ਼ੀ 'ਤੇ ਸੁਣਵਾਈ ਕਰਦਿਆਂ ਡੇਰਾ ਮੁਖੀ ਨੂੰ ਆਪਣੇ ਗਵਾਹਾਂ ਦੀ ਸੂਚੀ ਦਾਖ਼ਲ ਕਰਾਉਣ ਲਈ ਆਖਿਆ ਤੇ ਬਚਾਓ ਧਿਰ ਦੇ 24 ਗਵਾਹਾਂ ਦੀ ਜਿਰ੍ਹਾ ਦਾ ਰਾਹ ਵੀ ਪੱਧਰਾ ਹੋ ਗਿਆ। ਆਪਣੇ ਵਕੀਲ ਐਸ.ਕੇ. ਗਰਗ ਨਰਵਾਣਾ ਰਾਹੀਂ ਦਾਖ਼ਲ ਕੀਤੀ ਅਰਜ਼ੀ ਵਿਚ ਰਾਮ ਰਹੀਮ ਨੇ ਹੇਠਲੀ ਅਦਾਲਤ ਵੱਲੋਂ ਬਚਾਓ ਪੱਖ ਦੇ ਗਵਾਹਾਂ ਦੀ ਸੂਚੀ ਵਿਚ ਕਟੌਤੀ ਕਰਨ 'ਤੇ ਕਿੰਤੂ ਕੀਤਾ ਸੀ। ਉਸ ਨੇ ਦਾਅਵਾ ਕੀਤਾ ਸੀ ਕਿ ਸੂਚੀ ਵਿਚਲੇ ਨਾਵਾਂ 'ਤੇ ਕਟੌਤੀ ਕੀਤੀ ਗਈ ਹੈ ਤੇ ਅਦਾਲਤ ਵੱਲੋਂ ਤਲਬ ਕੀਤੇ ਜਾਣ ਤੋਂ ਬਾਅਦ ਵੀ ਗਵਾਹ ਹਟਾਏ ਗਏ ਹਨ। ਕੁਝ ਗਵਾਹਾਂ ਖ਼ਿਲਾਫ਼ ਤਾਂ ਅਦਾਲਤ ਨੂੰ ਵਾਰੰਟ ਵੀ ਜਾਰੀ ਕਰਨੇ ਪਏ ਸਨ।

ਸ੍ਰੀ ਨਰਵਾਣਾ ਨੇ ਦਲੀਲ ਦਿੱਤੀ ਕਿ ਸੀ.ਬੀ.ਆਈ. ਨੇ ਪੰਜ ਸਾਲਾਂ ਵਿਚ ਸਿਰਫ਼ 15 ਗਵਾਹਾਂ ਨਾਲ ਜਿਰ੍ਹਾ ਕੀਤੀ ਹੈ ਜਦਕਿ ਇਸ ਤੋਂ ਪਹਿਲਾਂ ਨੌਂ ਮਹੀਨਿਆਂ ਵਿਚ 28 ਗਵਾਹਾਂ ਨਾਲ ਜਿਰ੍ਹਾ ਹੋ ਚੁੱਕੀ ਸੀ। ਸੀ.ਬੀ.ਆਈ. ਨੇ ਗੁਰਮੀਤ ਰਾਮ ਰਹੀਮ ਸਿੰਘ ਖ਼ਿਲਾਫ਼ ਦੋ ਮਹਿਲਾ ਸ਼ਰਧਾਲੂਆਂ ਨਾਲ ਜਬਰ ਜਨਾਹ ਕਰਨ ਦੇ ਦੋਸ਼ ਵਿਚ ਅਗਸਤ 2007 ਵਿਚ ਕੇਸ ਦਰਜ ਕੀਤਾ ਸੀ। ਸ਼ੁਰੂ ਵਿਚ ਡੇਰੇ ਵਿਚ ਮਹਿਲਾਵਾਂ ਤੇ ਲੜਕੀਆਂ ਦੇ ਜਿਨਸੀ ਸੋਸ਼ਣ ਬਾਰੇ ਇਕ ਗੁੰਮਨਾਮ ਪੱਤਰ ਪੰਜਾਬ ਹਰਿਆਣਾ ਹਾਈਕੋਰਟ ਨੂੰ ਮਿਲਿਆ ਸੀ।

## ਜੱਸੋਵਾਲ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਫਰਿਜ਼ਨੋ (ਬਿਊਰੋ):** ਪੰਜਾਬੀ ਸੱਭਿਆਚਾਰ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਸ. ਜਗਦੇਵ ਸਿੰਘ ਜੱਸੋਵਾਲ ਦੀ ਮੌਤ ਉਤੇ ਜੀ ਐਚ ਜੀ ਅਕਾਦਮੀ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਅਕਾਦਮੀ ਦੀ ਹੋਈ ਮੀਟਿੰਗ ਵਿਚ ਸ. ਜੱਸੋਵਾਲ ਦੇ ਕਰੀਬੀ ਮਿੱਤਰ ਜਗਜੀਤ ਸਿੰਘ ਥਿੰਦ ਨੇ ਭਾਵਕ ਹੁੰਦਿਆਂ ਕਿਹਾ ਕਿ ਸ. ਜੱਸੋਵਾਲ ਦੀ ਮੌਤ ਨਾਲ ਪੰਜਾਬੀ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਜੀ ਐਚ ਜੀ ਅਕਾਦਮੀ ਫਰਿਜ਼ਨੋ ਦੇ ਪ੍ਰਬੰਧਕੀ ਬੋਰਡ, ਸਪੋਟਰਸ ਅਤੇ ਬੱਚਿਆਂ ਵਲੋਂ ਸ. ਜੱਸੋਵਾਲ ਦੇ ਪਰਿਵਾਰ ਦੇ ਦੁੱਖ ਵਿਚ ਸ਼ਾਰੀਕ ਹੁੰਦਿਆਂ ਵਾਹਿਗੁਰੂ ਅੱਗੇ ਸ. ਜੱਸੋਵਾਲ ਨੂੰ ਗੁਰੂ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ ਗਈ।

# ਆਈ.ਐਸ. ਵਲੋਂ 150 ਤੋਂ ਵੱਧ ਔਰਤਾਂ ਦੇ ਸਿਰ ਕਲਮ

**ਨਵੀਂ ਦਿੱਲੀ:** ਅਤਿਵਾਦੀ ਸੰਗਠਨ ਇਸਲਾਮਿਕ ਸਟੇਟ (ਆਈ ਐਸ) ਦਾ ਇਕ ਵਾਰ ਫਿਰ ਦਰਦਨਾਕ ਤੇ ਬੇਰਹਿਮ ਚਿਹਰਾ ਸਾਹਮਣੇ ਆਇਆ ਹੈ। ਇਸਲਾਮਿਕ ਸਟੇਟ ਨੇ ਇਰਾਕ ਦੇ ਪੱਛਮੀ ਰਾਜ ਅਲ ਅਨਬਾਰ ਦੇ ਫਾਲੂਜਾ ਵਿਚ ਘੱਟੋ ਘੱਟ 150 ਔਰਤਾਂ ਨੂੰ ਸਿਰਫ ਇਸ ਕਾਰਨ ਮਾਰ ਦਿੱਤਾ ਕਿਉਂਕਿ ਉਨ੍ਹਾਂ ਨੇ ਅਤਿਵਾਦੀਆਂ ਨਾਲ ਨਿਕਾਹ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਰਿਪੋਰਟ ਅਨੁਸਾਰ ਔਰਤਾਂ ਨੂੰ ਇਕ ਲਾਈਨ ਵਿਚ ਖੜ੍ਹਾ ਕਰਕੇ ਉਨ੍ਹਾਂ ਦੀ ਇਕ-ਇਕ ਕਰਕੇ ਹੱਤਿਆ ਕਰ ਦਿੱਤੀ ਗਈ। ਇਸ ਕਤਲੇਆਮ ਦੀ ਪੁਸ਼ਟੀ ਇਰਾਕ ਦੀਆਂ ਸਮਾਚਾਰ ਏਜੰਸੀਆਂ ਤੇ ਇਰਾਕ ਦੇ ਮਨੁੱਖੀ ਅਧਿਕਾਰ ਮੰਤਰਾਲੇ ਦੋਵਾਂ ਨੇ ਕੀਤੀ ਹੈ। ਤੁਰਕੀ ਮੀਡੀਆ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਅਤਿਵਾਦੀਆਂ ਨੇ ਔਰਤਾਂ ਦੀ ਹੱਤਿਆ ਦੇ ਬਾਅਦ ਉਨ੍ਹਾਂ ਨੂੰ ਸਮੂਹਿਕ ਕਬਰ ਵਿਚ ਦਫਨਾ ਦਿੱਤਾ। ਇਸ ਘਟਨਾ ਤੋਂ ਪਹਿਲਾਂ ਪਿਛਲੇ ਮਹੀਨੇ ਵੀ ਇਸੇ ਅਤਿਵਾਦੀ ਗੁਟ ਨੇ ਸਥਾਨਕ ਵਾਸੀਆਂ ਵਿਚੋਂ 50 ਲੋਕਾਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਸੀ। ਇਨ੍ਹਾਂ ਵਿਚ ਕੁਝ ਬੱਚੇ ਵੀ ਸਨ।







# ਨਾਨਕਸ਼ਾਹੀ ਕੈਲੰਡਰ ਵਿਚ ਸੋਧ ਬਾਰੇ ਖਿੱਚੋਤਾਣ ਵਧੀ

**ਚੰਡੀਗੜ੍ਹ:** ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਬਿਕਰਮੀ ਕੈਲੰਡਰ ਵਿਚ ਤਬਦੀਲ ਕਰਨ ਦੀ ਵਿਉਂਤਬੰਦੀ ਪਿਛੋਂ ਸਿੱਖ ਜਥੇਬੰਦੀਆਂ ਵਿਚ ਖਿੱਚੋਤਾਣ ਵਧ ਗਈ ਹੈ। ਇਸ ਵਿਉਂਤਬੰਦੀ ਤਹਿਤ ਮੂਲ ਨਾਨਕਸ਼ਾਹੀ ਕੈਲੰਡਰ ਸਮਰਥਕ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਗਿਆਨੀ ਬਲਵੰਤ ਸਿੰਘ ਨੰਦਗੜ੍ਹ ਦਾ ਕਹਿਣਾ ਹੈ ਕਿ ਉਹ ਸ਼ੁਰੂ ਤੋਂ ਹੀ ਮੂਲ ਨਾਨਕਸ਼ਾਹੀ ਕੈਲੰਡਰ ਦੇ ਸਮਰਥਕ ਰਹੇ ਹਨ ਤੇ ਭਵਿੱਖ ਵਿਚ ਵੀ ਇਸੇ ਕੈਲੰਡਰ ਨੂੰ ਸਮਰਥਨ ਦੇਣਗੇ। ਪੰਜ ਸਿੰਘ ਸਾਹਿਬਾਨ ਦੀ ਕਿਸੇ ਮੀਟਿੰਗ ਵਿਚ ਜੇਕਰ ਇਹ ਮੁੱਦਾ ਉਭਰਿਆ ਤਾਂ ਉਹ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਸਮਰਥਨ ਦੇਣਗੇ।

ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਨੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਦੋਸ਼ ਲਾਏ ਹਨ ਕਿ ਜਥੇਦਾਰ ਨਾ ਤਾਂ ਗੁਰਬਾਣੀ ਬਾਰੇ ਸੂਝ ਰੱਖਦੇ ਹਨ ਤੇ ਨਾ ਹੀ ਉਸ ਨੂੰ ਸਿੱਖ ਇਤਿਹਾਸ ਬਾਰੇ ਕੋਈ ਜਾਣਕਾਰੀ ਹੈ। ਸੰਤ ਸਮਾਜ ਨੇ ਦੋਸ਼ ਲਾਏ ਕਿ ਜਥੇਦਾਰ ਨੰਦਗੜ੍ਹ ਆਪਣੇ ਆਪ ਨੂੰ 'ਵੱਡਾ ਸਿੱਖ ਤੇ ਦੂਸਰਿਆਂ ਨੂੰ ਆਰ.ਐਸ.ਐਸ. ਦੇ ਬੰਦੇ' ਦੱਸ ਕੇ ਸਿੱਖ ਪੰਥ ਨੂੰ ਗੁੰਮਰਾਹ ਕਰ ਰਹੇ ਹਨ। ਗਰਮਖਿਆਲੀ ਜਥੇਬੰਦੀ ਦਲ ਖ਼ਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਆਖਿਆ ਕਿ ਸੰਤ ਸਮਾਜ ਤੇ ਹੋਰ ਸੰਪਰਦਾਵਾਂ ਦੇ ਪ੍ਰਭਾਵ ਹੇਠ ਇਕ ਵਾਰ ਮੁੜ ਨਾਨਕਸ਼ਾਹੀ ਕੈਲੰਡਰ ਨੂੰ ਬਿਕਰਮੀ ਕੈਲੰਡਰ ਵਿਚ ਤਬਦੀਲ ਕਰਨ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਇਸ ਤਹਿਤ ਮੂਲ ਨਾਨਕਸ਼ਾਹੀ ਕੈਲੰਡਰ ਦੇ ਹਾਮੀ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦੀ ਸੁਰੱਖਿਆ ਵਾਪਸ ਲਈ ਗਈ ਹੈ।

ਸਰਕਾਰ ਦੀ ਇਹ ਕਾਰਵਾਈ ਇਸੇ ਦਿਸ਼ਾ ਵੱਲ ਸੰਕੇਤ ਕਰਦੀ ਹੈ ਕਿ ਉਹ ਜਥੇਦਾਰ ਨੰਦਗੜ੍ਹ ਨੂੰ ਆਪਣੀ ਰਾਇ ਬਦਲਣ ਲਈ ਮਜਬੂਰ ਕਰਨਾ ਚਾਹੁੰਦੇ ਹਨ ਤਾਂ ਜੋ ਉਹ ਵੀ ਬਿਕਰਮੀ ਕੈਲੰਡਰ ਲਾਗੂ ਕਰਨ ਸਮੇਂ ਸਮਰਥਨ ਦੇਣ। ਉਨ੍ਹਾਂ ਆਖਿਆ ਕਿ ਸਿੱਖ ਜਥੇਬੰਦੀਆਂ ਇਸ ਦਾ ਵਿਰੋਧ ਕਰਨਗੀਆਂ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਜਥੇਦਾਰ ਨੰਦਗੜ੍ਹ ਨੇ ਹਮੇਸ਼ਾ ਹੀ ਸਿੱਖ ਮੁੱਦਿਆਂ 'ਤੇ ਆਵਾਜ਼ ਬੁਲੰਦ ਕੀਤੀ ਹੈ ਤੇ ਇਨ੍ਹਾਂ ਮੁੱਦਿਆਂ ਪ੍ਰਤੀ ਸਿੱਖ ਕੌਮ ਨੂੰ ਸਹੀ ਦਿਸ਼ਾ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੈਲੰਡਰ ਮਾਮਲੇ ਵਿਚ ਪਹਿਲਾਂ ਵੀ ਅਜਿਹੀ ਰਣਨੀਤੀ ਅਪਨਾਈ ਜਾ ਚੁੱਕੀ ਹੈ। ਪਹਿਲਾਂ ਵੀ ਸਰਬਸੰਮਤੀ ਤੋਂ ਬਿਨਾਂ ਹੀ 2010 ਵਿਚ ਮੂਲ ਨਾਨਕਸ਼ਾਹੀ ਕੈਲੰਡਰ ਵਿਚ ਤਬਦੀਲੀ ਕਰ ਦਿੱਤੀ ਗਈ ਸੀ। ਉਨ੍ਹਾਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਕੇ ਮੁੜ ਬਿਕਰਮੀ ਕੈਲੰਡਰ ਲਾਗੂ ਕਰਨ ਦੀ ਕੀਤੀ ਜਾ ਰਹੀ ਵਿਉਂਤਬੰਦੀ ਦੀ ਨਿਖੇਧੀ ਕਰਦਿਆਂ ਆਖਿਆ ਕਿ ਇਹ ਸਿਰਫ ਆਰ.ਐਸ.ਐਸ. ਦੇ ਇਸ਼ਾਰੇ 'ਤੇ ਹੋ ਰਿਹਾ ਹੈ। ਨਾਨਕਸਰ ਸੰਪਰਦਾ ਤੇ ਦਮਦਮੀ ਟਕਸਾਲ ਦੇ ਰੂਪ ਵਿਚ ਬਿਕਰਮੀ ਕੈਲੰਡਰ ਦੀ ਹਮਾਇਤ ਵਿਚ ਮੋਹਰੀ ਧਿਰਾਂ ਦੀ ਦਲੀਲ ਹੈ, ਕਿ ਗੁਰੂ ਕਾਲ ਵੇਲੇ ਤੋਂ ਹੀ ਦੇਸੀ ਕੈਲੰਡਰ ਦੀ ਮਾਨਤਾ ਰਹੀ ਹੈ, ਜਿਸ ਤਹਿਤ ਹੀ ਗੁਰੂ ਸਾਹਿਬਾਨ ਵੱਲੋਂ ਦਿਨ ਮਿਥੇ ਜਾਂਦੇ ਸਨ ਤੇ ਗੁਰਬਾਣੀ ਵਿਚ 'ਬਾਰਾਮਾਹ' ਦੀ ਮੌਜੂਦਗੀ ਦੇਸੀ ਕੈਲੰਡਰ ਦੀ ਮਹੱਤਤਾ ਦਾ ਪ੍ਰਤੱਖ ਪ੍ਰਮਾਣ ਹੈ।

## ਮੂਲ ਨਾਨਕਸ਼ਾਹੀ ਕੈਲੰਡਰ ਦੀ ਮੁੜ ਬਿਕਰਮੀ ਵਿਚ ਤਬਦੀਲੀ 'ਤੇ ਵਿਵਾਦ ਭਖਿਆ



## ਸੂਰਜ ਚੰਦ ਦੇ ਬਖੇੜੇ ਵਿਚ ਕੌਮ ਨਾ ਵੰਡੋ: ਜਥੇਦਾਰ



**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਨਾਨਕਸ਼ਾਹੀ ਕੈਲੰਡਰ ਨਾਲੋਂ ਸਿੱਖਾਂ ਦੀ ਇਕਜੁੱਟਤਾ ਦੀ ਲੋੜ ਹੈ। ਸੂਰਜ ਤੇ ਚੰਦਰ ਦੇ ਬਖੇੜੇ ਵਿਚ ਕੌਮ ਨੂੰ ਵੰਡਿਆ ਨਾ ਜਾਵੇ।

ਗਿ: ਗੁਰਬਚਨ ਸਿੰਘ ਨੇ ਕਿਹਾ ਕਿ ਗੁਰੂ ਸਾਹਿਬਾਨ ਦੇ ਦਿਹਾੜੇ ਮਨਾਉਣ ਲਈ ਕੋਈ ਸੂਰਜ ਚਾਲ ਤੇ ਕੋਈ ਚੰਦਰ ਚਾਲ ਦੇ ਪਿੱਛੇ ਪਿਆ ਹੈ। ਗੁਰੂ ਸਾਹਿਬਾਨ ਦੇ ਦਿਹਾੜਿਆਂ ਦੇ ਨਾਂ 'ਤੇ ਵਿਵਾਦ ਖੜਾ ਨਾ ਕੀਤਾ ਜਾਵੇ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾਰੀ ਸੰਦੇਸ਼ ਪ੍ਰਤੀ ਸਹਿਮਤੀ ਨੂੰ ਬਰਕਰਾਰ ਰੱਖਿਆ ਜਾਵੇ। ਨਾਨਕਸ਼ਾਹੀ ਕੈਲੰਡਰ ਮਾਮਲੇ ਵਿਚ ਇਕ ਧਿਰ ਹਉਮੈ ਵਿਚ ਗਲਤਾਨ ਹੈ ਤੇ ਦੂਸਰੀ ਧਿਰ ਡੰਮਵਾਦ ਨੂੰ ਉਤਸ਼ਾਹਤ ਕਰਨ 'ਤੇ ਜ਼ੋਰ ਦੇ ਰਹੀ ਹੈ।

## ਜਥੇਦਾਰੀ ਤੋਂ ਅਸਤੀਫ਼ਾ ਨਹੀਂ ਦੇਵਾਂਗਾ: ਨੰਦਗੜ੍ਹ

**ਤਲਵੰਡੀ ਸਾਬੋ:** ਸਰਕਾਰ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦੀ ਸੁਰੱਖਿਆ ਤੇ ਪਾਇਲਟ ਗੱਡੀ ਵਾਪਸ ਲਏ ਜਾਣ ਤੋਂ ਬਾਅਦ ਚੁੱਪ ਤੋੜਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੇ ਜਿਨ੍ਹਾਂ ਦੋ ਵਿਅਕਤੀਆਂ ਗੁਰਬਿੰਦਰ ਸਿੰਘ ਬਰਾੜ ਤੇ ਅਕਾਲੀ ਆਗੂ ਸਤਿੰਦਰਜੀਤ ਸਿੰਘ ਮੰਟਾ ਨੂੰ ਉਨ੍ਹਾਂ ਦਾ ਅਸਤੀਫ਼ਾ ਲੈਣ ਲਈ ਭੇਜਿਆ ਸੀ, ਉਨ੍ਹਾਂ ਦਾ ਆਪਣਾ ਕੋਈ ਧਾਰਮਿਕ ਜਾਂ ਸਿਆਸੀ ਵਜੂਦ ਨਹੀਂ ਹੈ। ਅਸਤੀਫ਼ਾ ਮੰਗਣ ਆਏ ਵਿਅਕਤੀਆਂ ਨੇ ਉਨ੍ਹਾਂ ਨੂੰ ਧਮਕੀਆਂ ਭਰੇ ਸ਼ਬਦ ਬੋਲੇ ਪਰ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ। ਹੁਣ ਉਹ ਜਥੇਦਾਰੀ ਤੋਂ ਅਸਤੀਫ਼ਾ ਨਹੀਂ ਦੇਣਗੇ।

# ਧਾਰਾ 25 ਬੀ 'ਚ ਸੋਧ ਲਈ ਦਸਤਖ਼ਤੀ ਮੁਹਿੰਮ ਨੂੰ ਹੁੰਗਾਰਾ

**ਅੰਮ੍ਰਿਤਸਰ:** ਭਾਰਤੀ ਸੰਵਿਧਾਨ ਦੀ ਧਾਰਾ 25 ਬੀ ਵਿਚ ਸੋਧ ਕਰਾਉਣ ਦੇ ਮੰਤਵ ਨਾਲ ਸਿੱਖ ਜਥੇਬੰਦੀਆਂ ਵੱਲੋਂ ਆਨਲਾਈਨ ਪਟੀਸ਼ਨ 'ਤੇ ਸਿੱਖ ਸੰਗਤ ਦੇ ਦਸਤਖ਼ਤ ਕਰਾਉਣ ਲਈ ਵਿੱਢੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਪਹਿਲੇ ਦੋ ਦਿਨਾਂ ਵਿਚ ਹੀ 37 ਹਜ਼ਾਰ ਵਿਅਕਤੀਆਂ ਨੇ ਫਾਰਮ ਭਰ ਕੇ ਆਨਲਾਈਨ ਪਟੀਸ਼ਨ 'ਤੇ ਦਸਤਖ਼ਤ ਕਰਨ ਲਈ ਹਾਮੀ ਭਰੀ ਹੈ। ਜਦੋਂਕਿ ਆਨ ਲਾਈਨ ਪਟੀਸ਼ਨ 'ਤੇ ਸਿੱਧੇ ਤੌਰ 'ਤੇ 70 ਹਜ਼ਾਰ ਵਿਅਕਤੀਆਂ ਵੱਲੋਂ ਦਸਤਖ਼ਤ ਕੀਤੇ ਜਾ ਚੁੱਕੇ ਹਨ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪੀਰ ਮੁਹੰਮਦ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਦੱਸਿਆ ਕਿ ਦੋ ਰੋਜ਼ਾ ਕੈਂਪ ਦੇ ਪਹਿਲੇ ਦਿਨ 16000 ਸਿੱਖ ਸੰਗਤਾਂ ਵੱਲੋਂ ਇਸ ਆਨਲਾਈਨ ਪਟੀਸ਼ਨ 'ਤੇ ਆਪਣਾ ਸਮਰਥਨ ਦੇਣ ਤੇ ਦਸਤਖ਼ਤ ਕਰਨ ਲਈ ਫਾਰਮ ਭਰੇ ਗਏ ਹਨ। ਇਸ ਮੁਹਿੰਮ ਲਈ ਸ਼੍ਰੋਮਣੀ ਕਮੇਟੀ ਵੱਲੋਂ ਭਰਵਾਂ ਸਹਿਯੋਗ ਦਿੱਤਾ ਗਿਆ। ਧਾਰਾ 25 ਬੀ ਵਿਚ ਸੋਧ ਕਰਨ ਬਾਰੇ ਇਹ ਪਟੀਸ਼ਨ 15 ਦਿਨ ਪਹਿਲਾਂ ਸ਼ੁਰੂ ਕੀਤੀ ਗਈ ਸੀ, ਜਿਸ 'ਤੇ 31 ਦਸੰਬਰ ਤੱਕ ਦਸਤਖ਼ਤ ਕਰਵਾਏ ਜਾਣਗੇ। ਹੁਣ ਤੱਕ ਇਸ ਪਟੀਸ਼ਨ 'ਤੇ 58000 ਲੋਕਾਂ ਵੱਲੋਂ ਦੇਸ਼ ਵਿਦੇਸ਼ ਵਿਚ ਦਸਤਖ਼ਤ ਕੀਤੇ ਜਾ ਚੁੱਕੇ ਹਨ।

ਉਨ੍ਹਾਂ ਆਖਿਆ ਕਿ 31 ਦਸੰਬਰ ਤੱਕ ਇਕ ਲੱਖ ਤੋਂ ਵੱਧ ਸਿੱਖ ਸੰਗਤ ਦੇ ਦਸਤਖ਼ਤ ਕਰਵਾਏ ਜਾਣਗੇ। ਮਗਰੋਂ ਇਹ ਅਮਰੀਕਾ ਸਥਿਤ ਵ੍ਹਾਈਟ ਹਾਊਸ ਨੂੰ ਭੇਜੀ ਜਾਵੇਗੀ। ਇਹ ਪਟੀਸ਼ਨ ਰਾਸ਼ਟਰਪਤੀ ਬਰਾਕ ਓਬਾਮਾ ਦੇ ਨਾਂ ਹੇਠ ਭੇਜ ਕੇ ਅਪੀਲ ਕੀਤੀ ਜਾਵੇਗੀ ਕਿ ਉਹ ਭਾਰਤੀ ਸੰਵਿਧਾਨ ਵਿਚ ਸਿੱਖ ਭਾਈਚਾਰੇ ਦੀ ਵੱਖਰੀ ਹੋਂਦ ਦਰਸਾਉਣ ਲਈ ਸੰਵਿਧਾਨ ਦੀ ਧਾਰਾ 25 ਬੀ ਵਿਚ ਸੋਧ ਕਰਾਉਣ ਵਾਸਤੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਆਖਣ। ਯਾਦ ਰਹੇ ਕਿ ਸ੍ਰੀ ਓਬਾਮਾ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਲਈ ਭਾਰਤ ਦੌਰੇ 'ਤੇ ਆ ਰਹੇ ਹਨ।

ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਦਾਅਵਾ ਕੀਤਾ ਕਿ ਸਿੱਖ ਧਰਮ ਇਸ ਵੇਲੇ ਵਿਸ਼ਵ ਭਰ ਵਿਚ ਪੰਜਵੇਂ ਵੱਡੇ ਧਰਮ ਵਜੋਂ ਜਾਣਿਆ ਜਾਂਦਾ ਹੈ, ਜਿਸ ਦੇ 30 ਮਿਲੀਅਨ ਸਮਰਥਕ ਹਨ ਪਰ ਇਸ ਦੇ ਬਾਵਜੂਦ ਭਾਰਤੀ ਸੰਵਿਧਾਨ ਵਿਚ ਸਿੱਖ ਕੌਮ ਨੂੰ ਹਿੰਦੂ ਧਰਮ ਦਾ ਹਿੱਸਾ ਦਰਸਾਇਆ ਗਿਆ ਹੈ। ਇਸ ਵੇਲੇ ਭਾਜਪਾ ਤੇ ਆਰ.ਐਸ.ਐਸ. ਸਮਰਥਕ ਸਰਕਾਰ ਸੱਤਾ ਵਿਚ ਹੈ ਤੇ ਅਜਿਹੇ ਸਮੇਂ ਵਿਚ ਸਿੱਖਾਂ ਨੂੰ ਹਿੰਦੂ ਭਾਈਚਾਰੇ ਦਾ ਹਿੱਸਾ ਦਰਸਾਉਣ ਲਈ ਯਤਨ ਕੀਤਾ ਗਿਆ ਹੈ ਤੇ ਇਸੇ ਲਈ ਧਾਰਾ 25 ਬੀ ਵਿਚ ਸੋਧ ਦੀ ਲੋੜ ਹੈ। ਇਸ ਤੋਂ ਪਹਿਲਾਂ 2005 ਵਿਚ ਸੁਪਰੀਮ ਕੋਰਟ ਦਾ ਇਕ ਬੈਂਚ ਵੀ ਸਿੱਖ ਤੇ ਜੈਨ ਭਾਈਚਾਰੇ ਨੂੰ ਹਿੰਦੂ ਧਰਮ ਦਾ ਹਿੱਸਾ ਦੱਸ ਚੁੱਕਿਆ ਹੈ।

# ਜਥੇਦਾਰਾਂ ਨੂੰ ਸਰਕਾਰੀ ਸੁਰੱਖਿਆ ਦੇਣ ਬਾਰੇ ਉਠੇ ਸਵਾਲ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦੀ ਸੁਰੱਖਿਆ ਛਤਰੀ ਵਾਪਸ ਲੈਣ ਤੋਂ ਬਾਅਦ ਜਥੇਦਾਰਾਂ ਨੂੰ ਸਰਕਾਰੀ ਸੁਰੱਖਿਆ ਦੇਣ ਬਾਰੇ ਸਵਾਲ ਖੜ੍ਹੇ ਹੋਣ ਲੱਗੇ ਹਨ। ਦਲ ਖ਼ਾਲਸਾ ਨੇ ਕਿਹਾ ਹੈ ਕਿ ਤਖ਼ਤਾਂ ਦੇ ਜਥੇਦਾਰਾਂ ਵੱਲੋਂ ਸਰਕਾਰੀ ਸੁਰੱਖਿਆ ਤੇ ਗੱਡੀਆਂ ਦਾ ਲੈਣਾ ਗੈਰ-ਸਿਧਾਂਤਕ ਹੈ ਜੋ ਇਨ੍ਹਾਂ ਦੀ ਪਦਵੀ ਦੀ ਨਿਰਪੱਖਤਾ ਨੂੰ ਪੇਤਲਾ ਕਰਨ ਦਾ ਕਾਰਨ ਬਣਦਾ ਹੈ। ਸ਼੍ਰੋਮਣੀ ਕਮੇਟੀ ਨੂੰ ਇਨ੍ਹਾਂ ਦੀ ਸੁਰੱਖਿਆ ਦਾ ਬੰਦੋਬਸਤ ਆਪ ਕਰਨਾ ਚਾਹੀਦਾ ਹੈ। ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਜਥੇਦਾਰ ਨੰਦਗੜ੍ਹ ਦੀ ਸਰਕਾਰੀ ਸੁਰੱਖਿਆ ਵਾਪਸ ਲੈਣ ਬਾਰੇ ਕਿਹਾ ਕਿ ਜਦੋਂ ਸਰਕਾਰਾਂ ਆਪਣੇ ਕਾਰਨਾਂ ਕਰ ਕੇ ਜਾਂ ਜਥੇਦਾਰ ਕੋਲੋਂ ਆਪਣੀ ਗੱਲ ਜਬਰੀ ਮਨਵਾਉਣ ਲਈ ਸੁਰੱਖਿਆ ਵਾਪਸ ਲੈਂਦੀਆਂ ਹਨ ਤਾਂ ਫਿਰ ਜਿਥੇ ਜਥੇਦਾਰ ਦੇ ਅਹੁਦੇ ਦਾ ਨਿਰਾਦਰ ਹੁੰਦਾ ਹੈ, ਉਥੇ ਕੌਮ ਅੰਦਰ ਵੀ ਨਮੋਸ਼ੀ ਆਉਂਦੀ ਹੈ। ਜਥੇਦਾਰਾਂ ਨੂੰ ਸਰਕਾਰੀ ਸੁਰੱਖਿਆ ਦੀ ਲੋੜ ਹੀ ਕਿਥੇ ਹੈ ਕਿਉਂਕਿ ਸਰਕਾਰੀ ਗੰਨਮੈਨ ਤੇ ਲਾਲ ਬੱਤੀ ਵਾਲੀ ਗੱਡੀ ਉਨ੍ਹਾਂ ਦੇ ਰੁਤਬੇ ਤੇ ਸਨਮਾਨ ਨੂੰ ਵੱਡਾ ਕਰਨ ਦੀ ਥਾਂ ਛੋਟਾ ਕਰਦੀ ਹੈ ਤੇ ਉਨ੍ਹਾਂ ਨੂੰ ਦੂਜੇ ਰਾਜਨੀਤਕ ਲੋਕਾਂ ਦੀ ਲਾਈਨ ਵਿਚ ਬਰਾਬਰ ਖੜ੍ਹਾ ਕਰਦੀ ਹੈ।



## ਸੁਖਬੀਰ ਨੇ ਗ੍ਰਹਿ ਮੰਤਰੀ ਤੋਂ ਕਾਲੀ ਸੂਚੀ 'ਤੇ ਨਜ਼ਰਸਾਨੀ ਮੰਗੀ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਅਪੀਲ ਕੀਤੀ ਹੈ ਕਿ ਸਿੱਖਾਂ ਦੀ ਕਾਲੀ ਸੂਚੀ ਦੀ ਮੁੜ ਸਮੀਖਿਆ ਕੀਤੀ ਜਾਵੇ। ਜਿਨ੍ਹਾਂ ਦੀ ਕਿਸੇ ਕੇਸ ਵਿਚ ਸ਼ਮੂਲੀਅਤ ਨਹੀਂ ਹੈ, ਉਨ੍ਹਾਂ ਦੇ ਨਾਮ ਸੂਚੀ ਵਿਚੋਂ ਹਟਾਏ ਜਾਣ।

ਉਪ ਮੁੱਖ ਮੰਤਰੀ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਭੇਜ ਕੇ ਕਿਹਾ ਗਿਆ ਹੈ ਕਿ ਗ੍ਰਹਿ ਮੰਤਰਾਲੇ ਦੀ ਵਿਦੇਸ਼ ਡਿਵੀਜ਼ਨ ਵੱਲੋਂ ਬਰਕਰਾਰ ਰੱਖੀ ਗਈ ਇਹ ਸੂਚੀ ਖ਼ਾਮੀਆਂ ਵਾਲੀਹੈ ਤੇ ਸਿੱਖਾਂ ਲਈ ਪ੍ਰੇਸ਼ਾਨੀਆਂ ਪੈਦਾ ਕਰ ਰਹੀ ਹੈ। ਸੂਚੀ ਵਿਚਲੇ ਨਾਵਾਂ ਨਾਲ ਮਿਲਦੇ ਜੁਲਦੇ ਨਾਵਾਂ ਵਾਲਿਆਂ ਨੂੰ ਹਵਾਈ ਅੱਡਿਆਂ 'ਤੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਵੱਲੋਂ ਸਰਕਾਰ ਨੂੰ ਇਸ ਬਾਰੇ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਹਨ। ਪੰਜਾਬ ਸਰਕਾਰ ਨਾਲ ਵਿਚਾਰ-ਵਟਾਂਦਰੇ ਦੌਰਾਨ ਗ੍ਰਹਿ ਮੰਤਰਾਲੇ ਵੱਲੋਂ ਜੋ ਜਾਣਕਾਰੀ ਮੁਹੱਈਆ ਕਰਵਾਈ ਜਾ ਰਹੀ ਹੈ, ਉਸ ਨਾਲ 63 ਵਿਦੇਸ਼ੀ ਨਾਗਰਿਕਾਂ ਨੂੰ ਵੀਜ਼ਾ ਰੋਕਾਂ ਤਹਿਤ ਸ਼ਾਮਲ ਕੀਤਾ ਗਿਆ ਹੈ, ਜਿਸ ਵਿਚੋਂ 31 ਵਿਅਕਤੀਆਂ ਦੀ ਮੁਕੰਮਲ ਦਸਤਾਵੇਜ਼ ਨਾ ਹੋਣ ਕਾਰਨ ਤਸਦੀਕ ਨਹੀਂ ਹੋ ਸਕੀ ਹੈ। ਉਨ੍ਹਾਂ ਨੇ ਗ੍ਰਹਿ ਮੰਤਰੀ ਦੇ ਧਿਆਨ ਵਿਚ ਲਿਆਂਦਾ ਕਿ ਕਾਲੀ ਸੂਚੀ ਦੀ ਸਮੀਖਿਆ ਲਈ ਕੋਈ ਵਿਵਸਥਾ ਨਹੀਂ ਹੈ, ਇਸ ਲਈ ਜੋ ਵਿਅਕਤੀ ਕਿਸੇ ਕੇਸ ਵਿਚ ਲੋੜੀਂਦੇ ਨਹੀਂ, ਉਨ੍ਹਾਂ ਦੇ ਨਾਂ ਸੂਚੀ ਵਿਚ ਰੱਖਣ ਦੀ ਤੁਕ ਨਹੀਂ ਬਣਦੀ।

# ਵੱਖਰੀ ਕਮੇਟੀ ਬਾਰੇ ਕਾਨੂੰਨ ਰੱਦ ਕਰਨ ਲਈ ਖੱਟਰ ਤੱਕ ਪਹੁੰਚ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਵਫਦ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਉਨ੍ਹਾਂ ਦੀ ਕੋਠੀ ਵਿਚ ਮੁਲਾਕਾਤ ਕਰਕੇ ਮੰਗ ਕੀਤੀ ਕਿ ਪਿਛਲੀ ਹੁੱਡਾ ਸਰਕਾਰ ਵੱਲੋਂ ਹਰਿਆਣਾ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੇ ਨਾਂ 'ਤੇ ਬਣਾਏ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਕਾਨੂੰਨ ਰੱਦ ਕੀਤਾ ਜਾਵੇ ਤੇ ਇਸ ਬਾਰੇ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਗਈ ਪਟੀਸ਼ਨ ਦੀ ਸੁਣਵਾਈ ਮੌਕੇ ਸ਼੍ਰੋਮਣੀ ਕਮੇਟੀ ਦੀ ਮਦਦ ਕੀਤੀ ਜਾਵੇ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਖੱਟਰ ਨੂੰ ਅੰਗਰੇਜ਼ੀ ਵਿਚ ਇਕ ਮੰਗ ਪੱਤਰ ਵੀ ਦਿੱਤਾ ਗਿਆ, ਜਿਸ ਵਿਚ ਕਿਹਾ ਗਿਆ ਕਿ ਸ਼੍ਰੋਮਣੀ ਕਮੇਟੀ ਨੇ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਇਸ ਲਈ ਸਿੱਖਾਂ ਦੀ ਇਸ ਸੁਪਰੀਮ ਸੰਸਥਾ ਨੂੰ ਤੋੜਨਾ ਨਹੀਂ ਚਾਹੀਦਾ। ਵਫਦ ਵਿਚ ਪ੍ਰਧਾਨ ਅਵਤਾਰ ਸਿੰਘ, ਸੀਨੀਅਰ ਉਪ ਪ੍ਰਧਾਨ ਰਘੂਜੀਤ ਸਿੰਘ ਵਿਰਕ, ਕੁਰੂਕਸ਼ੇਤਰ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਹਰਭਜਨ ਸਿੰਘ ਆਦਿ ਸ਼ਾਮਲ ਸਨ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਦਾਅਵਾ ਕੀਤਾ ਕਿ ਸ੍ਰੀ ਖੱਟਰ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਇਸ ਸਮੇਂ ਹਰਿਆਣਾ ਸਰਕਾਰ ਵੱਖਰੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਵਾਲੇ ਕਾਨੂੰਨ ਨੂੰ ਰੱਦ ਨਹੀਂ ਕਰ ਸਕਦੀ ਕਿਉਂਕਿ ਮਾਮਲਾ ਸੁਪਰੀਮ ਕੋਰਟ ਵਿਚ ਹੈ। ਸੁਪਰੀਮ ਕੋਰਟ ਜੋ ਫੈਸਲਾ ਸੁਣਾਏਗੀ ਹਰਿਆਣਾ ਸਰਕਾਰ ਉਸ ਨੂੰ ਲਾਗੂ ਕਰੇਗੀ।



ਜਥੇਦਾਰ ਅਵਤਾਰ ਸਿੰਘ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਮਿਲਦੇ ਹੋਏ।

ਸ੍ਰੀ ਖੱਟਰ ਤੋਂ ਇਹ ਮੰਗ ਕੀਤੀ ਗਈ ਹੈ ਕਿ ਸ਼ਾਹਬਾਦ ਵਿਚ ਪਿਛਲੇ 9 ਸਾਲ ਤੋਂ ਮੀਰੀ ਪੀਰੀ ਮੈਡੀਕਲ ਕਾਲਜ ਬਣ ਕੇ ਤਿਆਰ ਹੋ ਚੁੱਕਾ ਹੈ ਪਰ ਪਿਛਲੀ ਕਾਂਗਰਸ ਸਰਕਾਰ ਨੇ ਉਸ ਨੂੰ ਚਾਲੂ ਕਰਨ ਲਈ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ। ਨਵੀਂ ਰਾਜ ਸਰਕਾਰ ਨੂੰ ਇਸ ਬਾਰੇ ਤੁਰੰਤ ਐਨ.ਓ.ਸੀ. ਜਾਰੀ ਕਰਨਾ ਚਾਹੀਦਾ ਹੈ।

ਸ੍ਰੀ ਖੱਟਰ ਨੇ ਇਸ ਮੰਗ 'ਤੇ ਹਮਦਰਦੀ ਨਾਲ ਵਿਚਾਰ ਕਰਨ ਦਾ ਭਰੋਸਾ ਦਿਵਾਇਆ। ਸ਼੍ਰੋਮਣੀ ਕਮੇਟੀ ਦਾ ਪ੍ਰਤੀਨਿਧ ਮੰਡਲ ਮੁੱਖ ਮੰਤਰੀ ਬਣਨ 'ਤੇ ਸ੍ਰੀ ਖੱਟਰ ਨੂੰ ਪਹਿਲੀ ਵਾਰ ਮਿਲਿਆ ਸੀ ਤੇ ਉਨ੍ਹਾਂ ਨੂੰ ਵਧਾਈ ਵੀ ਪੇਸ਼ ਕੀਤੀ। ਇਹ ਮੰਗ ਵੀ ਕੀਤੀ ਗਈ ਕਿ ਸ਼੍ਰੋਮਣੀ ਕਮੇਟੀ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ ਕਾਇਮ ਕਰਨ ਲਈ ਹਰਿਆਣਾ ਦੇ ਜ਼ਿਲ੍ਹਾ ਯਮੁਨਾਨਗਰ ਦੇ ਪਿੰਡ ਲੋਹਗੜ੍ਹ ਵਿਚ ਕੁਝ ਜ਼ਮੀਨ ਚਾਹੁੰਦੀ ਹੈ। ਹਰਿਆਣਾ ਸਰਕਾਰ ਇਸ ਕੰਮ ਵਿਚ ਸ਼੍ਰੋਮਣੀ ਕਮੇਟੀ ਦੀ ਮਦਦ ਕਰੇ।

## ਸਿੱਖ ਮਾਮਲਿਆਂ ਬਾਰੇ ਖੱਟਰ ਦਾ ਵਿਹਾਰ ਸਾਰਥਕ: ਅਵਤਾਰ ਸਿੰਘ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਮਨੁੱਖਤਾ ਤੇ ਸਿੱਖ ਮਾਮਲਿਆਂ ਨਾਲ ਸਬੰਧਤ ਸਮੱਸਿਆਵਾਂ ਹੱਲ ਕਰਨ ਬਾਰੇ ਕਾਫ਼ੀ ਦਿਲਚਸਪੀ ਦਿਖਾਈ ਹੈ ਤੇ ਉਨ੍ਹਾਂ ਦਾ ਵਿਹਾਰ ਸਾਰਥਕ ਨਜ਼ਰ ਆਉਂਦਾ ਹੈ। ਸ੍ਰੀ ਖੱਟਰ ਨਾਲ ਆਪਣੀ ਪਹਿਲੀ ਮੁਲਾਕਾਤ ਪਿੱਛੋਂ ਸ. ਅਵਤਾਰ ਸਿੰਘ ਨੇ ਦੱਸਿਆ ਕਿ ਭਾਵੇਂ ਪਿਛਲੀ ਹੁੱਡਾ ਸਰਕਾਰ ਵੱਲੋਂ ਹਰਿਆਣਾ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੇ ਨਾਂ 'ਤੇ ਵੱਖਰੀ ਸਿੱਖ ਕਮੇਟੀ ਬਣਾਉਣ ਬਾਰੇ ਮਿੰਨੀ ਸਿੱਖ ਪਾਰਲੀਮੈਂਟ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਸ੍ਰੀ ਖੱਟਰ ਨੇ ਇਸ ਨੂੰ ਪਸੰਦ ਨਹੀਂ ਕੀਤਾ।

# ਗ਼ਜ਼ਲਗੋ ਜਸਵਿੰਦਰ ਨੂੰ ਸਾਹਿਤ ਅਕਾਦਮੀ ਪੁਰਸਕਾਰ

**ਨਵੀਂ ਦਿੱਲੀ:** ਪੰਜਾਬੀ ਦਾ ਸਾਹਿਤ ਅਕਾਦਮੀ ਪੁਰਸਕਾਰ ਉੱਘੇ ਕਵੀ ਜਸਵਿੰਦਰ ਸਿੰਘ ਨੂੰ ਉਨ੍ਹਾਂ ਦੀ ਕਿਤਾਬ 'ਅਗਰਬੱਤੀ' ਲਈ ਮਿਲਿਆ ਹੈ। ਇਸ ਸਾਲ ਦੇ ਅਕਾਦਮੀ ਪੁਰਸਕਾਰਾਂ ਵਿਚ ਕਵੀਆਂ ਦੀ ਚੜ੍ਹਤ ਰਹੀ ਹੈ। ਇਹ ਪੁਰਸਕਾਰ ਨੌਂ ਮਾਰਚ, 2015 ਨੂੰ ਦਿੱਤੇ ਜਾਣਗੇ। ਸਾਹਿਤ ਅਕਾਦਮੀ ਦੇ ਕਾਰਜਕਾਰਨੀ ਬੋਰਡ ਦੀ ਚੇਅਰਮੈਨ ਡਾਕਟਰ ਵਿਸ਼ਵਨਾਥ ਪ੍ਰਸਾਦ ਤਿਵਾੜੀ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਤੇ ਜਿਊਰੀ ਮੈਂਬਰਾਂ ਨੇ 22 ਭਾਰਤੀ ਭਾਸ਼ਾਵਾਂ ਦੇ ਸਾਹਿਤਕਾਰਾਂ ਨੂੰ ਇਨ੍ਹਾਂ ਪੁਰਸਕਾਰਾਂ ਲਈ ਚੁਣਿਆ ਗਿਆ।



ਪੰਜਾਬੀ ਸਾਹਿਤਕਾਰਾਂ ਦੀ ਜਿਊਰੀ ਵਿਚ ਡਾਕਟਰ ਆਤਮਜੀਤ, ਪ੍ਰੋਫੈਸਰ ਸਤਿੰਦਰ ਸਿੰਘ ਤੇ ਡਾਕਟਰ ਵਨੀਤਾ ਸ਼ਾਮਲ ਸਨ। ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰਾਂ ਵਿਚੋਂ ਕਵਿਤਾ ਦੀਆਂ ਅੱਠ ਕਿਤਾਬਾਂ, ਪੰਜ ਨਾਵਲਾਂ, ਤਿੰਨ ਲੇਖਾਂ, ਤਿੰਨ ਨਿੱਕੀ ਕਹਾਣੀਆਂ, ਇਕ-ਇਕ ਸਾਹਿਤਕ ਆਲੋਚਨਾ, ਸਵੈ-ਜੀਵਨੀ ਤੇ ਨਾਟਕ ਸ਼ਾਮਲ ਹਨ। ਹਿੰਦੀ ਨਾਵਲ 'ਵਿਨਾਇਕ' ਲਈ ਰਮੇਸ਼ ਚੰਦਰ ਸ਼ਾਹ, ਅੰਗਰੇਜ਼ੀ ਵਿਚ 'ਟਰਾਈਂਗ ਟੂ ਸੇਅ ਗੁਡਬਾਏ' ਦੇ ਕਵੀ ਆਦਿਲ ਜੱਸਾਵਾਲਾ, ਉਰਦੂ ਸ਼ਾਇਰੀ ਦੀ ਕਿਤਾਬ ਸ਼ਾਦਾਬਾ ਲਈ ਮੁਨੱਵਰ ਰਾਣਾ, ਡੋਗਰੀ ਦੇ ਨਾਵਲਕਾਰ ਸ਼ੈਲੇਂਦਰ ਸਿੰਘ ਤੇ ਸ਼ਾਦ ਰਮਜ਼ਾਨ ਨੂੰ ਕਸ਼ਮੀਰੀ ਕਵਿਤਾ ਦੀ ਪੁਸਤਕ ਲਈ ਚੁਣਿਆ ਗਿਆ ਹੈ। ਮਨੀਪੁਰੀ ਤੇ ਸੰਸਕ੍ਰਿਤਿ ਭਾਸ਼ਾ ਦੇ ਪੁਰਸਕਾਰਾਂ ਦਾ ਬਾਅਦ ਵਿਚ ਐਲਾਨ ਕੀਤਾ ਜਾਵੇਗਾ।


**SUPER TRAVEL**

847-676-9090, 773-465-5566

*E-mail: supertravel2003@yahoo.com*

*Lowest Fares With Excellent Service*

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250


# ਗੈਰਕਾਨੂੰਨੀ ਆਵਾਸੀਆਂ ਦੇ ਬਣਨਗੇ ਡਰਾਈਵਿੰਗ ਲਾਇਸੈਂਸ

**ਫੀਨਿਕਸ, ਐਰੀਜ਼ੋਨਾ:** ਐਰੀਜ਼ੋਨਾ ਵਿਚ ਓਬਾਮਾ ਪ੍ਰਸ਼ਾਸਨ ਦੀ ਨੀਤੀ ਤਹਿਤ ਬੇਦਖ਼ਲੀ (ਦੇਸ਼ ਵਾਪਸੀ) ਤੋਂ ਹਾਲ ਦੀ ਘੜੀ ਬਚੇ ਹਜ਼ਾਰਾਂ ਨੌਜਵਾਨਾਂ ਨੂੰ ਡਰਾਈਵਿੰਗ ਲਾਇਸੈਂਸ ਮਿਲਣ ਦਾ ਰਾਹ ਇਕ ਜੱਜ ਨੇ ਪੱਧਰਾ ਕਰ ਦਿੱਤਾ ਹੈ। ਜ਼ਿਲ੍ਹਾ ਜੱਜ ਡੇਵਿਡ ਕੈਂਪਬੈੱਲ ਵੱਲੋਂ ਜਾਰੀ ਮੁੱਢਲੇ ਮਨਾਹੀ ਹੁਕਮਾਂ ਵਿਚ ਗਵਰਨਰ ਜਾਨ ਬ੍ਰੀਵਰ ਦੀ ਕੋਈ 20,000 ਇਮੀਗ੍ਰੇਸ਼ਨ ਨੂੰ ਲਾਇਸੈਂਸ ਨਾ ਦੇਣ ਦੀ ਨੀਤੀ ਲਾਗੂ ਕਰਨ ਤੋਂ ਰੋਕਿਆ ਗਿਆ ਹੈ। ਅਸਲ ਵਿਚ ਇਹ 9ਵੇਂ ਅਮਰੀਕੀ ਸਰਕਟ ਕੋਰਟ ਆਫ ਅਪੀਲਜ਼ ਵੱਲੋਂ ਜੁਲਾਈ ਵਿਚ ਕੀਤੀਆਂ ਹਦਾਇਤਾਂ ਨੂੰ ਅੱਗੇ ਲਿਆਉਣ ਦੀ ਮਹਿਜ਼ ਰਸਮ ਸੀ।

ਐਰੀਜ਼ੋਨਾ ਵਿਚ ਇਨ੍ਹਾਂ ਨੌਜਵਾਨਾਂ ਨੂੰ ਲਾਇਸੈਂਸ ਦੇਣ ਤੋਂ ਇਨਕਾਰ ਕਰਨ ਜਿਹੀ ਪ੍ਰਤੀਕਿਰਿਆ ਜੂਨ 2012 ਵਿਚ ਓਬਾਮਾ ਪ੍ਰਸ਼ਾਸਨ ਵੱਲੋਂ ਹਜ਼ਾਰਾਂ ਆਵਾਸੀਆਂ ਨੂੰ ਬੇਦਖ਼ਲੀ (ਉਨ੍ਹਾਂ ਦੇ ਦੇਸ਼ ਵਾਪਸ ਭੇਜਣ ਦਾ ਅਮਲ) ਤੋਂ ਰੋਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੇ ਜੁਆਬ ਵਿਚ ਕੀਤੀ ਗਈ ਸੀ। ਬ੍ਰੀਵਰ ਦੀ ਇਹ ਕਾਰਵਾਈ ਓਬਾਮਾ ਨੀਤੀ ਨੂੰ ਸਿੱਧੀ ਪ੍ਰਤੱਖ ਚੁਣੌਤੀ ਸੀ। ਬ੍ਰੀਵਰ ਨੇ 9ਵੇਂ ਸਰਕਾਰੀ ਫੈਸਲੇ ਦੇ ਮੁੜ ਜਾਇਜ਼ੇ ਲਈ ਅਮਰੀਕੀ ਸੁਪਰੀਮ ਕੋਰਟ ਵਿਚ ਆਪਣੀ ਅਪੀਲ 'ਤੇ ਸੁਣਵਾਈ ਦੀ ਬੇਨਤੀ ਕੀਤੀ ਸੀ।

ਇਨ੍ਹਾਂ ਹੁਕਮਾਂ 'ਤੇ ਬ੍ਰੀਵਰ ਬਹੁਤ ਖ਼ਫ਼ਾ ਹੈ ਤੇ ਉਸ ਦਾ ਕਹਿਣਾ ਹੈ ਕਿ ਡਰਾਈਵਿੰਗ ਲਾਇਸੈਂਸ ਜਾਰੀ ਕੀਤੇ ਜਾਣ ਰਾਜਾਂ ਦਾ ਅਧਿਕਾਰ ਹੈ ਤੇ ਸੰਘੀ ਕਾਨੂੰਨ ਉਨ੍ਹਾਂ ਉੱਤੇ ਹਾਵੀ ਹੋ ਰਹੇ ਸਨ। ਐਰੀਜ਼ੋਨਾ ਨੂੰ ਆਪਣੇ ਕਾਨੂੰਨਾਂ ਦੀ ਅਣਦੇਖੀ ਕਰਕੇ ਨੁਕਸਦਾਰ ਸੰਘੀ ਕਾਨੂੰਨ ਮੰਨਣ ਲਈ ਕਿਹਾ ਜਾ ਰਿਹਾ ਹੈ ਤੇ ਸੰਘੀ ਕਾਨੂੰਨਾਂ ਅਨੁਸਾਰ ਗ਼ੈਰ-ਕਾਨੂੰਨੀ ਢੰਗ ਨਾਲ ਦੇਸ਼ ਵਿਚ ਰਹਿ ਰਹੇ ਆਵਾਸੀ ਨੌਜਵਾਨਾਂ ਨੂੰ ਡਰਾਈਵਿੰਗ ਲਾਇਸੈਂਸ ਜਾਰੀ ਕੀਤੇ ਜਾਣ ਲਈ ਕਿਹਾ ਜਾ ਰਿਹਾ ਹੈ। ਓਬਾਮਾ ਦੀ ਇਹ ਨੀਤੀ ਉਨ੍ਹਾਂ 30 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ 'ਤੇ ਲਾਗੂ ਹੁੰਦੀ ਹੈ ਜੋ 16 ਸਾਲ ਦੇ ਹੋਣ ਤੋਂ ਪਹਿਲਾਂ ਅਮਰੀਕਾ ਪੁੱਜੇ ਸਨ ਤੇ ਘੱਟੋ-ਘੱਟ 5 ਸਾਲ ਤੋਂ ਅਮਰੀਕਾ ਰਹਿ ਰਹੇ ਹਨ।

## ਓਬਾਮਾ ਵਲੋਂ ਕਿਊਬਾ ਨਾਲ ਸਫ਼ਾਰਤੀ ਸਬੰਧ ਬਹਾਲ ਕਰਨ ਦਾ ਐਲਾਨ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਊਬਾ ਨਾਲ ਅਮਰੀਕਾ ਦੇ ਸਬੰਧ ਸੁਧਾਰਨ ਲਈ ਕਈ ਕਦਮ ਉਠਾਏ ਹਨ। ਅਮਰੀਕਾ ਨੇ ਕਈ ਦਹਾਕੇ ਆਪਣੇ ਗੁਆਂਢੀ ਮੁਲਕ ਨਾਲ ਕੂਟਨੀਤਕ ਸਬੰਧ ਤੋੜ ਲਏ ਸਨ ਤੇ ਉਸ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾ ਦਿੱਤੀਆਂ ਸਨ। ਓਬਾਮਾ ਪ੍ਰਸ਼ਾਸਨ ਵਲੋਂ ਕਮਿਊਨਿਸਟ ਹਕੂਮਤ ਵਾਲੇ ਕਿਊਬਾ ਨਾਲ ਸਬੰਧ ਸੁਧਾਰਨ ਲਈ ਜੋ ਕਦਮ ਚੁੱਕੇ ਜਾ ਰਹੇ ਹਨ, ਉਨ੍ਹਾਂ ਤਹਿਤ ਹਵਾਨਾ ਵਿਚ ਅਮਰੀਕੀ ਅੰਬੈਸੀ ਮੁੜ ਖੋਲ੍ਹੀ ਜਾਵੇਗੀ, ਵਪਾਰ ਤੇ ਸੈਰ-ਸਪਾਟਾ ਰੋਕਾਂ ਨਰਮ ਕੀਤੀਆਂ ਜਾਣਗੀਆਂ ਤੇ ਕਿਊਬਾ ਨੂੰ ਦਹਿਸ਼ਤਗਰਦੀ ਨੂੰ ਹਵਾ ਦੇਣ ਵਾਲਾ ਮੁਲਕ ਕਰਾਰ ਦੇਣ ਦੀ ਧਾਰਨਾ ਦਾ ਜਾਇਜ਼ਾ ਲਿਆ ਜਾਵੇਗਾ।


ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

**Listen on :**
**Radio Sets (CA, WA, NV)**
**Dial in**
**832-551-5029 or 605-475-6868**
**Android & iPhone App**

**www.PunjabiRadioUSA.com**
**Ph: 408-272-5200**



*"Ask us about the...*

**AARP® Auto Insurance Program from The Hartford."**



SATWANT SINGH

Call today for your FREE, no-obligation quote:

**+1-408-771-2438**

SATWANT SINGH: 2774 ABORN ROAD,
SAN JOSE, CA 95121
satwant@satwantins.com
www.satwantins.com
CA License# 0H11256

***NOW AVAILABLE IN YOUR AREA!***

**Find out more about the Special Benefits of The Hartford's Program for AARP members and our Competitive Rates! You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through. *-Satwant Singh!***

AARP® | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

*107792 2nd Rev*

ਪੰਜਾਬ ਟਾਈਮਜ਼

*ਸਨਿਚਰਵਾਰ, 27 ਦਸੰਬਰ 2014*

## ਘੱਟ-ਗਿਣਤੀਆਂ ਦਾ ਭਾਰਤ

ਪਿਛਲੇ ਦੋ ਹਫਤਿਆਂ ਤੋਂ ਜਿਸ ਤਰ੍ਹਾਂ ਦੇ ਬਿਆਨ ਅਤੇ ਸਰਗਰਮੀ ਆਰ.ਐਸ.ਐਸ. ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਲੀਡਰ ਕਰ ਰਹੇ ਹਨ, ਉਸ ਨੇ ਮੁਲਕ ਦੇ ਘੱਟ-ਗਿਣਤੀ ਭਾਈਚਾਰਿਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਕੱਟੜ ਆਗੂ ਨਰੇਂਦਰ ਮੋਦੀ ਦੇ ਗੁਜਰਾਤ ਕਤਲੇਆਮ ਨੇ ਮੁਸਲਿਮ ਭਾਈਚਾਰੇ ਦੇ ਮਨਾਂ ਵਿਚ ਤਾਂ ਡਰ ਪਹਿਲਾਂ ਬਿਠਾਇਆ ਹੀ ਹੋਇਆ ਸੀ, ਹੁਣ ਮਿਥ ਕੇ ਈਸਾਈ ਭਾਈਚਾਰੇ ਉਤੇ ਨਿਸ਼ਾਨਾ ਲਾਇਆ ਗਿਆ ਹੈ। ਆਗਰੇ ਵਾਲੇ 'ਘਰ ਵਾਪਸੀ' ਪ੍ਰੋਗਰਾਮ ਨੇ ਸੰਘ ਪਰਿਵਾਰ ਦੀ ਨੀਅਤ ਐਨ ਸਪਸ਼ਟ ਕਰ ਹੀ ਦਿੱਤੀ ਸੀ, ਪਰ ਜਿਸ ਤਰ੍ਹਾਂ ਈਸਾਈਆਂ ਦੇ ਪੁਰਬ 'ਕ੍ਰਿਸਮਸ ਡੇਅ' ਨੂੰ 'ਗੁੱਡ ਗਵਰਨੈਂਸ ਡੇਅ' ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ ਹੈ, ਉਸ ਨੇ ਤਾਂ ਕਿਸੇ ਕਿਸਮ ਦਾ ਕੋਈ ਭੁਲੇਖਾ ਨਹੀਂ ਰਹਿਣ ਦਿੱਤਾ ਹੈ। ਉਧਰ, ਨਰੇਂਦਰ ਮੋਦੀ ਨੇ ਇਸ ਮਾਮਲੇ ਬਾਰੇ ਉਕਾ ਹੀ ਚੁੱਪ ਵੱਟ ਲਈ ਹੈ। ਰਾਜ ਸਭਾ ਵਿਚ ਵਿਰੋਧੀ ਧਿਰ ਦੇ ਮੈਂਬਰ ਮੰਗ ਕਰਦੇ ਰਹੇ ਕਿ ਮੋਦੀ ਸਦਨ ਵਿਚ ਆ ਕੇ ਸਾਰੀ ਸਥਿਤੀ ਸਪਸ਼ਟ ਕਰੇ। ਮੋਦੀ ਸਦਨ ਵਿਚ ਆਇਆ ਵੀ, ਪਰ ਇਸ ਮੁੱਦੇ ਬਾਰੇ ਉਸ ਤੋਂ ਦੋ ਸ਼ਬਦ ਵੀ ਨਾ ਸਰੇ। ਪਾਕਿਸਤਾਨ ਦੇ ਪਿਸ਼ਾਵਰ ਸ਼ਹਿਰ ਵਿਚ ਦਹਿਸ਼ਤਪਸੰਦਾਂ ਨੇ ਇਕ ਸਕੂਲ ਵਿਚ ਵੱਡਾ ਕਾਰਾ ਕਰਦਿਆਂ 132 ਬੱਚਿਆਂ ਸਮੇਤ 142 ਜਾਨਾਂ ਲੈ ਲਈਆਂ ਸਨ, ਤਾਂ ਮੋਦੀ ਝੱਟ ਦੁੱਖ ਪ੍ਰਗਟ ਕਰਨ ਵਾਲਿਆਂ ਵਿਚ ਸ਼ਾਮਲ ਹੋ ਗਿਆ ਸੀ। ਪਿਸ਼ਾਵਰ ਕਾਂਡ ਦਹਿਸ਼ਤਪਸੰਦਾਂ ਦਾ ਕਰੂਰ ਕਾਰਾ ਸੀ, ਇਸ ਦੀ ਨਿਖੇਧੀ ਹੋਣੀ ਹੀ ਚਾਹੀਦੀ ਸੀ, ਇਸ ਬਾਰੇ ਦੋ ਰਾਵਾਂ ਨਹੀਂ ਹਨ; ਪਰ ਭਾਰਤ ਵਿਚ ਘੱਟ-ਗਿਣਤੀਆਂ ਨੂੰ ਜਿਸ ਤਰ੍ਹਾਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਸ ਬਾਰੇ ਪ੍ਰਧਾਨ ਮੰਤਰੀ ਖਾਮੋਸ਼ ਕਿਉਂ ਹੈ? ਕੁਝ ਮਹੀਨੇ ਪਹਿਲਾਂ ਜਦੋਂ ਇਕ ਹਿੰਦੂ ਜਥੇਬੰਦੀ ਦੇ ਮੈਂਬਰਾਂ ਨੇ ਪੂਨੇ ਵਿਚ ਇਕ ਮੁਸਲਮਾਨ ਨੌਜਵਾਨ ਨੂੰ ਬਿਨਾਂ ਵਜ੍ਹਾ ਕੁੱਟ-ਕੁੱਟ ਕੇ ਮਾਰ ਦਿੱਤਾ ਸੀ, ਉਦੋਂ ਵੀ ਮੋਦੀ ਨੇ ਇਸੇ ਤਰ੍ਹਾਂ ਖਾਮੋਸ਼ੀ ਧਾਰ ਲਈ ਸੀ। ਉਸ ਵੇਲੇ ਉਹ ਤਾਜ਼ਾ-ਤਾਜ਼ਾ ਪ੍ਰਚਾਰ ਕਰ ਰਹੇ ਸਨ ਕਿ ਹੁਣ ਭਾਰਤ ਨੂੰ ਬੋਲਣ ਵਾਲਾ ਪ੍ਰਧਾਨ ਮੰਤਰੀ ਮਿਲ ਗਿਆ ਹੈ। ਉਸ ਵਕਤ ਮੋਦੀ ਦਾ ਸਿੱਧਾ ਇਸ਼ਾਰਾ ਡਾ. ਮਨਮੋਹਨ ਸਿੰਘ ਵੱਲ ਸੀ ਜੋ ਸੋਨੀਆ ਗਾਂਧੀ ਦੇ ਇਸ਼ਾਰੇ ਤੋਂ ਬਿਨਾਂ ਅੱਖ ਵੀ ਉਤਾਂਹ ਨਹੀਂ ਸਨ ਚੁੱਕਦੇ। ਬਾਅਦ ਵਿਚ ਘੱਟ-ਗਿਣਤੀਆਂ ਨਾਲ ਸਿੱਧੇ ਸਬੰਧਤ ਹੋਰ ਵੀ ਕਈ ਮੌਕੇ ਅਜਿਹੇ ਆਏ, ਜਿੱਥੇ ਪ੍ਰਧਾਨ ਮੰਤਰੀ ਵਜੋਂ ਮੋਦੀ ਦਾ ਤੁਰੰਤ ਦਖਲ ਬਣਦਾ ਸੀ, ਪਰ ਪ੍ਰਧਾਨ ਮੰਤਰੀ ਨੇ ਹਰ ਵਾਰ ਚੁੱਪ ਰਹਿਣਾ ਹੀ ਬਿਹਤਰ ਸਮਝਿਆ ਜਿਸ ਤਰ੍ਹਾਂ ਹੁਣ ਧਰਮ ਬਦਲੀ ਦੇ ਮਾਮਲੇ 'ਤੇ ਕੀਤਾ ਹੈ। ਇਹ ਸਾਰਾ ਕੁਝ ਉਸ ਬੰਦੇ ਨੇ ਕੀਤਾ ਹੈ ਜਿਹੜਾ 'ਵਿਕਾਸ' ਦੇ ਨਾਂ ਉਤੇ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਅੱਪੜਿਆ ਅਤੇ ਜਿਸ ਨੇ ਸੰਸਾਰ ਪੱਧਰ ਉਤੇ ਵੀ ਆਪਣਾ ਇਹੀ ਅਕਸ ਬਣਾਉਣ ਲਈ ਪੈਸਾ ਪਾਣੀ ਵਾਂਗ ਵਹਾਇਆ ਹੈ।

ਕੁਝ ਸਿਆਸੀ ਵਿਸ਼ਲੇਸ਼ਕਾਂ ਨੇ ਆਰ.ਐਸ.ਐਸ. ਦੇ ਹਮਲਾਵਰ ਰੁਖ ਤੋਂ ਬਾਅਦ, ਮੋਦੀ ਅਤੇ ਆਰ.ਐਸ.ਐਸ. ਵਿਚਕਾਰ ਵਖਰੇਵਿਆਂ ਦੀ ਗੱਲ ਕੀਤੀ ਹੈ। ਇਕ ਗੱਲ ਤਾਂ ਸਾਫ ਹੈ ਕਿ ਭਾਜਪਾ ਦੇ ਆਗੂਆਂ ਨੇ ਪਿਛਲੇ ਕੁਝ ਸਮੇਂ ਦੌਰਾਨ ਜਿਹੜੇ ਚੱਕਵੇਂ ਬਿਆਨ ਦਾਗੇ ਹਨ, ਉਹ ਸਭ ਆਰ.ਐਸ.ਐਸ. ਦੀ ਲੀਡਰਸ਼ਿਪ ਨੂੰ ਖੁਸ਼ ਕਰਨ ਲਈ ਹੀ ਕੀਤਾ ਗਿਆ ਹੈ ਅਤੇ ਮੋਦੀ ਨੇ ਅਜਿਹੇ ਬਿਆਨਾਂ ਉਤੇ ਨਾ-ਖੁਸ਼ੀ ਵੀ ਜ਼ਾਹਿਰ ਕੀਤੀ ਹੈ। ਹੁਣ ਵਿਚਲੀ ਗੱਲ ਇਹ ਹੈ ਕਿ ਸਮੁੱਚੇ ਹਾਲਾਤ ਵਿਚ ਮੋਦੀ ਜਿਸ ਤਰ੍ਹਾਂ ਡਿਕਟੇਟਰ ਬਣ ਕੇ ਸਾਹਮਣੇ ਆ ਰਿਹਾ ਹੈ, ਤੇ ਆਪਣੀ ਮਰਜ਼ੀ ਹਰ ਕਿਸੇ ਉਤੇ ਲੱਦਣ ਦਾ ਯਤਨ ਕਰ ਰਿਹਾ ਹੈ, ਇਹ ਆਰ.ਐਸ.ਐਸ. ਦੀ ਲੀਡਰਸ਼ਿਪ ਨੂੰ ਕਤਈ ਮਨਜ਼ੂਰ ਨਹੀਂ ਹੈ ਅਤੇ ਇਸ ਨੇ ਮੋਦੀ ਨੂੰ ਆਪਣਾ ਰੰਗ ਦਿਖਾਉਣ ਦੀ ਠਾਣੀ ਹੋਈ ਹੈ। ਬਿਨਾਂ ਸ਼ੱਕ ਮੋਦੀ ਦਾ ਲੁਕਵਾਂ ਏਜੰਡਾ ਵੀ ਆਰ.ਐਸ.ਐਸ. ਤੋਂ ਕੋਈ ਵੱਖਰਾ ਨਹੀਂ ਹੈ, ਇਹ ਗੱਲ ਉਸ ਦੀਆਂ ਪਹਿਲੀਆਂ ਕਾਰਗੁਜ਼ਾਰੀਆਂ ਤੋਂ ਸਪਸ਼ਟ ਹੋ ਚੁੱਕੀ ਹੈ ਅਤੇ ਉਹ ਖੁਦ ਵੀ ਕਈ ਮੌਕਿਆਂ ਉਤੇ ਇਹ ਸੰਕੇਤ ਦੇ ਚੁੱਕਾ ਹੈ, ਪਰ ਮੁੱਦਾ ਹੁਣ ਇਹ ਵੀ ਹੈ ਕਿ ਲੋਕਾਂ ਨੇ ਮੁਲਕ ਦੀ ਵਾਗਡੋਰ ਆਰ.ਐਸ.ਐਸ. ਦੇ ਹੱਥਾਂ ਵਿਚ ਨਹੀਂ ਸੀ ਸੌਂਪੀ। ਇਸੇ ਕਰ ਕੇ ਹੀ ਸੰਸਦ ਵਿਚ ਜਦੋਂ ਵਿਰੋਧੀ ਧਿਰ ਨੇ ਇਨ੍ਹਾਂ ਮੁੱਦਿਆਂ ਬਾਰੇ ਚਰਚਾ ਛੋਹੀ ਤਾਂ ਸਰਕਾਰ ਕੋਲ ਪਿੱਛੇ ਹਟਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਇਹ ਠੀਕ ਹੈ ਕਿ ਕਾਂਗਰਸ ਤੇ ਡਾ. ਮਨਮੋਹਨ ਸਿੰਘ ਦੀ ਅਤਿਅੰਤ ਮਾੜੀ ਕਾਰਗੁਜ਼ਾਰੀ ਅਤੇ ਹੋਰ ਕਿਸੇ ਵੱਡੀ ਪਾਰਟੀ ਦੀ ਗੈਰ-ਮੌਜੂਦਗੀ ਵਿਚ ਭਾਜਪਾ ਨੂੰ ਸੱਤਾ ਤੱਕ ਅੱਪੜਨ ਦਾ ਸੁਨਹਿਰੀ ਮੌਕਾ ਮਿਲ ਗਿਆ ਹੈ, ਪਰ ਲੋਕਾਂ ਨੇ ਵੋਟਾਂ ਉਸ ਮੋਦੀ ਨੂੰ ਨਹੀਂ ਸਨ ਪਾਈਆਂ ਜਿਹੜਾ ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ ਕਰਨ ਦੀ ਆਗਿਆ ਦਿੰਦਾ ਹੈ। ਇਸੇ ਕਰ ਕੇ ਹੁਣ ਜੰਮੂ-ਕਸ਼ਮੀਰ ਵਿਚ ਚੋਣਾਂ ਦੇ ਨਤੀਜੇ ਭਾਜਪਾ ਤੇ ਆਰ.ਐਸ.ਐਸ. ਦੀ ਪਸੰਦ ਦੇ ਨਹੀਂ ਆਏ ਹਨ। ਉਥੇ ਭਾਜਪਾ ਦਾ ਪ੍ਰਚਾਰ ਸੀ, ਸੂਬੇ ਵਿਚ ਵੱਧ ਵੋਟਿੰਗ ਉਸ ਦੇ ਹੱਕ ਵਿਚ ਹੋਈ ਹੈ ਪਰ ਹੁਣ ਤੱਥ ਸਾਹਮਣੇ ਆਏ ਹਨ ਕਿ ਭਾਜਪਾ ਆਗੂਆਂ ਦੇ ਚੱਕਵੇਂ ਬਿਆਨਾਂ ਦੇ ਮੱਦੇਨਜ਼ਰ ਵਾਦੀ ਦੇ ਲੋਕਾਂ ਨੇ ਭਾਜਪਾ ਦਾ ਜੇਤੂ ਰੱਥ ਡੱਕਣ ਲਈ ਵੋਟਾਂ ਪਾਈਆਂ। ਸਿੱਟੇ ਵਜੋਂ ਭਾਜਪਾ ਦਾ ਜੇਤੂ ਰੱਥ ਜੰਮੂ ਖੇਤਰ ਪਾਰ ਨਹੀਂ ਕਰ ਸਕਿਆ। ਅਸਲ ਵਿਚ ਪਹਿਲਾਂ ਰਾਜ ਸਭਾ ਵਿਚ ਇਕਜੁਟ ਹੋਈ ਵਿਰੋਧੀ ਧਿਰ ਅਤੇ ਫਿਰ ਚੋਣ ਪਿੜ ਵਿਚ ਕਸ਼ਮੀਰੀਆਂ ਨੇ ਇਹ ਦਰਸਾਇਆ ਹੈ ਕਿ ਭਾਜਪਾ ਦੇ ਫਿਰਕੂ ਰੱਥ ਨੂੰ ਡੱਕਿਆ ਜਾ ਸਕਦਾ ਹੈ। ਇਸ ਲਈ ਹੁਣ ਘੱਟ-ਗਿਣਤੀਆਂ ਲਈ ਉਹ ਰਾਹ ਖੁੱਲ੍ਹਿਆ ਹੈ ਜਿਸ ਉਤੇ ਤੁਰ ਕੇ ਇਸ ਰੱਥ ਨੂੰ ਪਿਛਲਖੁਰੀ ਮੁੜਨ ਲਈ ਮਜਬੂਰ ਕੀਤਾ ਜਾ ਸਕਦਾ ਹੈ। ਹਰ ਮੋਰਚੇ ਉਤੇ ਤਿਆਰੀ ਨਾਲ ਕੀਤੀ ਘੇਰਾਬੰਦੀ ਹੀ ਇਸ ਜੰਜਾਲ ਨੂੰ ਤੋੜ ਸਕਣ ਦੇ ਸਮਰੱਥ ਹੋ ਸਕਦੀ ਹੈ ਜੋ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਦੇ ਲੋਕਾਂ ਦੇ ਗਲਾਂ ਵਿਚ ਪੈ ਗਿਆ ਹੈ। ਹੁਣ ਇਹ ਦੱਸਣਾ ਹੀ ਪਵੇਗਾ ਕਿ ਭਾਰਤ ਕਿਸ-ਕਿਸ ਦਾ ਹੈ?

### ਠਾਹ-ਸੋਟਾ

-ਚਾਚਾ ਬੇਲਿਹਾਜ਼

***ਕੀੜੀ-ਈਡੀ-ਮਗਰਮੱਛ!***

ਗਲੀ ਗਲੀ ਵਿਚ ਨਸ਼ੇ ਦੀ 'ਸੇਲ' ਹੁੰਦੀ, ਲੋਕੀਂ ਸਮਝਦੇ 'ਰਲੀ' ਸਰਕਾਰ ਭਾਈ।
ਚਿੰਤਾ ਉਨ੍ਹਾਂ ਨੂੰ ਨਹੀਂ ਸਮਾਜ ਵਾਲੀ, ਜਿਨ੍ਹਾਂ ਵਾਸਤੇ ਇਹ ਐ ਵਿਓਪਾਰ ਭਾਈ।
ਘਰੀਂ ਜਿਨ੍ਹਾਂ ਦੇ ਨਸ਼ੇ ਨੇ ਪੈਰ ਪਾਏ, ਮਾਪੇ ਦੁਖੀ ਨੇ ਬਹੁਤ ਲਾਚਾਰ ਭਾਈ।
ਸੁਣ ਕੇ ਲੋਕਾਂ ਦੇ ਅੱਖਾਂ 'ਚ ਚਮਕ ਆਈ, ਫਸਿਆ ਜਾਲ ਵਿਚ ਕੋਈ ਸ਼ਿਕਾਰ ਭਾਈ।
ਆਮ ਨਹੀਂ, ਇਹ ਕੇਸ ਹੈ 'ਮੰਤਰੀ' ਦਾ, ਅਫਸਰ ਦੇਖੀਏ ਪਾਉਣਗੇ ਹੱਥ ਕਿੱਦਾਂ!
ਤੁਰੀ ਆਉਂਦੀ ਏ ਕੀੜੀ ਦੀ ਚਾਲ 'ਈਡੀ' ਮਗਰਮੱਛਾਂ ਨੂੰ ਪਾਏਗੀ ਨੱਥ ਕਿੱਦਾਂ!!

# ਧਰਮ ਬਦਲੀ ਦਾ ਮੁੱਦਾ ਤੇ ਫਿਰਕੂ ਟਕਰਾਅ

***ਛੂਤ-ਛਾਤ ਅਤੇ ਗੈਰ-ਬਰਾਬਰੀ ਦੀ ਧਾਰਨਾ ਕਰ ਕੇ ਡਾ. ਭੀਮ ਰਾਓ ਅੰਬੇਡਕਰ ਜਿਹੜੇ ਆਪ ਇਕ ਅਖੌਤੀ ਨੀਵੀਂ ਜਾਤੀ ਵਿਚ ਜਨਮੇ ਸਨ, ਨੇ ਇਕ ਮੁਹਿੰਮ ਸ਼ੁਰੂ ਕੀਤੀ। ਜੇ ਹਿੰਦੂਆਂ ਵਿਚ ਜਨਮੇ ਦਲਿਤਾਂ ਨੂੰ ਸਵਰਨ ਹਿੰਦੂ ਸਮਾਜ ਬਰਾਬਰੀ ਦੀ ਥਾਂ ਨਹੀਂ ਦਿੰਦਾ, ਤਾਂ ਉਹ ਆਪਣੇ ਦਲਿਤ ਸਾਥੀਆਂ ਨਾਲ ਹਿੰਦੂ ਧਰਮ ਦਾ ਅੰਗ ਨਹੀਂ ਰਹਿਣਗੇ। ਉਨ੍ਹਾਂ ਆਪ ਐਲਾਨ ਕੀਤਾ ਸੀ, 'ਮੈਂ ਹਿੰਦੂ ਹੋ ਕੇ ਜਨਮਿਆ ਜ਼ਰੂਰ ਹਾਂ, ਪਰ ਹਿੰਦੂ ਹੋ ਕੇ ਮਰਾਂਗਾ ਨਹੀਂ।' ਉਹ ਭਾਰਤ ਵਿਚ ਜਨਮੇ ਕਿਸੇ ਧਰਮ ਨੂੰ ਅਪਨਾਉਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ 1956 ਵਿਚ ਨਾਗਪੁਰ ਵਿਚ 5 ਲੱਖ ਦਲਿਤਾਂ ਨਾਲ ਬੁੱਧ ਧਰਮ ਨੂੰ ਸਵੀਕਾਰ ਕਰ ਲਿਆ। ਇਸ ਵੇਲੇ ਤੱਕ ਤਕਰੀਬਨ ਇਕ ਕਰੋੜ ਦਲਿਤਾਂ ਨੇ ਆਪਣਾ ਧਰਮ ਪਰਿਵਰਤਨ ਕਰ ਲਿਆ ਹੈ।***

ਧਰਮ ਤਬਦੀਲੀ ਦੇ ਮੁੱਦੇ ਨੂੰ ਲੈ ਕੇ ਇਸ ਦੇਸ਼ ਵਿਚ ਮੁੜ ਭਖਵੀਂ ਚਰਚਾ ਛਿੜ ਗਈ ਹੈ। ਆਗਰਾ ਵਿਚ ਲਗਭਗ 200 ਮੁਸਲਮਾਨ ਪਰਿਵਾਰਾਂ ਨੇ ਹਿੰਦੂ ਧਰਮ ਸਵੀਕਾਰ ਕਰ ਲਿਆ। ਹਿੰਦੂ ਸੰਗਠਨ ਇਸ ਤੋਂ ਬੜੇ ਖੁਸ਼ ਹਨ। ਅਜਿਹੇ ਇਕ ਸੰਗਠਨ ਧਰਮ ਜਾਗਰਨ ਸਮਿਤੀ ਨੇ ਐਲਾਨ ਕੀਤਾ ਹੈ ਕਿ 25 ਦਸੰਬਰ 2014 ਤੱਕ ਇਕ ਲੱਖ ਮੁਸਲਮਾਨਾਂ ਅਤੇ ਇੰਨੇ ਹੀ ਈਸਾਈਆਂ ਨੂੰ ਹਿੰਦੂ ਬਣਾਇਆ ਜਾਏਗਾ। ਇਸ ਧਰਮ ਪਰਿਵਰਤਨ ਨੂੰ ਉਹ 'ਘਰ ਵਾਪਸੀ' ਆਖਦੇ ਹਨ। ਅਜਿਹੇ ਪਰਿਵਰਤਨ ਲਈ ਇਹ ਵੀ ਐਲਾਨ ਹੋਇਆ ਹੈ ਕਿ ਇਕ ਮੁਸਲਮਾਨ ਨੂੰ ਹਿੰਦੂ ਬਣਾਉਣ ਲਈ 5 ਲੱਖ ਰੁਪਏ ਅਤੇ ਈਸਾਈ ਨੂੰ ਹਿੰਦੂ ਬਣਾਉਣ ਲਈ 2 ਲੱਖ ਰੁਪਏ ਦਿੱਤੇ ਜਾਣਗੇ। ਸੰਗਠਨ ਵਲੋਂ ਸਾਰੇ ਹਿੰਦੂਆਂ ਨੂੰ ਅਪੀਲ ਕੀਤੀ ਗਈ ਹੈ ਕਿ ਅਜਿਹੀ ਮੁਹਿੰਮ ਲਈ ਅਥਾਹ ਧਨ ਰਾਸ਼ੀ ਉਹ ਦਾਨ ਕਰਨ।

ਜਦੋਂ ਵੀ ਧਰਮ ਪਰਿਵਰਤਨ ਦੀ ਗੱਲ ਚਲਦੀ ਹੈ, ਸਭ ਤੋਂ ਪਹਿਲਾਂ ਮੁਸਲਮਾਨਾਂ ਦੀ ਯਾਦ ਆਉਂਦੀ ਹੈ। ਇਸਲਾਮ ਵਿਸਤਾਰਵਾਦੀ ਧਰਮ ਹੈ। ਉਹ ਜਿਥੇ ਗਏ, ਉਥੇ ਇਸਲਾਮ ਨੂੰ ਫੈਲਾਉਣ ਲਈ ਉਨ੍ਹਾਂ ਬੜੇ ਯਤਨ ਕੀਤੇ ਹਨ। ਇਨ੍ਹਾਂ ਯਤਨਾਂ ਵਿਚ ਸੂਫੀ-ਫਕੀਰਾਂ ਦੀ ਪ੍ਰੇਮ ਭਰੀ ਬਾਣੀ ਵੀ

ਡਾ. ਮਹੀਪ ਸਿੰਘ
ਫੋਨ: 91-93139-32888

ਸੀ, ਇਸਲਾਮ ਦਾ ਮਨੁੱਖੀ ਬਰਾਬਰੀ ਦਾ ਫਲਸਫਾ ਵੀ ਸੀ, ਲਾਲਚ ਵੀ ਸੀ ਅਤੇ ਸਭ ਤੋਂ ਵੱਧ ਜ਼ੋਰ-ਜ਼ਬਰਦਸਤੀ ਵੀ ਸੀ। ਅਜਿਹੀ ਜ਼ਬਰਦਸਤੀ ਮੁਸਲਮਾਨ ਸ਼ਾਸਕਾਂ ਵਲੋਂ ਸਦੀਆਂ ਤੱਕ ਚਲਦੀ ਰਹੀ। ਈਸਾਈਅਤ ਵੀ ਵਿਸਤਾਰਵਾਦੀ ਧਰਮ ਹੈ। ਜਿਥੇ ਉਨ੍ਹਾਂ ਨੇ ਆਪਣੀ ਹਕੂਮਤ ਕਾਇਮ ਕੀਤੀ, ਉਥੇ ਉਨ੍ਹਾਂ ਨੇ ਗੈਰ-ਈਸਾਈਆਂ ਨੂੰ ਈਸਾਈ ਬਣਾਉਣ ਲਈ ਬਲ ਦਾ ਸਹਾਰਾ ਵੀ ਲਿਆ, ਪਰ ਆਪਣਾ ਧਰਮ ਫੈਲਾਉਣ ਲਈ ਉਨ੍ਹਾਂ ਨੇ ਲੋਕ-ਸੇਵਾ ਨੂੰ ਮੁੱਖ ਆਧਾਰ ਬਣਾਇਆ। ਉਹ ਜੰਗਲਾਂ, ਪਹਾੜਾਂ, ਪਛੜੇ ਇਲਾਕਿਆਂ ਵਿਚ ਗਏ। ਉਥੇ ਉਨ੍ਹਾਂ ਨੇ ਸਕੂਲ ਖੋਲ੍ਹੇ, ਸਿੱਖਿਆ ਦਾ ਪ੍ਰਚਾਰ ਕੀਤਾ, ਲੋਕਾਂ ਨੂੰ ਨਵੀਂ ਰੌਸ਼ਨੀ ਤੋਂ ਜਾਣੂ ਕਰਾਇਆ। ਅਜਿਹੇ ਇਲਾਕਿਆਂ ਵਿਚ ਪਹਿਲਾਂ ਕੋਈ ਧਰਮ ਨਹੀਂ ਸੀ ਪਹੁੰਚਿਆ। ਈਸਾਈ ਮਿਸ਼ਨਰੀ ਉਥੇ ਗਏ ਅਤੇ ਲੋਕਾਂ ਵਿਚ ਕੰਮ ਕੀਤਾ। ਇਸ ਲਈ ਅੱਜ ਨਾਗਾਲੈਂਡ, ਮਿਜ਼ੋਰਮ, ਅਰੁਣਾਚਲ ਪ੍ਰਦੇਸ਼, ਮੇਘਾਲਿਆ ਜਿਹੇ ਸੂਬਿਆਂ ਵਿਚ ਈਸਾਈ ਧਰਮ ਨੂੰ ਮੰਨਣ ਵਾਲੇ ਵੱਡੀ ਗਿਣਤੀ ਵਿਚ ਹਨ। ਅੱਜ ਵੀ ਈਸਾਈ ਮਿਸ਼ਨਰੀ ਆਦਿਵਾਸੀਆਂ ਵਿਚ ਬਹੁਤ ਕੰਮ ਕਰਦੇ ਹਨ।

ਹਿੰਦੂ ਧਰਮ ਵਿਸਤਾਰਵਾਦੀ ਧਰਮ ਨਹੀਂ ਰਿਹਾ, ਇਸਲਾਮ ਅਤੇ ਈਸਾਈਅਤ ਦੇ ਇਸ ਧਰਤੀ ਉਤੇ ਆਉਣ ਤੋਂ ਪਹਿਲਾਂ ਜਿੰਨੇ ਕਬੀਲੇ ਜਾਂ ਜਾਤੀਆਂ ਇਥੇ ਆਏ, ਉਨ੍ਹਾਂ ਕੋਲ ਸੰਗਠਿਤ ਧਰਮ ਨਹੀਂ ਸਨ। ਉਹ ਹੌਲੀ-ਹੌਲੀ ਉਨ੍ਹਾਂ ਲੋਕਾਂ ਵਿਚ ਜਜ਼ਬ ਹੋ ਗਏ ਜਿਨ੍ਹਾਂ ਲੋਕਾਂ ਨੂੰ ਹਿੰਦੂ ਕਿਹਾ ਜਾਂਦਾ ਸੀ। ਇਸਲਾਮ ਤੇ ਈਸਾਈਅਤ ਸੰਗਠਿਤ ਧਰਮ ਜਾਂ ਮਜ਼ਬ ਸਨ। ਉਨ੍ਹਾਂ ਦਾ ਆਪਣਾ ਸਭਿਆਚਾਰ ਸੀ, ਪਰੰਪਰਾ ਸੀ, ਧਰਮ ਗ੍ਰੰਥ ਸਨ, ਇਤਿਹਾਸ ਸੀ। ਇਸ ਲਈ ਉਹ ਹਿੰਦੂਆਂ ਵਿਚ ਜਜ਼ਬ ਨਹੀਂ ਹੋਏ; ਸਗੋਂ ਉਹ ਆਪਣੇ ਨਾਲ ਲਿਆਏ ਧਰਮ ਦਾ ਇਥੇ ਪ੍ਰਚਾਰ ਕਰਨ ਲੱਗ ਪਏ ਅਤੇ ਕਰੋੜਾਂ ਹਿੰਦੂਆਂ ਨੂੰ ਆਪਣੇ ਧਰਮ ਵਿਚ ਲੈ ਆਏ।

ਇਸ ਦੇਸ਼ ਵਿਚ ਵੀ ਅਨੇਕਾਂ ਧਰਮਾਂ ਦਾ ਜਨਮ ਹੋਇਆ। ਯੱਗ ਪ੍ਰਧਾਨ ਵੈਦਿਕ ਧਰਮ ਜਿਸ ਨੂੰ ਅੱਜ ਹਿੰਦੂ ਧਰਮ ਕਿਹਾ ਜਾਂਦਾ ਹੈ, ਦੇ ਮੁਕਾਬਲੇ ਬੁੱਧ, ਜੈਨ ਅਤੇ ਸਿੱਖ ਧਰਮ ਇਥੇ ਉਪਜੇ। ਵੈਦਿਕ ਧਰਮ ਵਿਚ ਯੱਗਾਂ ਵਿਚ ਪਸ਼ੂਆਂ ਦੀ ਬਲੀ ਵੱਡੀ ਗਿਣਤੀ ਵਿਚ ਦਿੱਤੀ ਜਾਂਦੀ ਸੀ। ਦੇਸ਼ ਦੇ ਕੁਝ ਹਿੱਸਿਆਂ ਵਿਚ ਅੱਜ ਵੀ ਪਸ਼ੂ ਬਲੀ ਦਿੱਤੀ ਜਾਂਦੀ ਹੈ। ਬੁੱਧ ਤੇ ਜੈਨ ਧਰਮ ਅਜਿਹੇ ਹਿੰਸਕ ਰੁਝਾਨ ਖਿਲਾਫ ਅਹਿੰਸਕ ਧਰਮ ਬਣ ਕੇ ਉਭਰੇ। ਅਸੰਖ ਜਾਤੀਆਂ, ਵਰਣ-ਵਿਵਸਥਾ, ਉਚ-ਨੀਚ ਦੀ ਮਾਨਸਿਕਤਾ ਅਤੇ ਪੁਰੋਹਿਤਵਾਦ ਦੇ ਖਿਲਾਫ ਸਿੱਖ ਧਰਮ ਉਭਰਿਆ। ਇਨ੍ਹਾਂ ਧਰਮਾਂ ਦੇ ਫਲਸਫੇ ਅਤੇ ਪ੍ਰਚਾਰ ਕਰ ਕੇ ਬਹੁਤ ਸਾਰੇ ਹਿੰਦੂਆਂ ਨੇ ਇਹ ਧਰਮ ਸਵੀਕਾਰ ਕਰ ਲਿਆ।

ਛੂਤ-ਛਾਤ ਅਤੇ ਗੈਰ-ਬਰਾਬਰੀ ਦੀ ਧਾਰਨਾ ਕਰ ਕੇ ਡਾ. ਭੀਮ ਰਾਓ ਅੰਬੇਡਕਰ ਜਿਹੜੇ ਆਪ ਇਕ ਅਖੌਤੀ ਨੀਵੀਂ ਜਾਤੀ ਵਿਚ ਜਨਮੇ ਸਨ, ਨੇ ਇਕ ਮੁਹਿੰਮ ਸ਼ੁਰੂ ਕੀਤੀ। ਜੇ ਹਿੰਦੂਆਂ ਵਿਚ ਜਨਮੇ ਦਲਿਤਾਂ ਨੂੰ ਸਵਰਨ ਹਿੰਦੂ ਸਮਾਜ ਬਰਾਬਰੀ ਦੀ ਥਾਂ ਨਹੀਂ ਦਿੰਦਾ, ਤਾਂ ਉਹ ਆਪਣੇ



ਦਲਿਤ ਸਾਥੀਆਂ ਨਾਲ ਹਿੰਦੂ ਧਰਮ ਦਾ ਅੰਗ ਨਹੀਂ ਰਹਿਣਗੇ। ਉਨ੍ਹਾਂ ਆਪ ਐਲਾਨ ਕੀਤਾ ਸੀ, 'ਮੈਂ ਹਿੰਦੂ ਹੋ ਕੇ ਜਨਮਿਆ ਜ਼ਰੂਰ ਹਾਂ, ਪਰ ਹਿੰਦੂ ਹੋ ਕੇ ਮਰਾਂਗਾ ਨਹੀਂ।' ਉਹ ਭਾਰਤ ਵਿਚ ਜਨਮੇ ਕਿਸੇ ਧਰਮ ਨੂੰ ਅਪਨਾਉਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ 1956 ਵਿਚ ਨਾਗਪੁਰ ਵਿਚ 5 ਲੱਖ ਦਲਿਤਾਂ ਨਾਲ ਬੁੱਧ ਧਰਮ ਨੂੰ ਸਵੀਕਾਰ ਕਰ ਲਿਆ। ਇਸ ਵੇਲੇ ਤੱਕ ਤਕਰੀਬਨ ਇਕ ਕਰੋੜ ਦਲਿਤਾਂ ਨੇ ਆਪਣਾ ਧਰਮ ਪਰਿਵਰਤਨ ਕਰ ਲਿਆ ਹੈ।

ਸਦੀਆਂ ਤੋਂ ਹਿੰਦੂ ਧਰਮ ਵਿਚ ਸਦਾ ਇਕ ਦਰਵਾਜ਼ਾ ਰਿਹਾ ਹੈ- ਬਾਹਰ ਜਾਣ ਵਾਲਾ। ਮੰਦਿਰ ਆਉਣ ਲਈ ਕੋਈ ਬੂਹਾ ਨਹੀਂ ਰਿਹਾ। ਕੋਈ ਹਿੰਦੂ ਆਪਣਾ ਧਰਮ ਛੱਡ ਕੇ ਦੂਜੇ ਧਰਮ ਵਿਚ ਜਾ ਸਕਦਾ ਹੈ, ਪਰ ਕਿਸੇ ਦੂਜੇ ਧਰਮ ਦਾ ਬੰਦਾ ਹਿੰਦੂ ਨਹੀਂ ਬਣ ਸਕਦਾ। ਇਥੇ ਜਾਤੀਆਂ ਦਾ, ਉਚ-ਨੀਚ ਦਾ ਇੰਨਾ ਵੱਡਾ ਜੰਗਲ ਹੈ ਜਿਥੇ ਉਸ ਨੂੰ ਆਪਣੀ ਥਾਂ ਲੱਭਣੀ ਬੜੀ ਔਖੀ ਹੈ। 20ਵੀਂ ਸਦੀ ਵਿਚ ਆਰੀਆ ਸਮਾਜ ਨੇ ਸ਼ੁੱਧੀਕਰਨ ਦੀ ਮੁਹਿੰਮ ਸ਼ੁਰੂ ਕੀਤੀ ਸੀ। ਇਹ ਮੁਹਿੰਮ ਇਸ ਗੱਲ 'ਤੇ ਸ਼ੁਰੂ ਹੋਈ ਕਿ ਹਿੰਦੂ ਧਰਮ ਤੋਂ ਦੂਜੇ ਧਰਮ ਵਿਚ ਗਏ ਬੰਦਿਆਂ ਨੂੰ ਸ਼ੁੱਧ ਕਰ ਕੇ ਹਿੰਦੂ ਕਲਾਵੇ ਵਿਚ ਵਾਪਸ ਲਿਆ ਜਾ ਸਕਦਾ ਹੈ, ਪਰ ਇਹ ਮੁਹਿੰਮ ਬਹੁਤਾ ਕਾਮਯਾਬ ਨਹੀਂ ਹੋਈ। ਸਨਾਤਨੀ ਹਿੰਦੂਆਂ ਨੇ ਇਸ ਗੱਲ ਨੂੰ ਕਦੀ ਪ੍ਰਵਾਨ ਨਹੀਂ ਕੀਤਾ। ਅੱਜ ਵੀ ਕੋਈ ਸ਼ੰਕਰਾਚਾਰੀਆ ਇਸ ਗੱਲ ਦੀ ਪ੍ਰਵਾਨਗੀ ਨਹੀਂ ਦਿੰਦਾ ਕਿ ਹਿੰਦੂ ਧਰਮ ਵਿਚ ਕੋਈ ਗੈਰ-ਹਿੰਦੂ ਆ ਸਕਦਾ ਹੈ।

ਹੁਣ ਹਿੰਦੂਆਂ ਦਾ ਇਕ ਵਰਗ ਅਜਿਹੇ ਵਿਚਾਰ ਨੂੰ ਸਾਹਮਣੇ ਲਿਆ ਰਿਹਾ ਹੈ ਕਿ ਘਰ ਵਾਪਸੀ ਦੇ ਨਾਂ ਹੇਠ ਮੁਸਲਮਾਨਾਂ ਤੇ ਈਸਾਈਆਂ ਨੂੰ ਮੁੜ ਹਿੰਦੂ ਬਣਾਇਆ ਜਾ ਸਕਦਾ ਹੈ। ਪਿਛਲੇ ਕੁਝ ਸਮੇਂ ਵਿਚ ਜਿਹੜੇ ਕੁਝ ਮੁਸਲਮਾਨ ਹਿੰਦੂ ਬਣੇ ਹਨ, ਉਹ ਬੰਗਲਾਦੇਸ਼ੀ ਮੁਸਲਮਾਨ ਹਨ; ਜਿਹੜੇ ਗੈਰ-ਕਾਨੂੰਨੀ ਢੰਗ ਨਾਲ ਹਿੰਦੁਸਤਾਨ ਵਿਚ ਆ ਗਏ ਹਨ, ਉਨ੍ਹਾਂ ਨੂੰ ਕੁਝ ਹਿੰਦੂ ਸੰਗਠਨਾਂ ਵਲੋਂ ਇਹ ਲਾਲਚ ਦਿੱਤਾ ਗਿਆ ਹੈ ਕਿ ਜੇ ਤੁਸੀਂ ਹਿੰਦੂ ਬਣ ਜਾਓ ਤਾਂ ਅਸੀਂ ਤੁਹਾਨੂੰ ਇਸ ਦੇਸ਼ ਦੀ ਨਾਗਰਿਕਤਾ ਦਿਵਾ ਦਿਆਂਗੇ, ਤੁਹਾਡੇ ਰਾਸ਼ਨ ਕਾਰਡ ਅਤੇ ਵੋਟਰ ਕਾਰਡ ਬਣਵਾ ਦਿਆਂਗੇ। ਭਾਰਤ ਵਿਚ ਧਰਮ ਪਰਿਵਰਤਨ ਬਾਰੇ ਕੁਝ ਕਾਨੂੰਨ ਬਣੇ ਹੋਏ ਹਨ। ਕੋਈ ਕਿਸੇ ਦਾ ਜਬਰਨ ਧਰਮ ਪਰਿਵਰਤਨ ਨਹੀਂ ਕਰਾ ਸਕਦਾ। ਲਾਲਚ ਦੇ ਕੇ ਕਿਸੇ ਦਾ ਧਰਮ ਪਰਿਵਰਤਨ ਕਰਾਉਣਾ ਵੀ ਗੈਰ-ਕਾਨੂੰਨੀ ਹੈ। ਇਸ ਬਾਰੇ ਵੀ ਕੇਂਦਰ ਸਰਕਾਰ ਦੇ ਅਤੇ ਸੂਬਿਆਂ ਦੀਆਂ ਸਰਕਾਰਾਂ ਵਲੋਂ ਬਣਾਏ ਗਏ ਕਾਨੂੰਨਾਂ ਵਿਚ ਬੜੇ ਫਰਕ ਹਨ।

ਅੱਜ ਇਹ ਮੰਗ ਕੀਤੀ ਜਾ ਰਹੀ ਹੈ ਕਿ ਕੇਂਦਰ ਸਰਕਾਰ ਵਲੋਂ ਸਾਰੇ ਦੇਸ਼ ਵਿਚ ਧਰਮ ਪਰਿਵਰਤਨ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਜਾਏ, ਪਰ ਇਹ ਗੱਲ ਇੰਨੀ ਸੌਖੀ ਨਹੀਂ। ਕਿਹੜਾ ਬੰਦਾ ਕਿਸ ਧਰਮ ਨੂੰ ਮੰਨਦਾ ਹੈ, ਇਹ ਉਸ ਦਾ ਨਿੱਜੀ ਫੈਸਲਾ ਹੈ ਅਤੇ ਦੇਸ਼ ਦਾ ਸੰਵਿਧਾਨ ਇਸ ਦੀ ਆਜ਼ਾਦੀ ਦਿੰਦਾ ਹੈ। ਅਜਿਹਾ ਕੋਈ ਕਾਨੂੰਨ ਉਸ ਦੇ ਮਨੁੱਖੀ ਹੱਕਾਂ ਦੀ ਉਲੰਘਣਾ ਹੈ। ਇਸ ਦੇ ਨਾਲ ਹੀ ਕੋਈ ਬੰਦਾ ਆਪਣਾ ਧਰਮ ਤਿਆਗ ਕੇ ਜੇ ਦੂਜਾ ਧਰਮ ਸਵੀਕਾਰ ਕਰਦਾ ਹੈ, ਇਹ ਵੀ ਉਸ ਦਾ ਨਿੱਜੀ ਮਾਮਲਾ ਹੈ; ਇਹ ਵੀ ਉਸ ਦਾ ਮਨੁੱਖੀ ਹੱਕ ਹੈ। ਇਸ ਤੋਂ ਉਸ ਨੂੰ ਵਾਂਝਿਆਂ ਨਹੀਂ ਕੀਤਾ ਜਾ ਸਕਦਾ। ਬਾਬਾ ਸਾਹਿਬ ਅੰਬੇਡਕਰ ਦੇ ਯਤਨਾਂ ਨਾਲ ਦੇਸ਼ ਦੇ ਲੱਖਾਂ ਦਲਿਤ ਹਿੰਦੂਆਂ ਨੇ ਬੁੱਧ ਧਰਮ ਨੂੰ ਪ੍ਰਵਾਨ ਕਰ ਲਿਆ ਅਤੇ ਲਗਾਤਾਰ ਕਰ ਰਹੇ ਹਨ। ਇਸ ਗੱਲ ਨੂੰ ਗੈਰ-ਕਾਨੂੰਨੀ ਨਹੀਂ ਕਿਹਾ ਜਾ ਸਕਦਾ।

ਹੁਣ ਸਾਰੇ ਧਰਮਾਂ ਵਿਚ ਇਹ ਸਹਿਮਤੀ ਬਣਨੀ ਚਾਹੀਦੀ ਹੈ ਕਿ ਧਰਮ ਪਰਿਵਰਤਨ ਵਿਚ ਜ਼ੋਰ-ਜ਼ਬਰਦਸਤੀ, ਲਾਲਚ, ਵਿਖਾਵਾ ਵਰਗੀਆਂ ਚੀਜ਼ਾਂ ਨੂੰ ਗੈਰ-ਕਾਨੂੰਨੀ ਮੰਨਿਆ ਜਾਏ। ਭਾਰਤ, ਬਹੁ-ਧਰਮੀ ਦੇਸ਼ ਹੈ। ਸਾਰੇ ਧਰਮਾਂ ਅਤੇ ਸੰਪਰਦਾਵਾਂ ਨੂੰ ਵਧਣ-ਫੁੱਲਣ ਤੇ ਪ੍ਰਚਾਰ ਕਰਨ ਦੀ ਪੂਰੀ ਆਜ਼ਾਦੀ ਹੈ। ਇਸ 'ਤੇ ਕੁਝ ਪਾਬੰਦੀਆਂ ਵੀ ਹਨ। ਇਨ੍ਹਾਂ ਪਾਬੰਦੀਆਂ ਦੇ ਹੁੰਦੇ ਹੋਏ ਵੀ ਧਰਮ ਪਰਿਵਰਤਨ ਹੁੰਦੇ ਰਹਿਣਗੇ ਅਤੇ ਇਸ ਨਾਲ ਜੁੜੀਆਂ ਸਮੱਸਿਆਵਾਂ ਵੀ ਰਹਿਣਗੀਆਂ। ਸਹਿ-ਹੋਂਦ ਦੀ ਜਿੰਨੀ ਲੋੜ ਇਸ ਦੇਸ਼ ਵਿਚ ਹੈ, ਸ਼ਾਇਦ ਹੀ ਕਿਤੇ ਹੋਵੇ। ਭਿਆਨਕਤਾ, ਫਿਰਕੂ ਫਸਾਦਾਂ ਦੇ ਨਾਲ ਹੀ ਭਾਰਤ ਦੀ ਵੰਡ ਹੋਈ ਸੀ। ਬਾਅਦ ਵਿਚ ਉਮੀਦ ਸੀ ਕਿ ਹੁਣ ਫਿਰਕੂ ਫਸਾਦ ਨਹੀਂ ਹੋਣਗੇ, ਪਰ ਇਹ ਉਮੀਦ ਨਾ-ਉਮੀਦੀ ਵਿਚ ਛੇਤੀ ਬਦਲ ਗਈ। ਆਜ਼ਾਦੀ ਪਿੱਛੋਂ ਇਥੇ ਲਗਾਤਾਰ ਫਸਾਦ ਹੁੰਦੇ ਰਹੇ, ਅੱਜ ਵੀ ਹੋ ਰਹੇ ਹਨ। ਸਾਰੇ ਜਾਣਦੇ ਹਨ ਕਿ ਗਊ ਨੂੰ ਹਿੰਦੂ ਪਵਿੱਤਰ ਮੰਨਦੇ ਹਨ ਪਰ ਮੁਸਲਮਾਨਾਂ ਦਾ ਇਕ ਤਬਕਾ ਗਊਕੁਸ਼ੀ ਕਰਦਾ ਹੈ ਤੇ ਗਊ ਦਾ ਮਾਸ ਖਾਂਦਾ ਹੈ। ਬੜੇ ਫਸਾਦ ਤਾਂ ਇਸੇ ਕਾਰਨ ਹੁੰਦੇ ਰਹੇ ਹਨ।

ਬਹੁ-ਧਰਮੀ ਦੇਸ਼ ਵਿਚ ਦੂਜੇ ਧਰਮ ਦੀਆਂ ਭਾਵਨਾਵਾਂ ਦੀ ਕਦਰ ਕਰਨਾ ਬੜਾ ਜ਼ਰੂਰੀ ਬਣਦਾ ਹੈ। ਇਹੋ ਸਹਿ-ਹੋਂਦ ਦੀ ਮਾਨਤਾ ਹੈ। ਜੇ ਅਜਿਹੀ ਮਾਨਤਾ ਨੂੰ ਤਰਜੀਹ ਨਾ ਦਿੱਤੀ ਗਈ ਤਾਂ ਭਾਰਤ ਨੂੰ ਧਰਮ ਪਰਿਵਰਤਨ ਅਤੇ ਫਿਰਕੂ ਫਸਾਦਾਂ ਤੋਂ ਕਦੀ ਮੁਕਤੀ ਨਹੀਂ ਮਿਲੇਗੀ।

# ਤਾਲਿਬਾਨ, ਦਹਿਸ਼ਤਵਾਦ ਅਤੇ ਅਮਰੀਕਾ

*ਪਾਕਿਸਤਾਨੀ ਤਾਲਿਬਾਨ ਵਲੋਂ ਪਿਸ਼ਾਵਰ ਦੇ ਆਰਮੀ ਪਬਲਿਕ ਸਕੂਲ ਵਿਚ ਮਚਾਈ ਤਬਾਹੀ ਨੇ ਸਮੁੱਚੇ ਸੰਸਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਅਮਰੀਕਾ ਵਿਚ 2001 ਵਿਚ ਹੋਏ 9/11 ਹਮਲਿਆਂ ਵੇਲੇ ਵੀ ਸਮੁੱਚਾ ਸੰਸਾਰ ਇਸੇ ਤਰ੍ਹਾਂ ਝੰਜੋੜਿਆ ਗਿਆ ਸੀ। ਉਦੋਂ ਮਸ਼ਹੂਰ ਅਮਰੀਕੀ ਚਿੰਤਕ ਨੌਮ ਚੌਮਸਕੀ ਨੇ ਇਨ੍ਹਾਂ ਹਮਲਿਆਂ ਦਾ ਪਿਛੋਕੜ ਫਰੋਲਦਿਆਂ ਅਮਰੀਕਾ ਦੀ ਵਿਦੇਸ਼ ਨੀਤੀ ਉਤੇ ਉਂਗਲ ਰੱਖੀ ਸੀ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਪਿਸ਼ਾਵਰ ਕਾਂਡ ਦੀ ਪੁਣ-ਛਾਣ ਕਰਦਿਆਂ ਇਸ ਕਾਂਡ ਦੇ ਪਿਛੋਕੜ ਵਿਚ ਪਏ ਕੁਝ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਹੈ। ਅਜਿਹੀ ਪੁਣ-ਛਾਣ ਕਾਰਪੋਰੇਟ ਦੇ ਕਬਜ਼ੇ ਹੇਠ ਆਏ ਮੁੱਖਧਾਰਾ ਮੀਡੀਆ ਵਿਚੋਂ ਫਿਲਹਾਲ ਗਾਇਬ ਹੈ। ਲੇਖਕ ਨੇ ਦੱਸਿਆ ਹੈ ਕਿ ਸਬੰਧਤ ਇਲਾਕੇ ਵਿਚ ਹਿਤਾਂ ਦਾ ਭੇੜ ਕਿਹੜੀ ਸ਼ਕਲ ਅਖਤਿਆਰ ਕਰ ਚੁੱਕਾ ਹੈ ਅਤੇ ਆਮ ਲੋਕ ਉਸ ਹਾਲਾਤ ਵਿਚ ਕਿੰਜ ਨਪੀੜੇ ਜਾ ਰਹੇ ਹਨ। -ਸੰਪਾਦਕ*

ਪਾਕਿਸਤਾਨ ਦੇ ਉਤਰ-ਪੱਛਮੀ ਸੂਬੇ ਖੈਬਰ-ਪਖਤੂਨਖਵਾ ਦੀ ਰਾਜਧਾਨੀ ਪਿਸ਼ਾਵਰ ਦੇ ਆਰਮੀ ਪਬਲਿਕ ਸਕੂਲ ਉਪਰ ਹਮਲਾ ਕਰ ਕੇ 132 ਬੱਚਿਆਂ ਅਤੇ ਇਕ ਦਰਜਨ ਦੇ ਕਰੀਬ ਸਕੂਲ ਮੁਲਾਜ਼ਮਾਂ ਸਮੇਤ 145 ਜਿੰਦਾਂ ਦਾ ਕਤਲੇਆਮ ਕਰਨ ਵਾਲੇ ਕੱਟੜਪੰਥੀ ਤਾਲਿਬਾਨ ਦੀ ਬੁਜ਼ਦਿਲਾਨਾ ਤੇ ਦਰਿੰਦਾਨਾ ਕਾਰਵਾਈ ਨੂੰ ਜਿੰਨੀ ਵੀ ਲਾਹਣਤ ਪਾਈ ਜਾਵੇ, ਉਨੀ ਹੀ ਥੋੜ੍ਹੀ ਹੈ। ਯਕੀਨਨ, ਇਹ ਪਾਕਿਸਤਾਨੀ ਤਾਲਿਬਾਨ (ਤਹਿਰੀਕ-ਏ-ਤਾਲਿਬਾਨ-ਏ-ਪਾਕਿਸਤਾਨ) ਦੀ ਹੁਣ ਤਕ ਦੀ ਸਭ ਤੋਂ ਘਿਨਾਉਣੀ ਕਾਰਵਾਈ ਹੈ। ਉਨ੍ਹਾਂ ਨੇ ਇਸ ਨੂੰ ਪਾਕਿਸਤਾਨੀ ਫ਼ੌਜ ਵਲੋਂ ਤਾਲਿਬਾਨ ਦੇ ਖ਼ਿਲਾਫ਼ ਚਲਾਈ ਜਾ ਰਹੀ ਸਫ਼ਾਇਆ ਮੁਹਿੰਮ ਦਾ ਬਦਲਾ ਲੈਣ ਦੀ ਕਾਰਵਾਈ ਦੱਸ ਕੇ ਜਾਇਜ਼ ਠਹਿਰਾਉਣਾ ਚਾਹਿਆ ਹੈ। ਤਾਲਿਬਾਨ ਦੇ ਬੁਲਾਰੇ ਮੁਹੰਮਦ ਉਮਰ ਖ਼ੁਰਾਸਾਨੀ ਅਨੁਸਾਰ, "ਅਸੀਂ ਫ਼ੌਜ ਦੇ ਸਕੂਲ ਨੂੰ ਹਮਲੇ ਲਈ ਇਸ ਕਰ ਕੇ ਚੁਣਿਆ ਕਿਉਂਕਿ ਹਕੂਮਤ ਸਾਡੇ ਟੱਬਰਾਂ ਅਤੇ ਔਰਤਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਅਸੀਂ ਚਾਹੁੰਦੇ ਹਾਂ ਕਿ ਇਨ੍ਹਾਂ ਨੂੰ ਵੀ ਦੁੱਖ ਦਾ ਅਹਿਸਾਸ ਹੋਵੇ।" ਇਹ ਕਤਲੇਆਮ ਇਤਨਾ ਭਿਆਨਕ ਸੀ ਕਿ ਅਫ਼ਗਾਨ ਤਾਲਿਬਾਨ ਨੂੰ ਵੀ ਇਸ ਦੀ ਨਿਖੇਧੀ ਕਰਨੀ ਪੈ ਗਈ।

ਤਾਲਿਬਾਨ ਦੀ ਲੜਾਈ ਪਾਕਿਸਤਾਨੀ ਰਾਜ (ਸਟੇਟ), ਭਾਵ ਹੁਕਮਰਾਨਾਂ ਦੇ ਉਸ ਹਿੱਸੇ ਨਾਲ

**ਬੂਟਾ ਸਿੰਘ**
ਫੋਨ: 91-94634-74342

ਹੈ ਜਿਸ ਨੇ ਅਮਰੀਕੀ ਸਾਮਰਾਜਵਾਦ ਦੀਆਂ ਮੌਜੂਦਾ ਗਿਣਤੀਆਂ-ਮਿਣਤੀਆਂ ਅਤੇ ਹਿੱਤ ਪੂਰਤੀ ਅਨੁਸਾਰ ਤਾਲਿਬਾਨ ਦੀ ਸਰਕਾਰੀ ਪੁਸ਼ਤ-ਪਨਾਹੀ ਕਰਨ ਦੀ ਪੁਰਾਣੀ ਨੀਤੀ ਨੂੰ ਦਰਕਿਨਾਰ ਕਰ ਕੇ ਹੁਣ ਇਨ੍ਹਾਂ ਮਜ਼੍ਹਬੀ ਕੱਟੜਪੰਥੀਆਂ ਨੂੰ ਦਬਾਉਣ ਦੀ ਨੀਤੀ ਅਖਤਿਆਰ ਕੀਤੀ ਹੋਈ ਹੈ। ਇਸ ਨੀਤੀ ਤਹਿਤ ਪਾਕਿਸਤਾਨ ਦੇ ਉਤਰੀ ਵਜ਼ੀਰਸਤਾਨ ਅਤੇ ਖੈਬਰ ਦੇ ਕਬਾਇਲੀ ਇਲਾਕੇ ਵਿਚ ਦਹਿਸ਼ਤਗਰਦਾਂ ਦੇ ਅਖੌਤੀ ਟਿਕਾਣਿਆਂ ਉਪਰ 15 ਜੂਨ ਤੋਂ ਅਮਰੀਕੀ ਖੁਫੀਆ ਏਜੰਸੀ ਸੀ.ਆਈ.ਏ. ਅਤੇ ਪੈਂਟਾਗਨ ਨਾਲ ਮਿਲ ਕੇ ਪਾਕਿਸਤਾਨੀ ਫੌਜ ਨੇ ਅਪਰੇਸ਼ਨ 'ਜ਼ਰਬ-ਏ-ਅਜ਼ਬ' ਸ਼ੁਰੂ ਕੀਤਾ ਹੋਇਆ ਹੈ। ਅਮਰੀਕੀ ਇਸ਼ਾਰੇ 'ਤੇ ਇਸ ਵਿਆਪਕ ਫੌਜੀ ਹਮਲੇ ਬਾਰੇ ਕੁਲ ਆਲਮ ਦਾ ਕਾਰਪੋਰੇਟ ਮੀਡੀਆ ਖ਼ਾਮੋਸ਼ ਹੈ। ਇਹ ਕਬਾਇਲੀ ਖੇਤਰ ਫੌਜ ਦੇ ਮੁਕੰਮਲ ਘੇਰੇ ਵਿਚ ਹੋਣ ਕਾਰਨ ਇਥੇ ਬੇਕਸੂਰ ਕਬਾਇਲੀ ਅਗਵਾਮ ਦੀ ਕਤਲੋਗਾਰਤ ਦੀ ਪੂਰੀ ਤਸਵੀਰ ਬਾਹਰ ਨਹੀਂ ਆ ਰਹੀ। ਕਾਰਪੋਰੇਟ ਮੀਡੀਆ ਉਹੀ ਤਸਵੀਰ ਦਿਖਾ ਰਿਹਾ ਹੈ ਜੋ ਅਮਰੀਕਾ ਅਤੇ ਇਸ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਪਾਕਿਸਤਾਨੀ ਫੌਜ ਇਸ ਵਕਤ ਜੱਗ ਨੂੰ ਦਿਖਾਉਣਾ ਚਾਹੁੰਦੀ ਹੈ। ਹਾਲ ਹੀ ਵਿਚ ਪਿਸ਼ਾਵਰ ਹਮਲੇ ਦੇ ਜਵਾਬ ਵਿਚ ਪਾਕਿਸਤਾਨੀ ਫੌਜ ਵਲੋਂ ਖੈਬਰ ਖੇਤਰ ਉਪਰ ਵੀਹ ਹਵਾਈ ਹਮਲੇ ਕਰ ਕੇ ਘੱਟੋ-ਘੱਟ 57 'ਤਾਲਿਬਾਨ' ਨੂੰ ਮਾਰ ਮੁਕਾਉਣ ਦੇ ਦਾਅਵੇ ਤੋਂ ਉਥੇ ਫੌਜ ਵਲੋਂ ਮਚਾਈ ਤਬਾਹੀ ਦੀ ਸਮਝ ਆ ਸਕਦੀ ਹੈ।

ਤਾਲਿਬਾਨ ਦੇ ਵਹਿਸ਼ੀ ਹਮਲਿਆਂ ਦੀ ਨਿਖੇਧੀ ਕਰਦੇ ਵਕਤ ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਇਸਲਾਮਿਕ ਕੱਟੜ ਦਹਿਸ਼ਤਪਸੰਦਾਂ ਦਾ ਪ੍ਰਤੀਕਰਮ ਮਹਿਜ਼ ਆਪਣੀ ਮਜ਼੍ਹਬੀ ਸ਼ਰੀਅਤ ਦੀ ਧੌਂਸ ਜਮਾਉਣ ਦੀਆਂ ਬਦਹਵਾਸ ਕਾਰਵਾਈਆਂ ਦਾ ਸਿਲਸਿਲਾ ਨਹੀਂ ਹੈ। ਮੀਡੀਆ ਨੇ ਪਿਸ਼ਾਵਰ ਕਾਂਡ ਨੂੰ ਮਹਿਜ਼ ਪਾਕਿਸਤਾਨੀ ਬੱਚਿਆਂ ਦੇ ਪੜ੍ਹਾਈ ਦੇ ਹੱਕ ਉਪਰ ਹਮਲਾ ਬਣਾ ਕੇ ਪੇਸ਼ ਕੀਤਾ ਹੈ। ਦਰਅਸਲ ਇਸ ਨਾਲ ਉਸ ਧਾੜਵੀ, ਨਹੱਕੀ ਜੰਗ ਦੇ ਖਿਲਾਫ ਮੁਸਲਿਮ ਜਗਤ ਦਾ ਡੂੰਘਾ ਪ੍ਰਤੀਕਰਮ ਜੁੜਿਆ ਹੋਇਆ ਹੈ ਜੋ ਜੰਗ ਅਮਰੀਕਾ ਅਤੇ ਹੋਰ ਪੱਛਮੀ ਤਾਕਤਾਂ ਨੇ ਦਹਿਸ਼ਤਵਾਦ ਖਿਲਾਫ ਜੰਗ ਦੇ ਬਹਾਨੇ ਮੁਸਲਿਮ ਮੁਲਕਾਂ ਉਪਰ ਥੋਪੀ ਹੋਈ ਹੈ। ਸਿੱਟੇ ਵਜੋਂ 2001 ਤੋਂ ਲੈ ਕੇ ਅਫਗਾਨਿਸਤਾਨ ਵਿਚ 50,000; ਪਾਕਿਸਤਾਨ ਵਿਚ 50,000; ਇਰਾਕ ਵਿਚ 2003 ਤੋਂ ਲੈ ਕੇ 13,000 ਅਤੇ ਸੀਰੀਆ ਵਿਚ 2011 ਤੋਂ ਲੈ ਕੇ 1,91,369 ਨਾਗਰਿਕ ਮਾਰੇ ਜਾ ਚੁੱਕੇ ਹਨ। ਇਹ ਗੱਲ ਵੱਖਰੀ ਹੈ ਕਿ ਇਸ ਨਹੱਕੀ ਜੰਗ ਨੂੰ ਕੱਟੜ ਮਜ਼੍ਹਬੀ ਨਜ਼ਰੀਏ ਤੋਂ ਲੈ ਰਹੇ ਹੋਣ ਕਾਰਨ ਤਾਲਿਬਾਨ ਵਰਗੀਆਂ ਤਾਕਤਾਂ ਦਾ ਨਿਸ਼ਾਨਾ ਇਨ੍ਹਾਂ ਮੁਲਕਾਂ ਦੇ ਨਿਜ਼ਾਮ ਸ਼ਾਇਦ ਹੀ ਅਤੇ ਬੇਕਸੂਰ ਲੋਕ ਅਕਸਰ ਬਣਦੇ ਹਨ।

ਇਸ ਸਾਲ ਜੂਨ ਮਹੀਨੇ ਪਾਕਿਸਤਾਨੀ ਫੌਜ ਨੇ ਉਤਰੀ ਵਜ਼ੀਰਸਤਾਨ ਦੇ ਸੰਘਣੀ ਆਬਾਦੀ ਵਾਲੇ ਇਲਾਕਿਆਂ ਨੂੰ ਹਵਾਈ ਬੰਬਾਰੀ ਅਤੇ ਤੋਪਾਂ ਦਾ ਨਿਸ਼ਾਨਾ ਬਣਾ ਕੇ ਫਰਮਾਨ ਜਾਰੀ ਕਰ ਦਿੱਤਾ ਸੀ ਕਿ ਜਿਹੜੇ ਲੋਕ ਇਹ ਇਲਾਕਾ ਖਾਲੀ ਕਰਕੇ ਨਹੀਂ ਜਾਣਗੇ, ਉਨ੍ਹਾਂ ਨੂੰ ਦਹਿਸ਼ਤਗਰਦ ਮੰਨਿਆ ਜਾਵੇਗਾ। ਸਿੱਟੇ ਵਜੋਂ, ਉਜੜੇ ਤੇ ਬਰਬਾਦ ਹੋਏ ਕਬਾਇਲੀਆਂ ਦੀ ਤਾਦਾਦ ਦਸ ਲੱਖ ਦੇ ਕਰੀਬ ਹੈ। 7 ਲੱਖ ਦੇ ਕਰੀਬ ਤਾਂ ਸ਼ਰਨਾਰਥੀ ਕੈਂਪਾਂ ਵਿਚ ਜਾਂ ਪਾਕਿਸਤਾਨ ਤੇ ਅਫ਼ਗਾਨਿਸਤਾਨ ਦੇ ਨਾਲ ਲੱਗਦੇ ਹੋਰ ਇਲਾਕਿਆਂ ਵਿਚ ਪਨਾਹ ਲਈ ਬੈਠੇ ਹਨ। 2001 ਤੋਂ ਲੈ ਕੇ ਉਥੇ ਡਰੋਨ ਹਮਲਿਆਂ ਅਤੇ ਫ਼ੌਜੀ ਕਾਰਵਾਈਆਂ ਵਿਚ ਹਜ਼ਾਰਾਂ ਆਮ ਨਾਗਰਿਕ ਮਾਰੇ ਜਾ ਚੁੱਕੇ ਹਨ। ਅਮਰੀਕੀ ਡਰੋਨ ਹਮਲੇ ਉਥੇ ਬੱਚਿਆਂ ਤੇ ਔਰਤਾਂ ਸਮੇਤ ਆਮ ਲੋਕਾਂ ਉਪਰ ਜੋ ਮੌਤ ਵਰਸਾ ਰਹੇ ਹਨ, ਇਹ ਜਾਨੀ ਤੇ ਮਾਲੀ ਤਬਾਹੀ ਮੀਡੀਆ ਲਈ ਦਹਿਸ਼ਤਗਰਦੀ ਨਹੀਂ ਹੈ। ਕਾਰਪੋਰੇਟ ਸਰਮਾਏਦਾਰੀ ਦੇ ਕੰਟਰੋਲ ਵਾਲੇ ਮੀਡੀਆ ਨੇ ਖ਼ਾਸ ਘਟਨਾਵਾਂ ਦੀ ਸਨਸਨੀਖੇਜ਼ ਤਸਵੀਰ ਰਾਹੀਂ ਦੁਨੀਆਂ ਦਾ ਸਮਾਜੀ ਵਰਤਾਰਿਆਂ ਨੂੰ ਦੇਖਣ ਦਾ ਨਜ਼ਰੀਆ ਇਸ ਤਰ੍ਹਾਂ ਦਾ ਬਣਾ ਦਿੱਤਾ ਹੈ ਕਿ ਕਿਸੇ ਦਹਿਸ਼ਤਪਸੰਦ ਗਰੁਪ ਦੀ ਕੋਈ ਵੱਡੀ ਖ਼ੂਨੀ ਵਾਰਦਾਤ ਤਾਂ ਮਨੁੱਖਤਾ ਦੇ ਖਿਲਾਫ ਬਹੁਤ ਘਿਨਾਉਣਾ ਜੁਰਮ ਨਜ਼ਰ ਆਉਂਦੀ ਹੈ, ਤੇ ਆਉਣੀ ਵੀ ਚਾਹੀਦੀ ਹੈ; ਪਰ ਅਮਰੀਕਾ, ਯੂਰਪ ਅਤੇ ਇਸ ਦੇ ਇਸਰਾਇਲ ਤੇ ਹਿੰਦੁਸਤਾਨ ਵਰਗੇ ਪਿੱਠੂ ਨਿਜ਼ਾਮਾਂ ਵਲੋਂ ਲਗਾਤਾਰ ਚਲਾਈ ਜਾ ਰਹੀ ਘੱਟ ਤੀਬਰਤਾ ਵਾਲੀ ਦਹਿਸ਼ਤਗਰਦੀ ਨੂੰ ਉਸੇ ਤਰ੍ਹਾਂ ਦੇ ਘਿਨਾਉਣੇ ਜੁਰਮ ਅਤੇ ਇਨਸਾਨੀਅਤ ਦੇ ਘਾਣ ਵਜੋਂ ਨਹੀਂ ਲਿਆ ਜਾਂਦਾ। ਇਸ ਦੀ ਮਿਸਾਲ ਗਾਜ਼ਾ ਵਿਚ 2014 ਵਿਚ 344 ਫਲਸਤੀਨੀ ਬੱਚਿਆਂ ਦਾ ਕਤਲੇਆਮ ਹੈ।

ਇਹ ਸੱਚ ਹੈ ਕਿ ਦਹਿਸ਼ਤਪਸੰਦ ਲਹਿਰਾਂ ਅਕਸਰ ਹੀ ਸਟੇਟ ਨਾਲ ਸਿੱਧੀ ਟੱਕਰ ਲੈਣ ਦੀ ਥਾਂ ਆਮ ਨਿਹੱਥੇ ਨਾਗਰਿਕਾਂ ਨੂੰ ਕਤਲ ਕਰ ਕੇ 'ਬਦਲਾ' ਲੈਣ ਦਾ ਸੁਖਾਲਾ ਅਤੇ ਪੂਰੀ ਤਰ੍ਹਾਂ ਨਹੱਕ ਢੰਗ ਅਖਤਿਆਰ ਕਰਦੀਆਂ ਹਨ। ਸ਼ਰੀਅਤ ਆਧਾਰਤ ਮਜ਼੍ਹਬੀ ਸਟੇਟ ਬਣਾਉਣ ਲਈ ਲੜ ਰਹੀਆਂ ਕੱਟੜ ਇਸਲਾਮਿਕ ਜਥੇਬੰਦੀਆਂ ਬੇਸ਼ੱਕ ਮਨੁੱਖੀ ਤਹਿਜ਼ੀਬ ਨੂੰ ਜਹਾਲਤ ਵੱਲ ਵਾਪਸ ਮੋੜਨ ਉਪਰ ਤੁਲੀਆਂ ਹੋਣ ਕਾਰਨ ਮਨੁੱਖਤਾ ਲਈ ਗੰਭੀਰ ਖ਼ਤਰਾ ਹਨ; ਇਨ੍ਹਾਂ ਦੀਆਂ ਘਿਨਾਉਣੀਆਂ ਦਹਿਸ਼ਤਪਸੰਦ ਕਾਰਵਾਈਆਂ ਅਮਰੀਕੀ ਸਾਮਰਾਜਵਾਦ ਅਤੇ ਵੱਖੋ-ਵੱਖਰੇ ਮੁਲਕਾਂ ਦੇ ਹੋਰ ਪਿਛਾਖੜੀ ਰਾਜਾਂ ਨੂੰ ਆਪਣੀ ਰਾਜ-ਮਸ਼ੀਨਰੀ ਦੇ ਦੰਦੇ ਹੋਰ ਤਿੱਖੇ ਕਰ ਕੇ ਆਵਾਮ ਦੀ ਹੱਕ-ਜਤਾਈ ਨੂੰ ਕੁਚਲਣ ਦਾ ਢੁੱਕਵਾਂ ਬਹਾਨਾ ਮੁਹੱਈਆ ਕਰਦੀਆਂ ਹਨ, ਤੇ ਅਮਰੀਕਾ ਦੀ ਅਗਵਾਈ ਵਾਲੀ ਅਖੌਤੀ 'ਦਹਿਸ਼ਤਵਾਦ ਖਿਲਾਫ ਜੰਗ' ਨੂੰ ਜਾਇਜ਼ ਠਹਿਰਾਉਣ ਵਿਚ ਸਹਾਇਤਾ ਕਰਦੀਆਂ ਹਨ; ਪਰ ਸਵਾਲ ਮਹਿਜ਼ ਤਾਲਿਬਾਨ ਜਾਂ ਇਸਲਾਮਿਕ ਸਟੇਟ ਵਰਗੀਆਂ ਦਹਿਸ਼ਤਪਸੰਦ ਜਥੇਬੰਦੀਆਂ ਦੀਆਂ ਅਣਮਨੁੱਖੀ ਕਾਰਵਾਈਆਂ ਦੀ ਨਿਖੇਧੀ ਕਰਨ ਦਾ ਨਹੀਂ ਹੈ, ਸਗੋਂ ਇਹ ਸਮਝਣਾ ਜ਼ਰੂਰੀ ਹੈ ਕਿ ਇਕ ਪਾਸੇ ਸਾਮਰਾਜਵਾਦ, ਖ਼ਾਸ ਕਰ ਕੇ ਅਮਰੀਕੀ ਸਾਮਰਾਜਵਾਦ ਅਤੇ ਦੂਜੇ ਪਾਸੇ ਤਾਲਿਬਾਨ ਜਾਂ ਇਸਲਾਮਿਕ ਰਾਜ ਵਰਗੀਆਂ ਇਹ ਪਿਛਾਂਹਖਿੱਚੂ ਤਾਕਤਾਂ ਕਿਵੇਂ ਇਕ ਦੂਜੇ ਦੀਆਂ ਪੂਰਕ ਹਨ। ਤਾਲਿਬਾਨ ਅਤੇ ਇਸਲਾਮਿਕ ਸਟੇਟ ਦੇ ਕਾਰਿਆਂ ਦੀ ਨਿਖੇਧੀ ਦੁਨੀਆਂ ਦਾ ਸਭ ਤੋਂ ਵੱਡਾ ਦਹਿਸ਼ਤਗਰਦ ਸਟੇਟ ਅਮਰੀਕਾ, ਇਸਰਾਇਲ ਅਤੇ ਹਿੰਦੁਸਤਾਨ ਵਰਗੇ ਇਸ ਦੇ ਜੀ-ਹਜ਼ੂਰੀਏ ਸਟੇਟ ਵੀ ਸਭ ਤੋਂ ਅੱਗੇ ਹੋ ਕੇ ਕਰ ਰਹੇ ਹਨ, ਜਿਨ੍ਹਾਂ ਦੇ ਆਪਣੇ ਹੱਥ ਬੇਸ਼ੁਮਾਰ ਨਿਹੱਥੇ ਅਤੇ ਬੇਕਸੂਰ ਲੋਕਾਂ ਦੇ ਖ਼ੂਨ ਨਾਲ ਲੱਥਪੱਥ ਹਨ। ਅਮਰੀਕਾ ਵਲੋਂ ਅਫਗਾਨਿਸਤਾਨ, ਇਰਾਕ, ਲਿਬੀਆ ਅਤੇ ਸੀਰੀਆ ਦੀ ਆਮ ਵਸੋਂ ਉਪਰ ਅੰਨ੍ਹੇਵਾਹ ਬੰਬਾਰੀ ਅਤੇ ਆਰਥਿਕ ਪਾਬੰਦੀਆਂ ਲਾ ਕੇ ਲੱਖਾਂ ਇਰਾਕੀ ਬੱਚਿਆਂ ਨੂੰ ਮੌਤ ਦੇ ਮੂੰਹ ਧੱਕ ਦੇਣ ਦੀ ਅਮਰੀਕੀ ਦਹਿਸ਼ਤਗਰਦੀ ਅੱਗੇ ਤਾਲਿਬਾਨ ਦਾ ਹਾਲੀਆ ਹਮਲਾ ਬਹੁਤ ਬੌਣਾ ਹੈ। ਫਲਸਤੀਨੀ ਵਸੋਂ, ਹਸਪਤਾਲਾਂ, ਸਕੂਲਾਂ, ਮਸਜਿਦਾਂ ਵਰਗੀਆਂ ਜਨਤਕ ਥਾਂਵਾਂ ਉਪਰ ਇਸਰਾਇਲ ਦੇ ਲਗਾਤਾਰ ਮੌਤ ਦਾ ਛੱਟਾ ਦੇਣ ਵਾਲੇ ਬੰਬ ਹਮਲਿਆਂ ਨੂੰ ਅਮਰੀਕਾ ਦੀ ਇਖ਼ਲਾਕੀ ਤੇ ਰਾਜਕੀ ਹਮਾਇਤ ਅਤੇ ਤਕਨੀਕੀ ਮਦਦ ਅਤੇ ਪਿਛਾਖੜੀ ਦਹਿਸ਼ਤਗਰਦ ਗਰੋਹਾਂ ਨਾਲ ਇਸ ਦੇ ਘਿਨਾਉਣੇ ਗਠਜੋੜ ਇਸ ਦਾ ਪੁਖ਼ਤਾ ਸਬੂਤ ਹੈ ਕਿ ਕਿਵੇਂ ਅਮਰੀਕਾ ਆਪਣੇ ਧਾੜਵੀ ਮਨੋਰਥ ਲਈ ਅਜਿਹੀਆਂ ਪਿਛਾਂਹਖਿੱਚੂ ਤਾਕਤਾਂ ਨੂੰ ਦਹਿਸ਼ਤਗਰਦ



ਕਤਲ ਹੋਏ ਬੱਚਿਆਂ ਦੇ ਮਾਪਿਆਂ ਦਾ ਵਿਰਲਾਪ।

ਗਰੋਹਾਂ ਵਜੋਂ ਪਾਲਦਾ-ਪਲੋਸਦਾ ਹੈ ਅਤੇ ਫਿਰ ਖ਼ੁਦ ਹੀ ਇਨ੍ਹਾਂ ਨੂੰ 'ਦਹਿਸ਼ਤਵਾਦ ਖਿਲਾਫ ਜੰਗ' ਵਿੱਢ ਕੇ ਆਲਮੀ ਅਮਨ ਦਾ ਠੇਕੇਦਾਰ ਬਣ ਜਾਂਦਾ ਹੈ। ਕੱਟੜਪੰਥੀ ਗਰੁਪ ਅਮਰੀਕੀ ਪੁਸ਼ਤ-ਪਨਾਹੀ ਨੂੰ ਆਪਣੇ ਸਮਾਜਾਂ ਦੇ ਅਗਾਂਹਵਧੂ ਮੁੱਲਾਂ ਤੇ ਜਮਹੂਰੀ ਵਿਕਾਸ ਨੂੰ ਢਾਹ ਲਾਉਣ ਅਤੇ ਆਪਣੀ ਮਜ਼੍ਹਬੀ ਧੌਂਸ ਥੋਪਣ ਲਈ ਰੱਜ ਕੇ ਇਸਤੇਮਾਲ ਕਰਦੇ ਹਨ। 1980ਵਿਆਂ ਵਿਚ ਪਾਕਿਸਤਾਨੀ ਖ਼ੁਫ਼ੀਆ ਏਜੰਸੀਆਂ ਅਤੇ ਸਾਊਦੀ ਸਲਤਨਤ ਨਾਲ ਮਿਲ ਕੇ ਅਫ਼ਗਾਨਿਸਤਾਨ ਦੇ ਸੋਵੀਅਤ ਯੂਨੀਅਨ ਪੱਖੀ ਨਿਜ਼ਾਮ ਦਾ ਤਖ਼ਤਾ ਪਲਟਣ ਅਤੇ ਆਪਣੀ ਪਿੱਠੂ ਹਕੂਮਤ ਕਾਇਮ ਕਰਨ ਦੇ ਯੁੱਧਨੀਤਕ ਮਨੋਰਥ ਨਾਲ ਤਬਾਹੀ ਤੇ ਬਰਬਾਦੀ ਦੇ ਮੂੰਹ ਧੱਕਣ ਵਾਲਾ ਖ਼ੁਦ ਅਮਰੀਕਾ ਸੀ। ਇਸ ਨੇ ਸਾਊਦੀ ਮਦਦ ਨਾਲ ਪਹਿਲਾਂ ਡਾਲਰ, ਹਥਿਆਰ ਅਤੇ ਯੁੱਧ-ਸਿਖਲਾਈ ਦੇ ਕੇ ਅਫਗਾਨ ਮੁਜਾਹਿਦੀਨ ਨਾਂ ਦਾ ਕੱਟੜ ਤਾਕਤਵਰ ਹਥਿਆਰਬੰਦ ਧੜਾ ਤਿਆਰ ਕੀਤਾ ਅਤੇ ਇਸ ਜ਼ਰੀਏ ਅਫਗਾਨਿਸਤਾਨ ਨੂੰ ਕਦੇ ਨਾ ਮੁੱਕਣ ਵਾਲੀ ਖਾਨਾਜੰਗੀ ਵਿਚ ਝੋਕਿਆ। ਉਧਰ, ਜ਼ਿਆ-ਉਲ-ਹੱਕ ਹਕੂਮਤ ਰਾਹੀਂ ਪਾਕਿਸਤਾਨ ਦਾ ਵਿਆਪਕ ਇਸਲਾਮੀਕਰਨ ਕਰਵਾਇਆ। ਇਹ ਜ਼ਿਆ ਹਕੂਮਤ ਹੀ ਸੀ ਜਿਸ ਨੇ ਅਮਰੀਕੀ ਹਦਾਇਤਾਂ 'ਤੇ ਆਪਣੀ ਸਰਜ਼ਮੀਨ ਉਪਰ 80,000 ਅਫ਼ਗਾਨਾਂ ਨੂੰ ਮੁਜਾਹਿਦੀਨ ਵਜੋਂ ਸਿਖਲਾਈ ਦਿੱਤੀ। ਇਨ੍ਹਾਂ ਮੁਜਾਹਿਦੀਨ ਗੁੱਟਾਂ ਦੇ ਆਪਸੀ ਚੌਧਰ-ਭੇੜ ਅਤੇ ਖਹਿਬਾਜ਼ੀ ਦੇ ਅਮਲ ਅੰਦਰ ਹੀ ਮੌਜੂਦਾ ਤਾਲਿਬਾਨ ਦਾ ਜਨਮ ਹੋਇਆ। ਤਾਲਿਬਾਨ ਖ਼ਾਨਾਜੰਗੀ ਦੀ ਹਾਲਤ ਦਾ ਲਾਹਾ ਲੈ ਕੇ ਸੱਤਾ ਉਪਰ ਕਾਬਜ਼ ਹੋ ਗਈ ਅਤੇ 1996 ਤੋਂ 2001 ਤਕ ਅਫਗਾਨਿਸਤਾਨ ਦੇ ਵੱਡੇ ਹਿੱਸੇ ਉਪਰ ਇਸ ਨੇ ਆਪਣਾ ਕੱਟੜ ਮਜ਼੍ਹਬੀ ਰਾਜ ਚਲਾਇਆ। ਫਿਰ ਜਦੋਂ 2001 ਦੇ ਅਖੀਰ ਵਿਚ ਅਮਰੀਕਾ ਨੇ ਤੇਲ ਖੇਤਰਾਂ ਉਪਰ ਕਬਜ਼ੇ ਅਤੇ ਆਪਣੀ ਆਲਮੀ ਧੌਂਸ ਥੋਪਣ ਲਈ 'ਦਹਿਸ਼ਤਵਾਦ ਖਿਲਾਫ ਜੰਗ' ਦਾ ਨਵਾਂ ਪੈਂਤੜਾ ਲੈ ਕੇ ਅਫਗਾਨਿਸਤਾਨ ਉਪਰ ਵੱਡੇ ਹਮਲੇ ਰਾਹੀਂ ਤਾਲਿਬਾਨ ਨੂੰ ਸੱਤਾ ਤੋਂ ਦਬੱਲ ਦਿੱਤਾ ਅਤੇ ਉਥੇ ਆਪਣੀ ਪਿੱਠੂ ਹਾਮਿਦ ਕਰਜ਼ਈ ਹਕੂਮਤ ਬਣਾ ਦਿੱਤੀ, ਤਾਂ ਅਲ-ਕਾਇਦਾ ਤੇ ਤਾਲਿਬਾਨ ਧੜਿਆਂ ਨੇ ਵੀ ਆਪਣੇ ਹਥਿਆਰਾਂ ਦੇ ਮੂੰਹ ਅਮਰੀਕੀ ਤੇ ਇਸ ਦੀਆਂ ਇਤਿਹਾਦੀ ਰਿਆਸਤਾਂ ਵੱਲ ਮੋੜ ਲਏ। ਉਦੋਂ ਤੋਂ ਅਮਰੀਕਾ ਅਤੇ ਇਸ ਦੇ ਪਿੱਠੂ ਪਾਕਿਸਤਾਨੀ ਹੁਕਮਰਾਨ ਤਾਲਿਬਾਨ ਤੋਂ ਖਹਿੜਾ ਛੁਡਾਉਣ ਦੀ ਲੜਾਈ ਲੜ ਰਹੇ ਹਨ।

ਅਮਰੀਕੀ ਸਾਮਰਾਜਵਾਦ ਆਪਣੇ ਮਨੋਰਥ ਨੂੰ ਅੰਜ਼ਾਮ ਦੇ ਕੇ ਹੁਣ ਇਸ ਸਾਲ ਅਫਗਾਨਿਸਤਾਨ ਵਿਚੋਂ ਆਪਣੀ ਫੌਜ ਵਾਪਸ ਬੁਲਾਉਣ ਦੀ ਯੋਜਨਾ ਬਣਾ ਚੁੱਕਾ ਹੈ। ਇਸ ਭਵਿੱਖ-ਨਕਸ਼ੇ ਨੂੰ ਮੁੱਖ ਰੱਖਦੇ ਹੋਏ ਉਸ ਦੀ ਟੇਕ ਹੁਣ ਪਾਕਿਸਤਾਨੀ ਫ਼ੌਜ ਉਪਰ ਵਧਦੀ ਜਾਂਦੀ ਹੈ। ਅਫਗਾਨਿਸਤਾਨ ਵਿਚਲੇ ਤਾਲਿਬਾਨ ਨੂੰ ਦਬਾਉਣ ਲਈ ਜ਼ਰੂਰੀ ਹੈ ਕਿ ਇਸ ਦੀ ਸਰਹੱਦ ਨਾਲ ਲੱਗਦੇ ਉਤਰ-ਪੱਛਮੀ ਕਬਾਇਲੀ ਖੇਤਰ ਵਿਚੋਂ ਪਾਕਿਸਤਾਨੀ ਤਾਲਿਬਾਨ ਦਾ ਦਬਦਬਾ ਖਤਮ ਕੀਤਾ ਜਾਵੇ ਅਤੇ ਇਸਲਾਮਿਕ ਜਹਾਦੀਆਂ ਨੂੰ ਆਪਣੀ ਹਾਲੀਆ ਨੀਤੀ ਅਨੁਸਾਰ ਕਿਸੇ ਹੋਰ ਅਮਰੀਕੀ ਮੋਹਰੇ ਦੀ ਛੱਤਰੀ ਹੇਠ ਇਕੱਠੇ ਕਰ ਲਿਆ ਜਾਵੇ। ਇਸ ਮਨੋਰਥ ਨਾਲ ਤਾਹਿਰ-ਉਲ-ਕਾਦਰੀ ਨੂੰ ਸ਼ਿੰਗਾਰਿਆ ਜਾ ਰਿਹਾ ਹੈ। ਇਸੇ ਅਮਰੀਕੀ ਰਣਨੀਤੀ ਤਹਿਤ ਪਾਕਿਸਤਾਨੀ ਫੌਜ ਪਾਕਿਸਤਾਨੀ ਤਾਲਿਬਾਨ ਨੂੰ ਖਦੇੜਨ ਵਿਚ ਲੱਗੀ ਹੋਈ ਹੈ। ਇਹ ਹਾਲਾਤ ਹਨ ਜਿਸ ਵਿਚ ਫੌਜ ਦੇ ਹਮਲਿਆਂ ਦੀ ਮਾਰ ਹੇਠ ਕਮਜ਼ੋਰ ਪੈ ਰਹੀ ਤਾਲਿਬਾਨ ਦੇ ਦਹਿਸ਼ਤਪਸੰਦ ਪ੍ਰਤੀਕਰਮ ਸਾਹਮਣੇ ਆ ਰਹੇ ਹਨ। ਆਉਣ ਵਾਲੇ ਦਿਨਾਂ ਵਿਚ ਪਾਕਿਸਤਾਨ ਅੰਦਰ ਫੌਜ ਦਾ ਦਬਦਬਾ ਹੋਰ ਵਧੇਗਾ ਅਤੇ ਚੁਣੀ ਹੋਈ ਨਵਾਜ਼ ਸ਼ਰੀਫ਼ ਹਕੂਮਤ ਦੀ ਰਾਜਸੀ ਭੂਮਿਕਾ ਹੋਰ ਸੁੰਗੜ ਜਾਵੇਗੀ। ਲਿਹਾਜ਼ਾ ਭਾਰੀ ਹਮਲੇ ਦੇ ਦਬਾਅ ਹੇਠ ਆਏ ਤਾਲਿਬਾਨ ਵਲੋਂ ਇਸ ਤਰ੍ਹਾਂ ਦੇ ਕਾਂਡ ਰਚਣ ਦੀ ਸੰਭਾਵਨਾ ਵੀ ਵਧਦੀ ਜਾਵੇਗੀ।

---

# ਹੁਣ ਨਰੇਂਦਰ ਮੋਦੀ ਵੀ ਹੋਏ ਖਾਮੋਸ਼ !

ਕੀ ਤੁਸੀਂ ਵੀ ਮੇਰੇ ਵਾਂਗ 2 ਹਫਤਿਆਂ ਦੀਆਂ ਘਟਨਾਵਾਂ ਤੋਂ ਦੁਖੀ ਹੋਏ ਹੋ? ਮੈਂ ਇਹ ਤਾਂ ਨਹੀਂ ਕਹਿ ਸਕਦਾ ਕਿ ਇਹ ਘਟਨਾਵਾਂ ਸੈਕੂਲਰਵਾਦ ਪ੍ਰਤੀ ਸਾਡੀ ਸੰਵਿਧਾਨਕ ਵਚਨਬੱਧਤਾ ਨੂੰ ਠੇਸ ਪਹੁੰਚਾਉਣ ਦੀ ਸੋਚੀ-ਸਮਝੀ ਕੋਸ਼ਿਸ਼ ਹੈ, ਪਰ ਇਹ ਅਜਿਹਾ ਹੀ ਪ੍ਰਭਾਵ ਪੈਦਾ ਕਰਦੀਆਂ ਹਨ। ਇਨ੍ਹਾਂ ਬਾਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ

**ਕਰਨ ਥਾਪਰ**

ਚੁੱਪ ਚਿੰਤਾ 'ਚ ਵਾਧਾ ਕਰਦੀ ਹੈ।

ਪਹਿਲਾਂ ਤਾਂ ਅਸੀਂ ਇਨ੍ਹਾਂ ਘਟਨਾਵਾਂ ਦੇ ਪਿਛੋਕੜ ਵਿਚ ਜਾਈਏ: ਜਦੋਂ ਤੋਂ ਨਵੀਂ ਸਰਕਾਰ ਬਣੀ ਹੈ, ਹਿੰਦੂਵਾਦੀ ਟਿੱਪਣੀਆਂ ਦਾ ਹੜ੍ਹ ਜਿਹਾ ਆ ਗਿਆ ਹੈ। ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਦਾ ਦਾਅਵਾ ਹੈ ਕਿ ਸਾਰੇ ਭਾਰਤਵਾਸੀ ਹਿੰਦੂ ਹਨ। ਕਲਰਾਜ ਮਿਸ਼ਰ ਨੇ ਕਿਹਾ ਕਿ ਹਿੰਦੂਵਾਦ ਹੀ ਭਾਰਤ ਦੀ ਪਛਾਣ ਹੈ। ਸੁਸ਼ਮਾ ਸਵਰਾਜ ਨੇ ਭਗਵਦ ਗੀਤਾ ਨੂੰ ਕੌਮੀ ਗ੍ਰੰਥ ਐਲਾਨਣ ਦੀ ਚਰਚਾ ਛੇੜ ਦਿੱਤੀ। ਸਾਧਵੀ ਨਿਰੰਜਣਾ ਜਯੋਤੀ ਨੇ 'ਰਾਮਜ਼ਾਦੇ-ਹਰਾਮਜ਼ਾਦੇ' ਵਾਲਾ ਬਿਆਨ ਦੇ ਕੇ ਵਿਵਾਦ ਖੜ੍ਹਾ ਕਰ ਦਿੱਤਾ।

ਮੋਦੀ ਨੇ ਖ਼ੁਦ ਇਸ ਦੀ ਸ਼ੁਰੂਆਤ ਜੂਨ ਵਿਚ ਹੀ ਕਰ ਦਿੱਤੀ ਸੀ, ਜਦੋਂ ਉਨ੍ਹਾਂ ਨੇ ਸੰਸਦ ਵਿਚ ਕਿਹਾ ਕਿ ਪਿਛਲੇ 1200 ਸਾਲਾਂ ਦੀ ਗੁਲਾਮ ਮਾਨਸਿਕਤਾ ਅਜੇ ਵੀ ਭਾਰਤ ਨੂੰ ਪ੍ਰੇਸ਼ਾਨ ਕਰ ਰਹੀ ਹੈ। ਕੀ ਇਹ ਖ਼ੁਦ ਬਾਰੇ ਹੀ ਸਾਡੀ ਧਾਰਨਾ ਨੂੰ ਬਦਲ ਕੇ ਭਾਰਤ ਦਾ ਹਿੰਦੂਕਰਨ ਕਰਨ ਦੀ ਸੋਚੀ-ਸਮਝੀ ਸਾਜ਼ਿਸ਼ ਹੈ?

ਮੈਂ ਇਨ੍ਹਾਂ ਸਾਰੇ ਬਿਆਨਾਂ ਨੂੰ ਨਕਾਰ ਸਕਦਾ ਸਾਂ, ਪਰ ਜੇ ਬਜਰੰਗ ਦਲ ਅਤੇ ਧਰਮ ਜਾਗਰਨ ਮੰਚ ਨੇ ਧਰਮ ਪਰਿਵਰਤਨ ਲਈ ਮੁਹਿੰਮ ਲਾਂਚ ਨਾ ਕੀਤੀ ਹੁੰਦੀ। ਕਾਫੀ ਸਬੂਤ ਹਨ ਕਿ ਆਗਰਾ ਵਿਚ ਜਿਹੜੇ 57 ਮੁਸਲਿਮ ਪਰਿਵਾਰਾਂ ਨੂੰ ਮੁੜ ਹਿੰਦੂ ਧਰਮ ਵਿਚ ਲਿਆਉਣ ਲਈ ਆਕਰਸ਼ਿਤ ਕੀਤਾ ਗਿਆ ਸੀ, ਉਨ੍ਹਾਂ ਨੂੰ ਬੀ.ਪੀ.ਐਲ., ਆਧਾਰ ਅਤੇ ਰਾਸ਼ਨ ਕਾਰਡਾਂ ਦੇ ਝੂਠੇ ਸਬਜ਼ਬਾਗ ਦਿਖਾਏ ਗਏ ਸਨ। ਬੇਸ਼ੱਕ ਇਸ ਪ੍ਰੋਗਰਾਮ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ, ਫਿਰ ਵੀ ਇਨ੍ਹਾਂ ਦੋਹਾਂ ਸੰਗਠਨਾਂ ਨੇ ਅਲੀਗੜ੍ਹ ਵਿਚ ਕ੍ਰਿਸਮਸ ਮੌਕੇ 4000 ਈਸਾਈ ਅਤੇ 1000 ਮੁਸਲਿਮ ਪਰਿਵਾਰਾਂ ਨੂੰ ਮੁੜ ਹਿੰਦੂ ਧਰਮ ਵਿਚ ਲਿਆਉਣ ਦੀ ਤਿਆਰੀ ਕੀਤੀ ਹੋਈ ਸੀ। ਭਾਜਪਾ ਦੇ 2 ਸੰਸਦ ਮੈਂਬਰ ਯੋਗੀ ਆਦਿੱਤਯਨਾਥ ਅਤੇ ਸਤੀਸ਼ ਗੌਤਮ ਵੀ ਉਨ੍ਹਾਂ ਦੇ ਨਾਲ ਸਨ।

ਧਰਮ ਜਾਗਰਨ ਮੰਚ ਦੇ ਕਨਵੀਨਰ ਰਾਜੇਸ਼ਵਰ ਸਿੰਘ ਨੇ ਇਹ ਕਹਿ ਕੇ ਮੇਰੀ ਚਿੰਤਾ ਵਧਾ ਦਿੱਤੀ ਹੈ ਕਿ 'ਅਲੀਗੜ੍ਹ ਨੂੰ ਇਸ ਲਈ ਚੁਣਿਆ ਗਿਆ ਸੀ, ਕਿਉਂਕਿ ਹੁਣ ਇਸ ਸ਼ਹਿਰ ਨੂੰ ਮੁਸਲਮਾਨਾਂ ਦੇ ਹੱਥੋਂ ਖੋਹਣ ਦਾ ਹਿੰਦੂਆਂ ਲਈ ਢੁੱਕਵਾਂ ਮੌਕਾ ਹੈ।' ਕ੍ਰਿਸਮਸ ਵਾਲੇ ਦਿਨ ਦੀ ਚੋਣ ਇਸ ਲਈ ਕੀਤੀ ਗਈ ਸੀ ਕਿਉਂਕਿ ਮੰਚ, ਈਸਾਈਅਤ ਅਤੇ ਹਿੰਦੂ ਧਰਮ ਦਾ ਸ਼ਕਤੀ ਪ੍ਰੀਖਣ ਕਰਨਾ ਚਾਹੁੰਦਾ ਸੀ। ਮੰਚ ਮੁਤਾਬਕ ਇਹ ਹਰ ਸਾਲ 2 ਲੱਖ ਲੋਕਾਂ ਦੀ ਹਿੰਦੂ ਧਰਮ ਵਿਚ 'ਘਰ ਵਾਪਸੀ' ਕਰਵਾਏਗਾ। ਜਦੋਂ ਤੁਸੀਂ ਇਸ ਤਰ੍ਹਾਂ ਦੇ ਟੀਚੇ ਦਾ ਐਲਾਨ ਕਰ ਦਿੰਦੇ ਹੋ, ਤਾਂ ਤੁਸੀਂ ਇਹ ਦਾਅਵਾ ਕਿਵੇਂ ਕਰ ਸਕਦੇ ਹੋ ਕਿ ਲੋਕ ਆਪਣੀ ਮਰਜ਼ੀ ਨਾਲ 'ਘਰ ਵਾਪਸੀ' ਕਰ ਰਹੇ ਹਨ।

ਸਰਕਾਰ ਨੇ ਸ੍ਰੀ ਅਟਲ ਬਿਹਾਰੀ ਵਾਜਪਾਈ ਅਤੇ ਮਦਨ ਮੋਹਨ ਮਾਲਵੀਆ ਦੀ ਯਾਦ ਵਿਚ 25 ਦਸੰਬਰ ਨੂੰ 'ਗੁੱਡ ਗਵਰਨੈਂਸ ਡੇਅ' ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ ਪਰ ਕੀ ਉਨ੍ਹਾਂ ਨੂੰ ਯਾਦ ਹੈ ਕਿ ਕ੍ਰਿਸਮਸ ਵੀ ਇਸੇ ਦਿਨ ਹੁੰਦੀ ਹੈ? ਜਾਂ ਕੀ ਉਨ੍ਹਾਂ ਦਾ ਅਜਿਹਾ ਵਿਸ਼ਵਾਸ ਹੈ ਕਿ ਵਾਜਪਾਈ ਅਤੇ ਮਾਲਵੀਆ ਯਿਸੂ ਮਸੀਹ ਦੇ ਮੁਕਾਬਲੇ ਜ਼ਿਆਦਾ ਅਹਿਮ ਹਨ? ਕੀ ਮੋਦੀ ਦੀਵਾਲੀ ਜਾਂ ਹੋਲੀ ਵਾਲੇ ਦਿਨ ਨੂੰ 'ਗੁੱਡ ਗਵਰਨੈਂਸ ਡੇਅ' ਵਜੋਂ ਤੈਅ ਕਰਨ ਦੀ ਹਿੰਮਤ ਕਰ ਸਕਦੇ ਹਨ? ਯਕੀਨੀ ਤੌਰ 'ਤੇ ਨਹੀਂ। ਫਿਰ ਉਨ੍ਹਾਂ ਨੇ ਕ੍ਰਿਸਮਸ ਵਾਲੇ ਦਿਨ ਨੂੰ ਚੁਣਨ ਦੀ ਹਿੰਮਤ ਕਿਵੇਂ ਕੀਤੀ? ਲੱਗਦਾ ਹੈ ਕਿ ਸੋਚੇ-ਸਮਝੇ ਢੰਗ ਨਾਲ ਈਸਾਈਅਤ ਅਤੇ ਈਸਾਈਆਂ ਨੂੰ ਨੀਚਾ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਉਂ ਕੇਂਦਰ ਵਿਚ ਭਾਜਪਾ ਦਾ ਵੱਖਰਾ ਚਿਹਰਾ ਉਭਰ ਰਿਹਾ ਹੈ ਕਿ ਇਹ ਦੂਜਿਆਂ ਦੀਆਂ ਭਾਵਨਾਵਾਂ ਦੀ ਪ੍ਰਵਾਹ ਕੀਤੇ ਬਿਨਾਂ ਆਪਣੀ ਸਿਆਸਤ ਚਮਕਾਉਣਾ ਚਾਹੁੰਦੀ ਹੈ। ਮੋਦੀ ਜਿਨ੍ਹਾਂ ਕੋਲ ਕਹਿਣ ਲਈ ਹਮੇਸ਼ਾ ਬਹੁਤ ਸਾਰੀਆਂ ਗੱਲਾਂ ਹੁੰਦੀਆਂ ਹਨ, ਨੇ ਚੁੱਪ ਵੱਟੀ ਹੋਈ ਹੈ। ਜੋ ਕੁਝ ਹੋ ਰਿਹਾ ਹੈ, ਕੀ ਚੁੱਪ ਰਹਿ ਕੇ ਉਹ ਉਸ ਦੀ ਪੁਸ਼ਟੀ ਕਰ ਰਹੇ ਹਨ? ਕੁਝ ਬੋਲੋ ਮੋਦੀ ਸਾਹਿਬ! ਅਸੀਂ ਜਾਣਨਾ ਚਾਹੁੰਦੇ ਹਾਂ ਕਿ ਤੁਹਾਡੇ ਮਨ ਵਿਚ ਕੀ ਹੈ ਅਤੇ ਤੁਸੀਂ ਕਿੱਥੇ ਖੜ੍ਹੇ ਹੋ?

# ਇੱਦਾਂ ਜਾਗਣਗੇ ਪਿੰਡਾਂ ਦੇ ਭਾਗ ਮੀਆਂ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਪਿਛਲੀ ਵਾਰ ਚਾਰ-ਪੰਜ ਬਾਈਆਂ ਦੇ ਮਨ ਦੀ ਚੀਸ ਨੂੰ 'ਦਿਓ ਕੋਈ ਜਵਾਬ' ਦੇ ਨਾਮ ਹੇਠ ਕਲਮਬੱਧ ਕੀਤਾ ਸੀ। ਪਾਠਕਾਂ ਦੇ ਬਹੁਤ ਫੋਨ ਆਏ। ਇਸ ਲੇਖ ਵਿਚ ਇਕ ਬਾਈ ਮਹਿਮਾ ਸਿੰਘ ਨੇ ਆਪਣੇ ਪਿੰਡ ਦੇ ਹਰਪਾਲ ਸਿੰਘ ਬਾਰੇ ਦੱਸਿਆ ਸੀ ਕਿ ਉਹ ਅਮਰੀਕਾ ਤੋਂ ਪਿੰਡ ਜਾ ਕੇ ਕਿਵੇਂ ਲੋੜਵੰਦਾਂ ਦੀ ਮਦਦ ਕਰਦਾ ਹੈ। ਕਈ ਪਾਠਕਾਂ ਨੇ ਦੱਸਿਆ ਕਿ ਉਹ ਵੀ ਪਿੰਡ ਜਾ ਕੇ ਲੋੜਵੰਦਾਂ ਦੀ ਮਦਦ ਕਰਦੇ ਹਨ। ਐਤਕੀਂ ਇਕ ਪਾਠਕ ਵਲੋਂ ਸੁਣਾਈ ਹੱਡਬੀਤੀ ਲਿਖ ਰਿਹਾ ਹਾਂ:

ਪਛੜੇ ਇਲਾਕੇ ਦਾ ਗਰੀਬੀ ਦਾ ਮਾਰਿਆ ਮੇਰਾ ਪਿੰਡ ਹੈ। ਪਿੰਡ ਨੂੰ ਆਉਂਦੇ ਚਾਰ ਕੱਚੇ ਰਾਹ। ਪਾਣੀ ਦਾ ਮੁੱਖ ਸਾਧਨ ਪਿੰਡ ਕੋਲੋਂ ਲੰਘਦਾ ਸੂਆ ਸੀ ਜੋ ਕਸਬੇ ਨੂੰ ਜਾਣ ਲਈ ਜੀ.ਟੀ. ਰੋਡ ਦਾ ਕੰਮ ਦਿੰਦਾ। ਪਿੰਡ ਦਾ ਸਕੂਲ ਅੱਠਵੀਂ ਤੱਕ। ਜੇ ਕਿਸੇ ਨੇ ਅਗਾਂਹ ਪੜ੍ਹਨਾ ਹੋਵੇ, ਤਾਂ ਉਸ ਨੂੰ ਲਾਗਲੇ ਦੋ ਪਿੰਡ ਛੱਡ ਕੇ ਤੀਜੇ ਪਿੰਡ ਜਾਣਾ ਪੈਂਦਾ। ਉਨ੍ਹਾਂ ਦਿਨਾਂ ਵਿਚ ਆਉਣ-ਜਾਣ ਲਈ ਸਾਈਕਲ ਹੀ ਮੁੱਖ ਸਾਧਨ ਸੀ। ਬਹੁਤੇ ਤਾਂ ਅਗਾਂਹ ਇਸ ਕਰ ਕੇ ਨਾ ਪੜ੍ਹ ਸਕੇ ਕਿ ਮਾਪਿਆਂ ਕੋਲ ਸਾਈਕਲ ਜੋਗੇ ਪੈਸੇ ਹੀ ਨਹੀਂ ਸਨ। ਗਰੀਬੀ ਦੀ ਮਾਰ ਕਾਰਨ ਕਈ ਹੁਸ਼ਿਆਰ ਮੁੰਡਿਆਂ ਦੀ ਪੜ੍ਹਾਈ ਛੁੱਟ ਜਾਂਦੀ। ਪਿੰਡ ਵਿਚ ਸਾਰੀਆਂ ਜਾਤਾਂ-ਗੋਤਾਂ ਦੇ ਲੋਕ ਇਨਸਾਨੀਅਤ ਦੇ ਧਾਗੇ ਨਾਲ ਜੁੜੇ ਇਕਠੇ ਰਹਿੰਦੇ ਸਨ। ਜੇ ਕਿਸੇ ਦੇ ਵੀ ਸੂਈ ਚੁੱਭਦੀ, ਤਾਂ ਸਾਰਾ ਪਿੰਡ ਚੀਸ ਮਹਿਸੂਸ ਕਰਦਾ; ਸਾਰਾ ਪਿੰਡ ਜਿਵੇਂ ਇਕ ਸਰੀਰ ਹੋਵੇ।

ਸਾਡਾ ਪਰਿਵਾਰ ਵੀ ਗਰੀਬ ਤੇ ਮਿਹਨਤੀ ਸੀ। ਮੇਰੇ ਤਿੰਨੇ ਮਾਮੇ ਫੌਜ ਵਿਚ ਹੋਣ ਕਰ ਕੇ, ਪਰਿਵਾਰ ਨੂੰ ਹੋਰਾਂ ਨਾਲੋਂ ਸਮੇਂ ਦੀ ਤਬਦੀਲੀ ਦਾ ਜਾਗ ਛੇਤੀ ਲੱਗਦਾ ਰਿਹਾ। ਜਦ ਕੋਈ ਮਾਮਾ ਮਿਲਣ ਆਉਂਦਾ ਤਾਂ ਸਾਡਾ ਹੌਸਲਾ ਬੁਲੰਦ ਹੋ ਜਾਂਦਾ। ਮੈਂ ਵੀ ਦਿਲ ਵਿਚ ਚਾਹਤ ਪੈਦਾ ਕਰਦਾ ਕਿ ਵੱਡਾ ਹੋ ਕੇ ਫੌਜੀ ਬਣੂੰਗਾ। ਵੱਡਾ ਪਰਿਵਾਰ ਹੋਣ ਕਰ ਕੇ ਮੈਨੂੰ ਖੇਤੀ ਦੇ ਕੰਮਾਂ ਵਿਚ ਘੱਟ ਘੜੀਸਿਆ ਗਿਆ; ਬੱਸ, ਪੜ੍ਹਨ ਲਈ ਛੱਡ ਦਿੱਤਾ ਜਾਂਦਾ। ਤਿੰਨੇ ਚਾਚੀਆਂ ਪੁੱਤਰਾਂ ਨਾਲੋਂ ਵੱਧ ਪਿਆਰ ਕਰਦੀਆਂ ਤੇ ਹਮੇਸ਼ਾ ਕਹਿੰਦੀਆਂ, "ਭਾਗ ਸਿਆਂ! ਪੁੱਤ ਤੂੰ ਪੜ੍ਹ ਕੇ ਵੱਡਾ ਅਫਸਰ ਬਣ ਜਾ, ਤੇ ਘਰ ਦੇ ਭਾਗ ਜਗਾਉਣ ਦੇ ਨਾਲ-ਨਾਲ ਪਿੰਡ ਦੇ ਭਾਗ ਵੀ ਜਗਾ ਦੇਈਂ।" ਮੈਂ ਬਾਹਾਂ ਖੋਲ੍ਹ ਕੇ ਕਹਿੰਦਾ ਕਿ ਇੰਨਾ ਵੱਡਾ ਅਫਸਰ ਬਣੂੰਗਾ।

ਅਜੇ ਅੱਠਵੀਂ ਵਿਚ ਦਾਖਲਾ ਹੀ ਲਿਆ ਸੀ ਕਿ ਛੋਟਾ ਮਾਮਾ ਆ ਗਿਆ ਤੇ ਕਹਿੰਦਾ, "ਭਾਗ ਸਿਆਂ! ਅੱਠਵੀਂ ਵਿਚੋਂ ਚੰਗੇ ਨੰਬਰ ਲੈ ਕੇ ਪਾਸ ਹੋ ਜਾਵੀਂ, ਮੈਂ ਤੈਨੂੰ ਨਵਾਂ ਐਟਲਸ ਸਾਈਕਲ ਲੈ ਕੇ ਦੇਣਾ ਹੈ, ਤੇ ਤੈਂ ਅਗਾਂਹ ਪੜ੍ਹਨਾ ਹੈ।" ਮੈਂ ਮਾਮੇ ਦੀ ਗੱਲ ਸੁਣ ਕੇ ਉਹਦੇ ਗਲ ਨੂੰ ਚੁੰਬੜ ਗਿਆ। ਅੱਠਵੀਂ ਦੇ ਨਤੀਜੇ ਤੋਂ ਬਾਅਦ ਮਾਮਾ ਤਾਂਗੇ 'ਤੇ ਸਾਈਕਲ ਲੱਦ ਲਿਆਇਆ।

ਮੈਂ ਆਪ ਤਾਂ ਅਗਾਂਹ ਪੜ੍ਹਨਾ ਹੀ ਸੀ, ਨਾਲ ਦੋ ਹੋਰ ਮਿੱਤਰਾਂ ਨੂੰ ਵੀ ਪੜ੍ਹਨ ਲਾ ਲਿਆ। ਉਨ੍ਹਾਂ ਨੂੰ ਨਾਲ ਲਿਜਾਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਅਸੀਂ ਤਿੰਨੇ ਇਕੋ ਸਾਈਕਲ 'ਤੇ ਜਾਂਦੇ। ਦੋ ਸਾਲ ਬਾਅਦ ਉਹ ਦੋਵੇਂ ਦਸਵੀਂ ਪਾਸ ਕਰ ਕੇ ਹਟ ਗਏ, ਤੇ ਮੈਨੂੰ ਪੜ੍ਹਨ ਲਈ ਸ਼ਹਿਰ ਤੋਰ ਦਿੱਤਾ ਗਿਆ। ਮੈਂ ਸ਼ਹਿਰ ਵੀ ਸਾਈਕਲ 'ਤੇ ਹੀ ਜਾਂਦਾ। ਮਾਮੇ ਖੁਸ਼ ਸਨ ਕਿ ਭਾਣਜਾ ਪੜ੍ਹਾਈ ਵਿਚ ਵਧੀਆ ਹੈ। ਪੜ੍ਹਾਈ ਪੂਰੀ ਕਰ ਕੇ ਮੈਂ ਅਧਿਆਪਕ ਬਣ ਗਿਆ। ਚਾਰ ਸਾਲ ਇਕ ਪਿੰਡ ਵਿਚ ਪੜ੍ਹਾਇਆ, ਫਿਰ ਮਾਮਿਆਂ ਨੇ ਮੇਰੀ ਬਦਲੀ ਸਾਡੇ ਪਿੰਡ ਕਰਵਾ ਦਿੱਤੀ। ਪੜ੍ਹਾਉਣ ਦੇ ਤਜਰਬੇ ਵਿਚੋਂ 'ਬੇਈਮਾਨ' ਸ਼ਬਦ ਆਪਣੀ ਡਿਕਸ਼ਨਰੀ ਵਿਚੋਂ ਕੱਢ ਮਾਰਿਆ। ਨਾ ਬੇਈਮਾਨੀ ਕੀਤੀ, ਨਾ ਅੱਖਾਂ ਅੱਗੇ ਹੋਣ ਦਿੱਤੀ। ਸਕੂਲੇ ਮੇਰਾ ਵੱਖਰਾ ਹੀ ਸਤਿਕਾਰ ਹੁੰਦਾ। ਇਸ ਦਾ ਮੈਨੂੰ ਸਦਾ ਮਾਣ ਰਹੇਗਾ।

ਭੱਜ-ਨੱਠ ਕਰ ਕੇ ਮੈਂ ਪਿੰਡ ਦਾ ਸਕੂਲ ਦਸਵੀਂ ਤੱਕ ਕਰਵਾ ਲਿਆ। ਮਾਮੇ ਦਾ ਸਹੁਰਾ ਪਰਿਵਾਰ ਰਾਜਨੀਤੀ ਵਿਚ ਹੋਣ ਕਰ ਕੇ ਮੈਂ ਢੰਗ-ਤਰੀਕੇ ਵਰਤ ਕੇ ਕਈ ਕੰਮ ਲੈ ਗਿਆ ਸੀ। ਸ਼ਹਿਰ ਨੂੰ ਜਾਣ ਵਾਲੀ ਸੜਕ ਪੱਕੀ ਕਰਵਾ ਲਈ। 'ਬਾਕੀ ਫਿਰ ਕਰਵਾ ਦੇਵਾਂਗਾ' ਦਾ ਭਰੋਸਾ ਮੰਤਰੀ ਨੇ ਦਿੱਤਾ ਸੀ। ਹੌਲੀ-ਹੌਲੀ ਪਿੰਡ ਡਿਸਪੈਂਸਰੀ ਵੀ ਆ ਗਈ। ਇਕ ਦਿਨ ਚਾਚੀ ਕਹਿੰਦੀ, "ਲੋਕ ਭਲਾਈ ਹੀ ਕਰੀ ਜਾਵੇਂਗਾ ਕਿ ਆਪਣਾ ਘਰ ਵੀ ਵਸਾਵੇਂਗਾ।" ਮੈਂ ਹੱਸ ਕੇ ਜਵਾਬ ਦਿੱਤਾ, "ਚਾਚੀ ਜੀ, ਤੁਸੀਂ ਹੀ ਤਾਂ ਕਹਿੰਦੀਆਂ ਸੀ ਕਿ ਭਾਗ ਸਿਆਂ! ਪਿੰਡ ਦੇ ਭਾਗ ਜਗਾਉਣੇ ਨੇ; ਹੁਣ ਜਗਾਉਣ ਦਿਓ ਪਿੰਡ ਦੇ ਭਾਗ, ਫਿਰ ਦੇਖਾਂਗੇ।" ਉਨ੍ਹੀਂ ਦਿਨੀਂ ਲੋਕਾਂ ਨੂੰ ਬਾਹਰਲੇ ਮੁਲਕ ਦੀ ਇੰਨੀ ਸੋਝੀ ਨਹੀਂ ਸੀ ਹੁੰਦੀ। ਮਾਮੇ ਦਾ ਵੱਡਾ ਸਾਲਾ ਬਹੁਤ ਪਹਿਲਾਂ ਦਾ ਅਮਰੀਕਾ ਆਇਆ ਹੋਇਆ ਸੀ। ਉਸ ਦੀ ਧੀ ਦਾ ਰਿਸ਼ਤਾ ਮੈਨੂੰ ਕਰਨ ਲਈ ਜ਼ੋਰ ਪਾਉਣ ਲੱਗੇ। ਮੈਂ ਜਵਾਬ ਦੇ ਦਿੱਤਾ ਕਿ ਪਿੰਡ ਛੱਡ ਕੇ ਅਮਰੀਕਾ ਨਹੀਂ ਜਾਣਾ। ਮੈਂ ਪੜ੍ਹਾਈ ਕੀਤੀ ਹੈ, ਨੌਕਰੀ ਕਰਦਾ ਹਾਂ; ਆਪਣੇ ਲਈ ਨਹੀਂ, ਆਪਣੇ ਪਿੰਡ ਲਈ। ਹੁਣ ਆਪਣੇ ਲੋਕਾਂ ਨੂੰ ਛੱਡ ਕੇ ਬਾਹਰਲੇ ਮੁਲਕ ਨਹੀਂ ਜਾਣਾ।

ਮਾਮਿਆਂ ਦੇ ਅਹਿਸਾਨ ਤਾਂ ਮੇਰੇ ਉਤੇ ਬਥੇਰੇ ਸਨ, ਪਰ ਮੇਰੇ ਪਿੰਡ ਨੂੰ ਮੇਰੀ ਜ਼ਿਆਦਾ ਲੋੜ ਸੀ। ਹੌਲੀ-ਹੌਲੀ ਮਾਮੇ ਮੇਰੇ ਨਾਲ ਸਹਿਮਤ ਹੋ ਗਏ। ਮੈਂ ਪਿੰਡ ਪੜ੍ਹਾਉਂਦਿਆਂ ਆਪਣੀ ਇਕ ਹਮ-ਜਮਾਤਣ ਨਾਲ ਵਿਆਹ ਕਰਵਾ ਲਿਆ। ਉਹ ਵੀ ਅਧਿਆਪਕ ਬਣ ਗਈ ਸੀ। ਪੱਕੀ ਸੜਕ ਬਣਨ ਨਾਲ ਪਿੰਡ ਬੱਸ ਵੀ ਆਉਣ ਲੱਗ ਗਈ ਸੀ। ਘਰਵਾਲੀ ਬੱਸ 'ਤੇ ਚੜ੍ਹ ਕੇ ਪੜ੍ਹਾਉਣ ਜਾਂਦੀ। ਛੇ ਸਾਲ ਬਾਅਦ ਘਰਵਾਲੀ ਦੀ ਬਦਲੀ ਵੀ ਮੈਂ ਪਿੰਡ ਦੇ ਸਕੂਲ ਵਿਚ ਕਰਵਾ ਲਈ। ਅਸੀਂ ਦੋਵਾਂ ਜਣਿਆਂ ਨੇ ਇਕ ਤਨਖਾਹ ਘਰ ਲਿਆਂਦੀ ਤੇ ਇਕ ਸਕੂਲ ਦੇ ਬੱਚਿਆਂ 'ਤੇ ਖਰਚ ਕੀਤੀ। ਘਰੇ ਦੋ ਪੁੱਤਰ ਅਤੇ ਇਕ ਧੀ ਹੋਏ। ਚਾਚਿਆਂ ਦੇ ਮੁੰਡੇ-ਕੁੜੀਆਂ ਵੀ ਵਿਆਹੇ ਗਏ। ਹੌਲੀ-ਹੌਲੀ ਇਕ ਘਰ ਦੇ ਚਾਰ ਚੁੱਲ੍ਹੇ ਬਣ ਗਏ। ਪਿੰਡ ਦੇ ਸਾਰੇ ਰਾਹ, ਸੜਕਾਂ ਵਿਚ ਤਬਦੀਲ ਹੋ ਗਏ। ਪਿੰਡ ਦੇ ਚੰਗੇ ਸਰਪੰਚ ਦੀ ਬਦੌਲਤ ਪਿੰਡ ਵਿਚ ਸਾਰੀਆਂ ਸਹੂਲਤਾਂ ਆ ਗਈਆਂ। ਸਿਆਸੀ ਲੋਕਾਂ ਨੂੰ ਵੀ ਸਾਡਾ ਪਿੰਡ ਦਿਸਣ ਲੱਗਿਆ। ਖਾੜਕੂਵਾਦ ਦੇ ਸਮੇਂ ਵੀ ਪਿੰਡ ਨੇ ਇਕੱਠਿਆਂ ਹੋ ਕੇ ਹਰ ਦੁੱਖ-ਸੁੱਖ ਵਿਚ ਮੋਢੇ ਨਾਲ ਮੋਢਾ ਜੋੜਿਆ। ਤਕਰੀਬਨ ਸਾਰੇ ਪਿੰਡ ਦਾ ਬਚਾਅ ਰਿਹਾ। ਹੁਣ ਲੋਕ ਸਾਈਕਲ ਤੋਂ ਸਕੂਟਰਾਂ ਅਤੇ ਮੋਟਰ ਸਾਈਕਲਾਂ 'ਤੇ ਚੜ੍ਹ ਗਏ ਸਨ। ਮੈਂ ਆਪਣੇ ਤਿੰਨੇ ਬੱਚੇ ਵਧੀਆ ਪੜ੍ਹਾਏ। ਇਕ ਪੁੱਤ ਮੇਰੇ ਵਾਂਗ ਅਧਿਆਪਕ ਬਣ ਗਿਆ, ਦੂਜੇ ਨੂੰ ਅਮਰੀਕਾ ਵਾਲਾ ਰਿਸ਼ਤਾ ਆਵੇ ਤਾਂ ਮਾਮਾ ਕੰਧ ਬਣ ਵਿਚਕਾਰ ਖੜ੍ਹ ਗਿਆ। ਕਹਿੰਦਾ, "ਹੁਣ ਕਿਉਂ ਅਮਰੀਕਾ ਵਾਲਾ ਰਿਸ਼ਤਾ ਲੈਂਦਾ ਏਂ?" ਮੈਂ ਕਿਹਾ, "ਮਾਮਾ ਜੀ! ਸਮਾਂ ਸਦਾ ਸਮਰੱਥ ਹੈ, ਉਸ ਵਕਤ ਪਿੰਡ ਨੂੰ ਮੇਰੀ ਲੋੜ ਸੀ, ਤੇ ਅੱਜ ਪਿੰਡ ਦੀ ਹੋਰ ਤਰੱਕੀ ਵਾਸਤੇ ਮੁੰਡੇ ਨੂੰ ਅਮਰੀਕਾ ਦੀ ਲੋੜ ਹੈ। ਜੋ ਕੰਮ ਇਥੇ ਰਹਿ ਕੇ ਨਹੀਂ ਹੋ ਸਕਦੇ, ਉਹ ਪੁੱਤ ਅਮਰੀਕਾ ਜਾ ਕੇ ਪੂਰੇ ਕਰੂਗਾ।" ਮੈਂ ਪੁੱਤ ਅਮਰੀਕਾ ਵਿਆਹ ਦਿੱਤਾ। ਫਿਰ ਧੀ ਦਾ ਰਿਸ਼ਤਾ ਵੀ ਇੱਥੇ ਹੀ ਕਰ ਦਿੱਤਾ। ਅਸੀਂ ਦੋਵੇਂ ਪਿੰਡ ਹੀ ਪੜ੍ਹਾਉਂਦੇ ਰਹੇ। ਇਕ ਪੁੱਤ ਵਿਆਹ ਕਰਵਾ ਕੇ ਸ਼ਹਿਰ ਰਹਿਣ ਲੱਗ ਗਿਆ। ਪਿੰਡ ਵਾਲੀ ਸਾਰੀ ਜ਼ਮੀਨ ਅਸੀਂ ਚਾਚਿਆਂ ਨੂੰ ਮਾਮਲੇ 'ਤੇ ਦੇ ਦਿੰਦੇ। ਮੇਰੇ ਮਾਤਾ-ਪਿਤਾ ਵਾਰੀ-ਵਾਰੀ ਇਸ ਦੁਨੀਆਂ ਤੋਂ ਤੁਰ ਗਏ। ਚਾਚੀਆਂ ਦੇ ਭਾਗ ਸਿਉਂ ਨੇ ਜਿੰਨਾ ਹੋ ਸਕਿਆ, ਪਿੰਡ ਦਾ ਭਲਾ ਕੀਤਾ। ਪਿੰਡ ਦੇ ਚਾਰੇ ਪਾਸੇ ਦੁਕਾਨਾਂ ਖੁੱਲ੍ਹ ਗਈਆਂ। ਸਕੂਲ ਦੀ ਇਮਾਰਤ ਹੋਰ ਵਧਾ ਕੇ ਸਕੂਲ ਹਾਇਰ ਸੈਕੰਡਰੀ ਕਰ ਦਿੱਤਾ। ਮੈਨੂੰ ਪ੍ਰਿੰਸੀਪਲ ਬਣਾ ਦਿੱਤਾ ਗਿਆ। ਪਿੰਡ ਦਾ ਹਰ ਬੱਚਾ ਮੇਰਾ ਬੱਚਾ ਸੀ।

ਫਿਰ ਉਹ ਦਿਨ ਆ ਗਿਆ ਜਿਸ ਦਿਨ ਮੈਨੂੰ ਸਕੂਲੋਂ ਵਿਦਾ ਕਰਨਾ ਸੀ, ਯਾਨਿ ਮੇਰੀ ਰਿਟਾਇਰਮੈਂਟ ਦਾ ਸਮਾਂ ਆ ਗਿਆ ਸੀ। ਸਕੂਲ ਦੇ ਸਟਾਫ ਤੇ ਪਿੰਡ ਦੇ ਸਹਿਯੋਗ ਨਾਲ ਵੱਡਾ ਵਿਦਾਇਗੀ ਸਮਾਗਮ ਰੱਖਿਆ ਗਿਆ। ਪਿੰਡ ਦੇ ਸਰਪੰਚ ਤੇ ਪਤਵੰਤੇ ਸੱਜਣਾਂ ਨੇ ਮੈਨੂੰ ਸ਼ਬਦਾਂ ਰੂਪੀ ਪਿਆਰ ਨਾਲ ਲੱਦ ਦਿੱਤਾ। ਸਾਰੇ ਸਟਾਫ ਨੇ ਭਰੀਆਂ ਅੱਖਾਂ ਨਾਲ ਮੇਰੇ ਗਲ ਫੁੱਲਾਂ ਦੇ ਹਾਰ ਪਾਏ ਅਤੇ ਮੈਂ ਖੁਸ਼ੀ ਦੇ ਹੰਝੂਆਂ ਨਾਲ ਸਕੂਲ ਦਾ ਗੇਟ ਟੱਪ ਆਇਆ। ਮੈਨੂੰ ਆਪਣੇ ਆਪ 'ਤੇ ਮਾਣ ਹੋ ਰਿਹਾ ਸੀ ਕਿ ਮੈਂ ਵੀ ਪਿੰਡ ਲਈ ਕੁਝ ਕਰ ਸਕਿਆ ਹਾਂ।

ਸਕੂਲੋਂ ਵਿਦਾ ਹੋ ਕੇ ਮੈਂ ਗੁਰਦੁਆਰੇ ਜਾ ਕੇ ਸੇਵਾ ਕਰ ਆਉਂਦਾ, ਬਜ਼ੁਰਗਾਂ ਨੂੰ ਅਖਬਾਰਾਂ ਦੀਆਂ ਖਬਰਾਂ ਪੜ੍ਹ ਕੇ ਦੇਸ਼-ਵਿਦੇਸ਼ ਨਾਲ ਜੋੜੀ ਰੱਖਦਾ। ਕਿਸੇ ਦਾ ਕੋਈ ਕੰਮ-ਧੰਦਾ ਹੁੰਦਾ, ਉਹ ਕਰਵਾ ਦਿੰਦਾ। ਤਿੰਨ ਸਾਲ ਬਾਅਦ ਘਰਵਾਲੀ ਵੀ ਰਿਟਾਇਰ ਹੋ ਗਈ। ਪੁੱਤ ਤੇ ਧੀ ਦੇ ਕਹਿਣ 'ਤੇ ਅਸੀਂ ਪਾਸਪੋਰਟ ਬਣਾ ਲਏ। ਇਨ੍ਹਾਂ ਨੇ ਪੇਪਰ ਭੇਜੇ ਤੇ ਅਸੀਂ ਇਥੇ ਆ ਗਏ। ਇਥੇ ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ ਨੂੰ ਦੇਖ ਕੇ ਮਨ ਖੁਸ਼ ਹੋ ਗਿਆ। ਪਿੰਡ ਸਾਡੀ ਦੋਵਾਂ ਦੀ ਪੈਨਸ਼ਨ ਜਮ੍ਹਾਂ ਹੋਈ ਜਾਂਦੀ ਹੈ। ਪੁੱਤ ਨੇ ਇਥੇ ਦੇ ਸਿਟੀਜ਼ਨ ਬਣਾ ਦਿੱਤਾ, ਪਰ ਅਸੀਂ ਚਾਰ ਮਹੀਨੇ ਪਿੰਡ ਜਾ ਕੇ ਸਾਲ ਦੀ ਪੈਨਸ਼ਨ ਪਿੰਡ ਹੀ ਖਰਚ ਆਉਂਦੇ ਹਾਂ। ਚਾਚੇ ਦੇ ਪੁੱਤਰਾਂ ਤੋਂ ਸਾਰੀ ਜ਼ਮੀਨ ਦਾ ਮਾਮਲਾ ਨਹੀਂ ਲਿਆ। ਸਾਡੇ ਵਲੋਂ ਇਸ ਮਦਦ ਸਦਕਾ ਉਹ ਆਪਣੇ ਪੁੱਤਰ ਧੀਆਂ ਪੜ੍ਹਾ ਗਏ। ਕੋਈ ਕੈਨੇਡਾ ਆ ਗਿਆ, ਕੋਈ ਆਸਟਰੇਲੀਆ ਚਲਿਆ ਗਿਆ। ਮੇਰੇ ਪੁੱਤਰਾਂ ਨੇ ਮੇਰੇ ਸਮਾਜਕ ਕੰਮਾਂ ਵਿਚ ਕਦੇ ਦਖਲ-ਅੰਦਾਜ਼ੀ ਨਹੀਂ ਕੀਤੀ। ਮੈਂ ਜੋ ਵੀ ਕਰਦਾ ਹਾਂ, ਸਕੂਨ ਮਿਲਦਾ ਹੈ। ਹੁਣ ਸਾਡੇ ਪਿੰਡੋਂ ਹੋਰ ਪਰਿਵਾਰ ਵੀ ਬਾਹਰ ਆ ਗਏ ਹਨ। ਉਹ ਵੀ ਪਿੰਡ ਵਿਚ ਭਲਾਈ ਦੇ ਕੰਮਾਂ ਵਿਚ ਹਿੱਸਾ ਪਾਉਂਦੇ ਹਨ। ਪਿੰਡ ਵਿਚ ਅਖੰਡ ਪਾਠ ਬੇਸ਼ਕ ਬਹੁਤ ਘੱਟ ਹੁੰਦੇ ਹਨ, ਪਰ ਲੋਕ ਗੁਰਦੁਆਰੇ ਨਾਲ ਜੁੜੇ ਹੋਏ ਹਨ। ਸਾਡੇ ਆਪਣੇ ਘਰ ਮਰਗ ਹੋਣ ਤੋਂ ਬਾਅਦ ਹੀ ਸਹਿਜ ਪਾਠ ਕਰਵਾਇਆ ਹੈ। ਖੁਸ਼ੀ ਵੇਲੇ ਗੁਰਦੁਆਰੇ ਅਰਦਾਸ ਕਰਵਾ ਲਈਦੀ ਹੈ। ਫਜ਼ੂਲ ਦੇ ਖਰਚਿਆਂ ਤੋਂ ਬਚ ਕੇ ਗਰੀਬਾਂ ਦੇ ਕਾਰਜ ਵਿਚ ਆਪਣਾ ਤਿਲ-ਫੁੱਲ ਭੇਟ ਕਰ ਦੇਈਦਾ ਹੈ। ਵਿਹੜੇ ਵਾਲੇ ਜਿੰਨੇ ਬਜ਼ੁਰਗ ਸਾਡੇ ਜ਼ਿਮੀਦਾਰਾਂ ਦੇ ਘਰਾਂ ਵਿਚ ਸਾਂਝੀ ਰਲਦੇ ਹੁੰਦੇ ਸੀ, ਉਹ ਸਭ ਸਾਡੇ ਬਜ਼ੁਰਗਾਂ ਨਾਲ ਇਕ ਥੜ੍ਹੇ 'ਤੇ ਬੈਠਦੇ ਹਨ। ਪਿੰਡ ਵਿਚ ਇਕ ਹੀ ਗੁਰਦੁਆਰਾ ਹੈ। ਗੁਰਦੁਆਰੇ ਦੇ ਅਖੌਤੀ ਪ੍ਰਧਾਨਾਂ ਨੇ ਉਨ੍ਹਾਂ ਨੂੰ ਆਪਣਾ ਗੁਰੂਘਰ ਬਣਾਉਣ ਲਈ ਮਜਬੂਰ ਕਰ ਦਿੱਤਾ। ਸਾਡੇ ਗੁਰਦੁਆਰੇ ਇਕੋਤਰੀ ਦੇ ਪਾਠ ਨਹੀਂ ਹੁੰਦੇ, ਨਾ ਹੀ ਪਿੰਡ ਵਿਚ ਦੋ ਟੂਰਨਾਮੈਂਟ ਹੁੰਦੇ ਹਨ। ਪਿੰਡ ਆਪਸੀ ਧੜੇਬੰਦੀ ਤੋਂ ਬਚਿਆ ਹੋਇਆ ਹੈ। ਪਿੰਡ ਦੇ ਨੌਜਵਾਨ ਸ਼ਾਮ ਨੂੰ ਸਕੂਲ ਦੀ ਗਰਾਊਂਡ ਵਿਚ ਹਾਕੀ ਖੇਡ ਲੈਂਦੇ ਹਨ। ਪਿੰਡ ਵਿਚ ਭਾਈਚਾਰਕ ਸਾਂਝ ਹੈ। ਅੱਜ ਵੀ ਜੇ ਕਿਸੇ ਲੋੜਵੰਦ ਦੀ ਧੀ ਦਾ ਵਿਆਹ ਹੁੰਦਾ ਹੈ, ਤਾਂ ਸਾਰਾ ਪਿੰਡ ਉਸ ਦੇ ਨਾਲ ਖੜ੍ਹਦਾ ਹੈ। ਕੋਈ ਵੀ ਗਰੀਬ ਡੇਰਿਆਂ ਜਾਂ ਸਾਧਾਂ ਵੱਲ ਮੂੰਹ ਨਹੀਂ ਕਰਦਾ। ਜਦੋਂ ਵੀ ਦੇਸ਼-ਕੌਮ ਨੂੰ ਲੋੜ ਪਈ ਹੈ, ਇਨਕਲਾਬ ਬਾਹਰਲੇ ਦੇਸ਼ਾਂ ਵਿਚੋਂ ਹੀ ਤੁਰਿਆ ਹੈ। ਹੁਣ ਸਾਨੂੰ ਵੀ ਲੋਕਾਂ ਨਾਲੋਂ ਟੁੱਟਣਾ ਨਹੀਂ ਚਾਹੀਦਾ, ਸਗੋਂ ਜੁੜਨਾ ਚਾਹੀਦਾ ਹੈ, ਫਿਰ ਹੀ ਉਹ ਸਾਡੀਆਂ ਗੱਲਾਂ ਤੇ ਸਾਡੇ ਸੁਨੇਹੇ ਸੁਣਨਗੇ। ਫਿਰ ਹੀ ਉਹ ਵੋਟਾਂ ਦੀ ਤਾਕਤ ਨਾਲ ਰਾਜ ਪਲਟਾ ਸਕਦੇ ਹਨ। ਨੌਜਵਾਨ ਪੀੜ੍ਹੀ ਨੂੰ ਕੁਰਾਹੇ ਤੋਂ ਮੋੜਨਾ ਪੈਣਾ ਹੈ। ਕਿਸੇ ਦੇ ਪੁੱਤ ਨੂੰ ਪੁੱਠੇ ਰਾਹ ਪੈਣ ਤੋਂ ਰੋਕਣਾ ਹੋਵੇਗਾ। ਫਿਰ ਸਾਡੀ ਕੌਮ ਨੂੰ ਨਾ ਕੋਈ ਗੱਦਾਰ ਤੇ ਨਾ ਕੋਈ ਸਰਕਾਰ ਖਤਮ ਕਰ ਸਕੇਗੀ।

ਮੈਂ ਕਈ ਵਾਰ ਪਾਰਕ ਵਿਚ ਬੈਠਾ ਬਜ਼ੁਰਗਾਂ ਤੋਂ ਗੱਲਾਂ ਸੁਣਦਾ ਹਾਂ। ਕੋਈ ਕਹੂਗਾ, ਸਾਡੀ ਜ਼ਮੀਨ 50 ਹਜ਼ਾਰ ਰੁਪਏ ਠੇਕੇ 'ਤੇ ਗਈ ਹੈ, ਅਸੀਂ ਤਾਂ ਸਾਰੇ ਰੁਪਏ ਨਕਦ ਫੜੇ ਨੇ। ਕੋਈ ਕਹੂਗਾ, ਮੈਂ ਆਪਣੀ ਸਾਰੀ ਪੈਨਸ਼ਨ ਡਾਲਰਾਂ ਵਿਚ ਵਟਾ ਲਿਆਂਦੀ ਹੈ। ਕਈ ਉਧਰੋਂ ਵੀ ਪੈਨਸ਼ਨ ਲਈ ਜਾਂਦੇ ਹਨ ਤੇ ਇਧਰੋਂ ਵੀ। ਕਈਆਂ ਨੇ ਤਾਂ ਮਾਂ-ਪਿਉ ਪੈਨਸ਼ਨ ਵਾਸਤੇ ਹੀ ਰੱਖੇ ਹੋਏ ਹਨ। ਉਸ ਦਿਨ ਬੇਬੇ-ਬਾਪੂ ਬੜੇ ਯਾਦ ਆਉਂਦੇ ਹਨ। ਉਥੇ ਦਾ ਗਰੀਬ ਜੱਟ ਆਪਣਾ ਹੀ ਭਰਾ ਹੈ। ਅਸੀਂ ਚੰਗੇ ਮੁਲਕਾਂ ਵਿਚ ਆ ਕੇ ਵੀ ਆਪਣੀ ਭੁੱਖ ਨਹੀਂ ਮਿਟਾ ਸਕੇ, ਤਾਂ ਫਿਰ ਅਸੀਂ ਭੁੱਖਿਆਂ ਤੋਂ ਖੋਹ ਕੇ ਜ਼ਿਆਦਾ ਰੱਜ ਜਾਵਾਂਗੇ? ਬਾਹਰਲੇ ਬੰਦਿਆਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਇਸੇ ਕਰ ਕੇ ਹੁੰਦੇ ਹਨ। ਅਸੀਂ ਉਨ੍ਹਾਂ ਦੇ ਗਲ 'ਗੂਠਾ ਦੇ ਕੇ ਮਾਮਲਾ ਬਟੋਰਦੇ ਹਾਂ। ਪੰਜਾਹ ਹਜ਼ਾਰ ਰੁਪਏ ਇਕ ਕਿੱਲੇ ਦਾ ਠੇਕਾ ਦੇ ਕੇ ਕਿਸਾਨ ਨੂੰ ਕੀ ਬਚੇਗਾ? ਸਾਨੂੰ ਚਾਹੀਦਾ ਹੈ, ਉਨ੍ਹਾਂ ਦੇ ਜ਼ਖਮ 'ਤੇ ਮਲ੍ਹਮ ਲਾਈਏ; ਜ਼ਖਮਾਂ 'ਤੇ ਲੂਣ ਨਾ ਛਿੜਕੀਏ। ਵੱਡੇ ਲੰਗਰ ਲਾਉਣ ਨਾਲੋਂ ਥੋੜ੍ਹਾ-ਥੋੜ੍ਹਾ ਸਾਮਾਨ ਗਰੀਬਾਂ ਦੇ ਬੂਹੇ ਪੁੱਜਦਾ ਕਰੀਏ। ਜਿਥੇ ਅਸੀਂ ਆਪਣੇ ਮਹਿੰਗੇ ਮੁੱਲ ਦੇ ਇਲਾਜ ਕਰਵਾਉਂਦੇ ਹਾਂ, ਉਥੇ ਕਦੇ ਗਰੀਬ ਨੂੰ ਵੀ ਬੁਖ਼ਾਰ ਦਾ ਟੀਕਾ ਲਗਵਾ ਦੇਵੋ। ਮੈਨੂੰ ਆਪਣੀ ਲੰਘਾਈ ਜ਼ਿੰਦਗੀ 'ਤੇ ਮਾਣ ਹੈ ਕਿ ਕਦੇ ਬੇਈਮਾਨੀ ਨਹੀਂ ਕੀਤੀ। ਜੋ ਗੁਰਬਾਣੀ ਕਹਿੰਦੀ ਹੈ, ਉਸ 'ਤੇ ਪਹਿਰਾ ਦਿੱਤਾ। ਪਾਠ ਪੜ੍ਹਿਆ ਘੱਟ ਹੈ, ਪਰ ਅਮਲ ਜ਼ਿਆਦਾ ਕੀਤਾ ਹੈ। ਅੱਜ ਵੀ ਮੇਰੀ ਦਿਲੀ, ਆਖਰੀ ਖਵਾਹਿਸ਼ ਹੈ ਕਿ ਮੇਰਾ ਆਖਰੀ ਸਾਹ ਮੇਰੇ ਪਿੰਡ ਨਿਕਲੇ; ਮੈਂ ਮਾਡਰਨ ਸਿਵਿਆਂ ਵਿਚ ਨਾ ਮੱਚਾਂ, ਸਗੋਂ ਪਿੰਡ ਦੇ ਪੁਰਾਣੇ ਸਿਵਿਆਂ ਵਿਚ ਮੱਚ ਕੇ ਸੁਆਹ ਹੋ ਜਾਵਾਂ।...

ਇਸ ਬਜ਼ੁਰਗ ਪਾਠਕ ਦੀ ਹੱਡਬੀਤੀ ਨੇ ਮੈਨੂੰ ਕਲਮ ਚੁੱਕਣ ਲਈ ਪ੍ਰੇਰਿਆ। ਬਹੁਤੇ ਸੁੱਖਾਂ ਦਾ ਅਨੰਦ ਭੋਗਣ ਲਈ ਕਿਸੇ ਦੇ ਦੁੱਖਾਂ ਦੇ ਸ਼ਰੀਕ ਬਣੋ।

# ਤੁਰ ਗਿਆ ਚਾਨਣ ਦਾ ਛੱਟਾ ਦਿੰਦਾ ਅਜਮੇਰ

ਪ੍ਰਿੰ. ਸਰਵਣ ਸਿੰਘ

ਅਜਮੇਰ ਸਿੰਘ ਸਿੱਧੂ ਪੰਜਾਬ ਦੇ ਪਿੰਡਾਂ ਦਾ ਚਾਨਣ ਮੁਨਾਰਾ ਸੀ। ਉਹਦੇ ਉਦਮ ਨਾਲ 'ਚਾਨਣ ਮੁਨਾਰਾ ਚਕਰ' ਪੁਸਤਕ ਵਜੂਦ ਵਿਚ ਆਈ ਜਿਸ ਤੋਂ ਹੋਰਨਾਂ ਪਿੰਡਾਂ ਨੂੰ ਰੋਸ਼ਨੀ ਮਿਲ ਰਹੀ ਹੈ। ਉਹ ਪਰਉਪਕਾਰੀ ਜਿਊੜਾ ਸੀ। 15 ਦਸੰਬਰ ਦੀ ਸਵੇਰ ਨੂੰ ਟੋਰਾਂਟੋ ਵਿਚ ਉਸ ਦਾ ਦੇਹਾਂਤ ਹੋ ਗਿਆ। ਪਿੰਡਾਂ 'ਚ ਚਾਨਣ ਦਾ ਛੱਟਾ ਦਿੰਦੇ ਉਸ ਸੁਹੇਲੜੇ ਸੱਜਣ ਦਾ ਸਿਰਫ ਸੱਠ ਸਾਲ ਦੀ ਉਮਰੇ ਤੁਰ ਜਾਣਾ ਕਿਸੇ ਦੇ ਖ਼ਾਬ ਖਿਆਲ ਵਿਚ ਵੀ ਨਹੀਂ ਸੀ। ਉਸ ਦਾ ਜਨਮ ਜ਼ਿਲ੍ਹਾ ਲੁਧਿਆਣੇ ਦੇ ਪਿੰਡ ਚਕਰ ਵਿਚ 7 ਮਾਰਚ 1953 ਨੂੰ ਆਜ਼ਾਦ ਹਿੰਦ ਫੌਜ ਦੇ ਸੁਤੰਤਰਤਾ ਸੰਗਰਾਮੀ ਸ. ਉਜਾਗਰ ਸਿੰਘ ਦੇ ਘਰ ਹੋਇਆ ਸੀ। ਬਚਪਨ ਪਿੰਡ ਦੀਆਂ ਬੀਹੀਆਂ, ਵਿਹੜਿਆਂ ਤੇ ਖੇਤਾਂ ਵਿਚ ਬੀਤਿਆ। ਪਿੰਡ ਦੀ ਮਿੱਟੀ ਉਸ ਦੇ ਹੱਡਾਂ ਵਿਚ ਰਚ ਗਈ। ਮੁੱਢਲੀ ਸਿੱਖਿਆ ਉਸ ਨੇ ਚਕਰ ਦੇ ਸਰਕਾਰੀ ਸਕੂਲ ਵਿਚ ਹਾਸਲ ਕੀਤੀ। ਉਚੇਰੀ ਸਿੱਖਿਆ ਲਈ ਉਸ ਦੇ ਪਿਤਾ ਨੇ ਇੰਗਲੈਂਡ ਮੰਗਵਾ ਲਿਆ।

ਇੰਗਲੈਂਡ ਵਿਚ ਉਹ ਕਬੱਡੀ ਤੇ ਸੌਕਰ ਦਾ ਨਾਮਵਰ ਖਿਡਾਰੀ ਬਣਿਆ ਤੇ ਅਜਮੇਰ ਵਲੈਤੀਏ ਦੇ ਨਾਂ ਨਾਲ ਮਸ਼ਹੂਰ ਹੋਇਆ। ਉਸ ਦੀਆਂ ਧੁੰਮਾਂ ਦੂਰ ਤਕ ਪਈਆਂ। ਉਹ ਤਿੰਨ ਭਰਾ ਸਨ। ਇਕ ਭਰਾ ਇੰਗਲੈਂਡ ਵਿਚ ਹੀ ਟਿਕਿਆ ਰਿਹਾ ਜਦ ਕਿ ਦੋ ਭਰਾ- ਅਜਮੇਰ ਸਿੰਘ ਤੇ ਬਲਦੇਵ ਸਿੰਘ ਕੈਨੇਡਾ ਆ ਵਸੇ। ਗਰੇਟਰ ਟੋਰਾਂਟੋ ਵਿਚ ਤੇ ਹੋਰ ਕਈ ਥਾਂਈਂ ਉਨ੍ਹਾਂ ਨੇ ਦਾਨ-ਪੁੰਨ ਤੇ ਖੇਡਾਂ/ਖਿਡਾਰੀਆਂ ਦੀ ਬਿਹਤਰੀ ਦੇ ਅਨੇਕਾਂ ਕਾਰਜ ਕੀਤੇ। ਕਰੋੜਾਂ ਰੁਪਏ ਵਿਕਾਸ ਕਾਰਜਾਂ ਉਤੇ ਲਾਏ ਪਰ ਕਿਸੇ ਜਗ੍ਹਾ ਵੀ ਆਪਣੇ ਨਾਂ ਦੀ ਤਖ਼ਤੀ ਨਹੀਂ ਲਵਾਈ। ਉਹ ਮੈਥੋਂ ਤੇਰਾ ਸਾਲ ਛੋਟਾ ਸੀ ਤੇ ਬਾਈ ਜੀ ਕਹਿ ਕੇ ਸਤਿਕਾਰ ਦਿੰਦਾ ਸੀ। ਕਹਿੰਦਾ ਰਹਿੰਦਾ ਸੀ, "ਆਪਾਂ ਪਿੰਡ ਦਾ ਕਰਜ਼ਾ ਉਤਾਰ ਰਹੇ ਹਾਂ, ਕਿਸੇ 'ਤੇ ਅਹਿਸਾਨ ਨਹੀਂ ਕਰ ਰਹੇ।" ਹਲੀਮੀ ਉਸ ਦੇ ਰੋਮ ਰੋਮ ਵਿਚ ਵਸੀ ਹੋਈ ਸੀ।

ਪੁਸਤਕ 'ਚਾਨਣ ਮੁਨਾਰਾ ਚਕਰ' ਦਾ ਮੁੱਖ ਬੰਦ ਜੌੜੇ ਭਰਾਵਾਂ- ਅਜਮੇਰ ਤੇ ਬਲਦੇਵ ਨੇ ਇੰਜ ਲਿਖਿਆ ਸੀ, "ਸਾਥੋਂ ਪੁੱਛਿਆ ਜਾਂਦੈ ਕਿ ਸਾਡੇ ਪਿੰਡ ਦੀ ਕਾਇਆ ਕਲਪ ਕਿਵੇਂ ਹੋਈ? ਕਿਵੇਂ ਸ਼ੇਰੇ-ਏ-ਪੰਜਾਬ ਸਪੋਰਟਸ ਅਕੈਡਮੀ ਚੱਲੀ, ਕਿਵੇਂ ਸਰਕਾਰੀ ਮਦਦ ਤੋਂ ਬਿਨਾਂ ਹੀ ਹਜ਼ਾਰ ਤੋਂ ਵੱਧ ਘਰਾਂ ਦਾ ਸੀਵਰੇਜ ਪਾਇਆ, ਕਿਵੇਂ ਨੌਂ ਸੱਥਾਂ ਨਵਿਆਈਆਂ, ਕਿਵੇਂ ਗਲੀਆਂ ਨਵੇਂ ਸਿਰਿਓਂ ਪੱਕੀਆਂ ਤੇ ਖੁੱਲ੍ਹੀਆਂ ਕੀਤੀਆਂ ਤੇ ਕਿਵੇਂ ਹਜ਼ਾਰਾਂ ਰੁੱਖ ਬੂਟੇ ਲਾ ਕੇ ਪਿੰਡ ਨੂੰ ਹਰਿਆਵਲਾ ਬਣਾਇਆ? ਕਿਵੇਂ ਛੱਪੜਾਂ ਨੂੰ ਨਿਰਮਲ ਝੀਲਾਂ ਬਣਾ ਕੇ ਜਜ਼ੀਰੇ ਸਿਰਜੇ ਅਤੇ ਜੀਵ ਜੰਤੂਆਂ ਤੇ ਪੰਖੇਰੂਆਂ ਨੂੰ ਟਿਕਾਣੇ ਦਿੱਤੇ? ਕਿਵੇਂ ਜੀਵਾਂ ਦੀ ਸਹਿਹੋਂਦ ਨੂੰ ਅਮਲੀ ਜਾਮਾ ਪਹਿਨਾਇਆ? ਕਿਵੇਂ ਦੂਸ਼ਿਤ ਵਾਤਾਵਰਣ ਸ਼ੁਧ ਕੀਤਾ ਤੇ ਪਿੰਡ ਵਾਸੀਆਂ ਨੂੰ ਆਮ ਬਿਮਾਰੀਆਂ ਤੋਂ ਬਚਾਇਆ?...ਪਿੰਡ ਦੇ ਵਿਕਾਸ ਵਿਚ ਬੇਸ਼ੱਕ ਦਸ ਕਰੋੜ ਰੁਪਏ ਤੋਂ ਉਪਰ ਲੱਗ ਚੁੱਕੇ ਹਨ ਤੇ ਕਰੋੜਾਂ ਹੋਰ ਲੱਗਣੇ ਹਨ ਪਰ ਕਰੋੜਾਂ ਰੁਪਿਆਂ ਦੀ ਅਨਮੁੱਲੀ ਕਾਰ ਸੇਵਾ ਜੋ ਪਿੰਡ ਦੇ ਬੱਚਿਆਂ, ਜੁਆਨਾਂ, ਬਜ਼ੁਰਗਾਂ ਤੇ ਮਾਈਆਂ ਬੀਬੀਆਂ ਨੇ ਕੀਤੀ ਉਹ ਦਸ ਕਰੋੜ ਤੋਂ ਕਿਤੇ ਵੱਧ ਹੈ। ਅਸੀਂ ਸਰਕਾਰਾਂ ਤੋਂ ਖ਼ੁਸ਼ਾਮਦੀ ਬਣ ਕੇ ਜਾਂ ਹੱਥ ਅੱਡ ਕੇ ਮੰਗਣਾ ਹੋਛਾਪਨ/ਮੰਗਤਾਪਣ ਸਮਝਦੇ ਹਾਂ।...ਆਪਣੇ ਪਿੰਡ ਵਾਸੀਆਂ 'ਚ ਸਾਡਾ ਇਹੋ ਸੁਨੇਹਾ ਹੈ ਕਿ ਆਪਣੇ ਹੱਥੀਂ ਅਪਣਾ ਆਪੇ ਹੀ ਕਾਜ ਸਵਾਰੀਏ ਦੇ ਗੁਰਵਾਕ ਦਾ ਪੱਲਾ ਨਹੀਂ ਛੱਡਣਾ ਤੇ ਜਿਸ ਚਕਰੀਏ ਦਾ ਅਜੇ ਤਕ ਯੋਗਦਾਨ ਨਹੀਂ ਪੈ ਸਕਿਆ ਉਹ ਦਸਵੰਧ ਦੇਣ 'ਚ ਦਿੱਲ ਨਾ ਕਰੇ। ਵਸੇ ਚਕਰ, ਵਧੇ ਚਕਰ।"

ਚਕਰ ਬਾਰੇ ਉਨ੍ਹਾਂ ਨੇ ਲਿਖਿਆ, "ਇਸ ਦੀ ਮਿੱਟੀ ਵਿਚ ਸਾਡੇ ਵੱਡ ਵਡੇਰਿਆਂ ਨੇ ਜਨਮ ਲਿਆ ਤੇ ਅਸੀਂ ਉਨ੍ਹਾਂ ਦੀ ਉਂਗਲ ਫੜ ਕੇ ਚੱਲਣਾ ਸਿੱਖਿਆ। ਇਸੇ ਮਿੱਟੀ 'ਚ ਅਸੀਂ ਵੱਡੇ ਹੋਏ ਤੇ ਦੁਨੀਆਂਦਾਰੀ ਸਿੱਖੀ। ਇਸ ਮਿੱਟੀ ਨੇ ਸਾਨੂੰ ਬੋਹੜਾਂ ਦੀ ਛਾਂ ਵਰਗੇ ਮਾਪੇ, ਮਿੱਠੇ ਮੇਵਿਆਂ ਵਰਗੇ ਧੀ-ਪੁੱਤ ਤੇ ਤੂਤ ਦੇ ਮੋਛਿਆਂ ਵਰਗੇ ਦੋਸਤ ਦਿੱਤੇ। ਇਸ ਦੇ ਖੇਤਾਂ ਨੇ ਪੀੜ੍ਹੀਆਂ ਤੋਂ ਸਾਡਾ ਢਿੱਡ ਭਰਿਆ ਹੈ। ਅਸੀਂ ਭਾਗਾਂ ਵਾਲੇ ਹਾਂ ਕਿ ਚਕਰ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ। ਗੁਰੂ ਸਾਹਿਬਾਨ ਨੇ ਆਪਣੇ ਸਾਹਾਂ ਦੀ ਮਹਿਕ ਨਾਲ ਇਸ ਦੇ ਵਾਤਾਵਰਣ ਨੂੰ ਮਹਿਕਾਇਆ। ਉਨ੍ਹਾਂ ਦੀ ਮਿਹਰ ਨਾਲ ਚਕਰ ਪੰਜਾਬ ਦਾ ਨਾਮਵਰ ਪਿੰਡ ਬਣਿਆ। ਗੁਰੂ ਸਾਹਿਬਾਨ ਦੀ ਬਖ਼ਸ਼ੀ ਸੋਝੀ ਸਦਕਾ ਅਸੀਂ ਪੌਣ, ਪਾਣੀ ਤੇ ਧਰਤ ਦੀ ਮਹੱਤਤਾ ਨੂੰ ਸਮਝਦਿਆਂ ਦੁਨੀਆਂ ਸਾਹਮਣੇ ਸਰਬਸਾਂਝੇ ਕਾਰਜਾਂ ਨਾਲ ਵਿਕਾਸ ਦੀ ਮਿਸਾਲ ਪੇਸ਼ ਕੀਤੀ। ਅਸੀਂ ਚਾਹੁੰਦੇ ਹਾਂ, ਸਾਂਝੇ ਉਦਮ ਨਾਲ ਜਗਾਇਆ ਸਾਡਾ ਚੌਮੁਖੀਆ ਦੀਵਾ ਲਟ ਲਟ ਬਲਦਾ ਰਹੇ ਅਤੇ ਇਸ ਦੀਵੇ ਦੀ ਲੋਅ ਹੋਰਨਾਂ ਪਿੰਡਾਂ ਵਿਚ ਵੀ ਚਾਨਣ ਬਖੇਰੇ। ਇੰਜ ਹੀ ਕਾਲੀਆਂ ਰਾਤਾਂ ਦਾ ਹਨ੍ਹੇਰਾ ਦੂਰ ਹੋਵੇਗਾ ਤੇ ਸਵੇਰਿਆਂ ਦਾ ਚਾਨਣ ਪਸਰੇਗਾ।"

ਇੱਕੀਵੀਂ ਸਦੀ ਦੇ ਚੜ੍ਹਨ ਸਾਰ ਸਿੱਧੂ ਭਰਾਵਾਂ ਦੀ ਅਗਵਾਈ ਵਿਚ ਚਕਰ ਨੇ ਅਜਿਹਾ ਇਤਿਹਾਸ ਸਿਰਜਿਆ ਜਿਸ ਦੀ ਮਿਸਾਲ ਘੱਟ ਹੀ ਮਿਲਦੀ ਹੈ। ਚਕਰੀਆਂ ਨੇ ਆਪਣੇ ਆਪ ਨੂੰ ਪਛਾਣਿਆ ਤੇ ਆਪਣੀ ਧੌਂਦਰ 'ਤੇ ਪੰਜਾਬ ਅਤੇ ਭਾਰਤ ਨੂੰ ਮਾਡਲ ਪਿੰਡ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੂੰ ਯਕੀਨ ਹੈ ਕਿ ਜਿਸ ਦਿਨ ਸਰਕਾਰ ਵੀ ਉਨ੍ਹਾਂ ਨੂੰ ਸਹਿਯੋਗ ਦੇਣ ਲੱਗ ਪਈ, ਉਹ ਪੂਰੀ ਦੁਨੀਆਂ ਲਈ ਇਕ ਮਾਡਲ ਸਿਰਜ ਦੇਣਗੇ। ਚਕਰੀਆਂ ਦਾ ਇਹ ਸੰਦੇਸ਼ ਦੇਣ ਦੇ ਮਕਸਦ ਨਾਲ ਕਿਤਾਬ 'ਚਾਨਣ ਮੁਨਾਰਾ ਚਕਰ' ਲਿਖੀ ਗਈ। ਇਸ ਤੋਂ ਬਿਨਾਂ ਜਿਸ ਆਸ ਨਾਲ ਕਿਤਾਬ ਦਾ ਜਨਮ ਹੋਇਆ, ਉਹ ਪਿੰਡ ਚਕਰ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਬਾਰੇ ਹੈ। ਉਹ 2006 ਤੋਂ ਚਕਰੀਆਂ ਵਲੋਂ ਖੇਡ ਸਭਿਆਚਾਰ ਪ੍ਰਫੁੱਲਤ ਕਰਨ ਲਈ ਕੀਤੇ ਯਤਨਾਂ ਅਤੇ 2011 ਤੋਂ 14 ਦੌਰਾਨ ਪੰਜ ਸਾਲ ਤੋਂ ਪਚਾਸੀ ਸਾਲ ਤੱਕ ਦੇ ਬੱਚਿਆਂ, ਨੌਜਵਾਨਾਂ, ਬਜ਼ੁਰਗਾਂ, ਬੀਬੀਆਂ, ਭੈਣਾਂ ਤੇ ਮਾਤਾਵਾਂ ਵਲੋਂ ਸੀਵਰੇਜ ਪ੍ਰਾਜੈਕਟ ਦੌਰਾਨ ਸ਼ਿੱਦਤ ਨਾਲ ਕੀਤੀ ਕਾਰ ਸੇਵਾ, ਸ਼ੁਭ ਭਾਵਨਾ, ਪਿਆਰ, ਭਾਈਚਾਰੇ ਤੇ ਉਨ੍ਹਾਂ ਦੀ ਦੂਰਦ੍ਰਿਸ਼ਟੀ ਨੂੰ ਯਾਦ ਰੱਖਦੀਆਂ ਹੋਈਆਂ ਪਿੰਡ ਨੂੰ ਹੋਰ ਵੀ ਬੁਲੰਦੀਆਂ ਵੱਲ ਲੈ ਜਾਣਗੀਆਂ।

ਅਜਮੇਰ ਸਿੰਘ ਦਰਿਆਦਿਲ ਦਾਨੀ ਹੀ ਨਹੀਂ ਸੀ ਉਹ ਸਿਰੜੀ ਕਾਰ ਸੇਵਕ ਵੀ ਸੀ। ਉਸ ਦੀ ਅਗਵਾਈ ਵਿਚ ਕਹੀਆਂ ਨਾਲ ਨਲੀਆਂ ਪੁੱਟਣ ਦੇ ਕੰਮ ਕਰਨੇ, ਸੀਵਰੇਜ ਦੀਆਂ ਪਾਈਪਾਂ ਪਾਉਣੀਆਂ, ਹੌਦੀਆਂ ਬਣਾਉਣੀਆਂ ਤੇ ਹੋਰ ਸਾਂਝੇ ਕਾਰਜ ਕਰਨੇ ਨੌਜਵਾਨਾਂ ਦੇ ਸੁਭਾਅ ਵਿਚ ਸ਼ਾਮਲ ਹੋ ਗਏ ਸਨ। ਚਲਦੇ ਕੰਮ ਵਿਚ ਚੁਣੌਤੀਆਂ ਆਉਣੀਆਂ ਵੀ ਸੁਭਾਵਕ ਸਨ। ਅਜਿਹਾ ਕਈ ਵਾਰ ਹੋਇਆ ਕਿ ਨੌਜਵਾਨਾਂ ਅੱਗੇ ਚੁਣੌਤੀਆਂ ਦੀਵਾਰ ਬਣ ਕੇ ਆ ਖੜ੍ਹਦੀਆਂ ਪਰ ਅਜਮੇਰ ਸਿੰਘ ਦੀ ਅਗਵਾਈ ਵਿਚ ਕੱਖ ਕਾਨ ਵਾਂਗ ਉਡ ਜਾਂਦੀਆਂ। ਅਕਤੂਬਰ ਵਿਚ ਉਹ ਛੇ ਹਫਤਿਆਂ ਦੀ ਕਾਰ ਸੇਵਾ ਲਈ ਕੈਨੇਡਾ ਤੋਂ ਚਕਰ ਗਿਆ ਸੀ। ਦੋ ਹਫਤੇ ਬਾਅਦ ਉਹ ਬਿਮਾਰ ਹੋ ਗਿਆ ਤੇ ਡਾਕਟਰਾਂ ਦੇ ਕਹਿਣ ਉਤੇ ਵਾਪਸ ਟੋਰਾਂਟੋ ਪਰਤ ਆਇਆ। ਪਿੰਡ ਵਾਸੀਆਂ ਨੂੰ ਕਹਿ ਆਇਆ ਕਿ ਉਹ ਸਿਹਤਯਾਬ ਹੋ ਕੇ ਦੋ ਕੁ ਮਹੀਨਿਆਂ ਤਕ ਫਿਰ ਪਿੰਡ ਆਵੇਗਾ ਤੇ ਰਹਿ ਗਏ ਕੰਮ ਅਗਾਂਹ ਤੋਰਾਂਗੇ। ਟੋਰਾਂਟੋ ਆ ਕੇ ਪਤਾ ਲੱਗਾ ਉਸ ਨੂੰ ਕੈਂਸਰ ਹੋ ਗਈ ਹੈ। ਹਨ੍ਹੇਰੇ ਵਿਰੁਧ ਲੜਨ ਵਾਲਾ ਤੇ ਚਾਨਣਾਂ ਦਾ ਛੱਟਾ ਦੇਣ ਵਾਲਾ ਸੰਗਰਾਮੀਆ ਮਰਿਆ ਨਹੀਂ। ਉਹ ਚਕਰ ਦਾ ਚਾਨਣ ਮੁਨਾਰਾ ਬਣਿਆ ਸਦਾ ਜਗਦਾ ਰਹੇਗਾ।

# ਪਾਕਿਸਤਾਨ ਵਿਚ ਕਿਸੇ ਵੀ ਸੁਧਾਰ ਦੀ ਨਾ-ਉਮੀਦੀ


ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455


ਪੇਸ਼ਾਵਰ ਦੇ ਆਰਮੀ ਸਕੂਲ ਵਿਚ ਇੱਕ ਸੌ ਬੱਤੀ ਬੱਚਿਆਂ ਸਮੇਤ ਇੱਕ ਸੌ ਚਾਲੀ ਤੋਂ ਵੱਧ ਲੋਕਾਂ ਦੀ ਮੌਤ ਦੀ ਖਬਰ ਮੰਗਲਵਾਰ ਆਈ ਸੀ। ਬੁੱਧਵਾਰ ਸਵੇਰੇ ਇੱਕ ਟੀ.ਵੀ. ਚੈਨਲ ਨੇ ਮ੍ਰਿਤਕਾਂ ਨੂੰ ਸ਼ਰਧਾਂਜਲੀਆਂ ਦਾ ਪ੍ਰੋਗਰਾਮ ਪੇਸ਼ ਕਰਨਾ ਸੀ। ਇਸ ਦੀ ਪੇਸ਼ਕਾਰ ਕੁੜੀ ਹੱਥ ਵਿਚ ਜਗਦੀ ਮੋਮਬੱਤੀ ਲੈ ਕੇ ਜਦੋਂ ਬੋਲਣ ਲੱਗੀ ਤਾਂ ਪਹਿਲਾਂ ਬੁੱਲ੍ਹ ਕੰਬੇ, ਫਿਰ ਉਸ ਦੇ ਜ਼ਬਾਨੋਂ ਧਾਹੀਂ ਮਾਰਨ ਵਾਂਗ ਕੁਝ ਲਫਜ਼ ਨਿਕਲੇ ਅਤੇ ਉਸ ਦੇ ਬਾਅਦ ਹਉਕੇ ਭਰਦੀ ਕਹਿਣ ਲੱਗੀ- "ਹੁਣ ਮੈਨੂੰ ਕੋਈ ਆਸ ਨਹੀਂ ਰਹੀ। ਅੱਜ ਅਸੀਂ ਮੋਮਬੱਤੀਆਂ ਫੜ ਕੇ ਸ਼ਰਧਾਂਜਲੀ ਦੇ ਰਹੇ ਹਾਂ, ਕੁਝ ਦਿਨਾਂ ਨੂੰ ਫੇਰ ਜਗਾ ਕੇ ਬੈਠੇ ਹੋਵਾਂਗੇ। ਪਹਿਲਾਂ ਆਸ ਸੀ ਕਿ ਕਦੇ ਦਿਨ ਸੁਧਰ ਵੀ ਜਾਣਗੇ, ਪਰ ਹੁਣ ਮੈਂ ਨਾ-ਉਮੀਦ ਹੋ ਗਈ ਹਾਂ। ਕੋਈ ਆਸ ਹੀ ਨਹੀਂ ਰਹਿ ਗਈ ਜਾਪਦੀ। ਜੇ ਕੋਈ ਸੁਧਾਰ ਹੋਣਾ ਹੁੰਦਾ ਤਾਂ ਇਨ੍ਹਾਂ ਬੱਚਿਆਂ ਨਾਲ ਵਾਪਰੇ ਇਸ ਕਹਿਰ ਤੋਂ ਬਾਅਦ ਹੋਣਾ ਸ਼ੁਰੂ ਹੋ ਜਾਂਦਾ, ਪਰ ਕੋਈ ਆਸ ਨਹੀਂ ਰਹਿ ਗਈ।" ਉਸ ਦੇ ਸ਼ਬਦ ਲਿਖਣ ਵੇਲੇ ਸਾਡੇ ਕੋਲੋਂ ਅੱਗੇ-ਪਿੱਛੇ ਹੋਏ ਹੋ ਸਕਦੇ ਹਨ, ਪਰ ਭਾਵ ਇਹੋ ਸੀ, ਜਿਹੜਾ ਅਸੀਂ ਵੀ ਲਿਆ ਤੇ ਹੋਰਨਾਂ ਨੇ ਵੀ, ਅਤੇ ਇਹ ਪ੍ਰਭਾਵ ਉਦੋਂ ਦਾ ਹੈ, ਜਦੋਂ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਸੱਦੀ ਹੋਈ ਸਰਬ ਪਾਰਟੀ ਮੀਟਿੰਗ ਹਾਲੇ ਨਹੀਂ ਸੀ ਹੋਈ।

ਅਗਲੇ ਦਿਨ ਸਰਬ ਪਾਰਟੀ ਮੀਟਿੰਗ ਹੋਈ, ਜਿਸ ਵਿਚ ਹਰ ਕਿਸੇ ਨੇ ਦਹਿਸ਼ਤਗਰਦੀ ਦੇ ਖਿਲਾਫ ਇਸ ਲਈ ਬੋਲਿਆ ਕਿ ਉਸ ਦਿਨ ਬੋਲਣਾ ਪੈਣਾ ਸੀ। ਉਥੇ ਉਹ ਇਮਰਾਨ ਖਾਨ ਵੀ ਬੋਲਿਆ, ਜਿਸ ਦੀ ਪਾਰਟੀ ਦਾ ਉਸ ਖੈਬਰ ਪਖਤੂਨਖਵਾ ਸੂਬੇ ਵਿਚ ਰਾਜ ਹੈ, ਜਿੱਥੇ ਇਹ ਕਾਂਡ ਹੋਇਆ ਹੈ। ਜਦੋਂ ਉਸ ਸੂਬੇ ਵਿਚ ਫੌਜ ਅਤਿਵਾਦੀਆਂ ਦੇ ਖਿਲਾਫ ਕਾਰਵਾਈ ਕਰਨ ਗਈ ਸੀ, ਇਮਰਾਨ ਦੀ ਪਾਰਟੀ ਦੇ ਉਥੇ ਲੱਗੇ ਗਵਰਨਰ ਨੇ ਇਸ ਦੇ ਵਿਰੋਧ ਵਿਚ ਅਸਤੀਫਾ ਦੇ ਦਿੱਤਾ ਸੀ ਤੇ ਫਿਰ ਫੌਜੀ ਕਾਰਵਾਈ ਰੋਕਣੀ ਪਈ ਸੀ। ਜਿਹੜਾ ਮੇਜਰ ਜਨਰਲ ਫੌਜੀ ਕਾਰਵਾਈ ਦੀ ਕਮਾਂਡ ਕਰਨ ਲਈ ਉਥੇ ਗਿਆ ਸੀ, ਉਸ ਨੂੰ ਕਤਲ ਕਰ ਦਿੱਤਾ ਗਿਆ ਸੀ ਤੇ ਦਹਿਸ਼ਤਗਰਦਾਂ ਨਾਲ ਸਾਂਝ ਰੱਖਣ ਵਾਲਾ ਗਵਰਨਰ ਇਮਰਾਨ ਖਾਨ ਨੂੰ ਮਾੜਾ ਨਹੀਂ ਸੀ ਲੱਗਾ। ਇਸ ਤਰ੍ਹਾਂ ਦੇ ਕਈ ਹੋਰ ਵੀ ਉਸ ਸਰਬ ਪਾਰਟੀ ਮੀਟਿੰਗ ਵਿਚ ਬੈਠੇ ਸਨ, ਜਿਨ੍ਹਾਂ ਲਈ ਇਹ ਮੀਟਿੰਗ ਇੱਕ ਰਸਮ ਪੂਰਤੀ ਸੀ, ਸਾਂਝ ਤਾਂ ਉਨ੍ਹਾਂ ਦੀ ਹੋਰ ਪਾਸੇ ਰਹਿਣੀ ਸੀ।

ਕਈ ਲੋਕਾਂ ਨੂੰ ਜਾਪਣ ਲੱਗ ਪਿਆ ਸੀ, ਅਤੇ ਇੱਕ ਹੱਦ ਤੱਕ ਸਾਨੂੰ ਵੀ ਇਹ ਪ੍ਰਭਾਵ ਦਿੱਸਿਆ ਸੀ ਕਿ ਇਸ ਵਾਰ ਜਿੱਡਾ ਵੱਡਾ ਕਾਂਡ ਆਰਮੀ ਸਕੂਲ ਵਿਚ ਹੋਇਆ ਹੈ, ਉਸ ਤੋਂ ਬਾਅਦ ਪਾਕਿਸਤਾਨ ਦੀ ਸਿਆਸੀ ਲੀਡਰਸ਼ਿਪ ਨੂੰ ਮੋੜਾ ਕੱਟਣਾ ਪਵੇਗਾ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦਾ ਇਹ ਕਹਿਣਾ ਵੀ ਇੱਕ ਖਾਸ ਇਸ਼ਾਰਾ ਕਰਦਾ ਸੀ ਕਿ 'ਹੁਣ ਚੰਗੇ ਅਤੇ ਮਾੜੇ ਤਾਲਿਬਾਨ ਵਿਚ ਕੋਈ ਫਰਕ ਨਹੀਂ ਰੱਖਿਆ ਜਾਵੇਗਾ।' ਇਹ ਇੱਕ ਤਰ੍ਹਾਂ ਇਸ ਜੁਰਮ ਦਾ ਇਕਬਾਲ ਕਰਨ ਦੇ ਬਰਾਬਰ ਸੀ ਕਿ ਹੁਣ ਤੱਕ ਉਹ ਇਸ ਤਰ੍ਹਾਂ ਕਰਦੇ ਰਹੇ ਸਨ। ਨਵਾਜ਼ ਸ਼ਰੀਫ ਦੇ ਸੁਰੱਖਿਆ ਸਲਾਹਕਾਰ ਨੇ ਹਾਲੇ ਪਿਛਲੇ ਹਫਤੇ ਕਿਹਾ ਸੀ ਕਿ ਜਿਹੜੇ ਦਹਿਸ਼ਤਗਰਦ ਗਰੁਪ ਸਾਡੇ ਉਤੇ ਹਮਲਾ ਨਹੀਂ ਕਰਨਗੇ, ਉਨ੍ਹਾਂ ਨੂੰ ਅਸੀਂ ਵੀ ਨਹੀਂ ਮਾਰਾਂਗੇ। ਇਸ ਦਾ ਭਾਵ ਸੀ ਕਿ ਚੜ੍ਹਦੇ ਪਾਸੇ ਭਾਰਤ ਵਿਚ ਅਤੇ ਲਹਿੰਦੇ ਪਾਸੇ ਅਫਗਾਨਿਸਤਾਨ ਵਿਚ ਭਾਵੇਂ ਕੁਝ ਵੀ ਕਰ ਕੇ ਸਾਡੇ ਘਰ ਪਨਾਹ ਲੈ ਲੈਣ, ਜੇ ਉਹ ਪਾਕਿਸਤਾਨ ਦੇ ਅੰਦਰ ਵਾਰਦਾਤ ਨਹੀਂ ਕਰਦੇ, ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ। ਦਹਿਸ਼ਤਗਰਦੀ ਨਾਲ ਨੰਗੀ-ਮੁੰਗੀ ਸਾਂਝ ਦਾ ਇਸ ਤੋਂ ਵੱਡਾ ਐਲਾਨ ਕੋਈ ਵੀ ਨਹੀਂ ਕੀਤਾ ਜਾ ਸਕਦਾ, ਜਿੱਡਾ ਉਸ ਨੇ ਕਰ ਦਿੱਤਾ ਸੀ ਅਤੇ ਸੰਸਾਰ ਦੀ ਲੋਕ-ਲਾਜ ਦੀ ਵੀ ਪ੍ਰਵਾਹ ਨਹੀਂ ਸੀ ਕੀਤੀ।

ਕੁਝ ਦਿਨ ਪਹਿਲਾਂ ਇੱਕ ਟੀ.ਵੀ. ਚੈਨਲ ਵਲੋਂ ਕਰਵਾਈ ਬਹਿਸ ਵਿਚ ਸਾਬਕਾ ਫੌਜੀ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਵੀ ਸ਼ਾਮਲ ਸੀ। ਉਥੇ ਇੱਕ ਪੱਤਰਕਾਰ ਨੇ ਇਹ ਸੁਣਾ ਦਿੱਤਾ ਕਿ ਪਾਕਿਸਤਾਨ ਦਹਿਸ਼ਤਗਰਦਾਂ ਨੂੰ ਆਪਣੀ ਪਹਿਲੀ ਡਿਫੈਂਸ ਲਾਈਨ ਦੇ ਤੌਰ ਉਤੇ ਵਰਤਦਾ ਲੱਗਦਾ ਹੈ। ਜਨਰਲ ਮੁਸ਼ੱਰਫ ਨੇ ਜਵਾਬ ਵਿਚ ਕਿਹਾ ਸੀ ਕਿ ਡਿਫੈਂਸ ਲਾਈਨ ਹੀ ਨਹੀਂ, ਜਹਾਦੀਆਂ ਨੂੰ ਕਈ ਵਾਰ ਪਹਿਲੀ ਆਫੈਂਸ ਲਾਈਨ ਵਜੋਂ ਵੀ ਵਰਤਣਾ ਪੈਂਦਾ ਹੈ। ਇਸ ਦਾ ਮਤਲਬ ਇਹ ਸੀ ਕਿ ਉਨ੍ਹਾਂ ਦੇ ਹਿਸਾਬ ਨਾਲ ਦਹਿਸ਼ਤਗਰਦੀ ਨੂੰ ਜਹਾਦ ਵਜੋਂ ਪੇਸ਼ ਕਰ ਕੇ ਹਮਲਾਵਰੀ ਦਾ ਕੰਮ ਵੀ ਕਰਵਾਇਆ ਜਾਂਦਾ ਹੈ। ਪਾਕਿਸਤਾਨ ਵਿਚ ਕਿਸੇ ਨੇ ਵੀ ਇਸ ਗੱਲ ਦਾ ਬੁਰਾ ਨਹੀਂ ਸੀ ਮਨਾਇਆ।

ਕੁਝ ਸਾਲ ਪਿੱਛੇ ਵੱਲ ਝਾਕਿਆ ਜਾਵੇ ਤਾਂ ਜਦੋਂ ਜਨਰਲ ਮੁਸ਼ੱਰਫ ਪਾਕਿਸਤਾਨ ਦਾ ਮੁਖੀ ਹੁੰਦਾ ਸੀ, ਅਮਰੀਕਾ ਦੇ ਵਰਲਡ ਟਰੇਡ ਸੈਂਟਰ ਦੇ ਟਾਵਰਾਂ ਉਤੇ ਜਹਾਜ਼ ਮਾਰੇ ਜਾਣ ਦੀ ਘਟਨਾ ਪਿੱਛੋਂ ਉਹ ਜਾਰਜ ਬੁੱਸ਼ ਦੇ ਕਹਿਣ ਉਤੇ ਅਫਗਾਨਿਸਤਾਨ ਦਾ ਉਚੇਚਾ ਦੌਰਾ ਕਰਨ ਗਿਆ ਤੇ ਉਥੇ ਸਰਕਾਰ ਚਲਾ ਰਹੇ ਮੁੱਲਾ ਉਮਰ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਓਸਾਮਾ ਬਿਨ ਲਾਦੇਨ ਨੂੰ ਅਮਰੀਕਾ ਦੇ ਹਵਾਲੇ ਕਰ ਦੇਵੇ। ਮੁਸ਼ੱਰਫ ਦੀ ਸਮਝਾਉਣੀ ਕੰਮ ਨਹੀਂ ਸੀ ਆਈ ਤੇ ਜਦੋਂ ਉਹ ਉਥੋਂ ਮੁੜਿਆ ਤਾਂ ਪਹਿਲਾ ਕੰਮ ਆਪਣੀ ਖੁਫੀਆ ਏਜੰਸੀ ਆਈ ਐਸ ਆਈ ਦੇ ਮੁਖੀ ਜਰਨੈਲ ਨੂੰ ਪਾਸੇ ਕਰਨ ਦਾ ਕੀਤਾ ਸੀ। ਇਸ ਦਾ ਕਾਰਨ ਇਹ ਸੀ ਕਿ ਖੁਫੀਆ ਏਜੰਸੀ ਦਾ ਮੁਖੀ ਕੱਟੜਪੰਥੀ ਸੀ ਤੇ ਉਹ ਮੁਸ਼ੱਰਫ ਵਲੋਂ ਅਫਗਾਨਿਸਤਾਨ ਤੱਕ ਇਸ ਗੱਲ ਦੀ ਪਹੁੰਚ ਕਰਨ ਨੂੰ ਜਹਾਦ ਦੇ ਵਿਰੁਧ ਮੰਨਦਾ ਸੀ। ਜਨਰਲ ਮੁਸ਼ੱਰਫ ਉਸ ਤੋਂ ਖਤਰਾ ਸਮਝ ਗਿਆ ਤੇ ਉਸ ਦੇ ਨਾਲ ਇੱਕ ਖਾਸ ਗਰੁਪ ਦੇ ਕਈ ਹੋਰ ਜਰਨੈਲਾਂ ਦੇ ਬਿਸਤਰੇ ਵੀ ਲਪੇਟੇ ਗਏ ਸਨ। ਸਾਰੇ ਜਾਣਦੇ ਸਨ ਕਿ ਇਹ ਖਾਸ ਗਰੁਪ ਜਨਰਲ ਜ਼ਿਆ ਉਲ ਹੱਕ ਦੇ ਫੌਜੀ ਰਾਜ ਵੇਲੇ ਬਣਿਆ ਸੀ, ਜਿਸ ਨਾਲ ਜੁੜੇ ਦਾੜ੍ਹੀ ਵਾਲੇ ਮੌਲਾਨਾ-ਟਾਈਪ ਫੌਜੀ ਅਫਸਰ ਸਾਰੇ ਸੰਸਾਰ ਉਤੇ ਇਸਲਾਮੀ ਰਾਜ ਕਰਨ ਦੀ ਸੋਚ ਰੱਖਦੇ ਸਨ। ਉਦੋਂ ਤੱਕ ਜਨਰਲ ਮੁਸ਼ੱਰਫ ਕੱਟੜਪੰਥੀ ਨਹੀਂ ਸੀ, ਸ਼ਾਇਦ ਅਜੇ ਵੀ ਨਾ ਹੋਵੇ, ਕਿਉਂਕਿ ਉਸ ਦੇਸ਼ ਵਿਚ ਕਈ ਲੋਕ 'ਸਮਿਰਨਾਫ ਵੋਦਕਾ' ਦਾ ਨਾਂ ਵਿਗਾੜ ਕੇ ਕਿਸੇ ਕਾਰਨ ਅੱਜ ਵੀ 'ਮੁਸ਼ੱਰਫਨ ਵੋਦਕਾ' ਕਹਿ ਦਿੰਦੇ ਹਨ। ਕੱਟੜਪੰਥੀ ਨਾ ਹੁੰਦੇ ਹੋਏ ਵੀ ਕੱਟੜਪੰਥ ਨੂੰ ਮੁਸ਼ੱਰਫ ਇੱਕ ਹਥਿਆਰ ਵਜੋਂ ਵਰਤਣਾ ਚਾਹੁੰਦਾ ਸੀ, ਪਰ ਆਪਣੇ ਲਈ ਖਤਰਾ ਵੀ ਮਹਿਸੂਸ ਕਰਦਾ ਸੀ, ਇਸ ਲਈ ਰਤਾ ਕੁ ਫਾਸਲੇ ਨਾਲ ਵਰਤਦਾ ਰਿਹਾ ਸੀ।



*ਬੱਚਿਆਂ ਦੇ ਕਤਲਾਂ ਤੋਂ ਅਗਲੀ ਸਵੇਰ ਟੀ.ਵੀ. ਪ੍ਰੋਗਰਾਮ ਦੀ ਪੇਸ਼ਕਾਰ ਉਹ ਕੁੜੀ ਹਉਕੇ ਭਰਦੀ ਹੋਈ ਠੀਕ ਹੀ ਕਹਿੰਦੀ ਸੀ ਕਿ 'ਹੁਣ ਮੈਨੂੰ ਕੋਈ ਆਸ ਨਹੀਂ ਰਹੀ। ਅੱਜ ਅਸੀਂ ਮੋਮਬੱਤੀਆਂ ਫੜ ਕੇ ਸ਼ਰਧਾਂਜਲੀ ਦੇ ਰਹੇ ਹਾਂ, ਕੁਝ ਦਿਨਾਂ ਨੂੰ ਫੇਰ ਜਗਾ ਕੇ ਬੈਠੇ ਹੋਵਾਂਗੇ। ਪਹਿਲਾਂ ਆਸ ਸੀ ਕਿ ਕਦੇ ਦਿਨ ਸੁਧਰ ਵੀ ਜਾਣਗੇ, ਪਰ ਹੁਣ ਮੈਂ ਨਾ-ਉਮੀਦ ਹੋ ਗਈ ਹਾਂ। ਕੋਈ ਆਸ ਹੀ ਨਹੀਂ ਰਹਿ ਗਈ ਜਾਪਦੀ। ਜੇ ਕੋਈ ਸੁਧਾਰ ਹੋਣਾ ਹੁੰਦਾ ਤਾਂ ਇਨ੍ਹਾਂ ਬੱਚਿਆਂ ਨਾਲ ਵਾਪਰੇ ਇਸ ਕਹਿਰ ਤੋਂ ਬਾਅਦ ਹੋਣਾ ਸ਼ੁਰੂ ਹੋ ਜਾਂਦਾ, ਪਰ ਕੋਈ ਆਸ ਨਹੀਂ ਰਹਿ ਗਈ।' ਕਾਸ਼, ਅਸੀਂ ਇਹ ਧਾਰਨਾ ਰੱਦ ਕਰ ਸਕਦੇ।*

ਹੁਣ ਦੌਰ ਮੁਸ਼ੱਰਫ ਦਾ ਨਹੀਂ, ਨਵਾਜ਼ ਸ਼ਰੀਫ ਦਾ ਹੈ। ਮੁਸ਼ੱਰਫ ਤੇ ਸ਼ਰੀਫ ਦਾ ਅਰਥ ਹੀ ਲਗਭਗ ਇੱਕੋ ਜਿਹਾ ਨਹੀਂ, ਵਿਹਾਰ ਵੀ ਮਿਲਦਾ-ਜੁਲਦਾ ਹੈ। ਦੋਵਾਂ ਨੇ ਦਹਿਸ਼ਤਗਰਦ ਜਥੇਬੰਦੀਆਂ ਨੂੰ ਗਾਹੇ-ਬਗਾਹੇ ਵਰਤਿਆ ਤੇ ਫਿਰ ਲੋੜ ਪਈ ਤੋਂ ਦਿਖਾਵੇ ਜੋਗੀ ਸਖਤੀ ਕੀਤੀ ਹੋਈ ਹੈ। ਇਸ ਵਾਰ ਵੀ ਇਹੋ ਕੁਝ ਹੁੰਦਾ ਜਾਪਦਾ ਹੈ। ਉਥੇ ਹੋਈ ਸਰਬ ਪਾਰਟੀ ਮੀਟਿੰਗ ਮਗਰੋਂ ਪਾਕਿਸਤਾਨੀ ਫੌਜ ਦਾ ਮੁਖੀ ਜਨਰਲ ਰਾਹੀਲ ਸ਼ਰੀਫ ਬੜੀ ਤੇਜ਼ੀ ਨਾਲ ਅਫਗਾਨਿਸਤਾਨ ਨੂੰ ਤੁਰ ਗਿਆ ਤੇ ਸਰਕਾਰ ਵਲੋਂ ਇਹ ਦੱਸਿਆ ਗਿਆ ਕਿ ਉਹ ਬੱਚਿਆਂ ਦੇ ਕਤਲ ਕਰਾਉਣ ਵਾਲੇ ਦਹਿਸ਼ਤਗਰਦਾਂ ਦੇ ਮੁਖੀ ਦੀ ਹਵਾਲਗੀ ਬਾਰੇ ਉਥੋਂ ਦੀ ਹਕੂਮਤ ਨਾਲ ਗੱਲ ਕਰਨ ਗਿਆ ਹੈ। ਜਿੰਨੀ ਤੇਜ਼ੀ ਨਾਲ ਗਿਆ ਸੀ, ਉਨੀ ਨਾਲ ਖਾਲੀ ਹੱਥ ਮੁੜ ਆਇਆ। ਉਹ ਕਹਿੰਦਾ ਹੈ ਕਿ ਉਸ ਨੇ ਅਫਗਾਨੀ ਹਕੂਮਤ ਨੂੰ ਆਰਮੀ ਸਕੂਲ ਉਤੇ ਹਮਲੇ ਦੌਰਾਨ ਕਾਤਲਾਂ ਦੀ ਆਪਣੇ ਮੁਖੀ ਨਾਲ ਹੋਈ ਗੱਲਬਾਤ ਦੀ ਰਿਕਾਰਡਿੰਗ ਇੱਕ ਪੱਕੇ ਸਬੂਤ ਵਜੋਂ ਪੇਸ਼ ਕੀਤੀ ਹੈ। ਸਰਬ ਪਾਰਟੀ ਮੀਟਿੰਗ ਮੌਕੇ ਨਵਾਜ਼ ਸ਼ਰੀਫ 'ਚੰਗੇ ਤੇ ਮਾੜੇ ਤਾਲਿਬਾਨ' ਦਾ ਜ਼ਿਕਰ ਕਰ ਕੇ ਆਪਣੇ ਗੁਨਾਹ ਦਾ ਇਕਬਾਲ ਕਰ ਬੈਠਾ ਸੀ, ਉਵੇਂ ਹੀ ਜਨਰਲ ਰਾਹੀਲ ਸ਼ਰੀਫ ਵੀ ਇਸ ਰਿਕਾਰਡਿੰਗ ਨਾਲ ਇੱਕ ਹੋਰ ਗੱਲੋਂ ਫਸ ਗਿਆ ਹੈ।

ਭਾਰਤ ਦੇ ਮੁੰਬਈ ਸ਼ਹਿਰ ਵਿਚ ਹੁਣ ਤੱਕ ਦਾ ਸਭ ਤੋਂ ਵੱਡਾ ਦਹਿਸ਼ਤਗਰਦ ਹਮਲਾ ਹੋਇਆ ਸੀ, ਜਿਸ ਵਿਚ ਜਿੰਦਾ ਫੜੇ ਇੱਕ ਕਾਤਲ ਅਜਮਲ ਆਮਿਰ ਕਸਾਬ ਨੂੰ ਪਾਕਿਸਤਾਨ ਨੇ ਆਪਣਾ ਨਹੀਂ ਸੀ ਮੰਨਿਆ। ਉਸ ਹਮਲੇ ਵਿਚ ਇੱਕ ਸੌ ਛਿਆਹਠ ਲੋਕ ਮਾਰੇ ਗਏ ਸਨ, ਜਿਨ੍ਹਾਂ ਵਿਚ ਕੁਝ ਅਮਰੀਕੀ ਵੀ ਸਨ ਅਤੇ ਦੋਸ਼ ਇਹ ਲੱਗ ਰਿਹਾ ਸੀ ਕਿ ਹਮਲਾਵਰ ਟੋਲੇ ਦੇ ਪਿੱਛੇ ਮੁੱਖ ਦੋਸ਼ੀ ਜ਼ਕੀ ਉਰ ਰਹਿਮਾਨ ਲਖਵੀ ਹੈ, ਜਿਸ ਨਾਲ ਦਹਿਸ਼ਤਗਰਦ ਗੋਲੀ ਚੱਲਦੀ ਤੋਂ ਵੀ ਗੱਲਾਂ ਕਰਦੇ ਤੇ ਉਸ ਤੋਂ ਹਦਾਇਤਾਂ ਲੈਂਦੇ ਰਹੇ ਸਨ। ਇਸ ਦੀ ਰਿਕਾਰਡਿੰਗ ਵੀ ਹੋਈ ਸੀ ਤੇ ਸਿਰਫ ਭਾਰਤ ਨੇ ਨਹੀਂ, ਅਮਰੀਕਾ ਵਾਲਿਆਂ ਨੇ ਵੀ ਕਰ ਲਈ ਸੀ। ਜ਼ਕੀ ਉਰ ਰਹਿਮਾਨ ਲਖਵੀ ਦੇ ਕੇਸ ਵਿਚ ਉਹੋ ਰਿਕਾਰਡਿੰਗ ਜਦੋਂ ਭਾਰਤ ਨੇ ਜ਼ਿਕਰ ਹੇਠ ਲਿਆਂਦੀ, ਪਾਕਿਸਤਾਨ ਦੀ ਕਿਸੇ ਵੀ ਹਕੂਮਤ ਨੇ ਸਬੂਤ ਵਜੋਂ ਕਦੇ ਨਹੀਂ ਸੀ ਮੰਨੀ। ਜੇ ਉਹ ਕਾਤਲਾਂ ਦੀ ਆਪਣੇ ਮੁਖੀ ਨਾਲ ਗੱਲਬਾਤ ਦੀ ਰਿਕਾਰਡਿੰਗ ਨੂੰ ਇੱਕ ਸਬੂਤ ਵਜੋਂ ਅਫਗਾਨਿਸਤਾਨ ਦੀ ਹਕੂਮਤ ਕੋਲ ਪੇਸ਼ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਭਾਰਤ ਦੇ ਦਿੱਤੇ ਇਸੇ ਸਬੂਤ ਨੂੰ ਹੁਣ ਤੱਕ ਉਹ ਆਪ ਕਿਉਂ ਨਹੀਂ ਸੀ ਮੰਨਦੇ, ਜਦਕਿ ਇਹ ਅਮਰੀਕਾ ਕੋਲ ਵੀ ਸੀ। ਅਫਗਾਨਿਸਤਾਨ ਸਰਕਾਰ ਨੇ ਇਸੇ ਲਈ ਜਨਰਲ ਰਾਹੀਲ ਦੀ ਕੋਈ ਗੱਲ ਨਹੀਂ ਮੰਨੀ ਕਿ ਪਾਕਿਸਤਾਨ ਵਾਲੇ ਦੋ-ਰੰਗੀ ਨਹੀਂ ਛੱਡਦੇ। ਪਾਕਿਸਤਾਨ ਵਿਚ ਕਤਲ ਕਰਨ ਵਾਲੇ ਦੋਸ਼ੀ ਤਾਂ ਉਹ ਮੰਗਦੇ ਹਨ, ਅਫਗਾਨਿਸਤਾਨ ਨੂੰ ਉਸ ਦੇ ਦੋਸ਼ੀ ਦੇਣ ਨੂੰ ਤਿਆਰ ਨਹੀਂ। ਜਿੰਦਾਂ ਦਾ ਵਿਹਾਰ ਉਨ੍ਹਾਂ ਨੇ ਹੁਣ ਤੱਕ ਭਾਰਤ ਨਾਲ ਕੀਤਾ ਸੀ, ਉਹੋ ਕੁਝ ਅਫਗਾਨਿਸਤਾਨ ਨਾਲ ਕਰਦੇ ਹੋਏ ਉਨ੍ਹਾਂ ਦਾ ਜਰਨੈਲ ਖਾਲੀ ਠੂਠਾ ਲੈ ਕੇ ਘਰ ਪਰਤ ਆਇਆ ਹੈ। ਇਹ ਉਨ੍ਹਾਂ ਲਈ ਇੱਕ ਹੋਰ ਝਟਕਾ ਹੈ, ਪਰ ਸੁਧਰ ਨਹੀਂ ਸਕਦੇ।

ਨਤੀਜਾ ਕੀ ਨਿਕਲੇਗਾ ਇਸ ਦਾ? ਸ਼ਾਇਦ ਕੋਈ ਵੀ ਨਹੀਂ। ਅਸੀਂ ਇਹ ਚਾਹੁੰਦੇ ਹਾਂ ਕਿ ਪਾਕਿਸਤਾਨ ਦੇ ਨਾਲ ਭਾਰਤ ਦੇ ਸਬੰਧ ਚੰਗੇ ਹੋਣ, ਅਸੀਂ ਮਿਲ ਕੇ ਚੱਲੀਏ ਤੇ ਇੱਕ-ਦੂਸਰੇ ਦੀ ਮਦਦ ਕਰੀਏ ਪਰ ਮਦਦ ਉਸ ਦੀ ਕੀਤੀ ਜਾ ਸਕਦੀ ਹੈ, ਜਿਹੜਾ ਮਦਦ ਲੈਣ ਦੇ ਬਦਲੇ ਕਿਸੇ ਤਰ੍ਹਾਂ ਦੀ ਮਦਦ ਕਰਨ ਲਈ ਵੀ ਤਿਆਰ ਹੋਵੇ। ਭਾਰਤ ਨੂੰ ਇਸ ਤਰ੍ਹਾਂ ਦੀ ਕੋਈ ਆਸ ਨਹੀਂ ਰੱਖਣੀ ਚਾਹੀਦੀ। ਪਾਕਿਸਤਾਨ ਦੇ ਅੰਦਰਲੇ ਹਾਲਾਤ ਇਹੋ ਜਿਹੇ ਹਨ ਕਿ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦਾ ਫੌਜ ਅਤੇ ਹੋਰ ਪ੍ਰਭਾਵਸ਼ਾਲੀ ਏਜੰਸੀਆਂ ਉਤੇ ਕੋਈ ਕਾਬੂ ਨਹੀਂ ਅਤੇ ਜਿਹੜੇ ਜਰਨੈਲਾਂ ਦੀ ਉਥੇ ਚੱਲਦੀ ਹੈ, ਉਹ ਇੱਕ ਵਾਰੀ ਫਿਰ ਉਸੇ ਜਨਰਲ ਮੁਸ਼ੱਰਫ ਨਾਲ ਮਿਲ ਕੇ ਚੱਲਣ ਲੱਗ ਪਏ ਹਨ, ਜਿਹੜਾ ਪੇਸ਼ਾਵਰ ਦੀ ਘਟਨਾ ਵਾਸਤੇ ਵੀ ਭਾਰਤ ਨੂੰ ਦੋਸ਼ੀ ਠਹਿਰਾ ਕੇ ਉਸ ਨੂੰ ਸਬਕ ਸਿਖਾਉਣ ਦੀਆਂ ਗੱਲਾਂ ਕਰ ਰਿਹਾ ਹੈ। ਉਥੇ ਫੌਜ ਦੇ ਬਹੁਤੇ ਜਰਨੈਲ ਹੁਣ ਵੀ ਇਸੇ ਧਾਰਨਾ ਉਤੇ ਚੱਲ ਰਹੇ ਹਨ ਕਿ ਚੌਧਰ ਉਸੇ ਦੀ ਚਮਕਣੀ ਹੈ, ਜਿਹੜਾ ਭਾਰਤ ਦੇ ਖਿਲਾਫ ਹਮਲਾਵਰੀ ਬੋਲੀ ਬੋਲਣ ਵਿਚ ਬਾਕੀ ਸਾਰਿਆਂ ਨੂੰ ਪਛਾੜ ਜਾਵੇਗਾ। ਭਾਰਤ ਦੇ ਵਿਰੋਧ ਦਾ ਇਹ ਕੰਮ ਕਬਰਾਂ ਵਿਚ ਖੜੋ ਕੇ ਵੀ ਕੁਝ ਲੋਕਾਂ ਨੇ ਕਰ ਦਿੱਤਾ ਸੀ ਤੇ ਅਗਲੇ ਦਿਨੀਂ ਵੀ ਫਿਰ ਕੀਤਾ ਜਾਣ ਵਾਲਾ ਹੈ।

ਹਾਲਾਤ ਕੋਈ ਵੀ ਹੋਣ, ਅਸੀਂ ਫਿਰ ਆਪਣੇ ਗਵਾਂਢ ਦੇ ਇਸ ਦੇਸ਼ ਦੀ ਖੈਰ ਮੰਗਦੇ ਹਾਂ, ਜਿਸ ਦੇ ਆਗੂਆਂ ਨੇ ਸਾਡੀ ਸੁੱਖ ਕਦੇ ਨਹੀਂ ਮੰਗੀ। ਅਸੀਂ ਵੀ ਦੁਆ ਹੀ ਕਰ ਸਕਦੇ ਹਾਂ, ਖੈਰ ਉਸ ਦੇਸ਼ ਵਿਚ ਰਹਿਣੀ ਨਹੀਂ। ਬੱਚਿਆਂ ਦੇ ਕਤਲਾਂ ਤੋਂ ਅਗਲੀ ਸਵੇਰ ਟੀ.ਵੀ. ਪ੍ਰੋਗਰਾਮ ਦੀ ਪੇਸ਼ਕਾਰ ਉਹ ਕੁੜੀ ਹਉਕੇ ਭਰਦੀ ਹੋਈ ਠੀਕ ਹੀ ਕਹਿੰਦੀ ਸੀ ਕਿ 'ਹੁਣ ਮੈਨੂੰ ਕੋਈ ਆਸ ਨਹੀਂ ਰਹੀ। ਅੱਜ ਅਸੀਂ ਮੋਮਬੱਤੀਆਂ ਫੜ ਕੇ ਸ਼ਰਧਾਂਜਲੀ ਦੇ ਰਹੇ ਹਾਂ, ਕੁਝ ਦਿਨਾਂ ਨੂੰ ਫੇਰ ਜਗਾ ਕੇ ਬੈਠੇ ਹੋਵਾਂਗੇ। ਪਹਿਲਾਂ ਆਸ ਸੀ ਕਿ ਕਦੇ ਦਿਨ ਸੁਧਰ ਵੀ ਜਾਣਗੇ, ਪਰ ਹੁਣ ਮੈਂ ਨਾ-ਉਮੀਦ ਹੋ ਗਈ ਹਾਂ। ਕੋਈ ਆਸ ਹੀ ਨਹੀਂ ਰਹਿ ਗਈ ਜਾਪਦੀ। ਜੇ ਕੋਈ ਸੁਧਾਰ ਹੋਣਾ ਹੁੰਦਾ ਤਾਂ ਇਨ੍ਹਾਂ ਬੱਚਿਆਂ ਨਾਲ ਵਾਪਰੇ ਇਸ ਕਹਿਰ ਤੋਂ ਬਾਅਦ ਹੋਣਾ ਸ਼ੁਰੂ ਹੋ ਜਾਂਦਾ, ਪਰ ਕੋਈ ਆਸ ਨਹੀਂ ਰਹਿ ਗਈ।' ਕਾਸ਼, ਅਸੀਂ ਇਹ ਧਾਰਨਾ ਰੱਦ ਕਰ ਸਕਦੇ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*
*Same rate for lanline and mobile.*

ਟੋਲ ਫਰੀ ਨੰਬਰ 1-888-652-6268
732-983-4332/4333



Sant Attar Singh Ji
(1866 – 1927)

ਇਹ ਹੈ ਪ੍ਰਗਟ ਹਮਾਰੀ ਕਾਸੀ। ਪੜ੍ਹਹੈਂ ਇਹਾਂ ਢੋਰ ਮਤਿਰਾਸੀ।
ਲੇਖਕ ਗੁਨੀ ਕਵਿੰਦ ਗਿਆਨੀ। ਬੁੱਧਿਸਿੰਧੁ ਹੋਹੈਂ ਇਤ ਆਨੀ॥
(Ref:- Mahan Kosh by Bhai Kahan Singh Nabha)





Sant Teja Singh Ji
(1877 – 1965)

# ਅਕਾਲ ਯੂਨੀਵਰਸਿਟੀ – ਗੁਰੂ ਕੀ ਕਾਸ਼ੀ ਦਮਦਮਾ ਸਾਹਿਬ
# ਐਜੂਕੇਸ਼ਨਲ ਸੈਮੀਨਾਰ

# Akal University - Guru Ki Kahsi Damdama Sahib Educational Seminars

WWW.BARUSAHIB.ORG

Chaired by Baba Iqbal Singh Ji

## 26 December 2014
**Friday** *5:00 PM Onwards*
Mirage Banquet Hall
2159 El Camino Ave.,
Sacramento, CA 95821

## 28 December 2014
**Sunday** *5:00 PM Onwards*
The Taj Fine Indian Cuisine
1400 Whyler Rd.,
Yuba City, CA 95993

## 4 January 2014
**Sunday** *11:30 PM Onwards*
Gurdwara Sahib Stockton
1930 South Sikh Temple St.,
Stockton, CA 95206

*No Registration Fees, Complimentary Dinner.*

# Thank You!

**We take a moment Thanking these donors for bestowing their immense Generosity during the Educational Seminars for accomplishing the First Phase of Akal University, Guru Ki Kashi The Fourth Blessing of Guru Gobind Singh Ji!**

Surinder Singh Las Angles, Amandeep Singh Sidhu Fresno, Milestone Construction Inc. Las Vegas, Paramjit Singh Dosanjh Bakersfield, Sarabjit K Guron Bakersfield, Gurdeep Singh Malik Las Angles, Paramjeet Singh Las Angles, Gurcharan Singh Dhillon Bakersfield, Jagjeet Singh Pannu Clovis, Baljit Singh Colton, Harpal Singh Toor Sandy, Gurdas Singh Gill Las Angles, Dilshad Singh Shad Bakersfield, Jatinder Singh Saini Phoenix, Harnek Singh Surprise, Satnam Singh Gambhir Viego, Jagtar Singh Dhaliwal Fresno, Young Frightway Delano, Ranbir Singh Bhatti Delano, Gurcharan Singh Salaha Porterville, Ajit Singh Bhatthal Bakersfield, Gurbalesh Singh Dhesi Bakersfield, Dr. Amrit Singh Las Angles, Gurdev Singh Muhar Fresno, Paramjit Singh West Coast, Kulwant Kaur Janda West Coast, Devinder Jhawan Las Vegas, Moola Gill Farms Fowler Ave, Jasbir Singh Bakersfield, Jasbir Singh Sekhon Bakersfield, Pyara Singh Cerritos, Tarjinder S. Brar Bakersfield, Charanjit Singh Batth Caruthers, Shabnamjit Kaur California, Bhai Tersem Singh Delano and many more…

For more details of upcoming seminars please contact:
**Ravideep Kaur Mukta 972-693-1077, Email: mukta@barusahib.org**

# THE KALGIDHAR SOCIETY - BARU SAHIB

Donate Through Bank
"ETERNAL CHARITABLE FOUNDATION" Chase Bank A/c in USA#: 988517371, Baru Sahib Charities of N. America
Send your check to Ravideep Kaur (Mukta), 805 Ingleside Drive, Plano, TX 75075, USA

#BaruSahibHP #barusahibhp @kalgidhartrust

# Dhillon Truck Stop
## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ



24 ਘੰਟੇ ਖੁੱਲ੍ਹਾ

ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

# The Anu Attorney Immigration Law Firm

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law

Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
India

*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

anu@anuattorney.com
www.anuattorney.com

Weekends & Evening Appointments Available

# GROW YOUR BUSINESS
WITH NEW TREND


FULL COLOR LED Digital Display & Message Board



LICENSED Contractor

GAS SIGNS

HOTEL/MOTEL SIGNS



We install anywhere in california

RF Remote LCD Remote

ELECTRIC SIGN COMPANY

for more info: Call Sukhpal
1-661-586-1106
email: esigncompany@gmail.com

# HIGH DEFINITION
Surveillance SYSTEMS
By
FOR COMMERCIAL & RESIDENTIAL
2 YEAR WARRANTY
1080P
VISTA HD SOLUTION



WE INSTALL ANYWHERE IN CALIFORNIA
HD QUALITY & ECONOMICAL PRICE
17 YEAR SURVEILLANCE BUSINESS
TRAINED & PROFESSIONAL TECH SUPPORT

Call Sukhpal
1-661-586-5080
commvision@sbcglobal.net


S. ASHOK BHAURA
& IKKI INTERNATIONAL ENTERTAINMENT
In association with
Global Punjab TV, Punjab Lok Rang and 5 Darya Dance Academy
proudly presents
S. Ashok Bhaura
ਨਵੇਂ ਵਰ੍ਹੇ ਨੂੰ ਜੀ ਆਇਆਂ ਆਖਦਾ ਰੰਗਾਰੰਗ ਪ੍ਰੋਗਰਾਮ
ਛਣਕਾਟਾ ਵੰਗਾਂ ਦਾ 2015
CHHANKATA VANGAN DA
On
Saturday 3rd Jan 2015
From 6:00 pm to late night.
SUNNYVALE COMMUNITY CENTRE
450 Persion Dr Sunnyvale, CA 94089
ਮੁੱਖ ਆਕਰਸ਼ਨ
ਪੰਜਾਬ ਦੀ ਪ੍ਰਸਿੱਧ ਗਾਇਕਾ
ਸਤਵਿੰਦਰ ਬਿੱਟੀ
ਸੰਗੀਤ ਗਰੁੱਪ ਆਫ ਕੈਲੇਫੋਰਨੀਆਂ ਦੇ ਅਨੂਪ ਚੀਮਾ, ਤਰਲੋਕ ਸਿੰਘ ਤੇ ਅਮਰਜੀਤ ਸਿੰਘ ਦੁਲਾਈ,
ਸੱਤੀ ਪਾਬਲਾ, ਮੰਗਜੀਤ ਮੰਗਾ, ਤਰਸੇਮ ਅਟਵਾਲ ਵੀ ਗੀਤਾਂ ਦਾ ਰੰਗ ਵਿਖਾਉਣਗੇ।
ਦੇਖ ਰੇਖ
ਸ਼ਕਤੀ ਮਾਣਕ
ਹਾਸਰਸ
ਬਲਜੀਵਨ, ਦਰਸ਼ਨ ਕਹਿਲ, ਕਨਵਰ,
ਡਿੰਪਲ ਜੋਸ਼ੀ, ਜਸਵਿੰਦਰ ਧਨੋਆ
ਮੰਚ ਸੰਚਾਲਨ
ਤਾਇਆ ਨਾਜਰ, ਜਾਗਰ
ਤੇ ਤਾਈ ਪ੍ਰੀਤੋ
ਪਰਿਵਾਰਾਂ ਸਮੇਤ ਪਹੁੰਚਣ
ਦੀ ਬੇਨਤੀ
Ticket $20
ਪੰਜਾਬੀ ਤੋਂ ਆਈ
ਨਵੀਂ ਤੇ ਸੁਰੀਲੀ ਅਵਾਜ਼
ਜੋਤ ਰਣਜੀਤ
Tikets available at: Pereet Fabrics Fremont, Shalimar, New Indian
Market Union City, Kash Fabrics, Hayward and Punjab Bazar San Jose.
Programe Record
by Global Punjab TV
For Inquiry call: Palli Dhanola 408 661 5879, Jagtar Gill 408 857 4455, S. ASHOK BHAURA 510 415 3315

# ਛਤਵਾਲ ਨੂੰ ਤਿੰਨ ਸਾਲ ਦੀ ਪ੍ਰੋਬੇਸ਼ਨ, ਪੰਜ ਲੱਖ ਡਾਲਰ ਦਾ ਜੁਰਮਾਨਾ


**ਨਿਊ ਯਾਰਕ:** ਫੈਡਰਲ ਅਦਾਲਤ ਦੇ ਜੱਜ ਨੇ ਸਰਕਾਰੀ ਧਿਰ ਦੀ ਜੇਲ੍ਹ ਦੀ ਮੰਗ ਖਾਰਜ ਕਰਦਿਆਂ ਹੋਟਲ ਲੜੀ ਦੇ ਮਾਲਕ ਨਾਮਵਰ ਭਾਰਤੀ-ਅਮਰੀਕੀ ਸੰਤ ਸਿੰਘ ਛਤਵਾਲ ਨੂੰ ਦੇਸ਼ ਦੇ ਚੋਣ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਤਿੰਨ ਸਾਲ ਪ੍ਰੋਬੇਸ਼ਨ ਦੀ ਸਜ਼ਾ ਤੇ 500,000 ਅਮਰੀਕੀ ਡਾਲਰ ਜੁਰਮਾਨਾ ਕੀਤਾ ਹੈ। 70 ਸਾਲਾ ਛਤਵਾਲ ਦੇ ਵਕੀਲਾਂ ਨੇ ਅਦਾਲਤ ਨੂੰ ਉਸ ਦੀ ਉਮਰ ਤੇ ਹੋਰਾਂ ਦੀ ਸੇਵਾ ਲਈ ਪਾਏ ਯੋਗਦਾਨ ਨੂੰ ਧਿਆਨ ਵਿਚ ਰੱਖਣ ਤੇ ਉਸ ਨੂੰ ਸਜ਼ਾ ਹੋਣ ਦੀ ਸੂਰਤ ਵਿਚ ਉਸ ਦੇ ਪਰਿਵਾਰ ਤੇ ਸਮਾਜ ਉਤੇ ਪੈਣ ਵਾਲੇ ਪ੍ਰਭਾਵਾਂ ਨੂੰ ਜਾਂਚਣ-ਪਰਖਣ ਦੀ ਬੇਨਤੀ ਕੀਤੀ।

ਅਦਾਲਤੀ ਕਾਗਜ਼ਾਂ ਵਿਚ ਉਨ੍ਹਾਂ ਨੇ ਬੇਨਤੀ ਕੀਤੀ ਕਿ ਛਤਵਾਲ ਨੂੰ ਪ੍ਰੋਬੇਸ਼ਨ ਤਹਿਤ ਸਜ਼ਾ ਤੇ ਭਰਵੀਂ ਸਮਾਜ ਸੇਵਾ ਲਾਈ ਜਾਵੇ ਤਾਂ ਕਿ ਉਹ ਹੋਰਾਂ ਦੀ ਸੇਵਾ ਕਰ ਸਕੇ ਤੇ ਆਪਣੇ ਦੋਵੇਂ ਪੁੱਤਰਾਂ ਵਿਵੇਕ ਤੇ ਵਿਕਰਮ ਦੀ ਸਾਂਭ-ਸੰਭਾਲ ਕਰ ਸਕੇ, ਜੋ ਡਾਕਟਰੀ ਪੱਖੋਂ ਕਾਫੀ ਅਸਮਰੱਥ ਹੋਣ ਕਾਰਨ ਬਹੁਤ ਹੱਦ ਤੱਕ ਉਸ 'ਤੇ ਨਿਰਭਰ ਹਨ। ਈਸਟਰਨ ਡਿਸਟ੍ਰਿਕਟ ਆਫ ਨਿਊਯਾਰਕ ਦੀ ਸੰਘੀ ਅਦਾਲਤ ਦੇ ਜ਼ਿਲ੍ਹਾ ਜੱਜ ਇਸਰਾਈਲ ਲਿਓ ਗਲੇਜ਼ਰ ਨੇ ਛਤਵਾਲ ਦੇ ਸਮਰਥਨ ਵਿਚ ਉਸ ਦੇ ਵਰਤਮਾਨ ਤੇ ਸਾਬਕਾ ਮੁਲਾਜ਼ਮਾਂ ਕਾਰੋਬਾਰੀ ਭਾਈਚਾਰੇ, ਚੈਰੀਟੇਬਲ ਟਰੱਸਟਾਂ ਵੱਲੋਂ ਲਾਏ ਗਏ ਸਮਰਥਨ ਪੱਤਰਾਂ ਨੂੰ 'ਲਾਮਿਸਾਲ' ਤੇ ਪ੍ਰਭਾਵਸ਼ਾਲੀ ਕਰਾਰ ਦਿੱਤਾ। 272 ਦੇ ਕਰੀਬ ਲੋਕਾਂ ਤੇ ਸੰਗਠਨਾਂ ਨੇ ਛਤਵਾਲ ਦੇ ਪਰਉਪਕਾਰੀ ਕਾਰਜਾਂ ਲਈ ਪੱਤਰ ਲਿਖੇ ਸਨ। ਸਰਕਾਰੀ ਵਕੀਲ ਨੇ ਜੱਜ ਨੂੰ 12-18 ਮਹੀਨੇ ਦੀ ਜੇਲ੍ਹ ਦੀ ਸਜ਼ਾ ਕਰਨ ਲਈ ਕਿਹਾ ਸੀ ਤਾਂ ਕਿ ਹੋਰ ਲੋਕ ਅੱਗੇ ਤੋਂ ਅਜਿਹੀ ਗਲਤੀ ਨਾ ਕਰਨ। ਜੱਜ ਨੇ ਕੇਂਦਰ ਸਰਕਾਰ ਦਾ ਇਹ ਦਾਅਵਾ ਰੱਦ ਕਰ ਦਿੱਤਾ ਕਿ ਛਤਵਾਲ 'ਦੋਹਰਾ ਜੀਵਨ' ਜਿਉਣ ਵਾਲਾ ਤੇ ਹਰ ਵੇਲੇ ਕਾਨੂੰਨ ਤੋੜਨ ਲਈ ਤਿਆਰ ਰਹਿਣ ਵਾਲਾ ਵਿਅਕਤੀ ਹੈ ਕਿਉਂਕਿ ਉਸ ਨੂੰ 'ਸੱਤਾਧਾਰੀਆਂ ਦੇ ਨੇੜੇ ਰਹਿਣ ਦਾ ਭੁੱਸ ਪੈ ਗਿਆ ਸੀ। ਜੱਜ ਅਨੁਸਾਰ ਛਤਵਾਲ ਨੇ ਕਾਨੂੰਨ ਦੀ ਸਿਰਫ ਇਹ ਇਕੋ ਉਲੰਘਣਾ ਕੀਤੀ ਹੈ। ਜੱਜ ਨੇ ਉਸ ਨੂੰ ਤਿੰਨ ਸਾਲ ਦੀ ਪ੍ਰੋਬੇਸ਼ਨ ਸਜ਼ਾ ਤੇ 500,000 ਡਾਲਰ ਜੁਰਮਾਨਾ ਕੀਤਾ ਹੈ, ਤੇ ਕਿਹਾ ਕਿ ਉਹ ਲੋਕ ਭਲਾਈ ਦੇ ਕਾਰਜ ਜਾਰੀ ਰੱਖੇ। ਫੈਸਲਾ ਸੁਣਾਏ ਜਾਣ 'ਤੇ ਉਸ ਦੇ ਪਰਿਵਾਰ ਤੇ ਮਿੱਤਰਾਂ ਨੇ ਸੁੱਖ ਦਾ ਸਾਹ ਲਿਆ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

510-794-7058

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*



ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ– 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114





*ਨਵੇਂ ਪੁਰਾਣੇ ਟਾਇਰ *ਬਰੇਕ *ਆਇਲ ਚੇਂਜ *ਰੀਅਰਐਂਡ *ਸਸਪੈਂਸ਼ਨ *ਇੰਸ਼ਪੈਕਸ਼ਨ *ਕਲੱਚ *ਵੈਲਡਿੰਗ

Oil Change Special $179.99
Labour $55 per hour

All major and minor repairs.

ਤਸੱਲੀਬਖਸ਼ ਕੰਮ ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ

ਫੋਨ: 559-897-2323, ਸੈਲ: 209-923-1110

# ਇਕ ਵਾਰ ਫਿਰ ਮੰਡੇਲਾ



## ਪੰਜਾਂ ਸਾਲਾਂ ਦੀ ਕਥਾ: ਦਿ ਪ੍ਰੈਜ਼ੀਡੈਂਸ਼ੀਅਲ ਯੀਅਰਜ਼

**ਕਲਾ ਪਰਿਕਰਮਾ**

**ਜਗਜੀਤ ਸਿੰਘ ਸੇਖੋਂ**


ਦੱਖਣੀ ਅਫਰੀਕਾ ਹੀ ਨਹੀਂ, ਸਮੁੱਚੇ ਸੰਸਾਰ ਵਿਚ ਨਸਲੀ ਵਿਤਕਰੇ ਨਾਲ ਸੰਘਰਸ਼ ਦੇ ਚਿੰਨ੍ਹ ਬਣੇ ਨੈਲਸਨ ਮੰਡੇਲਾ ਦੀ ਦੂਜੀ ਸਵੈ-ਜੀਵਨੀ 'ਦਿ ਪ੍ਰੈਜ਼ੀਡੈਂਸ਼ੀਅਲ ਯੀਅਰਜ਼' ਅਗਲੇ ਸਾਲ ਛਾਪੀ ਜਾ ਰਹੀ ਹੈ। ਉਸ ਦੀ ਪਹਿਲੀ ਸਵੈ-ਜੀਵਨੀ 'ਲੌਂਗ ਵਾਕ ਟੂ ਫਰੀਡਮ' 1995 ਵਿਚ ਪ੍ਰਕਾਸ਼ਿਤ ਹੋਈ ਸੀ। 630 ਸਫਿਆਂ ਦੀ ਇਸ ਸਵੈ-ਜੀਵਨੀ ਵਿਚ ਨੈਲਸਨ ਮੰਡੇਲਾ ਨੇ ਆਪਣੀ ਜ਼ਿੰਦਗੀ ਦੇ ਤਕਰੀਬਨ ਹਰ ਪੱਖ ਨੂੰ ਸਮਝਣ-ਸਮਝਾਉਣ ਦਾ ਯਤਨ ਕੀਤਾ ਸੀ।

'ਲੌਂਗ ਵਾਕ ਟੂ ਫਰੀਡਮ' ਅੰਗਰੇਜ਼ੀ ਵਿਚ ਛਪੀ ਸੀ, ਫਿਰ ਇਸ ਕਿਤਾਬ ਦਾ ਕਈ ਭਾਸ਼ਾਵਾਂ ਵਿਚ ਅਨੁਵਾਦ ਹੋਇਆ ਅਤੇ ਇਹ ਸੰਸਾਰ ਭਰ ਵਿਚ ਪੜ੍ਹੀ ਗਈ। ਅਸਲ ਵਿਚ ਨਸਲੀ ਵਿਤਕਰੇ ਖਿਲਾਫ ਨੈਲਸਨ ਮੰਡੇਲਾ ਨੇ ਜਾਨ ਹੂਲ ਕੇ ਸੰਘਰਸ਼ ਕੀਤਾ ਸੀ ਅਤੇ ਉਹ 27 ਸਾਲ ਜੇਲ੍ਹ ਵਿਚ ਬੰਦ ਰਹੇ। ਉਸ ਦੀ ਜ਼ਿੰਦਗੀ ਵਿਚ ਬਹੁਤ ਜ਼ਿਆਦਾ ਉਤਰਾਅ-ਚੜ੍ਹਾਅ ਆਉਂਦੇ ਰਹੇ, ਪਰ ਉਨ੍ਹਾਂ ਆਪਣੀ ਲੜਾਈ ਨੂੰ ਰੱਤੀ ਭਰ ਵੀ ਢੈਲੀ ਨਹੀਂ ਪੈਣ ਦਿੱਤਾ। ਉਹਦੇ ਇਸੇ ਹਠ ਦਾ ਨਤੀਜਾ ਹੈ ਕਿ ਅੱਜ ਉਹ ਸੰਸਾਰ ਭਰ ਦੇ ਜੁਝਾਰੂ ਲੋਕਾਂ ਲਈ ਰਾਹ ਦਸੇਰਾ ਬਣੇ ਹੋਏ ਹਨ। ਇਸੇ ਕਰ ਕੇ ਹੀ ਹੁਣ ਲੋਕ ਉਸ ਦੀ ਨਵੀਂ ਸਵੈ-ਜੀਵਨੀ ਨੂੰ ਬਹੁਤ ਬੇਸਬਰੀ ਨਾਲ ਉਡੀਕ ਰਹੇ ਹਨ।

ਉਂਜ, ਇਕ ਬਹੁਤ ਵੱਡਾ ਸਵਾਲ ਅੱਜ ਵੀ ਲੋਕਾਂ ਦੇ ਮਨਾਂ ਵਿਚ ਘੁੰਮ ਰਿਹਾ ਹੈ ਕਿ ਦੱਖਣੀ ਅਫਰੀਕਾ ਵਿਚ ਨਸਲਪ੍ਰਸਤ ਸਰਕਾਰ ਦਾ ਖਾਤਮਾ ਤਾਂ ਨੈਲਸਨ ਮੰਡੇਲਾ ਅਤੇ ਉਸ ਦੇ ਸਾਥੀਆਂ ਨੇ ਕਰ ਦਿੱਤਾ, ਪਰ ਵਿਤਕਰੇ ਰਹਿਤ ਜਿਸ ਸਮਾਜ ਦੀ ਉਸਾਰੀ ਹੋਣੀ ਚਾਹੀਦੀ ਸੀ, ਉਹ ਅੱਜ ਤੱਕ ਵੀ ਸੰਭਵ ਨਹੀਂ ਹੋ ਸਕੀ। ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਨੈਲਸਨ ਮੰਡੇਲਾ ਨੇ ਦੱਖਣੀ ਅਫਰੀਕਾ ਦੇ ਬੁਨਿਆਦੀ ਢਾਂਚੇ ਵਿਚ ਕੋਈ ਖਾਸ ਤਬਦੀਲੀ ਨਹੀਂ ਕੀਤੀ ਜਿਸ ਕਰ ਕੇ ਬਹੁਤ ਸਾਰੀਆਂ ਚੀਜ਼ਾਂ ਜਿਉਂ ਦੀਆਂ ਤਿਉਂ ਰਹਿ ਗਈਆਂ। ਉਸ ਦੀ ਇਸ ਹਾਰ ਨੂੰ ਸਮਝਣ ਲਈ ਬਹੁਤ ਸਾਰੇ ਵਿਦਵਾਨ ਭਾਰਤ ਦੀ ਮਿਸਾਲ ਦਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਭਾਰਤ ਭਾਵੇਂ 1947 ਵਿਚ ਅੰਗਰੇਜ਼ਾਂ ਦੇ ਕਬਜ਼ੇ ਤੋਂ ਤਾਂ ਆਜ਼ਾਦ ਹੋ ਗਿਆ, ਪਰ ਭਾਰਤ ਦੇ ਨਵੇਂ ਸ਼ਾਸਕਾਂ ਨੇ ਅੰਗਰੇਜ਼ਾਂ ਵਲੋਂ ਉਸਾਰਿਆ ਸਮੁੱਚਾ ਢਾਂਚਾ ਹੀ ਅਪਨਾ ਲਿਆ।

ਸਿੱਟੇ ਵਜੋਂ ਆਜ਼ਾਦੀ ਦਾ ਉਹ ਰੰਗ ਦੇਖਣ ਨੂੰ ਨਹੀਂ ਮਿਲਿਆ ਜਿਸ ਦੇ ਲਈ ਭਾਰਤ ਦੇ ਸੰਘਰਸ਼ਸ਼ੀਲ ਲੋਕਾਂ ਨੇ ਆਪਣੀਆਂ ਜਾਨਾਂ ਤੱਕ ਕੁਰਬਾਨ ਕਰ ਦਿੱਤੀਆਂ ਸਨ। ਨੈਲਸਨ ਮੰਡੇਲਾ ਦਾ ਵੀ ਇਹੀ ਦੁਖਾਂਤ ਰਿਹਾ। ਉਹ ਗੋਰਿਆਂ ਵਲੋਂ ਉਸਾਰੇ ਢਾਂਚੇ ਤੋਂ ਖੇਰੂੰ-ਖੇਰੂੰ ਕਰ ਕੇ ਆਪਣੇ ਲੋਕਾਂ ਦੇ ਹਿਸਾਬ ਨਾਲ ਹੋਰ ਢਾਂਚਾ ਉਸਾਰਨ ਦੇ ਮਾਮਲੇ ਵਿਚ ਉਕ ਗਿਆ। ਉਸ ਨੇ 5 ਸਾਲ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਵਜੋਂ ਅਗਵਾਈ ਕੀਤੀ ਅਤੇ ਫਿਰ ਸੱਤਾ, ਆਪਣੇ ਹੋਰ ਪਾਰਟੀ ਸਾਥੀਆਂ ਨੂੰ ਸੌਂਪ ਕੇ ਸੱਤਾ ਤੋਂ ਲਾਂਭੇ ਹੋ ਗਿਆ। ਫਿਰ 5 ਦਸੰਬਰ 2013 ਨੂੰ ਉਸ ਨੇ ਆਖਰੀ ਸਾਹ ਲਿਆ ਅਤੇ ਇਤਿਹਾਸ ਦਾ ਹਿੱਸਾ ਹੋ ਗਿਆ।


ਆਪਣੀ ਦੂਜੀ ਸਵੈ-ਜੀਵਨੀ 'ਦਿ ਪ੍ਰੈਜ਼ੀਡੈਂਸ਼ੀਅਲ ਯੀਅਰਜ਼' ਉਸ ਨੇ 1998 ਵਿਚ ਲਿਖਣੀ ਸ਼ੁਰੂ ਕੀਤੀ ਸੀ ਅਤੇ ਇਸ ਦੇ 10 ਚੈਪਟਰ ਮੁਕੰਮਲ ਕਰ ਲਏ ਸਨ। ਨੈਲਸਨ ਮੰਡੇਲਾ ਫਾਊਂਡੇਸ਼ਨ ਦੀ ਤਰਜਮਾਨ ਡੇਨੀਅਲ ਮੈਲਵਿਲੇ ਨੇ ਦੱਸਿਆ ਕਿ ਇਨ੍ਹਾਂ 10 ਚੈਪਟਰਾਂ ਨੂੰ ਆਧਾਰ ਬਣਾ ਕੇ ਹੁਣ ਨਵੀਂ ਸਵੈ-ਜੀਵਨੀ ਤਿਆਰ ਕੀਤੀ ਗਈ ਹੈ। ਉਂਜ ਉਨ੍ਹਾਂ ਇਹ ਖੁਲਾਸਾ ਨਹੀਂ ਕੀਤਾ ਕਿ ਇਹ ਕਿਤਾਬ ਮੁੱਖ ਰੂਪ ਵਿਚ ਮੁਕੰਮਲ ਕਿਸ ਨੇ ਕੀਤੀ ਹੈ। ਯਾਦ ਰਹੇ ਕਿ ਨੈਲਸਨ ਮੰਡੇਲਾ ਨੇ ਇਹ ਚੈਪਟਰ ਆਪਣੇ 5 ਸਾਥੀਆਂ ਨੂੰ ਸੌਂਪਣ ਦਾ ਵਾਅਦਾ ਆਪਣੇ ਨੇੜਲਿਆਂ ਤੋਂ ਲਿਆ ਸੀ। ਇਨ੍ਹਾਂ ਵਿਚ ਰਾਸ਼ਟਰਪਤੀ ਜੈਕਬ ਜ਼ੂਮਾ, ਉਪ ਰਾਸ਼ਟਰਪਤੀ ਸਾਇਰਿਲ ਰੰਪੋਸਾ ਅਤੇ ਰਾਸ਼ਟਰਪਤੀ ਭਵਨ ਦੀ ਤਰਜਮਾਨ ਮੈਕ ਮਹਾਰਾਜ ਸ਼ਾਮਲ ਹਨ। ਮੈਕ ਮਹਾਰਾਜ ਮੰਡੇਲਾ ਨਾਲ ਰੌਬਿਨ ਆਈਲੈਂਡ ਜੇਲ੍ਹ ਵਿਚ ਬੰਦ ਰਹੀ ਸੀ।




*ਨੈਲਸਨ ਮੰਡੇਲਾ ਦੀ ਪਹਿਲੀ ਸਵੈ-ਜੀਵਨੀ 'ਲੌਂਗ ਵਾਕ ਟੂ ਫਰੀਡਮ'*

*ਨਸਲੀ ਵਿਤਕਰੇ ਖਿਲਾਫ ਮੰਡੇਲਾ ਨੇ ਜਾਨ ਹੂਲ ਕੇ ਸੰਘਰਸ਼ ਕੀਤਾ ਸੀ ਅਤੇ ਉਹ 27 ਸਾਲ ਜੇਲ੍ਹ ਵਿਚ ਬੰਦ ਰਹੇ। ਉਨ੍ਹਾਂ ਆਪਣੀ ਲੜਾਈ ਨੂੰ ਰੱਤੀ ਭਰ ਵੀ ਢੈਲੀ ਨਹੀਂ ਪੈਣ ਦਿੱਤਾ।*

## 'ਲੌਂਗ ਵਾਕ ਟੂ ਫਰੀਡਮ' ਬਨਾਮ ਫਿਲਮ




*ਨੈਲਸਨ ਮੰਡੇਲਾ ਦੀ ਸਵੈ-ਜੀਵਨੀ 'ਲੌਂਗ ਵਾਕ ਟੂ ਫਰੀਡਮ' ਨੂੰ ਆਧਾਰ ਬਣਾ ਕੇ ਫਿਲਮਸਾਜ਼ ਜਸਟਿਨ ਸ਼ੈਡਵਿਕ ਨੇ ਫਿਲਮ 'ਮੰਡੇਲਾ: ਲੌਂਗ ਵਾਕ ਟੂ ਫਰੀਡਮ' ਬਣਾਈ ਸੀ। ਫਿਲਮ ਦੀ ਪਟਕਥਾ ਵਿਲੀਅਮ ਨਿਕੋਲਸ ਨੇ ਲਿਖੀ ਸੀ ਅਤੇ ਅਨੰਤ ਸਿੰਘ ਨੇ ਪ੍ਰੋਡਿਊਸ ਕੀਤੀ ਸੀ। ਫਿਲਮ ਵਿਚ ਮੰਡੇਲਾ ਦਾ ਕਿਰਦਾਰ ਅਦਾਕਾਰ ਇਦਰੀਸ ਐਲਬਾ ਨੇ ਨਿਭਾਇਆ ਸੀ। ਅਮਰੀਕਾ ਵਿਚ ਇਹ ਫਿਲਮ 29 ਨਵੰਬਰ 2013 ਨੂੰ ਰਿਲੀਜ਼ ਹੋਈ ਸੀ। ਇਸ ਤੋਂ ਇਲਾਵਾ 1987 ਵਿਚ ਡੈਨੀ ਗਲੋਵਰ ਨੇ 'ਮੰਡੇਲਾ ਐਂਡ ਡੀ ਕਲਾਰਕ' ਫਿਲਮ ਬਣਾਈ ਸੀ। ਉਸ ਬਾਰੇ 2007 ਵਿਚ ਇਕ ਹੋਰ ਫਿਲਮ 'ਗੁਡਬਾਏ ਬਾਫਨਾ' ਸਾਹਮਣੇ ਆਈ ਜਿਸ ਵਿਚ ਮੰਡੇਲਾ ਦਾ ਕਿਰਦਾਰ ਪ੍ਰਸਿੱਧ ਅਦਾਕਾਰ ਡੈਨਿਸ ਹੇਅਜ਼ਬਰਟ ਨੇ ਨਿਭਾਇਆ। 2009 ਵਿਚ ਬੀ.ਬੀ.ਸੀ. ਨੇ ਫਿਲਮ 'ਮਿਸਟਰ ਮੰਡੇਲਾ' ਤਿਆਰ ਕੀਤੀ। ਅਦਾਕਾਰ ਮੋਰਗਲ ਫ਼ਰੀਮੈਨ ਨੇ ਫਿਲਮ 'ਇਨਵਿਕਟਸ' (2009) ਵਿਚ ਮੰਡੇਲਾ ਦਾ ਕਿਰਦਾਰ ਨਿਭਾਇਆ। 2011 ਵਿਚ ਆਈ ਫਿਲਮ 'ਵਿੰਨੀ ਮੰਡੇਲਾ' ਵਿਚ ਵੀ ਉਸ ਦੇ ਕਿਰਦਾਰ ਨੂੰ ਅਹਿਮੀਅਤ ਦਿੱਤੀ ਗਈ।*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਜਨਵਰੀ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-149



*ਇਥੇ ਕਿਹੜਾ ਪੁਲਿਸ ਵੇਖਦੀ ਬੈਠੇ ਹਾਂ ਅਸੀਂ ਛੇ,*
*ਆ ਵੀ ਗਿਆ ਕੋਈ ਕੱਢ ਲਵਾਂਗੇ ਵਿੰਗੀ ਉਂਗਲ ਨਾਲ ਘੇ।*
*ਮੌਜ ਮਸਤੀਆਂ ਨਾਲ ਹੀ ਮੁੱਕ ਜੂ ਘਰ ਤੱਕ ਸਾਡੀ ਵਾਟ,*
*ਹਵਾ ਨਾਲ ਗੱਲਾਂ ਕਰਦਾ ਵੇਖਿਓ ਸਾਡਾ ਬੰਬੂ ਕਾਟ।*

## ਕੈਪਸ਼ਨ ਮੁਕਾਬਲਾ-147




ਬੰਦਾ ਤਾਂ ਅੱਜ ਲੇਟ ਹੋ ਗਿਆ
ਆਪਾਂ ਫਰਜ਼ ਨਿਭਾਵਾਂਗੇ।
ਸੇਵਾਦਾਰ ਹਾਂ ਅਸੀਂ ਤੁਹਾਡੇ
ਪੂਰੀ ਵਫਾ ਦਿਖਾਵਾਂਗੇ।
ਆਪੋ ਆਪਣੇ ਰਸਤੇ ਚੱਲਿਓ
ਨਹੀਂ ਤਾਂ ਸਬਕ ਸਿਖਾਵਾਂਗੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਲੰਚ ਬ੍ਰੇਕ 'ਤੇ ਹੌਲਦਾਰ ਹੈ
ਪੋਸਟ ਪਈ ਹੈ ਖਾਲੀ।
ਭਾਂਪਦਿਆਂ ਇਹ ਚੰਗਾ ਮੌਕਾ
ਆ ਕੁੱਤੇ ਨੇ ਸੀਟ ਸੰਭਾਲੀ।
ਜਿੰਨਾ ਚਿਰ ਵਾਪਸ ਨਹੀਂ ਆਉਂਦਾ
ਆਪਣੀ ਟੌਹਰ ਬਣਾਵਾਂਗੇ।
ਆਉਂਦੇ-ਜਾਂਦੇ 'ਤੇ ਨਿਗਾਹ ਰੱਖਾਂਗੇ
ਹੌਲਦਾਰ ਦਾ ਫਰਜ਼ ਨਿਭਾਵਾਂਗੇ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਵਫਾਦਾਰ ਮਾਲਕਾਂ ਦਾ
ਰਹਿੰਦਾ ਮੈਂ ਹਮੇਸ਼ ਹਾਂ।
ਸੱਚਾ ਪਹਿਰੇਦਾਰ ਹਾਂ,
ਕਹਾਉਂਦਾ ਦਰਵੇਸ਼ ਹਾਂ।
ਵੇਖਾਂਗਾ ਹਰ ਇਕ ਵੱਲ,
ਬੋਲੀ ਇਕੋ ਬੋਲਾਂਗਾ।
ਕਰਾਂਗਾ ਸਾਵਧਾਨ ਕੇਵਲ,
ਜੇਬਾਂ ਨਹੀਂ ਫਰੋਲਾਂਗਾ।
ਚੋਰ, ਡਾਕੂ, ਸਮਗਲਰਾਂ ਨੂੰ,
ਮੈਂ ਦੂਰੋਂ ਲਲਕਾਰਦਾ।
'ਕੈਲ' ਮਾਲਕਾਂ ਤੋਂ ਅੱਗੇ ਹੋ,
ਮੈਂ ਪਹਿਲਾਂ ਜਾਨ ਵਾਰਦਾ।

*-ਕਰਨੈਲ ਸਿੰਘ ਕੈਲ*
*ਫੋਨ: 206-557-9419*

---

ਸਮਝੋ ਨਾ ਮੈਨੂੰ ਐਵੇਂ
ਮੈਂ ਹਾਂ ਪੂਰਾ ਵਫਾਦਾਰ।
ਮਾਲਕ ਗਿਐ ਲੈਣ ਚਾਹ-ਪਾਣੀ
ਮੈਨੂੰ ਬਿਠਾ ਕੇ ਪਹਿਰੇਦਾਰ।

*-ਇੰਦਰਜੀਤ ਸਿੰਘ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

---

ਕੰਮ ਹੀ ਹੈ ਪੂਜਾ
ਬੰਦੇ ਤੈਨੂੰ ਕੌਣ ਸਮਝਾਵੇ।
ਕੁੱਤਾ ਤੇਰੀ ਡਿਊਟੀ ਕਰਦਾ
ਤੈਨੂੰ ਸੰਗ ਨਾ ਆਵੇ।

*-ਗੁਰਦੇਵ ਸਿੰਘ ਵਿਰਦੀ*
*ਓਂਟਾਰੀਓ, ਕੈਨੇਡਾ।*

## ਕੈਪਸ਼ਨ ਮੁਕਾਬਲਾ-146

ਨਿੱਤ ਜਾਵਾਂ ਮੈਂ ਪੜ੍ਹਨ ਸਕੂਲੇ
ਨਾ ਵਿਹਲਾ ਸਮਾਂ ਗੁਆਵਾਂ।
ਪੜ੍ਹਾਈ 'ਚੋਂ ਕੁਝ ਪਲ ਕੱਢ ਕੇ
ਮਾਪਿਆਂ ਦਾ ਹੱਥ ਵਟਾਵਾਂ।
ਮਿਹਨਤ ਕਰਨ ਵਿਚ ਸ਼ਰਮ ਕੋਈ ਨਾ
ਇਹ ਜੀਵਨ ਦਾ ਗਹਿਣਾ।
ਕੱਚਿਓਂ ਪੱਕੇ ਜ਼ਰੂਰ ਬਣਨਗੇ
ਅਸਾਂ ਕੋਸ਼ਿਸ਼ ਕਰਦੇ ਰਹਿਣਾ।

*-ਸੇਵਾ ਸਿੰਘ ਨੂਰਪੁਰੀ*

ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਕੈਲੀਫੋਰਨੀਆ

## ਸ੍ਰੀ ਫਤਿਹਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਦਸ਼ਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਕੁਰਬਾਨੀ ਦੀ ਯਾਦ ਵਿਚ

# ਸ਼ਹੀਦੀ ਜੋੜ ਮੇਲਾ

### ਪ੍ਰੋਗਰਾਮ ਦਾ ਵੇਰਵਾ

**26 ਦਸੰਬਰ 2014, ਸ਼ੁੱਕਰਵਾਰ**
ਅਰੰਭ ਸ੍ਰੀ ਅਖੰਡ ਪਾਠ (ਸਵੇਰੇ 11:00 ਵਜੇ)
ਸ਼ਾਮ 7 ਵਜੇ ਤੋਂ 11 ਵਜੇ ਤੱਕ ਬੱਚਿਆਂ ਵਲੋਂ ਵਿਸ਼ੇਸ਼ ਕੀਰਤਨ

**27 ਦਸੰਬਰ 2014, ਸਨਿਚਰਵਾਰ (ਸ਼ਾਮ ਨੂੰ 8:00 ਵਜੇ)**
ਸਾਹਿਬਜ਼ਾਦਿਆਂ ਦੀ ਸ਼ਹੀਦੀ ਸਬੰਧੀ ਫਿਲਮ ਦਿਖਾਈ ਜਾਵੇਗੀ

**28 ਦਸੰਬਰ 2014, ਐਤਵਾਰ**
ਭੋਗ ਸ੍ਰੀ ਅਖੰਡ ਪਾਠ (ਸਵੇਰੇ 9:30 ਵਜੇ)

**ਕੀਰਤਨ ਦਰਬਾਰ:** ਸਵੇਰੇ 10:30 ਵਜੇ ਤੋਂ ਬਾਅਦ ਦੁਪਹਿਰ 1:30 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜੇਗਾ ਜਿਸ ਵਿਚ ਪੰਥ ਦੇ ਮਹਾਨ ਕੀਰਤਨੀ ਜਥੇ, ਕਥਾਵਾਚਕ, ਢਾਡੀ ਜਥੇ ਅਤੇ ਖਾਲਸਾ ਸਕੂਲ ਦੇ ਬੱਚੇ ਸੰਗਤਾਂ ਨੂੰ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ ਰਾਹੀਂ ਗੁਰੂ ਚਰਨਾਂ ਨਾਲ ਜੋੜਨਗੇ ਅਤੇ ਇਤਿਹਾਸ ਸਰਵਣ ਕਰਵਾਉਣਗੇ।

**ਨਗਰ ਕੀਰਤਨ:** ਬਾਅਦ ਦੁਪਹਿਰ 2 ਵਜੇ ਗੁਰਦੁਆਰਾ ਸਾਹਿਬ ਅੰਦਰ ਵਿਸ਼ੇਸ਼ ਨਗਰ ਕੀਰਤਨ ਕੀਤਾ ਜਾਵੇਗਾ



*ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਵਧ ਤੋਂ ਵਧ ਗਿਣਤੀ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਅਸੀਸਾਂ ਪ੍ਰਾਪਤ ਕਰੋ ਜੀ*

### ਗੁਰੂ ਪੰਥ ਦੇ ਦਾਸ

ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ ਗੋਗੀ, ਜਸਪਾਲ ਸਿੰਘ, ਇੰਦਰਜੀਤ ਸਿੰਘ, ਰਾਜਿੰਦਰ ਸਿੰਘ ਸੇਖੋਂ, ਹਰਜੀਤ ਸਿੰਘ, ਰਘਵੀਰ ਸਿੰਘ, ਸੁਰਜੀਤ ਸਿੰਘ, ਸਰਬਜੀਤ ਸਿੰਘ, ਹਰਵਿੰਦਰ ਸਿੰਘ, ਗੁਰਬੀਰ ਸਿੰਘ, ਦਲਜੀਤ ਸਿੰਘ ਮਾਵੀ, ਮਨੀ ਜੈਲਦਾਰ, ਸਤਵਿੰਦਰ ਸਿੰਘ, ਨਿਰਭੈਅ ਸਿੰਘ, ਇੰਦਰ ਸਿੰਘ, ਬਲਿਹਾਰ ਸਿੰਘ, ਬਾਲੂ ਪ੍ਰਧਾਨ, ਪ੍ਰਤਾਪ ਸਿੰਘ ਮਿੱਠੂ, ਸੁਰਿੰਦਰ ਸਿੰਘ ਨੰਬਰਦਾਰ, ਲਖਵਿੰਦਰ ਸਿੰਘ ਪੂਨੀਆ, ਸੁਖਵਿੰਦਰ ਸਿੰਘ ਸੱਦੋ ਮਾਜਰਾ, ਗੁਰਤੇਜ ਸਿੰਘ ਤੇਜੀ, ਜੋਗਾ ਸਿੰਘ, ਦੀਪਇੰਦਰ ਸਿੰਘ, ਹਰਚੰਦ ਸਿੰਘ, ਗੁਰਜੀਤ ਸਿੰਘ ਝਾਮਪੁਰ, ਜਸਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਰਣਜੀਤ ਸਿੰਘ, ਦੀਦਾਰ ਸਿੰਘ, ਕੁਲਦੀਪ ਸਿੰਘ ਮਨਹੇੜਾ, ਰਣਧੀਰ ਸਿੰਘ, ਬਲਵਿੰਦਰ ਸਿੰਘ ਰਾਜੂ, ਹਰਜੋਤ ਸਿੰਘ, ਹਰਦੇਵ ਸਿੰਘ, ਮਨਮੋਹਨ ਸਿੰਘ, ਰਘਵੀਰ ਸਿੰਘ ਮੁੰਡੀ, ਅਰਜਨ ਸਿੰਘ, ਬਲਦੇਵ ਸਿੰਘ, ਮਨਜੀਤ ਸਿੰਘ, ਕੁਲਵੰਤ ਸਿੰਘ, ਜਸਵੀਰ ਸਿੰਘ, ਸੰਦੀਪ ਸਿੰਘ, ਪਵਨਦੀਪ ਸਿੰਘ, ਜਸਜੀਤ ਸਿੰਘ, ਗੁਰਿੰਦਰ ਸਿੰਘ, ਪ੍ਰਭਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਮੋਹਣ ਸਿੰਘ, ਰਾਜਵਿੰਦਰ ਸਿੰਘ ਟਿਵਾਣਾ, ਭੁਪਿੰਦਰ ਸਿੰਘ, ਤੇਜਵੀਰ ਸਿੰਘ, ਹਰਦੀਪ ਸਿੰਘ, ਪਰਮਜੀਤ ਸਿੰਘ, ਹਰਬੰਸ ਸਿੰਘ, ਗੁਰਦਿਆਲ ਸਿੰਘ, ਗੁਰਪ੍ਰੀਤ ਸਿੰਘ ਮਾਵੀ, ਮਲਕੀਤ ਸਿੰਘ, ਰਾਜਿੰਦਰ ਸਿੰਘ, ਮਹਿੰਦਰ ਸਿੰਘ ਮਾਵੀ, ਹਰਨੇਕ ਸਿੰਘ, ਨਰਿੰਦਰ ਸਿੰਘ, ਸਤਿੰਦਰ ਸਿੰਘ, ਜਸਪ੍ਰੀਤ ਬੋਲਾ, ਗੁਰਪ੍ਰੀਤ ਸਿੰਘ, ਹਰਮਿੰਦਰਪਾਲ ਸਿੰਘ, ਪਰਵੀਰ ਸਿੰਘ, ਅਜੈਪਾਲ ਸਿੰਘ, ਸੁਖਜਿੰਦਰ ਸਿੰਘ, ਮੇਹਰ ਸਿੰਘ, ਹਰਕੀਰਤ ਸਿੰਘ, ਪਰਮਜੀਤ ਸਿੰਘ, ਜਸਲੀਤ ਸਿੰਘ, ਦਵਿੰਦਰ ਸਿੰਘ ਮੁੰਡੀ, ਸਰਬਣ ਸਿੰਘ, ਜਗਦੀਸ਼ ਸਿੰਘ, ਨਿਰਮਲ ਸਿੰਘ, ਦਿਨੇਸ਼ ਸੋਲੰਕੀ, ਦਿਲਰਾਜ ਸਿੰਘ ਬਲ, ਹਰਮਿੰਦਰ ਸਿੰਘ, ਸੁੱਖਾ ਸਿੰਘ।

## ਬੇਨਤੀਕਰਤਾ: ਸਮੂਹ ਸਾਧ ਸੰਗਤ, ਇਲਾਕਾ ਸ੍ਰੀ ਫਤਿਹਗੜ੍ਹ ਸਾਹਿਬ।

**ਸੰਪਰਕ ਫੋਨ: 408-648-6774, 408-628-9001, 209-456-0387
408-509-8052, 408-891-3515**

# ਸੀਨੀਅਰ ਆਗੂਆਂ ਨੇ ਬਾਜਵਾ ਖਿਲਾਫ ਬਗਾਵਤ ਦਾ ਝੰਡਾ ਚੁੱਕਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਵੱਡੀ ਗਿਣਤੀ ਸੀਨੀਅਰ ਆਗੂਆਂ ਨੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਖਿਲਾਫ ਬਗਾਵਤ ਦਾ ਝੰਡਾ ਚੁੱਕ ਲਿਆ ਹੈ। ਸੂਬੇ ਦੇ 30 ਸੀਨੀਅਰ ਆਗੂਆਂ ਨੇ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨਾਲ ਮੁਲਾਕਾਤ ਕਰਕੇ ਫੌਰੀ ਲੀਡਰਸ਼ਿਪ ਤਬਦੀਲੀ ਦੀ ਮੰਗ ਕੀਤੀ ਤੇ ਸਪਸ਼ਟ ਕੀਤਾ ਕਿ ਅਜਿਹਾ ਨਾ ਹੋਣ ਦੀ ਸੂਰਤ ਵਿਚ ਚੋਣਾਂ ਵਿਚ ਮਾੜੇ ਸਿੱਟੇ ਭੁਗਤਣੇ ਪੈ ਸਕਦੇ ਹਨ।

ਪੰਜਾਬ ਵਿਚ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਦੀ ਅਗਵਾਈ ਵਿਚ ਪਾਰਟੀ ਆਗੂਆਂ ਦਾ ਇਕ ਵਫ਼ਦ ਪਾਰਟੀ ਦੀ ਜਨਰਲ ਸਕੱਤਰ ਤੇ ਪਾਰਟੀ ਪ੍ਰਧਾਨ ਦਫਤਰ ਦੀ ਇੰਚਾਰਜ ਅੰਬਿਕਾ ਸੋਨੀ ਨੂੰ ਮਿਲਿਆ, ਜਿਸ ਨੇ ਖੁੱਲ੍ਹ ਕੇ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦੇ ਵਰਤਮਾਨ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਬਦਲਿਆ ਜਾਵੇ। ਇਸ ਵਫ਼ਦ ਵਿਚ ਪਾਰਟੀ ਦੇ ਸੀਨੀਅਰ ਵਿਧਾਇਕ ਕੇਵਲ ਢਿੱਲੋਂ, ਰਾਣਾ ਗੁਰਜੀਤ ਸਿੰਘ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਤੇ ਅਰਵਿੰਦ ਖੰਨਾ ਸ਼ਾਮਲ ਸਨ। ਇਨ੍ਹਾਂ ਸਭ ਨੇ ਲੋਕ ਸਭਾ ਵਿਚ ਪਾਰਟੀ ਦੇ ਉਪ ਆਗੂ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਨਾਂ ਬਾਜਵਾ ਦੇ ਬਦਲ ਵਜੋਂ ਪੇਸ਼ ਕੀਤਾ।

ਪੰਜਾਬ ਕਾਂਗਰਸ ਦੇ ਸਾਬਕਾ ਤੇ ਵਰਤਮਾਨ ਕੋਈ 30 ਵਿਧਾਇਕਾਂ ਨੇ ਕੈਪਟਨ ਅਮਰਿੰਦਰ ਸਿੰਘ ਨਾਲ ਲੰਮੀ ਮੀਟਿੰਗ ਕੀਤੀ। ਕੈਪਟਨ ਨੇ ਆਪਣੇ ਨਵੇਂ ਅਲਾਟ ਹੋਏ ਸਰਕਾਰੀ ਘਰ-7 ਜਨਪਥ ਵਿਚ ਉਨ੍ਹਾਂ ਨੂੰ ਦੁਪਹਿਰ ਦਾ ਭੋਜਨ ਦਿੱਤਾ। ਇਹ ਘਰ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦੇ ਨੇੜੇ ਹੈ। ਕੈਪਟਨ ਅਮਰਿੰਦਰ ਸਿੰਘ ਨੇ ਮੰਨਿਆ ਕਿ ਉਨ੍ਹਾਂ ਨੂੰ ਮਿਲਣ ਆਏ ਆਗੂ ਪੰਜਾਬ ਵਿਚ ਪਾਰਟੀ ਦੀ ਲਗਾਤਾਰ ਖੁਰ ਰਹੀ ਸਾਖ ਤੋਂ ਬਹੁਤ ਫ਼ਿਕਰਮੰਦ ਸਨ ਤੇ ਚਾਹੁੰਦੇ ਸਨ ਕਿ ਹਾਈਕਮਾਂਡ ਪਾਰਟੀ ਹਿੱਤਾਂ ਲਈ ਫ਼ੌਰੀ ਕੋਈ ਉਪਰਾਲਾ ਕਰੇ। ਉਨ੍ਹਾਂ ਪੁਸ਼ਟੀ ਕੀਤੀ ਕਿ ਸੋਨੀਆ ਗਾਂਧੀ ਨੂੰ ਨਾ ਮਿਲ ਸਕੇ ਇਨ੍ਹਾਂ ਆਗੂਆਂ ਨੂੰ ਉਨ੍ਹਾਂ ਨੇ ਦੁਪਹਿਰ ਦਾ ਭੋਜਨ ਖੁਆਇਆ ਸੀ। ਇਕ ਆਗੂ ਨੇ ਨਾਮ ਨਾ ਛਾਪੇ ਜਾਣ ਦੀ ਸ਼ਰਤ 'ਤੇ ਦੱਸਿਆ ਕਿ ਕਿਸੇ ਵੀ ਪ੍ਰਧਾਨ ਵਿਰੁੱਧ ਬਗਾਵਤ ਕਦੇ ਬਲਾਕ ਪੱਧਰ ਤੱਕ ਨਹੀਂ ਪੁੱਜੀ। ਪੰਜਾਬ ਵਿਚ ਕਾਂਗਰਸ ਲਈ ਮੁਸ਼ਕਲ ਬਹੁਤ ਹੈ ਤੇ ਵਰਤਮਾਨ ਪ੍ਰਧਾਨ ਬਹੁਤਿਆਂ ਨੂੰ ਸਵੀਕਾਰ ਹੀ ਨਹੀਂ ਹੈ। ਇਹ ਸਮਾਂ ਹੈ ਕਿ ਲੀਡਰਸ਼ਿਪ ਕੰਧ 'ਤੇ ਲਿਖਿਆ ਪੜ੍ਹੇ। ਵਾਹੋਦਾਹ ਆਧਾਰ ਫੜ ਰਹੀ ਭਾਜਪਾ ਤੋਂ ਚੁਣੌਤੀ ਬਹੁਤ ਵੱਡੀ ਹੈ ਤੇ ਉਹ ਹਰਿਆਣਾ ਦਾ ਦੁਹਰਾਓ ਨਹੀਂ ਚਾਹੁੰਦੇ। ਬਾਜਵਾ ਨੂੰ ਬਦਲਣਾ ਪੈਣਾ ਹੈ, ਨਹੀਂ ਤਾਂ ਪਾਰਟੀ ਨੂੰ ਅਜਿਹਾ ਨੁਕਸਾਨ ਹੋਏਗਾ ਜਿਸ ਦੀ ਪੂਰਤੀ ਇਸ ਨੂੰ ਔਖੀ ਹੋ ਜਾਏਗੀ।

ਅਸਲ ਵਿਚ ਸ. ਬਾਜਵਾ ਵੱਲੋਂ ਕੈਪਟਨ ਨਾਲ ਸਿੱਧੀ ਸ਼ਬਦੀ ਜੰਗ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਕੁਝ ਸਮਰਥਕਾਂ ਵੱਲੋਂ ਤਕਰੀਬਨ ਰੋਜ਼ਾਨਾ ਹੀ ਜਨਤਕ ਤੌਰ 'ਤੇ ਬਾਜਵਾ ਦੀ ਥਾਂ ਕਿਸੇ ਹੋਰ ਨੂੰ ਪ੍ਰਧਾਨ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ। ਕੈਪਟਨ ਵੱਲੋਂ ਤਾਂ ਬਾਜਵਾ ਨੂੰ 'ਗੈਰ-ਭਰੋਸੇਯੋਗ' ਤੇ 'ਗੈਰ-ਸਰਗਰਮ' ਆਖ ਕੇ ਉਨ੍ਹਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਜਾ ਰਿਹਾ ਹੈ।

ਇਸੇ ਦੌਰਾਨ ਕੈਪਟਨ ਵੱਲੋਂ ਬਾਜਵਾ ਨੂੰ ਹਟਾਉਣ ਦੀ ਕੀਤੀ ਜਾ ਰਹੀ ਮੰਗ ਬਾਰੇ ਸ. ਬਾਜਵਾ ਨੇ ਕਿਹਾ ਕਿ ਉਹ ਅਜਿਹੀਆਂ ਗੱਲਾਂ ਵੱਲ ਜ਼ਿਆਦਾ ਧਿਆਨ ਨਹੀਂ ਦੇ ਰਹੇ ਕਿਉਂਕਿ ਕਾਂਗਰਸ ਹਾਈਕਮਾਨ ਨੇ ਉਨ੍ਹਾਂ ਨੂੰ ਪਾਰਟੀ ਪ੍ਰਧਾਨ ਬਣਾਇਆ ਹੈ। ਉਨ੍ਹਾਂ ਨੂੰ ਹਾਈਕਮਾਨ ਦੀ ਮਰਜ਼ੀ ਤੋਂ ਬਿਨਾਂ ਪ੍ਰਧਾਨਗੀ ਤੋਂ ਨਹੀਂ ਲਾਹਿਆ ਜਾ ਸਕਦਾ।

## ਹਾਈਕਮਾਨ ਨੂੰ ਲੀਡਰਸ਼ਿਪ ਬਦਲਣ ਲਈ ਕਿਹਾ



## ਹਾਲਾਤ ਮੁਤਾਬਕ ਬਾਜਵਾ ਆਪੇ ਕੁਰਸੀ ਛੱਡੇ: ਕੈਪਟਨ

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਪ੍ਰਤਾਪ ਸਿੰਘ ਬਾਜਵਾ ਨੂੰ ਨਾ ਤਾਂ ਪਹਿਲਾਂ ਤੇ ਨਾ ਹੀ ਹੁਣ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਮੰਨਦੇ ਹਨ। ਉਂਜ ਵੀ ਜਦੋਂ ਕਿਸੇ ਆਗੂ ਖ਼ਿਲਾਫ਼ ਪਾਰਟੀ ਵਿਚ ਵੱਡੇ ਪੱਧਰ 'ਤੇ ਬਗਾਵਤ ਸ਼ੁਰੂ ਹੋ ਜਾਵੇ ਤਾਂ ਉਸ ਨੂੰ ਖ਼ੁਦ ਹੀ ਲਾਂਭੇ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਮੰਨਿਆ ਕਿ ਸ. ਬਾਜਵਾ ਨਾਲ ਉਨ੍ਹਾਂ ਦੇ ਸਬੰਧ ਸੁਖਾਵੇਂ ਨਹੀਂ ਹਨ। ਕਾਂਗਰਸੀ ਵਿਧਾਇਕਾਂ ਤੇ ਸੀਨੀਅਰ ਆਗੂਆਂ ਨੂੰ ਆਪਣੇ ਧੜੇ ਵਿਚ ਮਿਲਾਉਣ ਲਈ ਵਿੱਢੀ ਗਈ ਮੁਹਿੰਮ ਬਾਰੇ ਕੈਪਟਨ ਨੇ ਆਖਿਆ ਕਿ ਅਜਿਹੀ ਕੋਈ ਗੱਲ ਨਹੀਂ ਹੈ ਤੇ ਨਾ ਹੀ ਉਹ ਕਿਸੇ ਨੂੰ ਆਪਣੇ ਵੱਲ ਖਿੱਚ ਰਹੇ ਹਨ ਸਗੋਂ ਪਾਰਟੀ ਆਗੂ ਤੇ ਵਿਧਾਇਕ ਖ਼ੁਦ ਹੀ ਉਨ੍ਹਾਂ ਕੋਲ ਆ ਜਾਂਦੇ ਹਨ, ਜਿਨ੍ਹਾਂ ਦਾ ਪੂਰਾ ਸਤਿਕਾਰ ਕਰਨਾ ਉਨ੍ਹਾਂ ਦਾ ਫਰਜ਼ ਬਣਦਾ ਹੈ।

# ਇੰਗਲੈਂਡ ਪੜ੍ਹਦੇ ਵਿਦੇਸ਼ੀਆਂ ਨੂੰ ਕੋਰਸ ਬਾਅਦ ਘਰ ਭੇਜਣ ਦੀ ਤਿਆਰੀ

**ਲੰਡਨ:** ਯੂ.ਕੇ. ਸਰਕਾਰ ਨੇ ਵਿਦਿਆਰਥੀ ਵੀਜ਼ੇ 'ਤੇ ਆਏ ਵਿਦੇਸ਼ੀਆਂ ਨੂੰ ਕੋਰਸ ਪੂਰਾ ਖ਼ਤਮ ਹੋਣ ਤੋਂ ਬਾਅਦ ਉਨ੍ਹਾਂ ਨੂੰ ਵਾਪਸ ਮੁਲਕ ਭੇਜਣ ਦੀ ਨਵੀਂ ਯੋਜਨਾ ਤਿਆਰ ਕਰਨ ਦੇ ਸੰਕੇਤ ਦਿੱਤੇ ਹਨ। ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਬਰਤਾਨੀਆ ਸਰਕਾਰ ਦੇ ਇਸ ਫੈਸਲੇ ਨਾਲ ਭਾਰਤ ਤੋਂ ਬ੍ਰਿਟਿਸ਼ ਯੂਨੀਵਰਸਿਟੀਆਂ ਵਿਚ ਦਾਖ਼ਲਿਆਂ 'ਤੇ ਅਸਰ ਪਵੇਗਾ।

ਇੰਗਲੈਂਡ ਦੇ ਗ੍ਰਹਿ ਮੰਤਰੀ ਥਰੇਸਾ ਮੇਅ ਮੰਗ ਕਰ ਰਹੇ ਹਨ ਕਿ ਕੰਜ਼ਰਵੇਟਿਵ ਪਾਰਟੀ ਦੇ ਅਗਲੇ ਚੋਣ ਮਨੋਰਥ ਪੱਤਰ ਵਿਚ ਇਹ ਨੁਕਤਾ ਵੀ ਹੋਣਾ ਚਾਹੀਦਾ ਹੈ ਕਿ ਯੂਰਪੀ ਯੂਨੀਅਨ ਨੂੰ ਛੱਡ ਕੇ ਬਾਕੀ ਮੁਲਕਾਂ ਦੇ ਵਿਦਿਆਰਥੀ ਇੰਗਲੈਂਡ ਛੱਡ ਜਾਣ ਤੇ ਉਹ ਨਵੇਂ ਵੀਜ਼ੇ ਲਈ ਅਰਜ਼ੀ ਦੇਣ। ਜੇਕਰ ਬਰਤਾਨਵੀ ਸਰਕਾਰ ਇਹ ਫੈਸਲਾ ਲੈ ਲੈਂਦੀ ਹੈ ਤਾਂ ਉਥੇ ਜਾ ਕੇ ਉਚੇਰੀ ਵਿਦਿਆ ਹਾਸਲ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਕਾਫ਼ੀ ਕਮੀ ਆਏਗੀ। ਚੀਨ ਤੇ ਭਾਰਤ ਦੇ ਵਿਦਿਆਰਥੀ ਮੌਜੂਦਾ ਸਮੇਂ ਵਿਚ ਵਰਕ ਵੀਜ਼ਾ ਹਾਸਲ ਕਰ ਲੈਂਦੇ ਹਨ ਤੇ ਜਿਵੇਂ ਹੀ ਪੜ੍ਹਾਈ ਖ਼ਤਮ ਹੁੰਦੀ ਹੈ ਤਾਂ ਉਹ ਨੌਕਰੀ ਕਰਦੇ ਰਹਿੰਦੇ ਹਨ। ਬ੍ਰਿਟਿਸ਼ ਕੌਂਸਲ ਦੀ ਪੜਤਾਲ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਭਾਰਤੀ ਸਖ਼ਤ ਵੀਜ਼ਾ ਸ਼ਰਤਾਂ ਕਰਕੇ ਯੂਕੇ ਦੀ ਕਾਲਜਾਂ ਨਾਲੋਂ ਅਮਰੀਕੀ ਯੂਨੀਵਰਸਿਟੀਆਂ ਨੂੰ ਤਰਜੀਹ ਦੇ ਰਹੇ ਹਨ। ਸਾਲ 2011-12 ਵਿਚ 30 ਹਜ਼ਾਰ ਭਾਰਤੀ ਵਿਦਿਆਰਥੀ ਇਥੇ ਉੱਚ ਸਿੱਖਿਆ ਹਾਸਲ ਕਰ ਰਹੇ ਸਨ ਤੇ 2012-13 ਦੌਰਾਨ ਇਹ ਗਿਣਤੀ 40 ਹਜ਼ਾਰ ਹੋ ਗਈ ਸੀ ਪਰ ਹੁਣ ਇਸ ਅੰਕੜੇ ਵਿਚ ਗਿਰਾਵਟ ਆਉਣ ਦੀ ਸੰਭਾਵਨਾ ਹੈ। ਗ੍ਰਹਿ ਮੰਤਰੀ ਨੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਵਿਦੇਸ਼ੀ ਵਿਦਿਆਰਥੀਆਂ 'ਤੇ ਨੱਥ ਨਾ ਪਾਈ ਗਈ ਤਾਂ ਆਉਂਦੇ ਸਮੇਂ ਵਿਚ ਪਰਵਾਸੀਆਂ ਦੀ ਮੁਸ਼ਕਲ ਵਧ ਸਕਦੀ ਹੈ।

# ਦਾਦੂਵਾਲ ਪ੍ਰਤੀ ਨਰਮ ਹੋਇਆ ਅਕਾਲੀ ਦਲ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਨੇ ਹੁਣ ਸਿੱਖ ਧਰਮ ਦੇ ਪ੍ਰਚਾਰਕ ਬਾਬਾ ਬਲਜੀਤ ਸਿੰਘ ਦਾਦੂਵਾਲ ਪ੍ਰਤੀ ਸੁਰ ਨਰਮ ਕਰ ਲਈ ਹੈ। ਦੱਸਣਯੋਗ ਹੈ ਕਿ ਜਦੋਂ ਬਾਬਾ ਦਾਦੂਵਾਲ ਨੇ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੇ ਆਗੂਆਂ ਨਾਲ ਸਾਂਝ ਪਾ ਲਈ ਸੀ ਤਾਂ ਪੰਜਾਬ ਪੁਲਿਸ ਨੇ ਉਦੋਂ ਹੀ ਉਨ੍ਹਾਂ ਨੂੰ ਪੁਰਾਣੇ ਕੇਸਾਂ ਵਿਚ ਗ੍ਰਿਫ਼ਤਾਰ ਕਰ ਲਿਆ ਸੀ। ਹੁਣ ਅਕਾਲੀ ਦਲ ਦੇ ਭਾਜਪਾ ਨਾਲ ਰਿਸ਼ਤਿਆਂ ਵਿਚ ਖਟਾਸ ਆ ਗਈ ਹੈ ਤੇ ਬਦਲੀ ਸਥਿਤੀ ਵਿਚ ਅਕਾਲੀ ਦਲ ਨੇ ਸੰਤ ਸਮਾਜ ਦੇ ਆਗੂਆਂ ਪ੍ਰਤੀ ਆਪਣੀ ਸੁਰ ਬਦਲ ਲਈ ਹੈ।

ਯੂਨਾਈਟਿਡ ਅਕਾਲੀ ਦਲ ਨੇ ਦਾਦੂਵਾਲ ਸਮੇਤ ਹੋਰਨਾਂ ਕਈ ਮਸਲਿਆਂ ਬਾਰੇ ਪਿੰਡ ਬਾਦਲ ਵਿਚ ਪ੍ਰਦਰਸ਼ਨ ਕਰਨਾ ਸੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪ੍ਰਦਰਸ਼ਨ ਤੋਂ ਪਹਿਲਾਂ ਹੀ ਯੂਨਾਈਟਿਡ ਅਕਾਲੀ ਦਲ ਨੂੰ ਮੀਟਿੰਗ ਲਈ ਸੱਦਾ ਭੇਜ ਦਿੱਤਾ। ਉਪ ਮੁੱਖ ਮੰਤਰੀ ਨੇ ਪਿੰਡ



ਬਾਦਲ ਵਿਚ ਵਫ਼ਦ ਨਾਲ ਮੀਟਿੰਗ ਕਰ ਕੇ ਦਾਦੂਵਾਲ ਖ਼ਿਲਾਫ਼ ਦਰਜ ਕੇਸਾਂ ਦੀ ਪੜਤਾਲ ਲਈ ਆਈ.ਜੀ. ਬਠਿੰਡਾ ਨੂੰ ਹੁਕਮ ਜਾਰੀ ਕਰ ਦਿੱਤੇ। ਨਾਲ ਹੀ ਭਰੋਸਾ ਦਿਵਾਇਆ ਕਿ ਪਿੰਡ ਕੋਟਸ਼ਮੀਰ ਵਿਚਲੇ ਗੁਰਦੁਆਰਾ ਜੰਡਾਲੀਸਰ ਵਿਚੋਂ ਪੁਲਿਸ ਹਟਾ ਕੇ ਮੁੜ ਸੰਤ ਦਾਦੂਵਾਲ ਹਵਾਲੇ ਕੀਤਾ ਜਾਵੇਗਾ। ਵਫ਼ਦ ਵੱਲੋਂ ਉਪ ਮੁੱਖ ਮੰਤਰੀ ਕੋਲ ਪੰਜ ਮਸਲੇ ਰੱਖੇ ਗਏ, ਜਿਨ੍ਹਾਂ ਦੇ ਹੱਲ ਲਈ ਸ. ਬਾਦਲ ਨੇ ਮੌਕੇ 'ਤੇ ਹੀ ਹਦਾਇਤਾਂ ਦੇ ਦਿੱਤੀਆਂ।

ਯੂਨਾਈਟਿਡ ਅਕਾਲੀ ਦਲ ਦੇ ਕਨਵੀਨਰ ਮੋਹਕਮ ਸਿੰਘ ਤੇ ਜਨਰਲ ਸਕੱਤਰ ਗੁਰਦੀਪ ਸਿੰਘ ਦੀ ਅਗਵਾਈ ਵਿਚ 17 ਮੈਂਬਰੀ ਵਫ਼ਦ ਨਾਲ ਪਿੰਡ ਬਾਦਲ ਵਿਚ ਉਪ ਮੁੱਖ ਮੰਤਰੀ ਨੇ ਮੀਟਿੰਗ ਕੀਤੀ। ਇਸ ਵਿਚ ਰਾਮਪੁਰਾ ਵਿਚ ਦਰਜ ਇਕ ਕੇਸ ਬਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਹਦਾਇਤ ਕੀਤੀ ਦਿੱਤੀ ਤੇ ਡੀ.ਆਈ.ਜੀ. ਬਠਿੰਡਾ ਦੀ ਡਿਊਟੀ ਲਾਈ ਗਈ। ਥਾਣਾ ਖੇਮਕਰਨ ਵਿਚ 2014 ਵਿਚ ਦਰਜ ਹੋਈ ਐਫ.ਆਈ.ਆਰ. ਨੰਬਰ 78 ਦੀ ਪੜਤਾਲ ਕਰਨ ਦੀ ਡਿਊਟੀ ਵੀ ਲਾ ਦਿੱਤੀ ਗਈ ਹੈ। ਉਪ ਮੁੱਖ ਮੰਤਰੀ ਨੇ ਸਾਰੇ ਮਸਲਿਆਂ ਨੂੰ 10 ਦਿਨਾਂ ਵਿਚ ਹੱਲ ਕਰਨ ਦਾ ਭਰੋਸਾ ਦਿੱਤਾ ਹੈ।

# ਵਿਦੇਸ਼ ਡੇਰੇ ਲਾਈ ਬੈਠੇ ਅਫਸਰਾਂ ਬਾਰੇ ਪੜਤਾਲ ਤੋਂ ਵਿਜੀਲੈਂਸ ਬਿਊਰੋ ਦੀ ਤੌਬਾ

**ਚੰਡੀਗੜ੍ਹ:** ਵਿਦੇਸ਼ ਡੇਰੇ ਲਾਈ ਬੈਠੀ ਅਫਸਰਸ਼ਾਹੀ ਪੰਜਾਬ ਪਰਤਣ ਲਈ ਤਿਆਰ ਨਹੀਂ ਤੇ ਅਜਿਹੇ ਅਫਸਰਾਂ ਤੇ ਮੁਲਾਜ਼ਮਾਂ ਖਿਲਾਫ ਚੱਲ ਰਹੀ ਕਾਰਵਾਈ ਵਿਚ ਸਬੰਧਤ ਵਿਭਾਗ ਵੀ ਵਿਜੀਲੈਂਸ ਬਿਊਰੋ ਦਾ ਸਾਥ ਦੇਣ ਤੋਂ ਟਾਲਾ ਵੱਟ ਰਿਹਾ ਹੈ। ਵਿਜੀਲੈਂਸ ਬਿਊਰੋ ਨੂੰ ਸਰਕਾਰੀ ਵਿਭਾਗਾਂ ਵੱਲੋਂ ਸਹਿਯੋਗ ਨਾ ਦਿੱਤੇ ਜਾਣ ਕਾਰਨ ਅਜਿਹੇ ਅਫਸਰਾਂ ਬਾਰੇ ਪੜਤਾਲ ਮਿਥੇ ਸਮੇਂ ਵਿਚ ਸਿਰੇ ਨਹੀਂ ਲੱਗ ਸਕੀ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਮਾਲ, ਗ੍ਰਹਿ ਤੇ ਪੰਚਾਇਤ ਵਿਭਾਗ ਵੱਲੋਂ ਵਿਦੇਸ਼ ਗਏ ਅਫ਼ਸਰਾਂ ਤੇ ਮੁਲਾਜ਼ਮਾਂ ਬਾਰੇ ਕੋਈ ਜਾਣਕਾਰੀ ਹੀ ਨਹੀਂ ਦਿੱਤੀ ਗਈ। ਹੋਰ ਵਿਭਾਗਾਂ ਨੇ ਵੀ ਅੱਧੀ ਅਧੂਰੀ ਜਾਣਕਾਰੀ ਹੀ ਭੇਜੀ ਹੈ।

ਵਿਜੀਲੈਂਸ ਨੇ ਵਿਭਾਗਾਂ ਦੇ ਮੁੱਖ ਵਿਜੀਲੈਂਸ ਅਫ਼ਸਰਾਂ ਦੀ ਜ਼ਿੰਮੇਵਾਰੀ ਤੈਅ ਕਰਦਿਆਂ ਵਿਦੇਸ਼ ਗਏ ਅਫ਼ਸਰਾਂ ਦੀ ਸੂਚੀ ਦੇ ਨਾਲ ਹਲਫ਼ੀਆ ਬਿਆਨ ਦੇਣ ਦੀਆਂ ਹਦਾਇਤਾਂ ਵੀ ਦਿੱਤੀਆਂ ਹਨ। ਪੰਜਾਬ ਵਿਚ ਤਕਰੀਬਨ ਦੋ ਹਜ਼ਾਰ ਮੁਲਾਜ਼ਮਾਂ ਤੇ ਅਫਸਰਾਂ ਦੇ ਵਿਦੇਸ਼ ਜਾਣ ਤੇ ਇਨ੍ਹਾਂ ਵਿਚੋਂ ਬਹੁਤਿਆਂ ਵੱਲੋਂ ਨਿਯਮਾਂ ਦੇ ਉਲਟ ਜਾ ਕੇ ਵਿਦੇਸ਼ ਦੀ ਇਮੀਗਰੇਸ਼ਨ ਹਾਸਲ ਕਰਨ ਦੇ ਤੱਥ ਸਾਹਮਣੇ ਆਏ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮਾਮਲੇ ਦੀ ਜਾਂਚ ਸਤੰਬਰ ਦੇ ਆਰੰਭ ਵਿਚ ਵਿਜੀਲੈਂਸ ਨੂੰ ਸੌਂਪਦਿਆਂ ਦੋ ਮਹੀਨਿਆਂ ਵਿਚ ਪੜਤਾਲ ਮੁਕੰਮਲ ਕਰਨ ਲਈ ਕਿਹਾ ਸੀ। ਮੁੱਖ ਮੰਤਰੀ ਦਫ਼ਤਰ ਵੱਲੋਂ ਜਾਂਚ ਦਾ ਸਮਾਂ 15 ਦਸੰਬਰ ਤੱਕ ਵਧਾ ਦਿੱਤਾ ਗਿਆ ਸੀ। ਵਿਭਾਗਾਂ ਵੱਲੋਂ ਸਹਿਯੋਗ ਨਾ ਦਿੱਤੇ ਜਾਣ ਕਾਰਨ ਜਾਂਚ ਦਾ ਕੰਮ ਪੱਛੜ ਗਿਆ ਹੈ।

ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਕੁਝ ਅਜਿਹੇ ਵਿਭਾਗਾਂ ਵੱਲੋਂ ਜਾਣਕਾਰੀ ਦੇਣ ਵਿਚ ਆਨਾਕਾਨੀ ਕੀਤੀ ਜਾ ਰਹੀ ਹੈ, ਜਿਨ੍ਹਾਂ ਦੇ ਮੁਲਾਜ਼ਮਾਂ ਜਾਂ ਅਧਿਕਾਰੀਆਂ ਨੇ ਇਮੀਗਰੇਸ਼ਨ ਹਾਸਲ ਕੀਤੀ ਹੋਈ ਹੈ। ਪੰਜਾਬ ਪੁਲਿਸ ਦੇ ਕਈ ਆਈ.ਪੀ.ਐਸ., ਪੀ.ਪੀ.ਐਸ. ਅਫ਼ਸਰ ਤੇ ਇੰਸਪੈਕਟਰ ਰੈਂਕ ਦੇ ਨਾਨ ਗਜ਼ਟਿਡ ਅਫ਼ਸਰਾਂ ਵੱਲੋਂ ਇਮੀਗਰੇਸ਼ਨ ਹਾਸਲ ਕਰਨ ਬਾਰੇ ਬਿਊਰੋ ਨੂੰ ਪਤਾ ਲੱਗਿਆ ਹੈ। ਗ੍ਰਹਿ ਵਿਭਾਗ ਵੱਲੋਂ ਇਸ ਬਾਰੇ ਲਿਖਤੀ ਜਾਣਕਾਰੀ ਨਹੀਂ ਦਿੱਤੀ ਜਾ ਰਹੀ।

ਇਸੇ ਤਰ੍ਹਾਂ ਇਕ ਮਹਿਲਾ ਪੀਸੀਐਸ ਅਫ਼ਸਰ ਵੱਲੋਂ ਵੀ ਵਿਦੇਸ਼ ਦੀ ਇਮੀਗਰੇਸ਼ਨ ਹਾਸਲ ਕਰਨ ਬਾਰੇ ਪਰਸੋਨਲ ਵਿਭਾਗ ਨੂੰ ਪਤਾ ਲੱਗਿਆ ਹੈ। ਇਸ ਮਹਿਲਾ ਅਫ਼ਸਰ ਵੱਲੋਂ ਆਪਣੇ ਪਾਸਪੋਰਟ ਦੀ ਕਾਪੀ ਮੁਹੱਈਆ ਨਹੀਂ ਕਰਵਾਈ ਜਾ ਸਕੀ। ਪੁਲਿਸ ਅਫ਼ਸਰਾਂ ਵੱਲੋਂ ਵੀ ਸਰਕਾਰ ਨੂੰ ਪਾਸਪੋਰਟ ਦੀਆਂ ਕਾਪੀਆਂ ਨਹੀਂ ਦਿੱਤੀਆਂ ਜਾ ਰਹੀਆਂ। ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੀ ਇਕ ਡੀ.ਡੀ.ਪੀ.ਓ., ਕਈ ਬੀ.ਡੀ.ਪੀ.ਓਜ਼. ਤੇ ਹੋਰ ਮੁਲਾਜ਼ਮਾਂ ਵੱਲੋਂ ਵੀ ਇਮੀਗਰੇਸ਼ਨ ਹਾਸਲ ਕਰਨ ਦੇ ਤੱਥ ਜਨਤਕ ਹੋ ਚੁੱਕੇ ਹਨ। ਇਨ੍ਹਾਂ ਵਿਭਾਗਾਂ ਵੱਲੋਂ ਹਾਲੇ ਤੱਕ ਵਿਜੀਲੈਂਸ ਨੂੰ ਜਾਣਕਾਰੀ ਨਹੀਂ ਭੇਜੀ ਗਈ। ਸੂਚਨਾ ਅਧਿਕਾਰ ਕਾਨੂੰਨ ਤਹਿਤ ਦਰਜਨ ਦੇ ਕਰੀਬ ਵਿਭਾਗਾਂ ਵੱਲੋਂ ਦੋ ਹਜ਼ਾਰ ਮੁਲਾਜ਼ਮਾਂ ਤੇ ਦਰਜਾ-1 ਅਫ਼ਸਰਾਂ ਦੇ ਵਿਦੇਸ਼ ਜਾਣ ਤੇ ਇਨ੍ਹਾਂ ਵਿਚੋਂ ਬਹੁਤਿਆਂ ਵੱਲੋਂ ਇਮੀਗਰੇਸ਼ਨ ਹਾਸਲ ਕਰਨ ਦੇ ਤੱਥ ਉਜਾਗਰ ਕੀਤੇ ਹਨ।


ਵਿਜੀਲੈਂਸ ਵੱਲੋਂ ਕੀਤੀ ਵੱਖਰੀ ਪੜਤਾਲ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਸੀ ਕਿ ਵਿਦੇਸ਼ਾਂ ਦੀ ਇਮੀਗਰੇਸ਼ਨ ਹਾਸਲ ਕਰਨ ਵਾਲੇ ਅਫ਼ਸਰਾਂ ਵੱਲੋਂ ਕਾਲੇ ਧਨ ਨੂੰ ਇਕ ਨੰਬਰ ਦਾ ਬਣਾਉਣ ਲਈ ਐਨ.ਆਰ.ਆਈ. ਬੈਂਕ ਖਾਤਿਆਂ ਜਾਂ ਪੁੱਤਾਂ ਧੀਆਂ ਦੇ ਬੈਂਕ ਖਾਤਿਆਂ ਦਾ ਸਹਾਰਾ ਲਿਆ ਜਾ ਰਿਹਾ ਹੈ। ਨਿਯਮਾਂ ਮੁਤਾਬਕ ਕੋਈ ਵੀ ਮੁਲਾਜ਼ਮ ਜਾਂ ਅਧਿਕਾਰੀ ਵਿਦੇਸ਼ ਦੀ ਇਮੀਗਰੇਸ਼ਨ ਹਾਸਲ ਨਹੀਂ ਕਰਦਾ ਤੇ ਸਰਕਾਰ ਵੱਲੋਂ ਐਨ.ਓ.ਸੀ. ਵੀ ਨਹੀਂ ਦਿੱਤਾ ਜਾ ਸਕਦਾ। ਪੰਜਾਬ ਵਿਚ ਇਹ ਗੈਰਕਾਨੂੰਨੀ ਕੰਮ ਸਾਲਾਂ ਤੋਂ ਚੱਲ ਰਿਹਾ ਹੈ।

ਇਕ ਜਾਣਕਾਰੀ ਮੁਤਾਬਕ ਸੂਬੇ ਵਿਚ ਤਕਰੀਬਨ 3000 ਮੁਲਾਜ਼ਮ ਛੁੱਟੀ ਲੈ ਕੇ ਵਿਦੇਸ਼ਾਂ ਵਿਚ ਜਾ ਕੇ ਕੰਮ ਕਰ ਰਹੇ ਹਨ ਤੇ ਕਈ ਤਾਂ ਉਥੋਂ ਜਿਹੜੀ ਰਕਮ ਭੇਜਦੇ ਹਨ, ਉਹ ਹਵਾਲਾ ਰਾਹੀਂ ਆ ਰਹੀ ਹੈ। ਸਰਕਾਰੀ ਵਿਭਾਗਾਂ ਦੇ ਵਿਦੇਸ਼ ਗਏ ਕੁਝ ਮੁਲਾਜ਼ਮ ਤਾਂ ਵਿਦੇਸ਼ਾਂ ਵਿਚ ਘੁੰਮਣ ਦਾ ਕਹਿ ਕੇ ਜਾਂਦੇ ਸਨ ਪਰ ਸਾਲਾਂ ਤੋਂ ਵਿਦੇਸ਼ਾਂ ਵਿਚ ਗੈਰਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੇ ਹਨ।

ਪੰਜਾਬ ਐਂਟੀ ਕੁਰੱਪਸ਼ਨ ਫੋਰਮ ਦੇ ਜੁਆਇੰਟ ਸਕੱਤਰ ਮਨਮੋਹਨ ਟੁਟੇਜਾ ਵੱਲੋਂ ਕੀਤੀ ਗੰਭੀਰ ਸ਼ਿਕਾਇਤ ਵਿਚ ਕਿਹਾ ਗਿਆ ਸੀ ਕਿ ਵੱਖ-ਵੱਖ ਵਿਭਾਗਾਂ ਦੇ ਤਕਰੀਬਨ 3000 ਮੁਲਾਜ਼ਮ ਹੀ ਪੰਜ ਸਾਲਾਂ ਦੀਆਂ ਛੁੱਟੀਆਂ ਲੈ ਕੇ ਵਿਦੇਸ਼ਾਂ ਵਿਚ ਰਹਿ ਰਹੇ ਹਨ ਤੇ ਉੱਥੇ ਉਨ੍ਹਾਂ ਨੇ ਪੱਕੀ ਨਾਗਰਿਕਤਾ ਹਾਸਲ ਕਰ ਲਈ ਹੈ। ਇਸ ਤਰ੍ਹਾਂ ਨਾਲ ਛੁੱਟੀ ਲੈ ਕੇ ਵਿਦੇਸ਼ਾਂ ਵਿਚ ਕੰਮ ਕਰ ਰਹੇ ਹਨ ਤੇ ਕਈ ਮੁਲਾਜ਼ਮ ਤਾਂ ਆਪਣੀਆਂ ਰਕਮਾਂ ਨੂੰ ਹਵਾਲਾ ਰਾਹੀਂ ਭਾਰਤ ਵਿਚ ਭੇਜ ਰਹੇ ਹਨ। ਕੈਨੇਡਾ ਸਮੇਤ ਹੋਰ ਦੇਸ਼ਾਂ ਤੋਂ ਹਵਾਲਾ ਰਾਹੀਂ ਰਕਮਾਂ ਆ ਰਹੀਆਂ ਹਨ।

ਜੇਕਰ ਜਾਂਚ ਹੋਏ ਤਾਂ ਹਵਾਲਾ ਰਾਹੀ ਕਰੋੜਾਂ ਰੁਪਏ ਦੀ ਰਕਮ ਦੇ ਆਉਣ ਦਾ ਖ਼ੁਲਾਸਾ ਹੋ ਸਕਦਾ ਹੈ। ਵਿਦੇਸ਼ਾਂ ਵਿਚ ਗਏ ਮੁਲਾਜ਼ਮਾਂ ਦੇ ਬਾਕਾਇਦਾ ਪਾਸਪੋਰਟਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜਿੰਨਾ ਸਮਾਂ ਵਿਦੇਸ਼ਾਂ ਵਿਚ ਉਕਤ ਮੁਲਾਜ਼ਮ ਰਹੇ ਹਨ ਕਿ ਉਨ੍ਹਾਂ ਨੇ ਆਪਣੀ ਆਮਦਨ ਕਰ ਦੀਆਂ ਰਿਟਰਨਾਂ ਭਰੀਆਂ ਹਨ। ਸ਼ਿਕਾਇਤਕਰਤਾ ਨੇ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਲਿਖਿਆ ਹੈ ਕਿ ਮਾਮਲੇ ਦੀ ਇਨਫੋਰਸਮੈਂਟ ਡਾਇਰੈਕਟੋਰੇਟ ਤੋਂ ਜਾਂਚ ਕਰਵਾਉਣੀ ਚਾਹੀਦੀ ਹੈ।

## ਵਿਭਾਗਾਂ ਵਲੋਂ ਸਹਿਯੋਗ ਨਾ ਮਿਲਣ ਕਰ ਕੇ ਮਿਥੇ ਸਮੇਂ ਵਿਚ ਸਿਰੇ ਨਾ ਲੱਗੀ ਜਾਂਚ



# ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਆਮਦਨ ਵਿਚ ਦੁੱਗਣਾ ਵਾਧਾ

**ਆਨੰਦਪੁਰ ਸਾਹਿਬ:** ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ਼ਰਧਾਲੂਆਂ ਦੀ ਆਮਦ ਵਧਣ ਕਾਰਨ ਇਥੋਂ ਦੀ ਆਮਦਨ ਦਾ ਅੰਕੜਾ ਵੱਧ ਕੇ 50 ਕਰੋੜ ਤੱਕ ਪਹੁੰਚਣ ਵਾਲਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਬੀਤੇ ਕੁਝ ਸਾਲਾਂ ਤੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਸਮੇਤ ਸ੍ਰੀ ਆਨੰਦਪੁਰ ਸਾਹਿਬ, ਕੀਰਤਪੁਰ ਸਾਹਿਬ ਆਦਿ ਵਿਖੇ ਸਥਿਤ ਗੁਰਦੁਆਰਿਆਂ ਵਿਚ ਆਉਣ ਵਾਲੀ ਸੰਗਤ ਵਿਚ ਰਿਕਾਰਡ ਵਾਧਾ ਹੋਇਆ ਹੈ ਤੇ ਇਨ੍ਹਾਂ ਇਤਿਹਾਸਕ ਸ਼ਹਿਰਾਂ ਵਿਖੇ ਥੜ੍ਹਿਆਂ ਦੀ ਬੋਲੀ ਵਿਚ ਵੀ ਕਰੋੜਾਂ ਰੁਪਏ ਦਾ ਵਾਧਾ ਦਰਜ ਕੀਤਾ ਗਿਆ ਹੈ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਸਾਲ 2010-11 ਵਿਚ ਚੜ੍ਹਾਵੇ ਦਾ ਅੰਕੜਾ 14,36,99, 094 ਰੁਪਏ, ਕੜਾਹ ਪ੍ਰਸ਼ਾਦ 4,04,08,255, ਅਖੰਡ ਪਾਠ ਤੋਂ 2,32,04,955, ਲੰਗਰ ਚੜ੍ਹਾਵਾ 2, 40,05,145, ਕਿਰਾਇਆ ਤੇ ਥੜ੍ਹਿਆਂ ਆਦਿ ਦੀ ਬੋਲੀ ਤੋਂ 1,45,03,161, ਇਮਾਰਤਾਂ ਦੀ ਉਸਾਰੀ ਲਈ 86,48,174 ਰੁਪਏ ਹੋਈ ਸੀ, ਜੋ ਕੁੱਲ 25 ਕਰੋੜ, 44 ਲੱਖ 68 ਹਜ਼ਾਰ 7 84 ਰੁਪਏ ਬਣਦਾ ਹੈ। ਸਾਲ 2011-12 ਵਿਚ ਤਕਰੀਬਨ ਛੇ ਕਰੋੜ ਦੇ ਵਾਧੇ ਨਾਲ ਇਹ ਅੰਕੜਾ ਵਧ ਕੇ 31 ਕਰੋੜ, 47 ਲੱਖ, 53 ਹਜ਼ਾਰ, 481 ਰੁਪਏ ਹੋ ਗਿਆ ਸੀ। ਸਾਲ 2012-13 ਵਿਚ ਇਹ ਅੰਕੜਾ ਸੱਤ ਕਰੋੜ ਦੇ ਵਾਧੇ ਨਾਲ 38 ਕਰੋੜ, 71 ਲੱਖ, 57 ਹਜ਼ਾਰ 762 ਰੁਪਏ ਹੋਈ। ਸਾਲ 2013-14 ਵਿਚ ਦੋ ਕਰੋੜ ਦੇ ਵਾਧੇ ਨਾਲ ਇਹ ਅੰਕੜਾ 40 ਕਰੋੜ, 86 ਲੱਖ, 15 ਹਜ਼ਾਰ, 180 ਰੁਪਏ ਤੱਕ ਪਹੁੰਚ ਗਈ ਸੀ। ਚਾਲੂ ਵਿੱਤੀ ਵਰ੍ਹੇ ਦਾ ਦੌਰਾਨ ਨਵੰਬਰ ਮਹੀਨੇ ਤੱਕ ਹੀ ਇਹ ਅੰਕੜਾ 27 ਕਰੋੜ ਤੱਕ ਪਹੁੰਚ ਗਿਆ ਹੈ। ਮੈਨੇਜਰ ਦਾ ਇਹ ਕਹਿਣਾ ਹੈ ਕਿ ਜਨਵਰੀ, ਫਰਵਰੀ, ਮਾਰਚ ਤੇ ਅਪਰੈਲ ਦੇ ਮਹੀਨੇ ਵਿਚ ਹੋਣ ਵਾਲੀ ਆਮਦਨ ਬਾਕੀ ਦੀਆਂ ਤਿੰਨ ਤਿਮਾਹੀਆਂ ਦੇ ਬਰਾਬਰ ਹੀ ਨਹੀਂ ਬਲਕਿ ਵੱਧ ਹੁੰਦੀ ਹੈ। ਇਸ ਲਈ ਅਨੁਮਾਨ ਦੇ ਅਨੁਸਾਰ ਇਸ ਸਾਲ ਵਿਚ ਇਹ ਅੰਕੜਾ ਅਰਾਮ ਦੇ ਨਾਲ 50 ਕਰੋੜ ਨੂੰ ਪਾਰ ਕਰ ਜਾਵੇਗਾ।



## ਸ਼ਰਧਾਲੂਆਂ ਦੀ ਸਹੂਲਤ ਲਈ ਨਵੇਂ ਪ੍ਰੋਜੈਕਟਾਂ ਨੂੰ ਮਨਜ਼ੂਰੀ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਵਧਦੀ ਆਮਦ ਨੂੰ ਵੇਖਦੇ ਹੋਏ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਹੋਰ ਗੁਰਦੁਆਰਾ ਸਾਹਿਬਾਨ ਵਿਖੇ ਹੋਣ ਵਾਲੇ ਕਈ ਅਹਿਮ ਕੰਮਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਸੰਗਤਾਂ ਦੀ ਮੰਗ ਨੂੰ ਪ੍ਰਵਾਨ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਤਖ਼ਤ ਸਾਹਿਬ ਦੇ ਸਾਹਮਣੇ ਵਾਲੇ ਮੁੱਖ ਮੈਦਾਨ ਵਿਚ ਇੰਟਰਲਾਕ ਟਾਇਲਾਂ ਲਗਾਉਣ ਦੇ ਪ੍ਰੋਜੈਕਟ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਕੇਸਗੜ੍ਹ ਸਾਹਿਬ ਵਿਖੇ ਪਿੰਨੀ ਪ੍ਰਸ਼ਾਦ ਦੀ ਸਹੂਲਤ ਨੂੰ ਸ਼ੁਰੂ ਕਰਵਾ ਦਿੱਤਾ ਸੀ ਪਰ ਪ੍ਰਸ਼ਾਦ ਦੀ ਲਾਗਤ ਅਨੁਸਾਰ ਪ੍ਰਸ਼ਾਦ ਮੁਹੱਈਆ ਕਰਵਾਉਣ ਵਿਚ ਪ੍ਰਬੰਧਕਾਂ ਨੂੰ ਕਾਫੀ ਦਿੱਕਤਾਂ ਆਉਂਦੀਆਂ ਸਨ। ਇਸ ਕਰਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪਿੰਨੀ ਪ੍ਰਸ਼ਾਦ ਤਿਆਰ ਕਰਵਾਉਣ ਲਈ ਨਵੀਂ ਮਸ਼ੀਨ ਖਰੀਦਣ ਨੂੰ ਪ੍ਰਵਾਨਗੀ ਦਿੱਤੀ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀਆਂ ਸਰਾਵਾਂ ਲਈ ਛੇਤੀ ਹੀ 1000 ਗੱਦੇ ਵੀ ਖਰੀਦੇ ਜਾ ਰਹੇ ਹਨ। ਜਦਕਿ ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਵਿਖੇ ਡੇਢ ਲੱਖ ਲਿਟਰ ਦੀ ਸਮਰੱਥਾ ਵਾਲੀ ਪਾਣੀ ਦੀ ਟੈਂਕੀ ਦਾ ਨਿਰਮਾਣ ਵੀ ਕਾਰ ਸੇਵਾ ਰਾਹੀਂ ਕਰਵਾਇਆ ਜਾਵੇਗਾ।

# ਹੋਟਲ ਮਾਲਕਾਂ ਦਾ ਪੱਖ ਪੂਰਨ ਲੱਗੀ ਸਰਕਾਰ

### ਸ੍ਰੀ ਹਰਿਮੰਦਰ ਸਾਹਿਬ ਦੁਆਲੇ ਉਸਾਰੀਆਂ ਦਾ ਮਾਮਲਾ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਆਲੇ-ਦੁਆਲੇ ਬਣੇ ਹੋਟਲਾਂ ਖਿਲਾਫ਼ ਕਾਰਵਾਈ ਫਿਲਹਾਲ ਟਲ ਗਈ ਹੈ। ਪੰਜਾਬ ਸਰਕਾਰ ਵੱਲੋਂ ਹੋਟਲਾਂ ਮਾਲਕਾਂ ਦੇ ਹੱਕ ਵਿਚ ਭੁਗਤਣ ਕਾਰਨ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਇਸ ਕਾਰਵਾਈ 'ਤੇ ਤਿੰਨ ਮਹੀਨੇ ਲਈ ਰੋਕ ਲਾ ਦਿੱਤੀ ਹੈ। ਹਾਈਕੋਰਟ ਵਿਚ ਚੱਲ ਰਹੀ ਇਸ ਮਾਮਲੇ ਦੀ ਸੁਣਵਾਈ ਦੌਰਾਨ ਤਕਰੀਬਨ 125 ਹੋਟਲ ਤੇ ਸਰਾਵਾਂ ਨੂੰ ਨਾਜਾਇਜ਼ ਦੱਸਿਆ ਗਿਆ ਹੈ, ਜਿਨ੍ਹਾਂ ਖਿਲਾਫ ਨਗਰ ਨਿਗਮ ਵੱਲੋਂ ਵੱਖ-ਵੱਖ ਸਮੇਂ ਕਾਰਵਾਈ ਕਰਨ ਲਈ ਤਿਆਰੀਆਂ ਕੀਤੀਆਂ, ਪਰ ਸਿਆਸੀ ਦਖ਼ਲਅੰਦਾਜ਼ੀ ਕਾਰਨ ਇਹ ਤਿਆਰੀਆਂ ਧਰੀਆਂ-ਧਰਾਈਆਂ ਹੀ ਰਹਿੰਦੀਆਂ ਰਹੀਆਂ ਹਨ।

ਅਸਲ ਵਿਚ ਪੰਜਾਬ ਸਰਕਾਰ ਅਣ-ਅਧਿਕਾਰਤ ਇਮਾਰਤਾਂ ਨੂੰ 'ਮਾਨਤਾ' ਦੇਣ ਦੀ ਤਿਆਰੀ ਕਰ ਲਈ ਹੈ। ਇਸ ਬਾਰੇ ਬਕਾਇਦਾ ਤੌਰ 'ਤੇ ਬੀਤੇ ਮਹੀਨੇ ਹੀ ਚੰਡੀਗੜ੍ਹ ਵਿਚ ਮੰਤਰੀ ਮੰਡਲ ਦੀ ਮੀਟਿੰਗ ਵਿਚ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਤੇ ਪੰਜਾਬ ਦੇ ਸਥਾਨਕ ਸਰਕਾਰਾਂ ਵਿਭਾਗ ਨੇ ਹੁਣ ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਨੀਤੀ ਬਣਾਉਣੀ ਵੀ ਸ਼ੁਰੂ ਕਰ ਦਿੱਤੀ ਹੈ। ਇਸ ਤਹਿਤ ਇਨ੍ਹਾਂ ਅਣ-ਅਧਿਕਾਰਤ ਇਮਾਰਤਾਂ/ਉਸਾਰੀਆਂ ਨੂੰ 'ਜਿਥੇ ਹੈ ਜਿਵੇਂ ਹੈ' ਦੇ ਆਧਾਰ 'ਤੇ ਯਕਮੁਸ਼ਤ ਨਬੇੜੇ (ਵਨ ਟਾਈਮ ਸੈਟਲਮੈਂਟ) ਦੀ ਨੀਤੀ ਰਾਹੀਂ ਇਹ ਮਸਲਾ ਹੱਲ ਕਰਨ ਦੀ ਯੋਜਨਾ ਹੈ। ਇਸ ਗੱਲ ਦਾ ਖ਼ੁਲਾਸਾ ਅੰਮ੍ਰਿਤਸਰ ਨਗਰ ਨਿਗਮ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਦਿੱਤੇ ਗਏ ਇਕ ਹਲਫ਼ਨਾਮੇ ਵਿਚ ਕੀਤਾ ਗਿਆ ਹੈ। ਨਿਗਮ ਕਮਿਸ਼ਨਰ ਦੇ ਹਸਤਾਖਰਾਂ ਹੇਠ ਸ੍ਰੀ ਦਰਬਾਰ ਸਾਹਿਬ ਦੁਆਲੇ ਅਣਅਧਿਕਾਰਤ ਇਮਾਰਤਾਂ ਖ਼ਿਲਾਫ਼ ਕਾਰਵਾਈ ਬਾਬਤ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਨਾ ਹੋ ਸਕਣ ਦੇ ਕਾਰਨਾਂ ਦੀ ਜਾਣਕਾਰੀ ਦਿੰਦੇ ਇਸ ਜਵਾਬਦਾਵੇ ਵਿਚ ਉਕਤ ਅਧਿਕਾਰੀ ਵੱਲੋਂ ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਦੇ ਟਾਊਨ ਪਲਾਨਿੰਗ ਵਿੰਗ ਦੇ ਡਾਇਰੈਕਟਰ ਵੱਲੋਂ ਜਾਰੀ ਇਕ ਤਾਜ਼ਾ ਪੱਤਰ ਦੇ ਹਵਾਲੇ ਨਾਲ ਸੂਬਾ ਸਰਕਾਰ ਵੱਲੋਂ ਹੁਣ ਖ਼ੁਦ ਹੀ ਸ਼ਹਿਰੀ ਖੇਤਰਾਂ ਵਿਚ ਉਸਾਰੀਆਂ ਹੋਈਆਂ ਅਣਅਧਿਕਾਰਤ ਇਮਾਰਤਾਂ ਦਾ ਮਸਲਾ ਹੱਲ ਕਰਨ ਹਿਤ ਯਕਮੁਸ਼ਤ ਨਬੇੜੇ ਵਾਲੀ ਪਾਲਸੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ। ਇਸ ਬਾਰੇ ਨਗਰ ਨਿਗਮ ਵੱਲੋਂ ਹਾਈਕੋਰਟ ਵਿਚ ਪਾਲਣਾ ਰਿਪੋਰਟ ਦੇਣ ਦੀ ਤਰੀਕ ਸਿਰ 'ਤੇ ਆਉਣ ਤੋਂ ਮਹਿਜ਼ ਹਫ਼ਤਾ ਕੁ ਪਹਿਲਾਂ 11 ਦਸੰਬਰ ਨੂੰ ਸ੍ਰੀ ਦਰਬਾਰ ਸਾਹਿਬ ਗਲਿਆਰੇ ਤੇ ਇਸ ਦੇ ਆਲੇ-ਦੁਆਲੇ ਬਣੇ ਹੋਟਲਾਂ, ਗੈਸਟ ਹਾਊਸਾਂ ਤੇ ਸਰਾਂਵਾਂ ਨੂੰ ਨਿਯਮਤ ਕਰਨ ਬਾਰੇ ਸਥਾਨਕ ਸਰਕਾਰਾਂ ਵਿਭਾਗ ਨਾਲ ਤਾਲਮੇਲ (ਪੱਤਰ ਨੰਬਰ ਸੀ/ਐਸ.ਟੀ.ਪੀ./2450) ਕੀਤਾ ਗਿਆ।

ਇਸ ਦੇ ਜਵਾਬ ਵਿਚ ਵਿਭਾਗ ਦੇ ਟਾਊਨ ਪਲਾਨਿੰਗ ਵਿੰਗ ਵੱਲੋਂ ਅੰਮ੍ਰਿਤਸਰ ਵਿਚ ਉਕਤ ਅਣਅਧਿਕਾਰਤ ਇਮਾਰਤਾਂ ਖ਼ਿਲਾਫ਼ ਕਾਰਵਾਈ ਵਾਲੇ ਦਿਨ ਐਨ ਕੁਝ ਘੰਟੇ ਪਹਿਲਾਂ ਚੰਡੀਗੜ੍ਹ ਤੋਂ ਅੰਮ੍ਰਿਤਸਰ ਨਗਰ ਨਿਗਮ ਦੇ ਕਮਿਸ਼ਨਰ ਦੇ ਨਾਂ ਇਕ ਅਹਿਮ ਪੱਤਰ (ਮੀਮੋ) (ਨੰਬਰ ਡੀ.ਟੀ.ਪੀ.-2014-2440, 15 ਦਸੰਬਰ, 2014) ਜਾਰੀ ਕਰ ਸਪੱਸ਼ਟ ਕਰ ਦਿੱਤਾ ਗਿਆ ਕਿ 26 ਨਵੰਬਰ 2014 ਨੂੰ ਚੰਡੀਗੜ੍ਹ ਵਿਖੇ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਪ੍ਰਵਾਨਗੀ ਦਿੰਦਿਆਂ ਸਰਕਾਰ ਨੇ ਹੁਣ ਵਨ ਟਾਈਮ ਸੈਟਲਮੈਂਟ ਦੀ ਨੀਤੀ ਉਲੀਕ ਸ਼ਹਿਰੀ ਖੇਤਰਾਂ ਵਿਚ ਉਸਾਰੀਆਂ ਅਣਅਧਿਕਾਰਤ ਇਮਾਰਤਾਂ ਦਾ 'ਐਜ਼ ਇਜ਼ ਵੇਅਰ ਇਜ਼' ਦੇ ਆਧਾਰ ਉੱਤੇ ਨਬੇੜਾ ਕਰਨ ਦੀ ਤਿਆਰੀ ਕਰ ਲਈ ਹੈ। ਇਨ੍ਹਾਂ ਹੀ ਨਹੀਂ ਮਿਉਂਸਪਲ ਟਾਊਨ ਪਲਾਨਰ ਦੇ ਹਸਤਾਖਰਾਂ ਹੇਠ ਡਾਇਰੈਕਟਰ ਸ਼ਹਿਰੀ ਯੋਜਨਾਬੰਦੀ ਲਈ ਅੰਮ੍ਰਿਤਸਰ ਦੇ ਨਿਗਮ ਕਮਿਸ਼ਨਰ ਨੂੰ ਇਹ ਅਹਿਮ ਪੱਤਰ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਦੀ ਪ੍ਰਵਾਨਗੀ ਨਾਲ ਹੀ ਜਾਰੀ ਕੀਤਾ ਗਿਆ ਹੋਣ ਦੀ ਵੀ ਗੱਲ ਸਪਸ਼ਟ ਕੀਤੀ ਗਈ ਹੈ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

**Homeopathic natural medicines supply**


Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

**REPAIR SHOP**
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
**TEL: 209.547.9210**
FAX: 209.547.9211

**REGISTRATION SERVICES**
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
**TEL: 209.982.9996**
FAX: 209.982.9997

# ਆਰ.ਐਸ.ਐਸ. 'ਘਰ ਵਾਪਸੀ' ਮੁਹਿੰਮ ਲਈ ਦ੍ਰਿੜ

**ਨਵੀਂ ਦਿੱਲੀ:** ਜਬਰੀ ਧਰਮ ਪਰਿਵਰਤਨ ਦੇ ਦੋਸ਼ਾਂ ਕਾਰਨ ਵਿਵਾਦਾਂ ਵਿਚ ਘਿਰੀ ਵਿਸ਼ਵ ਹਿੰਦੂ ਪ੍ਰੀਸ਼ਦ ਆਪਣੀ ਇਸ ਮੁਹਿੰਮ ਨੂੰ ਜਾਰੀ ਰੱਖਣ 'ਤੇ ਦ੍ਰਿੜ ਹੈ। ਧਰਮ ਪਰਿਵਰਤਨ ਵਿਰੋਧੀ ਕਾਨੂੰਨ ਬਣਾਉਣ ਦੀ ਪੈਰਵੀ ਕਰ ਰਹੇ ਸੰਘ ਨੇ ਗੁਜਰਾਤ ਤੇ ਕੇਰਲ ਵਿਚ ਕਈ ਈਸਾਈਆਂ ਨੂੰ ਮੁੜ ਹਿੰਦੂ ਬਣਾ ਦਿੱਤਾ। ਸੰਘ ਇਸ ਨੂੰ 'ਘਰ ਵਾਪਸੀ' ਮੁਹਿੰਮ ਦਾ ਨਾਂ ਦੇ ਰਿਹਾ ਹੈ।

ਉਧਰ ਈਸਾਈ ਜਥੇਬੰਦੀਆਂ ਤੇ ਵਿਰੋਧੀ ਧਿਰ ਦੀਆਂ ਪਾਰਟੀਆਂ ਨੇ ਆਰ.ਐਸ.ਐਸ. 'ਤੇ ਦੋਸ਼ ਲਾਇਆ ਕਿ ਉਹ ਘੱਟ ਗਿਣਤੀ ਫ਼ਿਰਕੇ ਦੇ ਲੋਕਾਂ ਨੂੰ ਜਬਰੀ ਜਾਂ ਲਾਲਚ ਦੇ ਕੇ ਹਿੰਦੂ ਬਣਾ ਰਹੀ ਹੈ।

ਗੁਜਰਾਤ ਦੀ ਰਾਜਧਾਨੀ ਅਹਿਮਦਾਬਾਦ ਤੋਂ ਤਕਰੀਬਨ 350 ਕਿਲੋਮੀਟਰ ਦੂਰ ਸਥਿਤ ਆਦਿਵਾਸੀ ਪਿੰਡ ਵਿਚ 100 ਈਸਾਈ ਪਰਿਵਾਰਾਂ ਨੂੰ ਹਿੰਦੂ ਧਰਮ ਵਿਚ ਲਿਆਂਦਾ ਗਿਆ ਜਦਕਿ ਸੂਬਾ ਸਰਕਾਰ ਨੇ ਇਸ ਮਾਮਲੇ ਤੋਂ ਖੁਦ ਨੂੰ ਦੂਰ ਕਰਦਿਆਂ ਕਿਹਾ ਕਿ ਜੇਕਰ ਧਰਮ ਪਰਿਵਰਤਨ ਮਰਜ਼ੀ ਨਾਲ ਹੋਇਆ ਹੈ ਤਾਂ ਇਸ ਵਿਚ ਸਰਕਾਰ ਕੁਝ ਨਹੀਂ ਕਰ ਸਕਦੀ। ਭਗਵਾਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਪ੍ਰੋਗਰਾਮ ਧਰਮ ਪਰਿਵਰਤਨ ਨਹੀਂ ਬਲਕਿ ਮੁੜ-ਪਰਿਵਰਤਨ 'ਘਰ ਵਾਪਸੀ' ਹੈ ਕਿਉਂਕਿ ਆਪਣਾ ਧਰਮ ਛੱਡਣ ਵਾਲੇ ਪਰਿਵਾਰ ਪਹਿਲਾਂ ਹਿੰਦੂ ਹੀ ਸਨ।

ਵਿਸ਼ਵ ਹਿੰਦੂ ਪ੍ਰੀਸ਼ਦ ਦੀ ਗੁਜਰਾਤ ਇਕਾਈ ਦੇ ਜ਼ਿਲ੍ਹਾ ਪ੍ਰਧਾਨ ਅਜੀਤ ਸੋਲੰਕੀ ਨੇ ਕਿਹਾ ਕਿ ਉਨ੍ਹਾਂ ਜ਼ਬਰਦਸਤੀ ਜਾਂ ਲਾਲਚ ਦੇ ਕੇ ਧਰਮ ਪਰਿਵਰਤਨ ਨਹੀਂ ਕੀਤਾ ਹੈ ਤੇ ਇਹ ਫ਼ੈਸਲਾ ਇਨ੍ਹਾਂ ਲੋਕਾਂ ਦਾ ਆਪਣਾ ਸੀ। ਉਹ ਹਿੰਦੂ ਸਨ ਤੇ ਅਸੀਂ ਸਿਰਫ਼ ਉਨ੍ਹਾਂ ਨੂੰ ਮੁੜ ਹਿੰਦੂ ਬਣਾਉਣ ਵਿਚ ਮਦਦ ਕੀਤੀ ਹੈ। ਅਸੀਂ ਮੁੜ ਪਰਿਵਰਤਨ ਲਈ ਪ੍ਰੋਗਰਾਮ ਅੱਗੇ ਵੀ ਚਲਾਉਂਦੇ ਰਹਾਂਗੇ।

ਉਧਰ ਕੇਰਲ ਵਿਚ ਪ੍ਰੀਸ਼ਦ ਦੀ ਜ਼ਿਲ੍ਹਾ ਇਕਾਈ ਦਾ 'ਘਰ ਵਾਪਸੀ' ਪ੍ਰੋਗਰਾਮ ਕਨਿਚਨਾਲੋਰ ਦੇ ਇਕ ਮੰਦਰ ਵਿਚ ਹੋਇਆ। ਪ੍ਰੋਗਰਾਮ ਦਾ ਪ੍ਰਬੰਧ ਕਰਨ ਵਾਲੇ ਪ੍ਰੀਸ਼ਦ ਆਗੂ ਪ੍ਰਤਾਪ ਜੀ ਪਦਿਕਲ ਨੇ ਕਿਹਾ ਕਿ ਪਰਿਵਾਰਾਂ ਨੇ ਹਿੰਦੂ ਧਰਮ ਵਿਚ ਆਉਣ ਦੀ ਇੱਛਾ ਪ੍ਰਗਟਾਈ ਸੀ ਤੇ ਪ੍ਰੀਸ਼ਦ ਨੇ ਵਾਪਸੀ ਦਾ ਸਿਰਫ਼ ਪ੍ਰਬੰਧ ਕੀਤਾ ਸੀ। ਜ਼ਿਲ੍ਹੇ ਦੇ ਤਕਰੀਬਨ 150 ਪਰਿਵਾਰਾਂ ਨੇ ਹਿੰਦੂ ਧਰਮ ਵਿਚ ਸ਼ਾਮਲ ਹੋਣ ਦੀ ਇੱਛਾ ਪ੍ਰਗਟਾਈ ਹੈ ਤੇ ਪ੍ਰੀਸ਼ਦ ਉਨ੍ਹਾਂ ਦੀ ਵੀ 'ਘਰ ਵਾਪਸੀ' ਦਾ ਪ੍ਰਬੰਧ ਕਰੇਗਾ ਜਦਕਿ ਕੇਰਲ ਦੇ ਗ੍ਰਹਿ ਮੰਤਰੀ ਰਮੇਸ਼ ਚਾਨੀਥਲਾ ਨੇ ਇਸ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਕਿਹਾ ਕਿ ਪੁਲਿਸ ਇਸ ਮਾਮਲੇ ਦੀ ਜਾਂਚ ਕਰੇਗੀ।



## ਆਜ਼ਾਦ ਮੁਲਕ ਵਿਚ ਹਰ ਕਿਸੇ ਨੂੰ ਧਰਮ ਪਰਿਵਰਤਨ ਦੀ ਖੁੱਲ੍ਹ: ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ:** ਧਰਮ ਪਰਿਵਰਤਨ ਦੇ ਵਿਸ਼ੇ 'ਤੇ ਛਿੜੀ ਬਹਿਸ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਿਸੇ ਵੀ ਆਜ਼ਾਦ ਮੁਲਕ ਵਿਚ ਹਰ ਕਿਸੇ ਨੂੰ ਆਪਣੀ ਮਰਜ਼ੀ ਨਾਲ ਧਰਮ ਪਰਿਵਰਤਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ, ਬਸ਼ਰਤੇ ਸਬੰਧਤ ਵਿਅਕਤੀ 'ਤੇ ਕਿਸੇ ਤਰ੍ਹਾਂ ਦਬਾਅ ਨਾ ਹੋਵੇ ਜਾਂ ਕਿਸੇ ਨੂੰ ਧਰਮ ਪਰਿਵਰਤਨ ਲਈ ਮਜਬੂਰ ਨਾ ਕੀਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਆਰ.ਐਸ.ਐਸ ਦੀ ਬੋਲੀ ਬੋਲ ਰਹੀ ਹੈ ਤੇ ਘੱਟ ਗਿਣਤੀਆਂ ਨੂੰ ਜਾਣਬੁਝ ਕੇ ਧਰਮ ਪਰਿਵਰਤਨ ਵਿਰੋਧੀ ਕਾਨੂੰਨ ਵਿਚ ਉਲਝਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਕਿਸੇ ਇਕ ਧਰਮ ਦੇ ਹੱਕ ਵਿਚ ਖੜਨ ਦੀ ਥਾਂ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

## ਧਰਮ ਬਦਲੀ: ਭਾਜਪਾ ਵਲੋਂ ਗੇਂਦ ਵਿਰੋਧੀ ਧਿਰ ਦੇ ਪਾਲੇ 'ਚ

**ਹੈਦਰਾਬਾਦ:** ਸੰਘ ਪਰਿਵਾਰ ਨਾਲ ਸਬੰਧਤ ਕੁਝ ਸੰਗਠਨਾਂ ਕਾਰਨ ਪੈਦਾ ਹੋਏ ਧਰਮ ਤਬਦੀਲ ਵਿਵਾਦ ਬਾਰੇ ਭਾਜਪਾ ਤੇ ਸਰਕਾਰ ਨੇ ਜ਼ਬਰਦਸਤੀ ਧਰਮ ਤਬਦੀਲੀ ਖ਼ਿਲਾਫ਼ ਕਾਨੂੰਨ ਬਣਾਉਣ ਦੇ ਮੁੱਦੇ ਉਪਰ ਗੇਂਦ ਵਿਰੋਧੀ ਧਿਰ ਦੇ ਪਾਲੇ ਵਿਚ ਸੁੱਟ ਦਿੱਤੀ। ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਕਿ ਸਰਕਾਰ ਜ਼ਬਰਦਸਤੀ ਧਰਮ ਤਬਦੀਲ ਕਰਨ ਖ਼ਿਲਾਫ਼ ਕਾਨੂੰਨ ਲਿਆਉਣ ਲਈ ਤਿਆਰ ਹੈ ਤੇ ਉਨ੍ਹਾਂ ਅਖੌਤੀ ਧਰਮ ਨਿਰਪੱਖ ਦਲਾਂ ਨੂੰ ਇਸ ਦਾ ਸਮਰਥਨ ਕਰਨ ਦੀ ਚੁਣੌਤੀ ਦੇ ਦਿੱਤੀ। ਦੂਜੇ ਪਾਸੇ ਕੇਂਦਰੀ ਮੰਤਰੀ ਵੈਂਕਈਆ ਨਾਇਡੂ ਨੇ ਕਿਹਾ ਹੈ ਕਿ ਇਸ ਤਜਵੀਜ਼ ਉਪਰ ਵਿਰੋਧੀ ਧਿਰ ਨੇ ਸਕਾਰਾਤਮਕ ਜਵਾਬ ਨਹੀਂ ਦਿੱਤਾ। ਇਸ ਦੌਰਾਨ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾ ਅਸ਼ੋਕ ਸਿੰਘਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਦੇਸ਼ ਵਿਚ ਹਿੰਦੂ ਕਦਰਾਂ-ਕੀਮਤਾਂ ਨੂੰ ਮੁੜ ਤੋਂ ਬਹਾਲ ਕੀਤਾ ਜਾਵੇਗਾ। ਸ੍ਰੀ ਸ਼ਾਹ, ਵੈਂਕਈਆ ਤੇ ਸਿੰਘਲ ਵੱਲੋਂ ਇਹ ਟਿੱਪਣੀਆਂ ਕੀਤੇ ਜਾਣ ਤੋਂ ਪਹਿਲਾਂ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਸੰਘ ਪਰਿਵਾਰ ਦੇ ਮੌਜੂਦਾ ਵਿਵਾਦਪੂਰਨ ਮੁਹਿੰਮ ਦਾ ਮਜ਼ਬੂਤੀ ਨਾਲ ਸਮਰਥਨ ਕੀਤਾ ਹੈ ਤੇ ਵਿਰੋਧੀ ਧਿਰ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਧਰਮ ਤਬਦੀਲੀ 'ਤੇ ਪਾਬੰਦੀ ਲਾਉਣ ਵਾਲੇ ਕਾਨੂੰਨ ਦਾ ਸਮਰਥਨ ਕਰੇ। ਵਰਨਣਯੋਗ ਹੈ ਕਿ ਵਿਰੋਧੀ ਧਿਰ ਉੱਤਰੀ ਭਾਰਤ ਵਿਚ 'ਘਰ ਵਾਪਸੀ' ਦੇ ਮੁੱਦੇ ਉਪਰ ਸਰਕਾਰ ਨੂੰ ਘੇਰ ਰਹੀ ਹੈ ਤੇ ਰਾਜ ਸਭਾ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਬਿਆਨ ਦੇਣ ਲਈ ਕਹਿ ਰਹੀ ਹੈ।

## ਹਰ ਹਿੰਦੂ ਦੀ ਘਰ ਵਾਪਸੀ ਤੱਕ ਮੁਹਿੰਮ ਜਾਰੀ ਰਹੇਗੀ: ਭਾਗਵਤ

**ਕੋਲਕਾਤਾ:** ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਕਿਹਾ ਹੈ ਕਿ ਭਾਰਤ ਹਿੰਦੂ ਰਾਸ਼ਟਰ ਹੈ ਤੇ ਭੁੱਲੇ ਭਟਕਿਆ ਨੂੰ ਵਾਪਸ ਹਿੰਦੂ ਧਰਮ ਵਿਚ ਲੈ ਕੇ ਆਉਣ ਦੀ ਮੁਹਿੰਮ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਅਸੀਂ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋ ਜਾਂਦੇ। ਕੋਲਕਾਤਾ ਦੇ ਸ਼ਹੀਦ ਮਿਨਾਰ ਮੈਦਾਨ ਵਿਖੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ 'ਗੋਲਡਨ ਜੁਬਲੀ' ਮੌਕੇ ਉਨ੍ਹਾਂ ਕਿਹਾ ਕਿ ਹਿੰਦੂ ਸਮਾਜ ਹੁਣ ਜਾਗ ਗਿਆ ਹੈ ਤੇ ਇਸ ਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਕਿਸੇ ਨੂੰ ਬਦਲਣਾ ਨਹੀਂ ਹੈ। ਹਿੰਦੂ ਕਹਿੰਦੇ ਹਨ ਬਦਲਾਅ ਅੰਦਰੋਂ ਹੁੰਦਾ ਹੈ। ਹਿੰਦੂ ਕਿਸੇ ਦੂਜੀ ਥਾਂ ਤੋਂ ਘੁਸਪੈਠ ਕਰਕੇ ਇਥੇ ਨਹੀਂ ਆਏ ਹਨ। ਇਹ ਸਾਡਾ ਹਿੰਦੂ ਰਾਸ਼ਟਰ ਹੈ। ਇਥੇ ਇਹ ਜ਼ਿਕਰਯੋਗ ਹੈ ਕਿ ਪ੍ਰੀਸ਼ਦ ਦੇ ਪੋਸਟਰਾਂ ਵਿਚ 'ਅਸੀਂ ਸਾਰੇ ਹਿੰਦੂ' ਦੇ ਨਾਅਰਿਆਂ ਕਾਰਨ ਵਿਵਾਦ ਵੀ ਰਿਹਾ ਸੀ। ਪ੍ਰੀਸ਼ਦ ਵੱਲੋਂ ਮੁੱਖ ਮੰਤਰੀ ਮਮਤਾ ਬੈਨਰਜੀ ਸਮੇਤ ਸਾਰੀਆਂ ਰਾਜਨੀਤਕ ਧਿਰਾਂ ਨੂੰ ਸਮਾਗਮ ਲਈ ਸੱਦਾ ਦਿੱਤਾ ਗਿਆ ਸੀ।

# ਹਿੰਦੂ ਸੰਗਠਨਾਂ ਨੇ ਫੂਡ ਪ੍ਰੋਸੈਸਿੰਗ ਯੂਨਿਟ ਦੀ ਉਸਾਰੀ ਰੋਕੀ

**ਸ਼ੇਰਪੁਰ:** ਵਿਸ਼ਵ ਹਿੰਦੂ ਪ੍ਰੀਸ਼ਦ ਧਰਮ ਪ੍ਰਸਾਰ ਪੰਜਾਬ ਦੇ ਪ੍ਰਧਾਨ ਗੁਰਮੁਖ ਸਿੰਘ ਨਾਮਧਾਰੀ ਤੇ ਜ਼ਿਲ੍ਹਾ ਪ੍ਰਧਾਨ ਬਿਮਲ ਕੁਮਾਰ ਧੂਰੀ ਦੀ ਅਗਵਾਈ ਹੇਠ ਬਜਰੰਗ ਦਲ ਦੇ ਆਗੂਆਂ ਨੇ ਪਿੰਡ ਘਨੌਰੀ ਕਲਾਂ-ਰਾਜੋਮਾਜਰਾ ਕੱਚੇ ਰਸਤੇ 'ਤੇ ਫੂਡ ਪ੍ਰੋਸੈਸਿੰਗ ਯੂਨਿਟ ਅੰਦਰ ਅੱਗ ਲਾ ਦਿੱਤੀ ਤੇ ਉਸਾਰੀ ਕਾਮਿਆਂ ਨੂੰ ਰੋਕ ਕੇ ਇਸ ਯੂਨਿਟ ਦੀਆਂ ਕੰਧਾਂ ਵੀ ਢਾਹ ਦਿੱਤੀਆਂ।

ਇਸ ਕਾਰਵਾਈ ਦੌਰਾਨ ਦੋ ਦਰਜਨ ਤੋਂ ਵੱਧ ਨੌਜਵਾਨਾਂ ਨੇ ਨਾਅਰੇ ਵੀ ਲਾਏ। ਤਿੰਨ ਹਿੰਦੂ ਜਥੇਬੰਦੀਆਂ ਦੇ ਕਾਰਕੁਨ ਡੇਢ ਦਰਜਨ ਮੋਟਰਸਾਈਕਲਾਂ ਤੇ ਕਾਰਾਂ 'ਤੇ ਸਵਾਰ ਹੋ ਕੇ ਪਿੰਡ ਘਨੌਰੀ ਕਲਾਂ ਪੁੱਜੇ ਕਾਰਕੁਨਾਂ ਨੇ ਉਸਾਰੀ ਮਜ਼ਦੂਰਾਂ ਦਾ ਕੰਮ ਰੁਕਵਾ ਦਿੱਤਾ।

ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪੰਜਾਬ ਪ੍ਰਧਾਨ ਗੁਰਮੁਖ ਸਿੰਘ ਨਾਮਧਾਰੀ ਦੀ ਅਗਵਾਈ ਹੇਠ ਸਮੂਹ ਨੌਜਵਾਨਾਂ ਨੇ ਕੰਧਾਂ ਢਾਹੁਣੀਆਂ ਸ਼ੁਰੂ ਕਰ ਦਿੱਤੀਆਂ। ਕੰਧਾਂ ਢਾਹੁਣ ਦੀ ਇਸ ਕਾਰਵਾਈ ਕਾਰਨ ਮਜ਼ਦੂਰ ਆਪਣਾ ਕੰਮ ਛੱਡ ਕੇ ਚਲੇ ਗਏ ਪਰ ਤਕਰੀਬਨ ਪੌਣੇ ਘੰਟਾ ਹਿੰਦੂ ਕਾਰਕੁਨ ਨਾਅਰੇ ਲਾਉਂਦੇ ਰਹੇ। ਇਸ ਮਗਰੋਂ ਕੁਝ ਕਾਰਕੁਨਾਂ ਨੇ ਅੰਦਰ ਖੜ੍ਹੀ ਕਰੇਨ ਦੇ ਸ਼ੀਸ਼ੇ ਭੰਨ ਦਿੱਤੇ ਤੇ ਲੋਹੇ ਦੇ ਸੀਮਿੰਟ ਸਟੋਰ ਦੇ ਬਾਹਰ ਪਈਆਂ ਸੁੱਕੀਆਂ ਲੱਕੜਾਂ ਦੇ ਢੇਰ ਨੂੰ ਅੱਗ ਲਾ ਦਿੱਤੀ। ਯੂਨਿਟ ਦੇ ਮਾਲਕ ਵਿਜੈ ਕੁਮਾਰ ਨੇ ਕਿਹਾ ਕਿ ਉਹ ਖੁਦ ਹਿੰਦੂ ਹਨ ਤੇ ਇਥੇ ਕੋਈ ਬੁੱਚੜਖਾਨਾ ਨਹੀਂ ਖੋਲ੍ਹਿਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ 11 ਏਕੜ ਵਿਚ ਫੂਡ ਪ੍ਰੋਸੈਸਿੰਗ ਯੂਨਿਟ ਲਾਉਣ ਲਈ ਅਪਲਾਈ ਕੀਤਾ ਹੈ। ਇਸ ਯੂਨਿਟ ਵਿਚ ਪਹਿਲੀ ਸੱਟੇ ਹੀ 750 ਨੌਜਵਾਨਾਂ ਤੇ 250 ਲੜਕੀਆਂ ਨੂੰ ਰੁਜ਼ਗਾਰ ਦਿੱਤਾ ਜਾਣਾ ਹੈ।

# ਭਾਰਤ ਲਈ ਅਮਰੀਕੀ ਰਾਜਦੂਤ ਵਜੋਂ ਰਿਚਰਡ ਵਰਮਾ ਨੇ ਸਹੁੰ ਚੁੱਕੀ

**ਵਾਸ਼ਿੰਗਟਨ:** ਸਿਵਲ ਪਰਮਾਣੂ ਸੰਧੀ ਨੂੰ ਅਮਰੀਕੀ ਕਾਂਗਰਸ ਵਿਚੋਂ ਪਾਸ ਕਰਾਉਣ ਲਈ ਚੁੱਪ-ਚਾਪ ਅਹਿਮ ਭੂਮਿਕਾ ਨਿਭਾਉਣ ਵਾਲੇ ਰਿਚਰਡ ਰਾਹੁਲ ਵਰਮਾ ਨੇ ਨਵੀਂ ਦਿੱਲੀ ਵਿਚ ਅਮਰੀਕਾ ਦੇ ਰਾਜਦੂਤ ਦਾ ਹਲਫ ਲਿਆ ਤੇ ਉਹ ਇਸ ਅਹੁਦੇ 'ਤੇ ਪੁੱਜਣ ਵਾਲੇ ਪਹਿਲੇ ਭਾਰਤੀ-ਅਮਰੀਕੀ ਬਣ ਰਹੇ ਹਨ।

46 ਸਾਲਾ ਵਰਮਾ ਨੂੰ ਇਥੇ ਵਿਦੇਸ਼ ਵਿਭਾਗ ਦੇ ਦਫਤਰ ਵਿਚ ਵਿਦੇਸ਼ ਮੰਤਰੀ ਜੌਹਨ ਕੈਰੀ ਨੇ ਸਹੁੰ ਚੁਕਾਈ। ਸ੍ਰੀ ਕੈਰੀ ਦੇ ਅਗਲੇ ਮਹੀਨੇ ਭਾਰਤ ਦੇ ਦੌਰੇ ਤੋਂ ਪਹਿਲਾਂ ਸ੍ਰੀ ਵਰਮਾ ਦੇ ਨਵੀਂ ਦਿੱਲੀ ਪੁੱਜ ਜਾਣ ਦੀ ਉਮੀਦ ਹੈ। ਅਗਲੇ ਮਹੀਨੇ 26 ਜਨਵਰੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਗਣਤੰਤਰ ਦਿਵਸ ਸਮਾਰੋਹ ਮੌਕੇ ਮੁੱਖ ਮਹਿਮਾਨ ਵਜੋਂ ਦਿੱਲੀ ਆਉਣਗੇ। ਸ੍ਰੀ ਵਰਮਾ ਦੀ ਨਿਯੁਕਤੀ ਦੀ ਪਿਛਲੇ ਹਫਤੇ ਸੈਨੇਟ ਵੱਲੋਂ ਜ਼ੁਬਾਨੀ ਵੋਟਾਂ ਰਾਹੀਂ ਪ੍ਰੋੜਤਾ ਕੀਤੀ ਸੀ। ਉਹ ਭਾਰਤ ਤੇ ਅਮਰੀਕਾ ਦੇ ਸਬੰਧ ਮਜ਼ਬੂਤ ਬਣਾਉਣ ਦੇ ਧਾਰਨੀ ਹਨ ਤੇ ਉਨ੍ਹਾਂ ਸੈਂਟਰ ਫਾਰ ਅਮੇਰਿਕਨ ਪ੍ਰਾਗ੍ਰੈਸ ਵਿਚ 'ਇੰਡੀਆ 2020 ਪ੍ਰਾਜੈਕਟ' ਵਿੱਢਿਆ ਸੀ। ਸ੍ਰੀ ਵਰਮਾ ਸ੍ਰੀ ਓਬਾਮਾ ਦੇ ਪੁਰਾਣੇ ਸਾਥੀ ਵੀ ਹਨ।

# ਖਜ਼ਾਨਾ ਭਰਨ ਲਈ ਹੁਣ ਘੋੜਿਆਂ 'ਤੇ ਦਾਅ ਖੇਡੇਗੀ ਪੰਜਾਬ ਸਰਕਾਰ

**ਬਠਿੰਡਾ:** ਆਰਥਿਕ ਤੰਗੀ ਦਾ ਸਾਹਮਣਾ ਕਰ ਰਹੀ ਪੰਜਾਬ ਸਰਕਾਰ ਨੇ ਹੁਣ ਘੋੜਿਆਂ 'ਤੇ ਦਾਅ ਖੇਡਕੇ ਪੈਸੇ ਦਾ ਜੁਗਾੜ ਕਰਨ ਦਾ ਫੈਸਲਾ ਲਿਆ ਹੈ। ਸਰਕਾਰ ਨੇ ਰੇਸ ਕੋਰਸ ਸਥਾਪਤ ਕਰਨ ਲਈ ਲੁਧਿਆਣਾ ਵਿਚਲੀ 171 ਏਕੜ ਸਰਕਾਰੀ ਜ਼ਮੀਨ ਸਿਰਫ਼ ਇਕ ਰੁਪਏ ਸਾਲਾਨਾ ਲੀਜ਼ 'ਤੇ ਦੇਣ ਦੀ ਤਿਆਰੀ ਕਰ ਲਈ ਹੈ। ਸਰਕਾਰ ਨੇ ਟੈਂਡਰ ਜਾਰੀ ਕਰਕੇ ਕੌਮਾਂਤਰੀ ਕੰਪਨੀਆਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ ਤੇ ਅੱਠ ਜਨਵਰੀ ਨੂੰ ਪ੍ਰੀ-ਬਿਡ ਮੀਟਿੰਗ ਰਖ ਲਈ ਹੈ। ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ) ਤੋਂ ਆਰ.ਟੀ.ਆਈ. ਤਹਿਤ ਪ੍ਰਾਪਤ ਸੂਚਨਾ ਮੁਤਾਬਕ ਪੰਜਾਬ ਸਰਕਾਰ ਨੇ 25 ਅਗਸਤ 2014 ਨੂੰ ਕੈਬਨਿਟ ਮੀਟਿੰਗ ਵਿਚ ਲੁਧਿਆਣਾ ਵਿਚ ਰੇਸ ਕੋਰਸ (ਟਰਫ ਕਲੱਬ) ਜਨਤਕ ਪ੍ਰਾਈਵੇਟ ਭਾਈਵਾਲੀ ਨਾਲ ਬਣਾਉਣ ਦਾ ਫੈਸਲਾ ਕੀਤਾ ਸੀ।

ਇਹ ਰੇਸ ਕੋਰਸ ਤਕਰੀਬਨ 350 ਕਰੋੜ ਰੁਪਏ ਦੀ ਲਾਗਤ ਨਾਲ ਬਣੇਗਾ। ਇਸ ਰੇਸ ਕੋਰਸ ਵਾਸਤੇ ਸਰਕਾਰ ਨੇ ਪਸ਼ੂ ਪਾਲਣ ਵਿਭਾਗ ਦੀ ਮੱਤੇਵਾੜਾ (ਲੁਧਿਆਣਾ) ਲਾਗੇ 171 ਏਕੜ ਦੋ ਕਨਾਲਾਂ ਜ਼ਮੀਨ ਐਲੋਕੇਟ ਕਰ ਦਿੱਤੀ ਹੈ। ਪੰਜਾਬ ਸਰਕਾਰ ਇਸ ਜ਼ਮੀਨ ਨੂੰ 50 ਵਰ੍ਹਿਆਂ ਵਾਸਤੇ ਸਾਲਾਨਾ ਇਕ ਰੁਪਏ ਦੇ ਹਿਸਾਬ ਨਾਲ ਲੀਜ਼ 'ਤੇ ਦੇਵੇਗੀ। ਪੀ.ਆਈ.ਡੀ.ਬੀ., ਜੋ ਕਿ ਪ੍ਰੋਜੈਕਟ ਦੀ ਨੋਡਲ ਏਜੰਸੀ ਹੈ, ਨੇ ਆਰ.ਈ.ਪੀ (ਰਿਕੁਐਸਟ ਫਾਰ ਪ੍ਰੋਪੋਜ਼ਲ) ਜਾਰੀ ਕਰ ਦਿੱਤੀ ਹੈ ਤੇ ਰਿਆਇਤਾਂ ਬਾਰੇ ਸਮਝੌਤੇ ਦਾ ਖਰੜਾ ਵੀ ਤਿਆਰ ਕਰ ਲਿਆ ਹੈ। ਕੌਮਾਂਤਰੀ ਮਿਆਰ ਵਾਲੇ ਰੇਸ ਕੋਰਸ ਨਾਲ ਜਿਥੇ ਪੰਜਾਬ ਦੇ ਵੱਡੇ ਘਰਾਣਿਆਂ ਨੂੰ ਸਹੂਲਤ ਮਿਲੇਗੀ, ਉਥੇ ਸਰਕਾਰ ਨੂੰ ਇਸ ਰੇਸ ਕੋਰਸ ਤੋਂ ਕਮਾਈ ਹੋਣ ਦੀ ਵੀ ਆਸ ਹੈ। ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਐਚ.ਐਸ. ਸੰਧਾ ਦਾ ਕਹਿਣਾ ਸੀ ਕਿ ਵਿਭਾਗ ਦਾ ਮੱਤੇਵਾੜਾ ਵਿਖੇ ਚਾਰਾ ਫਾਰਮ ਹੈ। ਇਸ ਦੀ ਜ਼ਮੀਨ 'ਤੇ ਬੀਜਾਂ ਦੀ ਖੋਜ ਵੀ ਨਾਲੋਂ ਨਾਲ ਚੱਲਦੀ ਹੈ। ਉਨ੍ਹਾਂ ਆਖਿਆ ਕਿ ਵਿਭਾਗ ਦੀ ਜ਼ਮੀਨ ਰੇਸ ਕੋਰਸ ਵਾਸਤੇ ਲਈ ਜਾ ਰਹੀ ਹੈ। ਸੂਚਨਾ ਅਨੁਸਾਰ ਇਸੇ ਜ਼ਮੀਨ 'ਤੇ ਕੌਮਾਂਤਰੀ ਪੱਧਰ ਦਾ ਕਲੱਬ ਹਾਊਸ ਕੰਪਲੈਕਸ ਬਣੇਗਾ।



ਟਰਫ ਕਲੱਬ ਵਿਚ 500 ਘੋੜਿਆਂ ਦਾ ਆਧੁਨਿਕ ਤਬੇਲਾ ਬਣੇਗਾ ਤੇ ਪੰਜ ਹਜ਼ਾਰ ਲੋਕਾਂ ਦੀ ਸਮਰੱਥਾ ਵਾਲਾ 'ਸੱਟਾ ਹਾਲ' ਬਣੇਗਾ। ਕਲੱਬ ਵਿਚ 10 ਹਜ਼ਾਰ ਦਰਸ਼ਕਾਂ ਦੇ ਬੈਠਣ ਦੀ ਸਮਰੱਥਾ ਹੋਵੇਗੀ ਤੇ ਘੱਟੋ ਘੱਟ 30 ਰੁਪਏ ਆਮ ਲੋਕਾਂ ਲਈ ਐਂਟਰੀ ਫੀਸ ਹੋਵੇਗੀ। ਵੱਡੇ ਘਰਾਣਿਆਂ ਦੇ ਲੋਕਾਂ ਵਾਸਤੇ ਲਗਜ਼ਰੀ ਹੋਟਲ ਤੇ ਰੇਸਤਰਾਂ ਬਣਾਏ ਜਾਣਗੇ ਤੇ ਘੋੜਸਵਾਰੀ ਦੇ ਮਾਹਿਰਾਂ ਵਾਸਤੇ 100 ਵਿਅਕਤੀਆਂ ਦੀ ਸਮਰੱਥਾ ਵਾਲਾ ਇਕ ਹੋਸਟਲ ਬਣੇਗਾ। ਘੋੜਿਆਂ ਦੀਆਂ ਦੌੜਾਂ 'ਤੇ ਸੱਟਾ ਲਾਉਣ ਵਾਸਤੇ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਛੋਟੇ ਕੇਂਦਰ ਬਣਾਏ ਜਾਣ ਦੀ ਵੀ ਸੰਭਾਵਨਾ ਹੈ।

ਟਰਫ ਕਲੱਬ ਦਾ ਕਾਰਪੋਰੇਟ ਮੈਂਬਰ ਬਣਨ ਵਾਸਤੇ 10 ਲੱਖ ਰੁਪਏ ਫੀਸ ਹੋਵੇਗੀ ਤੇ 10 ਹਜ਼ਾਰ ਰੁਪਏ ਸਾਲਾਨਾ ਫੀਸ ਵੱਖਰੀ ਹੋਵੇਗੀ। ਪੰਜ ਤਰ੍ਹਾਂ ਦੀ ਮੈਂਬਰਸ਼ਿਪ ਰੱਖੀ ਜਾਵੇਗੀ। ਪੰਜਾਬ ਸਰਕਾਰ ਨੇ ਇਹ ਸਾਰਾ ਖਾਕਾ ਤਿਆਰ ਕਰ ਲਿਆ ਹੈ।

ਦੋ ਹਜ਼ਾਰ ਮੀਟਰ ਲੰਬਾ ਰੇਸ ਟਰੈਕ ਹੋਵੇਗਾ ਤੇ 30 ਮਹੀਨਿਆਂ ਵਿਚ ਬਣ ਕੇ ਤਿਆਰ ਹੋਵੇਗਾ। ਜੋ ਕੰਪਨੀ ਇਸ ਟਰਫ ਕਲੱਬ ਨੂੰ ਬਣਾਏਗੀ ਉਸ ਨੂੰ ਚਾਰ ਕਰੋੜ ਰੁਪਏ ਬਿਡ ਸਕਿਉਰਿਟੀ, ਦੋ ਕਰੋੜ ਰੁਪਏ ਉਸਾਰੀ ਸਕਿਉਰਿਟੀ, 10 ਕਰੋੜ ਰੁਪਏ ਓ ਐਂਡ ਐਮ ਸਕਿਉਰਿਟੀ ਦੇਣ ਤੋਂ ਇਲਾਵਾ ਇਕ ਕਰੋੜ ਰੁਪਏ ਪ੍ਰਾਜੈਕਟ ਵਿਕਾਸ ਫੀਸ ਦੇਣੀ ਪਵੇਗੀ। ਟਰਫ ਕਲੱਬ ਦੇ ਖਾਸ ਮੈਂਬਰਾਂ ਦੀ ਗਿਣਤੀ ਦੋ ਸੌ ਤੋਂ ਘੱਟ ਹੋਵੇਗੀ। ਕਲੱਬ ਵਿਚ ਪ੍ਰਸਾਰਨ, ਮੀਡੀਆ ਤੇ ਸਕਿਉਰਿਟੀ ਤੋਂ ਇਲਾਵਾ ਰੇਸਿੰਗ ਅਪਰੇਸ਼ਨ ਦਾ ਕੰਟਰੋਲ ਸਿਸਟਮ ਵੀ ਹੋਵੇਗਾ। ਟਰਫ ਕਲੱਬ ਦੇ ਸਲਾਹਕਾਰ ਸਚਿਨ ਸ਼ਰਮਾ ਦਾ ਕਹਿਣਾ ਸੀ ਕਿ ਕਲੱਬ ਵਿਚ ਇਕ ਸਪੋਰਟਸ ਕੰਪਲੈਕਸ ਬਣੇਗਾ ਜਿਸ ਵਿਚ ਖਿਡਾਰੀਆਂ ਦੀ ਨਵੀਂ ਪਨੀਰੀ ਤਿਆਰ ਹੋਵੇਗੀ। ਇਸ ਕੰਪਲੈਕਸ ਵਿਚ ਓਲੰਪਿਕ ਪੱਧਰ ਦੀਆਂ ਸਹੂਲਤਾਂ ਹੋਣਗੀਆਂ।

## ਵਿੱਤੀ ਸੰਕਟ ਬਣਿਆ ਪੰਜਾਬ ਸਰਕਾਰ ਦੀ ਵੱਡੀ ਸਿਰਦਰਦੀ

**ਚੰਡੀਗੜ੍ਹ:** ਅਦਾਇਗੀਆਂ ਖੁਣੋਂ ਲਟਕ ਰਹੇ ਕੋਈ ਦੋ ਹਜ਼ਾਰ ਕਰੋੜ ਰੁਪਏ ਦੇ ਬਿੱਲ ਪੰਜਾਬ ਸਰਕਾਰ ਲਈ ਵੱਡੀ ਸਿਰਦਰਦੀ ਬਣਦੇ ਜਾ ਰਹੇ ਹਨ। ਸਰਕਾਰੀ ਸਹਾਇਤਾ ਪ੍ਰਾਪਤ ਕਾਲਜ ਜਿਨ੍ਹਾਂ ਨੂੰ ਮਗਰਲੇ ਡੇਢ ਸਾਲ ਤੋਂ ਸਹਾਇਤਾ ਰਾਸ਼ੀ ਨਹੀਂ ਮਿਲੀ ਤੇ ਸਰਕਾਰ ਦੇ ਵੱਖ-ਵੱਖ ਕੰਮ ਕਰਨ ਵਾਲੇ ਠੇਕੇਦਾਰ, ਜਿਨ੍ਹਾਂ ਦੀਆਂ ਕੋਈ ਸਾਢੇ 500 ਕਰੋੜ ਦੀਆਂ ਅਦਾਇਗੀਆਂ ਖ਼ਜ਼ਾਨਿਆਂ ਵਿਚ ਲਟਕ ਰਹੀਆਂ ਸਨ, ਹਾਈਕੋਰਟ ਤੱਕ ਪਹੁੰਚ ਕਰਨ ਲਈ ਵੀ ਮਜਬੂਰ ਹੋ ਗਏ।

ਸਰਕਾਰੀ ਮੁਲਾਜ਼ਮਾਂ ਦੇ ਮੈਡੀਕਲ ਬਿੱਲਾਂ ਦੀਆਂ ਅਦਾਇਗੀਆਂ ਵੀ ਅਗਸਤ 2014 ਤੋਂ ਜਿਵੇਂ ਬੰਦ ਚੱਲ ਰਹੀਆਂ ਹਨ, ਉੱਚ-ਅਧਿਕਾਰੀ ਆਪਣੀਆਂ ਕਾਰਾਂ ਦਾ ਤੇਲ ਆਪਣੀਆਂ ਜੇਬਾਂ ਵਿਚੋਂ ਪਵਾਉਣ ਲਈ ਮਜਬੂਰ ਹੋ ਰਹੇ ਹਨ ਤੇ ਸਰਕਾਰੀ ਪੈਨਸ਼ਨਾਂ ਦੀਆਂ ਲਗਾਤਾਰ ਪਛੜ ਕੇ ਹੁੰਦੀਆਂ ਅਦਾਇਗੀਆਂ ਜਿਵੇਂ ਮਜ਼ਾਕ ਬਣ ਗਈਆਂ ਹਨ।

ਇਸ ਕਾਰਨ ਆਮ ਆਦਮੀ ਦਾ ਸਰਕਾਰੀਤੰਤਰ ਤੋਂ ਭਰੋਸਾ ਹੀ ਖ਼ਤਮ ਹੋ ਰਿਹਾ ਹੈ। ਉੱਚ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਤਿਉਹਾਰਾਂ ਦੌਰਾਨ ਵੱਧ ਵਿੱਕਰੀ ਕਾਰਨ ਰਾਜ ਨੂੰ ਜੋ ਮਾਲੀਆ ਮਿਲਿਆ ਹੈ, ਉਸ ਕਾਰਨ ਜਨਵਰੀ 2015 ਤੱਕ ਸਰਕਾਰ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਆਦਿ ਦੇਵੇਗੀ, ਪਰ ਫ਼ਰਵਰੀ, ਮਾਰਚ ਸਰਕਾਰ ਲਈ ਕਾਫ਼ੀ ਔਖੇ ਮਹੀਨੇ ਹੋਣਗੇ।

ਤੇਰੀਆਂ ਗਲੀਆਂ

23

# ਪ੍ਰਕਾਸ਼ ਰੇਡੀਓ ਵਾਲਾ

*'ਪ੍ਰਕਾਸ਼ ਰੇਡੀਓ ਵਾਲਾ' ਵਿਚ ਦਲਬੀਰ ਸਿੰਘ ਨੇ ਆਪਣੇ ਪਿੰਡ ਦੇ ਉਸ ਕਲਾਕਾਰ ਦੀ ਗੱਲ ਕੀਤੀ ਹੈ ਜਿਸ ਵਿਚ ਨਿਰਮਾਣਤਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਹਨੇ ਇਸ ਸ਼ਖਸ ਪ੍ਰਕਾਸ਼ ਬਾਰੇ ਜਿਹੜੀਆਂ ਗੱਲਾਂ ਕੀਤੀਆਂ ਹਨ, ਉਨ੍ਹਾਂ ਵਿਚੋਂ ਪਿੰਡ ਦੀ ਤਾਸੀਰ ਉਭਰਦੀ ਹੈ। ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਨੇ ਆਪਣੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਵਿਚ ਭਾਵੇਂ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਯਾਦਾਂ ਪਰੋਈਆਂ ਹਨ; ਪਰ ਯਾਦਾਂ ਦੀਆਂ ਇਹ ਲੜੀਆਂ ਫੈਲ ਕੇ ਪੰਜਾਬ ਦੇ ਪਿੰਡਾਂ ਨਾਲ ਜੁੜ ਗਈਆਂ ਜਾਪਦੀਆਂ ਹਨ। ਉਹ ਪਿੰਡ ਦੀ ਨਬਜ਼ ਉਤੇ ਆਪਣੀਆਂ ਉਂਗਲਾਂ ਦੇ ਪੋਟੇ ਰੱਖ ਕੇ ਇਹਦਾ ਹਾਲ-ਚਾਲ ਪੁੱਛਦਾ ਪ੍ਰਤੀਤ ਹੁੰਦਾ ਹੈ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਕਈ ਦਹਾਕਿਆਂ ਤੋਂ ਤੇਜ਼ੀ ਨਾਲ ਬਦਲੇ ਹਨ। -ਸੰਪਾਦਕ*

ਬਾਰੂ ਦੀ ਦੁਕਾਨ, ਰੇਡੀਓ ਵਾਲੇ ਪ੍ਰਕਾਸ਼ ਦੇ ਘਰ ਤੋਂ ਪਿੰਡ ਦੇ ਸਕੂਲ ਨੂੰ ਮੁੜਨ ਵਾਲੀ ਗਲੀ ਦੇ ਪਰਲੇ ਪਾਸੇ 'ਵਿਹੜੇ' ਵਿਚ ਸੀ। ਉਨ੍ਹੀਂ ਦਿਨੀਂ ਇਸ ਇਲਾਕੇ ਨੂੰ ਵਿਹੜਾ ਨਹੀਂ, ਸਗੋਂ ਆਮ ਭਾਸ਼ਾ ਵਿਚ ਚਮਾਲੜੀ ਕਿਹਾ ਜਾਂਦਾ ਸੀ। ਜਿਹੜੀਆਂ ਜਾਤਾਂ ਦੇ ਲੋਕ 'ਪਿੰਡ' ਵਾਲੇ ਪਾਸੇ ਰਹਿੰਦੇ ਸਨ, ਉਹ ਹਰੀਜਨਾਂ, ਚੂਹੜਿਆਂ ਜਾਂ ਦਲਿਤਾਂ ਨੂੰ ਉਨ੍ਹਾਂ ਦੇ ਮੂੰਹ ਉਤੇ ਤਾਂ ਚੌਧਰੀ ਕਹਿ ਕੇ ਜਾਂ ਇਸੇ ਤਰ੍ਹਾਂ ਦੀ ਕੋਈ ਹੋਰ ਗੱਲ ਕਹਿ ਕੇ ਬੁਲਾਉਂਦੇ ਸਨ ਪਰ ਪਿੱਠ ਪਿਛੇ ਚਮਾਰ ਹੀ ਕਹਿੰਦੇ ਸਨ। ਮੈਨੂੰ ਲਗਦਾ ਸੀ ਕਿ ਸਮਾਂ ਬੀਤਣ ਉਤੇ ਖਬਰੇ ਇਸ ਮਾਮਲੇ ਵਿਚ ਕੋਈ ਫਰਕ ਪਿਆ ਹੋਵੇ, ਪਰ ਲਗਦਾ ਹੈ ਕਿ ਪੰਜਾਬ 'ਚ ਜਾਤ-ਪਾਤ ਖਤਮ ਹੋਣ ਦਾ ਦਾਅਵਾ ਕਰਨ ਦੇ ਬਾਵਜੂਦ ਆਮ ਲੋਕ ਅਜੇ ਵੀ ਜਾਤ-ਪਾਤ ਦੇ ਕੋਹੜ ਤੋਂ ਮੁਕਤ ਨਹੀਂ ਹੋ ਸਕੇ। ਅੱਜ ਵੀ ਅੰਦਰਖਾਤੇ ਦਲਿਤਾਂ ਨੂੰ ਚਮਾਲੜੀ ਵਾਲੀ ਭਾਸ਼ਾ ਵਿਚ ਸੰਬੋਧਨ ਕੀਤਾ ਜਾਂਦਾ ਹੈ। ਇਸ ਗੱਲ ਦੇ ਬਾਵਜੂਦ ਹਾਲਤ ਇਸੇ ਤਰ੍ਹਾਂ ਦੇ ਹੀ ਹਨ ਕਿ ਸਿੱਖੀ ਵਿਚ ਸਭ ਸਿੱਖ ਇਕੋ ਜਿਹੇ ਹੀ ਹੁੰਦੇ ਹਨ ਅਤੇ ਕਿਸੇ ਤਰ੍ਹਾਂ ਦਾ ਜਾਤ-ਪਾਤੀ ਭਿੰਨ-ਭੇਦ ਨਹੀਂ ਹੁੰਦਾ।



ਦਲਬੀਰ ਸਿੰਘ

ਦੱਸਣਾ ਠੀਕ ਰਹੇਗਾ ਕਿ ਜਿਵੇਂ ਬਿਨਾਂ ਅੰਮ੍ਰਿਤ ਛਕਿਆਂ ਹੀ ਪਿੰਡ ਦੇ ਹੋਰ ਜਾਤਾਂ ਦੇ ਲੋਕ ਸਿੱਖ ਬਣ ਗਏ ਸਨ, ਉਸੇ ਤਰ੍ਹਾਂ ਹਰੀਜਨ ਜਾਂ ਦਲਿਤ ਵੀ ਸਿੱਖ ਹੀ ਕਹਾਏ ਜਾਣ ਲੱਗੇ ਸਨ। ਉਨ੍ਹਾਂ ਵਿਚੋਂ ਬਹੁਤਿਆਂ ਨੇ ਨਾ ਸਿਰਫ ਕੇਸ ਹੀ ਰੱਖੇ ਹੋਏ ਹਨ, ਸਗੋਂ ਨਾਮ ਵੀ ਸਿੱਖਾਂ ਵਾਲੇ ਹੀ ਹਨ। ਫਿਰ ਵੀ ਕਈ ਲੋਕ ਭਾਵੇਂ ਪਿੱਠ ਪਿਛੇ ਹੀ ਸਹੀ, ਉਨ੍ਹਾਂ ਨੂੰ ਠਿੱਠ ਕਰਨ ਵਿਚ ਮਜ਼ਾ ਲੈਂਦੇ ਹਨ। ਕੁਝ ਸਾਲ ਹੋਏ ਮੈਂ ਪਿੰਡ ਗਿਆ ਅਤੇ ਰਾਮਗੜ੍ਹੀਆਂ ਦੇ ਸ਼ਰੀਕੇ ਵਿਚ ਭਰਾ ਲਗਦੇ ਬੰਦੇ ਵਲੋਂ ਚਾਹ ਲਈ ਘਰ ਸੱਦੇ ਜਾਣ ਉਤੇ ਮੈਂ ਆਪਣੇ ਇਕ ਹਰੀਜਨ ਸਾਥੀ ਨੂੰ ਵੀ ਨਾਲ ਲੈ ਗਿਆ। ਬੋਲ ਕੇ ਭਾਵੇਂ ਉਸ ਨੇ ਕੋਈ ਇਤਰਾਜ਼ ਨਹੀਂ ਕੀਤਾ, ਪਰ ਉਸ ਦੇ ਅੰਦਾਜ਼ ਨੇ ਸਾਰੀ ਗੱਲ ਕਹਿ ਦਿੱਤੀ ਸੀ।

ਅੱਜ ਵੀ ਗਰਾਂ ਦੀ ਤਕਸੀਮ ਪਹਿਲਾਂ ਵਰਗੀ ਹੀ ਹੈ। ਅਜੇ ਵੀ ਚਮਾਲੜੀ ਸੂਖਮ ਰੂਪ ਵਿਚ ਕਾਇਮ ਹੈ। ਇਸੇ ਹੀ ਚਮਾਲੜੀ ਵਿਚ ਸੀ ਬਾਰੂ ਦੀ ਦੁਕਾਨ ਅਤੇ ਪ੍ਰਕਾਸ਼ ਦਾ ਘਰ। ਸਾਡੇ ਪਿੰਡਾਂ ਵਿਚ ਦਲਿਤਾਂ ਦੇ ਵੀ ਅਤੇ ਜੱਟਾਂ ਦੇ ਘਰ ਵੀ ਕੋਠੜੀਆਂ ਵਰਗੇ ਹੀ ਹੁੰਦੇ ਸਨ। ਵੱਡੇ-ਵੱਡੇ ਖੁੱਲ੍ਹੇ ਘਰ ਤਾਂ ਬਾਅਦ ਵਿਚ ਮਾਲਵੇ ਵਿਚ ਹੀ ਦੇਖੇ ਸਨ। ਮੈਂ ਕਿਉਂਕਿ ਜੱਟਾਂ ਦੇ ਛੋਟੇ-ਛੋਟੇ ਘਰ ਦੇਖੇ ਹੋਏ ਹਨ, ਇਸ ਲਈ ਇਹ ਹੈਰਾਨੀ ਵਾਲੀ ਗੱਲ ਨਹੀਂ ਸੀ ਕਿ ਹਰੀਜਨਾਂ ਜਾਂ ਦਲਿਤਾਂ ਦੇ ਘਰ ਹੋਰ ਵੀ ਛੋਟੇ ਸਨ। ਮਾਲਵੇ ਦੇ ਲੋਕ ਸ਼ਾਇਦ ਨਾ ਸਮਝ ਸਕਣ ਕਿ ਦੋਆਬੇ ਦੇ ਕਿਸੇ ਪਿੰਡ ਵਿਚ ਹਰੀਜਨਾਂ ਦੇ ਘਰ ਕਿਹੋ ਜਿਹੇ ਹੋਣਗੇ।

ਪ੍ਰਕਾਸ਼ ਪਹਿਲਾਂ ਜਲੰਧਰ ਰੇਡੀਓ ਉਤੇ ਚਪੜਾਸੀ ਭਰਤੀ ਹੋਇਆ। ਉਸ ਨੂੰ ਇਹ ਨੌਕਰੀ ਪੰਡਤਾਂ ਦੇ ਸੋਮਨਾਥ ਨੇ ਦਿਵਾਈ ਸੀ ਜਿਹੜਾ ਰੇਡੀਓ ਉਤੇ ਕੰਮ ਕਰਦਾ ਸੀ। ਮਗਰੋਂ ਪ੍ਰਕਾਸ਼ ਨੇ ਢੋਲਕੀ ਵਜਾਉਣੀ ਸਿੱਖ ਲਈ ਅਤੇ ਕਈ ਸਾਲਾਂ ਤੱਕ ਉਹ ਰੇਡੀਓ ਉਤੇ ਗਾਉਣ ਵਾਲੇ ਕਲਾਕਾਰਾਂ ਨਾਲ ਢੋਲਕੀ ਉਤੇ ਸੰਗਤ ਕਰਦਾ ਰਿਹਾ।

ਪਿੰਡ ਵਿਚ ਗੁਰਦੁਆਰੇ ਵਿਚ ਕੀਰਤਨ ਕਰਨ ਵਾਲਿਆਂ ਵਿਚ ਮਿਸਤਰੀਆਂ ਦਾ ਮਿਹਰ ਸਿੰਘ ਅਤੇ ਉਸ ਦਾ ਭਾਈ ਮਹਿੰਦਰ ਸਿੰਘ ਹੀ ਮੋਹਰੀ ਸਨ। ਦੋਵੇਂ ਭਾਈ ਰਾਮਾ ਮੰਡੀ ਵਿਚ ਸਾਈਕਲਾਂ ਦੀ ਵੱਖ-ਵੱਖ ਦੁਕਾਨ ਕਰਦੇ ਸਨ। ਉਹ ਕੀਰਤਨ ਕਰਦੇ ਸਮੇਂ ਆਪੇ ਹੀ ਵਾਰੀ-ਵਾਰੀ ਢੋਲਕੀ ਵਜਾਉਂਦੇ। ਕੀਰਤਨ ਸਮੇਂ ਉਨ੍ਹਾਂ ਕਦੀ ਵੀ ਪ੍ਰਕਾਸ਼ ਨੂੰ ਆਪਣੇ ਨਾਲ ਢੋਲਕੀ ਵਜਾਉਣ ਲਈ ਨਹੀਂ ਕਿਹਾ ਹੋਣਾ। ਮੈਂ ਉਸ ਨੂੰ ਗੁਰਦੁਆਰੇ ਵਿਚ ਢੋਲਕੀ ਵਜਾਉਂਦਿਆਂ ਤਾਂ ਦੂਰ, ਕਦੀ ਹਾਜ਼ਰੀ ਭਰਦਿਆਂ ਵੀ ਨਹੀਂ ਸੀ ਦੇਖਿਆ। ਇਸ ਦਾ ਕਾਰਨ ਸ਼ਾਇਦ ਹਰੀਜਨਾਂ ਨੂੰ ਉਸ ਗੁਰਦੁਆਰੇ ਵਿਚ ਦਾਖਲ ਨਾ ਹੋਣ ਦੇਣ ਦੀ ਪਿਰਤ ਸੀ।

ਪ੍ਰਕਾਸ਼ ਕਾਲੇ ਰੰਗ ਦਾ, ਪਰ ਮਾੜਕੂ ਜਿਹਾ ਚੁੱਪ ਰਹਿਣ ਵਾਲਾ ਬੰਦਾ ਸੀ। ਛੋਟੀ ਉਮਰੇ ਉਸ ਨੂੰ ਦੇਖ ਕੇ ਅਸੀਂ ਬੱਚੇ ਡਰ ਜਾਇਆ ਕਰਦੇ ਸਾਂ। ਏਨਾ ਕਾਲਾ ਵੀ ਕੋਈ ਬੰਦਾ ਹੋ ਸਕਦਾ ਹੈ? ਉਸ ਵਰਗਾ ਹੀ ਕਾਲਾ ਉਸ ਦਾ ਵੱਡਾ ਭਾਈ ਵੀ ਸੀ ਜਿਹੜਾ ਰਿਕਸ਼ਾ ਚਲਾਉਂਦਾ ਸੀ। ਸ਼ਾਇਦ ਉਹ ਸਾਡੇ ਪਿੰਡ ਦਾ ਪਹਿਲਾ ਬੰਦਾ ਸੀ ਜਿਹੜਾ ਰਿਕਸ਼ਾ ਚਲਾਉਣ ਲੱਗਿਆ ਸੀ। ਅਸੀਂ ਉਸ ਉਮਰੇ ਰਿਕਸ਼ਾ ਚਲਾਉਣ ਨੂੰ ਕੋਈ ਚੰਗੀ ਗੱਲ ਨਹੀਂ ਸਾਂ ਸਮਝਦੇ। ਇਹ ਪਿੰਡ ਵਾਲਿਆਂ ਦਾ ਕਿੱਤਾ ਨਹੀਂ ਸੀ ਸਮਝਿਆ ਜਾਂਦਾ। ਫਿਰ ਵੀ ਜਦੋਂ ਕਦੀ ਬਿਮਾਰ ਮਾਂ ਨੂੰ ਡਾਕਟਰ ਦੇ ਲਿਜਾਣ ਦੀ ਜ਼ਰੂਰਤ ਪੈਂਦੀ ਤਾਂ ਉਸ ਦਾ ਰਿਕਸ਼ਾ ਹੀ ਕੰਮ ਆਉਂਦਾ ਸੀ। ਮਜ਼ਦੂਰ ਦੀ ਲੋੜ ਅਤੇ ਕੰਮ ਦੀ ਕਦਰ ਦੀ ਸਮਝ ਬਹੁਤ ਮਗਰੋਂ ਜਾ ਕੇ ਆਈ।

ਪ੍ਰਕਾਸ਼ ਦਾ ਘਰ ਦੋ ਖਣਾਂ ਵਾਲਾ ਮਿੱਟੀ ਦੇ ਛੱਪਰ ਵਾਲਾ ਕੋਠਾ ਜਿਹਾ ਹੀ ਸੀ। ਇਸ ਵਿਚ ਕੋਈ ਵਿਹੜਾ ਨਹੀਂ ਸੀ। ਉਸ ਕੋਠੜੀ ਵਿਚ ਹੀ ਕਦੀ-ਕਦੀ ਉਹ ਢੋਲਕੀ ਦਾ ਰਿਆਜ਼ ਕਰਦਾ ਸੀ। ਸਾਰੀ ਉਮਰ ਰੇਡੀਓ ਉਤੇ ਨੌਕਰੀ ਕਰਨ ਅਤੇ ਕਦੀ-ਕਦੀ ਕਲਾਕਾਰਾਂ ਨਾਲ ਪ੍ਰੋਗਰਾਮਾਂ ਉਤੇ ਜਾਣ ਤੋਂ ਬਾਅਦ ਵੀ ਮੇਰੀ ਸੁਰਤ ਤੱਕ ਉਸ ਦੀ ਕੋਠੜੀ ਵਿਚ ਪੱਕੀ ਇੱਟ ਤੱਕ ਨਹੀਂ ਸੀ ਲੱਗੀ ਅਤੇ ਇਸ ਵਿਚ ਇਕ ਇੰਚ ਤੱਕ ਦਾ ਵੀ ਵਾਧਾ ਨਹੀਂ ਸੀ ਹੋਇਆ। ਇਹ ਗੱਲ ਮੰਨਣ ਵਿਚ ਮੈਨੂੰ ਕੋਈ ਸ਼ਰਮ ਨਹੀਂ ਕਿ ਚਮਾਰ ਹੋਣ ਕਾਰਨ ਸਾਡੇ ਬਾਲ ਮਨਾਂ ਵਿਚ ਉਸ ਪ੍ਰਤੀ ਹੀਣੀ ਭਾਵਨਾ ਭਰੀ ਗਈ ਸੀ। ਮਗਰੋਂ ਜਾ ਕੇ ਜਦੋਂ ਅਖਬਾਰ ਵਿਚ ਨੌਕਰੀ ਕਰਦਿਆਂ ਮੇਰਾ ਉਸ ਨਾਲ ਵਾਹ ਪਿਆ ਤਾਂ ਹੀ ਪਤਾ ਲੱਗਿਆ ਕਿ ਉਹ ਕਿੰਨਾ ਸ਼ਾਇਸਤਾ ਬੰਦਾ ਸੀ। ਦੂਜੀ ਗੱਲ ਇਹ ਕਿ ਪੰਡਤਾਂ ਦੇ ਸੋਮਨਾਥ ਦੀ ਪ੍ਰਕਾਸ਼ ਨਾਲ ਯਾਰੀ ਸੀ ਅਤੇ ਉਨ੍ਹਾਂ ਵਿਚਾਲੇ ਕਦੀ ਵੀ ਜਾਤ ਦਾ ਮਾਮਲਾ ਨਹੀਂ ਸੀ ਉਠਾਇਆ। ਇਹ ਗੱਲ ਪਤਾ ਲੱਗਣ ਉਤੇ ਮੇਰੇ ਦਿਲ ਵਿਚ ਸੋਮਨਾਥ ਬਾਰੇ ਤਾਂ ਆਦਰ ਵਧਿਆ ਹੀ, ਪ੍ਰਕਾਸ਼ ਦੀ ਇੱਜ਼ਤ ਵੀ ਬਹੁਤ ਵਧ ਗਈ।

ਪ੍ਰਕਾਸ਼ ਪੁਰਾਣੀ ਕਿਸਮ ਦਾ ਢੋਲਕੀ ਵਾਦਕ ਸੀ ਜਿਸ ਨੇ ਕਦੀ ਵੀ ਪੰਜਾਬੀ ਦੇ ਵੱਡੇ-ਵੱਡੇ ਕਲਾਕਾਰਾਂ ਨਾਲ ਆਪਣੀ ਨੇੜਤਾ ਦਾ ਵਿਖਾਵਾ ਨਹੀਂ ਸੀ ਕੀਤਾ। ਰੇਡੀਓ ਜਲੰਧਰ ਵਲੋਂ ਸੱਤਰਵਿਆਂ ਦੇ ਦਹਾਕੇ ਦੌਰਾਨ ਸਟੇਸ਼ਨ ਦੇ ਸਾਹਮਣੇ ਪਈ ਖਾਲੀ ਥਾਂ ਉਤੇ ਹੀ ਗਾਇਕੀ ਦੇ ਕਈ ਪ੍ਰੋਗਰਾਮ ਕੀਤੇ ਗਏ ਸਨ ਜਿਨ੍ਹਾਂ ਨੂੰ ਸੁਣਨ ਦਾ ਮੌਕਾ ਮਿਲਦਾ ਰਿਹਾ ਸੀ। ਕਈ ਪ੍ਰੋਗਰਾਮਾਂ ਦੌਰਾਨ ਪ੍ਰਕਾਸ਼ ਨੂੰ ਮੈਂ ਨਾਮੀ-ਗਿਰਾਮੀ ਕਲਾਕਾਰਾਂ ਨਾਲ ਸੰਗਤ ਕਰਦਿਆਂ ਦੇਖਿਆ/ਸੁਣਿਆ। ਇਨ੍ਹਾਂ ਵਿਚ ਆਸਾ ਸਿੰਘ ਮਸਤਾਨਾ, ਸੁਰਿੰਦਰ ਕੌਰ ਅਤੇ ਯਮਲਾ ਜੱਟ ਵਰਗੇ ਚੋਟੀ ਦੇ ਕਲਾਕਾਰ ਵੀ ਸ਼ਾਮਲ ਹੁੰਦੇ ਸਨ ਪਰ ਪ੍ਰਕਾਸ਼ ਨੇ ਕਦੀ ਵੀ ਇਸ ਦੀ ਹਉਮੈ ਨਹੀਂ ਸੀ ਦਿਖਾਈ। ਉਹ ਸਹੀ ਅਰਥਾਂ ਵਿਚ ਕਲਾਕਾਰ ਸੀ। ਹੁਣ ਤਾਂ ਗਾਇਕੀ ਦਾ ਅੰਦਾਜ਼ ਹੀ ਬਦਲ ਗਿਆ ਹੈ। ਢੋਲਕੀਆਂ ਦਾ ਜ਼ਮਾਨਾ ਹੀ ਨਹੀਂ ਰਹਿ ਗਿਆ।



*ਲਾਲ ਚੰਦ ਯਮਲਾ ਜੱਟ, ਸੁਰਿੰਦਰ ਕੌਰ ਅਤੇ ਆਸਾ ਸਿੰਘ ਮਸਤਾਨਾ ਜਿਨ੍ਹਾਂ ਨਾਲ ਦਲਬੀਰ ਸਿੰਘ ਦਾ ਗਰਾਈਂ ਪ੍ਰਕਾਸ਼ ਤਬਲੇ ਉਤੇ ਸੰਗਤ ਕਰਦਾ ਹੁੰਦਾ ਸੀ।*

ਚਲੋ ਹੁਣ ਬਾਰੂ ਦੀ ਦੁਕਾਨ ਵੱਲ ਚਲੀਏ। ਇਹ ਸਾਡੇ ਪਿੰਡ ਦੀ ਤੀਜੀ ਦੁਕਾਨ ਸੀ। ਪਹਿਲੀ ਦੁਕਾਨ ਸਕੂਲ ਦੇ ਬਿਲਕੁਲ ਸਾਹਮਣੇ ਕਿਰਾਏ ਦਾ ਕਮਰਾ ਲੈ ਕੇ ਰਾਜਸਥਾਨ ਤੋਂ ਆਏ ਕਿਸੇ ਮਹਾਜਨ ਨੇ ਖੋਲ੍ਹੀ ਸੀ। ਅਸਲ ਵਿਚ ਇਹੀ ਪਿੰਡ ਦੀ ਸਭ ਤੋਂ ਵੱਡੀ ਜਾਂ ਮੁੱਖ ਦੁਕਾਨ ਸੀ। ਫਿਰ ਸੁਨਿਆਰਿਆਂ ਦੇ ਧਨੀ ਨੇ ਪਿੱਪਲ ਦੇ ਕੋਲ ਕਰ ਕੇ ਦੁਕਾਨ ਸ਼ੁਰੂ ਕੀਤੀ ਜਿਸ ਦੀ ਇਕੋ-ਇਕ ਖਾਸੀਅਤ ਸ਼ਾਮ ਨੂੰ ਬਣਨ ਵਾਲੇ ਪਕੌੜੇ ਹੁੰਦੀ ਸੀ। ਬਾਰੂ ਦੀ ਹੱਟੀ ਜਾਂ ਦੁਕਾਨ ਦਲਿਤਾਂ ਦੇ ਵਿਹੜੇ ਵਿਚ ਹੁੰਦੀ ਸੀ। ਉਂਜ, ਬਾਕੀ ਦੁਕਾਨਾਂ ਨਾਲੋਂ ਇਸ ਦੁਕਾਨ ਦਾ ਇਕ ਗੱਲ ਤੋਂ ਫਰਕ ਸੀ; ਬਾਰੂ ਅੰਨਾ ਸੀ। ਸਾਡੇ ਲਈ ਇਹ ਸੱਚਮੁਚ ਹੀ ਅਚੰਭੇ ਵਾਲੀ ਗੱਲ ਸੀ ਕਿ ਕੋਈ ਸ਼ਖਸ ਨੇਤਰਹੀਣ ਹੋਣ ਦੇ ਬਾਵਜੂਦ ਹੱਟੀ ਕਰੀ ਜਾਂਦਾ ਸੀ। ਉਸ ਦੇ ਤੋਲ ਵਿਚ ਕਦੀ ਕੋਈ ਫਰਕ ਨਹੀਂ ਸੀ ਹੁੰਦਾ। ਹੋਰ ਤਾਂ ਹੋਰ, ਉਸ ਦਾ ਸਾਮਾਨ ਵੀ ਕਦੀ ਖਰਾਬ ਨਹੀਂ ਸੀ ਹੁੰਦਾ ਅਤੇ ਖਰਾਬ ਦਾਲਾਂ ਵਗੈਰਾ ਦਾ ਉਸ ਨੂੰ ਖੁਦ ਹੀ ਪਤਾ ਲੱਗ ਜਾਂਦਾ ਸੀ। ਇਸ ਤੋਂ ਬਿਨਾਂ, ਉਸ ਨੂੰ ਖਰੇ-ਖੋਟੇ ਨੋਟਾਂ ਅਤੇ ਸਿੱਕਿਆਂ ਦੀ ਵੀ ਪਛਾਣ ਸੀ। ਅਸੀਂ ਕਈ ਵਾਰੀ ਕੋਸ਼ਿਸ਼ ਕੀਤੀ ਕਿ ਕੋਈ ਖੋਟਾ ਸਿੱਕਾ ਬਾਰੂ ਦੀ ਦੁਕਾਨ ਉਤੇ ਚਲਾ ਦਿੱਤਾ ਜਾਵੇ; ਸਾਡੇ ਵਾਂਗ ਪਤਾ ਨਹੀਂ ਹੋਰ ਕਿੰਨਿਆਂ ਨੇ ਇਸ ਤਰ੍ਹਾਂ ਦੀ ਕੋਸ਼ਿਸ਼ ਕੀਤੀ ਹੋਣੀ ਹੈ, ਪਰ ਕਦੀ ਵੀ ਕੋਈ ਸਫਲ ਨਹੀਂ ਸੀ ਹੋ ਸਕਿਆ। ਜਿਥੇ ਉਹ ਜਾਅਲੀ ਨੋਟ ਅਤੇ ਸਿੱਕੇ ਪਛਾਣ ਜਾਂਦਾ ਸੀ, ਉਸ ਨੂੰ ਆਪਣੇ ਸਾਮਾਨ ਦਾ ਵੀ ਪੱਕਾ ਪਤਾ ਹੁੰਦਾ ਸੀ ਕਿ ਕਿਹੜੀ ਚੀਜ਼ ਕਿਥੇ ਪਈ ਹੈ।

ਬਾਰੂ ਵਾਲੀ ਦੁਕਾਨ ਹੁਣ ਕਿਸੇ ਹੋਰ ਦੀ ਹੈ। ਪਿੰਡ ਵਿਚ ਹੋਰ ਦੁਕਾਨਾਂ ਵੀ ਖੁੱਲ੍ਹ ਗਈਆਂ ਹਨ। ਹੁਣ ਤਾਂ ਕਈਆਂ ਨੇ ਆਪਣੇ ਘਰਾਂ ਵਿਚ ਗੋਦਾਮ ਵੀ ਬਣਾ ਲਏ ਹਨ। ਜਦੋਂ ਪਿੰਡ ਦੀ ਹੈਸੀਅਤ ਅਜੇ ਕਾਇਮ ਸੀ ਅਤੇ ਇਹ ਸ਼ਹਿਰ ਦਾ ਹਿੱਸਾ ਨਹੀਂ ਸੀ ਬਣਿਆ, ਉਦੋਂ ਰਾਮਾ ਮੰਡੀ ਅਤੇ ਜਲੰਧਰ ਦੇ ਵਪਾਰੀਆਂ ਨੂੰ ਪਿੰਡ ਵਿਚ ਗੋਦਾਮ ਬਣਾਉਣੇ ਲਾਹੇਵੰਦ ਸਨ, ਕਿਉਂਕਿ ਲਾਲ ਡੋਰੇ ਦੇ ਬਾਹਰ ਹੋਣ ਕਾਰਨ ਉਨ੍ਹਾਂ ਨੂੰ ਟੈਕਸ ਚੋਰੀ ਕਰਨ ਵਿਚ ਸੌਖ ਰਹਿੰਦੀ ਸੀ। ਮਗਰੋਂ ਪਿੰਡ ਜਦੋਂ ਸ਼ਹਿਰ ਵਿਚ ਹੀ ਆ ਗਿਆ ਤਾਂ ਵਾਪਰੀਆਂ ਦੀ ਟੈਕਸ ਚੋਰੀ ਦੀ ਜੁਗਤ ਜਾਂਦੀ ਰਹੀ।

(ਚਲਦਾ)

# ਖਾਲੜਾ ਮਿਸ਼ਨ ਕਮੇਟੀ ਤੇ ਦਲਬੀਰ ਸਿੰਘ ਪੱਤਰਕਾਰ ਦਾ ਰੋਲ

ਪੰਜਾਬ ਟਾਈਮਜ ਦੇ 29 ਨਵੰਬਰ ਦੇ ਅੰਕ ਵਿਚ 'ਸਾਕਾ ਨੀਲਾ ਤਾਰਾ ਤੋਂ ਸਾਈਂ ਮੀਆਂ ਮੀਰ' ਸਿਰਲੇਖ ਹੇਠ ਹਰਭਜਨ ਸਿੰਘ ਬਰਾੜ ਨਾਲ ਮੁਲਾਕਾਤ ਪੜ੍ਹੀ। ਅਸੀਂ ਸ. ਬਰਾੜ ਵਲੋਂ ਕਹੀਆਂ ਸਾਰੀਆਂ ਗੱਲਾਂ ਨਾਲ ਤਾਂ ਸਹਿਮਤ ਨਹੀਂ ਪਰ ਕੁਝ ਗੱਲਾਂ ਉਸ ਨੇ ਸੋਲਾਂ ਆਨੇ ਸੱਚੀਆਂ ਕੀਤੀਆਂ ਹਨ, ਖਾਸ ਕਰਕੇ ਕਾਮਰੇਡ ਦਲਬੀਰ ਸਿੰਘ ਪੱਤਰਕਾਰ ਦੇ ਰੋਲ ਬਾਰੇ। ਮਾਝੇ ਦੇ ਪਿੰਡਾਂ ਵਿਚ ਇਹ ਗੱਲ ਮਸ਼ਹੂਰ ਹੈ ਕਿ ਵਿਗੜਿਆ ਕਾਮਰੇਡ ਬੜਾ ਖਤਰਨਾਕ ਹੁੰਦੈ। ਇਹ ਗੱਲ ਹੋਰ ਕਿਸੇ 'ਤੇ ਢੁਕੇ ਜਾਂ ਨਾ ਪਰ ਦਲਬੀਰ ਸਿੰਘ 'ਤੇ ਪੂਰੀ ਤਰ੍ਹਾਂ ਢੁਕਦੀ ਹੈ। ਸਾਕਾ ਨੀਲਾ ਤਾਰਾ ਤੋਂ ਪਿਛੋਂ ਬਰਨਾਲਾ ਸਰਕਾਰ ਨੇ ਇਸ 'ਤੇ ਪਾਏ ਕੇਸ ਵਾਪਸ ਲੈ ਲਏ ਪਰ ਇਸ ਨੇ ਵੱਸਣ ਸਿੰਘ ਜ਼ਫਰਵਾਲ ਅਤੇ ਧੰਨਾ ਸਿੰਘ ਨੂੰ ਅੱਗੇ ਲਾ ਕੇ ਪੰਥਕ ਕਮੇਟੀ ਬਣਵਾ ਦਿਤੀ ਅਤੇ ਬਰਨਾਲੇ ਕਿਆਂ ਦੀਆਂ ਜੜ੍ਹਾਂ ਵਿਚ ਤੇਲ ਦੇ ਦਿਤਾ।

ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦੇ ਜਨਰਲ ਸਕੱਤਰ ਭਾਈ ਜਸਵੰਤ ਸਿੰਘ ਖਲਾੜਾ ਨੂੰ 6 ਸਤੰਬਰ 1995 ਨੂੰ ਤਰਨ ਤਾਰਨ ਪੁਲਿਸ ਨੇ ਕਬੀਰ ਪਾਰਕ, ਅੰਮ੍ਰਿਤਸਰ ਤੋਂ ਅਗਵਾ ਕਰ ਲਿਆ ਅਤੇ ਤਕਰੀਬਨ ਇਕ ਮਹੀਨਾ 2 ਦਿਨ ਬਾਅਦ ਬੇਤਹਾਸ਼ਾ ਤਸ਼ੱਦਦ ਕਰਕੇ 25 ਅਕਤੂਬਰ 1995 ਨੂੰ ਸ਼ਹੀਦ ਕਰ ਦਿੱਤਾ। ਭਾਈ ਖਾਲੜਾ ਅਤੇ ਪੁਲਿਸ ਵਲੋਂ ਹਜਾਰਾਂ ਸਿੱਖ ਨੌਜਵਾਨਾਂ ਨੂੰ ਕਤਲ ਕਰਕੇ ਉਨ੍ਹਾਂ ਦੀਆਂ ਲਾਸ਼ਾਂ ਖੁਰਦ-ਬੁਰਦ ਕਰਨ ਦਾ ਕੇਸ ਲੜਨ ਲਈ ਜਨਵਰੀ 1996 ਵਿਚ 'ਖਾਲੜਾ ਮਿਸ਼ਨ ਕਮੇਟੀ' ਹੋਂਦ ਵਿਚ ਆਈ, ਜਿਸ ਵਿਚ ਸੁਰਿੰਦਰ ਸਿੰਘ ਘਰਿਆਲਾ (ਚੇਅਰਮੈਨ) ਬਲਵਿੰਦਰ ਸਿੰਘ ਝਬਾਲ (ਜਨਰਲ ਸਕੱਤਰ), ਸਤਨਾਮ ਸਿੰਘ ਅਮੀਸ਼ਾਹ (ਮੁੱਖ ਬੁਲਾਰਾ) ਅਤੇ ਗੁਰਭੇਜ ਸਿੰਘ ਪਲਾਸੌਰ, ਸਤਵਿੰਦਰ ਪਾਲ ਸਿੰਘ ਪਲਾਸੌਰ, ਰਜੀਵ ਸਿੰਘ ਸੀਨੀਅਰ ਮੈਂਬਰ ਸਨ। ਜਦੋਂ ਖਾਲੜਾ ਮਿਸ਼ਨ ਕਮੇਟੀ ਹੋਂਦ ਵਿਚ ਆਈ ਤਾਂ ਦਲਬੀਰ ਸਿੰਘ ਪੱਤਰਕਾਰ ਵੀ ਖਾਲੜਾ ਮਿਸ਼ਨ ਕਮੇਟੀ ਦਾ ਮੈਂਬਰ ਬਣ ਗਿਆ।



*ਭਾਈ ਜਸਵੰਤ ਸਿੰਘ ਖਲਾੜਾ*

1996 ਵਿਚ 31 ਮਾਰਚ ਨੂੰ ਜਦੋਂ ਖਾਲੜਾ ਮਿਸ਼ਨ ਕਮੇਟੀ ਨੇ ਪਿੰਡ ਖਾਲੜਾ ਤੋਂ ਇਕ ਰੋਸ ਮਾਰਚ ਕੱਢਣ ਦਾ ਐਲਾਨ ਕੀਤਾ ਤਾਂ ਦਲਬੀਰ ਸਿੰਘ ਪੱਤਰਕਾਰ ਨੇ ਪਹਿਲਾਂ ਹੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਭਾਈ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਨੂੰ ਮੈਂਬਰ ਪਾਰਲੀਮੈਂਟ ਦੀ ਚੋਣ ਲੜਾਈ ਜਾਵੇ। ਖਾਲੜਾ ਮਿਸ਼ਨ ਕਮੇਟੀ ਦੇ ਸਾਰੇ ਮੈਂਬਰ ਇਸ ਗੱਲ ਨਾਲ ਸਹਿਮਤ ਨਹੀਂ ਸਨ। ਕਮੇਟੀ ਨਹੀਂ ਸੀ ਚਾਹੁੰਦੀ ਕਿ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਦਾ ਮੁੱਲ ਵੱਟਿਆ ਜਾਵੇ ਕਿਉਂਕਿ ਉਸ ਨੂੰ ਪੁਲਿਸ ਵਲੋਂ ਚੁੱਕ ਕੇ ਲਾਪਤਾ ਕਰ ਦਿੱਤੇ ਜਾਣ ਨੂੰ ਅਜੇ 6 ਮਹੀਨੇ ਵੀ ਨਹੀਂ ਹੋਏ ਸਨ। ਜਦੋਂ 31 ਮਾਰਚ ਨੂੰ ਰੋਸ ਜਲੂਸ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਆਇਆ ਤਾਂ ਦਲਬੀਰ ਸਿੰਘ ਨੇ ਬਹੁਤ ਜ਼ਿਦ ਕੀਤੀ ਕਿ ਸਾਨੂੰ ਚੋਣ ਦਾ ਐਲਾਨ ਕਰਨਾ ਚਾਹੀਦਾ ਹੈ, ਪਰ ਅਸੀਂ ਉਸ ਦੀ ਕੋਈ ਵਾਹ ਪੇਸ਼ ਨਾ ਜਾਣ ਦਿੱਤੀ ਤਾਂ ਉਹ ਨਾਰਾਜ਼ ਹੋ ਕੇ ਚਲਾ ਗਿਆ। ਸਾਨੂੰ ਪਤਾ ਸੀ ਕਿ ਲੋਕਾਂ ਦੀ ਖਾਲੜਾ ਪਰਿਵਾਰ ਨਾਲ ਹਮਦਰਦੀ ਹੈ ਪਰ ਵੋਟਾਂ ਵੇਲੇ ਲੋਕ ਵੋਟ ਨਹੀਂ ਪਾਉਂਦੇ, ਕਿਉਂਕਿ ਉਹ ਸਿਆਸੀ ਪਾਰਟੀਆਂ ਨਾਲ ਜੁੜੇ ਹੁੰਦੇ ਹਨ।

1999 ਵਿਚ ਜਦੋਂ ਲੋਕ ਸਭਾ ਦੀ ਚੋਣ ਆਈ ਤਾਂ ਦਲਬੀਰ ਸਿੰਘ ਨੇ ਫਿਰ ਜ਼ਿਦ ਕੀਤੀ ਕਿ ਸਾਨੂੰ ਚੋਣ ਲੜਨੀ ਚਾਹੀਦੀ ਹੈ, ਪਰ ਖਾਲੜਾ ਮਿਸ਼ਨ ਕਮੇਟੀ ਦਾ ਕੋਈ ਵੀ ਮੈਂਬਰ ਦਿਲੋਂ ਤਿਆਰ ਨਹੀਂ ਸੀ। ਅਸੀਂ ਦਲਬੀਰ ਸਿੰਘ ਨੂੰ ਬਥੇਰਾ ਕਿਹਾ ਕਿ ਪਹਿਲਾਂ ਤੂੰ ਸੰਤ ਜਰਨੈਲ ਸਿੰਘ ਨੂੰ ਮਾੜੀਆਂ ਸਲਾਹਾਂ ਦੇ ਦੇ ਸ਼ਹੀਦ ਕਰਵਾ ਦਿੱਤਾ, ਕਿਉਂਕਿ ਉਹ ਖੁਦ ਦੱਸਦਾ ਹੁੰਦਾ ਸੀ ਕਿ ਸੰਤਾਂ ਨੂੰ ਮੈਂ ਇਹੋ ਸਲਾਹ ਦਿੱਤੀ ਸੀ ਕਿ ਤੁਸੀਂ ਦਰਬਾਰ ਸਾਹਿਬ ਛੱਡ ਕੇ ਨਹੀਂ ਜਾਣਾ ਤੇ ਜੇ ਚਲੇ ਗਏ ਤਾਂ ਤੁਹਾਨੂੰ ਕਿਸੇ ਨੇ 'ਸੰਤ ਜਰਨੈਲ ਸਿੰਘ' ਨਹੀਂ ਕਹਿਣਾ। ਉਸ ਨੇ ਬੀਬੀ ਖਾਲੜਾ ਨੂੰ ਸਰਬ ਹਿੰਦ ਅਕਾਲੀ ਦਲ ਵਲੋਂ ਲੋਕ ਸਭਾ ਚੋਣ ਲੜਾਉਣ ਲਈ ਰਾਜ਼ੀ ਕਰਕੇ ਚੋਣ ਲੜਾ ਦਿੱਤੀ। ਉਸ ਸਮੇਂ ਪ੍ਰੇਮ ਸਿੰਘ ਲਾਲਪੁਰੇ ਨੇ ਵੀ ਬੜਾ ਜ਼ੋਰ ਲਾਇਆ ਕਿ ਪਾਰਲੀਮੈਂਟ ਦੀ ਚੋਣ ਲੜਨੀ ਬੜੀ ਮੁਸ਼ਕਿਲ ਹੈ, ਤੁਸੀਂ ਇਹ ਚੋਣ ਨਾ ਲੜੋ ਪਰ ਦਲਬੀਰ ਸਿੰਘ ਨਾ ਟਲਿਆ, ਜਿਸ ਵਿਚ ਸਾਡੀ ਬਹੁਤ ਬੁਰੀ ਹਾਰ ਹੋਈ। ਫਿਰ ਵੀ ਗਾਹੇ-ਬਗਾਹੇ ਉਹ ਖਾਲੜਾ ਮਿਸ਼ਨ ਕਮੇਟੀ ਦੇ ਕੰਮ ਵਿਚ ਦਖਲਅੰਦਾਜ਼ੀ ਕਰਦਾ ਰਿਹਾ। ਜਦੋਂ ਜਸਵੰਤ ਸਿੰਘ ਖਲਾੜਾ ਦਾ ਕੇਸ ਗਵਾਹੀਆਂ 'ਤੇ ਆਇਆ ਤਾਂ ਦਲਬੀਰ ਸਿੰਘ ਨੇ ਚੰਡੀਗੜ੍ਹ ਪ੍ਰੈਸ ਕਾਨਫਰੰਸ ਵਿਚ ਸਾਨੂੰ ਕਿਹਾ ਕਿ ਕੇਸ ਦੇ ਮੁਖ ਗਵਾਹ ਕੁਲਦੀਪ ਸਿੰਘ ਬਚੜਾ ਨੂੰ ਕਹੋ ਕਿ ਉਹ ਉਸ ਦੀਆਂ ਨਸੀਹਤਾਂ ਅਨੁਸਾਰ ਹੀ ਗਵਾਹੀ ਦੇਵੇ। ਪਰ ਗੱਲ ਨਾ ਮੰਨੇ ਜਾਣ 'ਤੇ

## ਪ੍ਰਤੀਕਰਮ


ਉਸ ਨੇ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਕਮੇਟੀ ਦੇ ਕੁਝ ਮੈਂਬਰਾਂ ਨੂੰ ਚੁੱਕ-ਚਕਾ ਕੇ ਇਸ ਦੇ ਦੋ ਟੋਟੇ ਕਰਵਾ ਦਿੱਤੇ। ਸੁਰਿੰਦਰ ਸਿੰਘ ਘਰਿਆਲਾ ਅਤੇ ਰਜੀਵ ਸਿੰਘ, ਜਿਨ੍ਹਾਂ ਨੇ ਖਾਲੜਾ ਕੇਸ ਨੂੰ ਸਿਰੇ ਲਾਉਣ ਲਈ 10 ਸਾਲ ਤਨੋ, ਮਨੋ, ਧਨੋ ਜ਼ੋਰ ਲਾਇਆ ਸੀ ਅਤੇ ਜਿਨ੍ਹਾਂ 'ਤੇ ਖਾਲੜਾ ਕੇਸ ਦਰਮਿਆਨ ਕਈ ਕੇਸ ਦਰਜ ਹੋਏ, ਉਨ੍ਹਾਂ ਨੂੰ ਬੀਬੀ ਖਾਲੜਾ ਕੋਲੋਂ ਗੱਦਾਰ ਦਾ ਰੁਤਬਾ ਦਵਾ ਦਿੱਤਾ। ਖਾਲੜਾ ਮਿਸ਼ਨ ਕਮੇਟੀ ਕਾਇਮ ਹੈ, ਇਸ ਦੇ ਪੁਰਾਣੇ ਅਹੁਦੇਦਾਰ ਸਾਰੇ ਇਕੱਠੇ ਹਨ ਪਰ ਦਲਬੀਰ ਸਿੰਘ ਪੱਤਰਕਾਰ ਕਮੇਟੀ ਛੱਡ ਗਿਆ।

ਖਾਲੜਾ ਮਿਸ਼ਨ ਕਮੇਟੀ ਨੇ 1995 ਤੋਂ ਲੈ ਕੇ 2005 ਤੱਕ, ਜਿੰਨਾ ਚਿਰ ਖਾਲੜਾ ਕੇਸ ਚਲਦਾ ਰਿਹਾ, ਬੜਾ ਭਿਆਨਕ ਸਮਾਂ ਦੇਖਿਆ। ਇਸ ਦੇ ਕਈ ਮੈਂਬਰਾਂ 'ਤੇ ਕਈ ਝੂਠੇ ਕੇਸ ਬਣਾਏ ਗਏ, ਜਿਸ ਦਾ ਕਮੇਟੀ ਨੇ ਡੱਟ ਕੇ ਵਿਰੋਧ ਕੀਤਾ ਤੇ ਕਾਨੂੰਨੀ ਲੜਾਈ ਲੜ ਕੇ ਪੁਲਿਸ ਦੀਆਂ ਗੋਡਣੀਆਂ ਲਵਾਈਆਂ। ਖਾਲੜਾ ਮਿਸ਼ਨ ਕਮੇਟੀ ਅਗੋਂ ਵੀ ਮਨੁੱਖੀ ਅਧਿਕਾਰਾਂ ਦੀ ਲੜਾਈ ਲੜਦੀ ਰਹੇਗੀ।

*-ਬਲਵਿੰਦਰ ਸਿੰਘ ਝਬਾਲ*
*ਫੋਨ: 91-85284-13271*
*-ਸੁਰਿੰਦਰ ਸਿੰਘ ਘਰਿਆਲਾ*
*ਫੋਨ: 91-94644-34484*

ਗੁਰਮਤਿ ਵਿਚਾਰ

# ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ



ਡਾ. ਗੁਰਨਾਮ ਕੌਰ, ਕੈਨੇਡਾ

ਦਾਗੇ ਹੋਹਿ ਸੁ ਰਨ ਮਹਿ ਜੂਝਹਿ
ਬਿਨੁ ਦਾਗੇ ਭਗਿ ਜਾਈ॥

ਇਹ ਸ਼ਬਦ ਭਗਤ ਕਬੀਰ ਦਾ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੭੦ ਉਤੇ ਦਰਜ ਹੈ ਜਿਸ ਵਿਚ ਦੱਸਿਆ ਹੈ ਕਿ ਕੌਣ ਇਸ ਰਣ-ਤੱਤੇ ਵਿਚ ਜੂਝਦਾ ਹੈ ਅਤੇ ਕੌਣ ਜੰਗ ਦੇ ਮੈਦਾਨ ਵਿਚੋਂ ਦੌੜ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖ ਨੂੰ ਆਪਣੇ ਅੰਦਰ ਪਏ ਔਗੁਣਾਂ ਤੇ ਵਿਕਾਰਾਂ ਨਾਲ ਅਤੇ ਆਲੇ-ਦੁਆਲੇ ਇਨ੍ਹਾਂ ਵਿਕਾਰਾਂ ਕਾਰਨ ਪਸਰੀ ਬੁਰਾਈ ਨਾਲ ਜੂਝਦੇ ਰਹਿਣ ਦੀ ਪ੍ਰੇਰਨਾ ਕੀਤੀ ਹੋਈ ਹੈ। ਮਨੁੱਖੀ ਮਨ ਵਿਚ ਘਰ ਕਰੀ ਬੈਠੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਜਾਂ ਹਉਮੈ ਆਦਿ ਵਿਕਾਰ ਹੀ ਤਾਂ ਹਨ ਜੋ ਦੁਨੀਆਂ ਅੰਦਰ ਫੈਲੀਆਂ ਹਰ ਤਰ੍ਹਾਂ ਦੀਆਂ ਬੁਰਾਈਆਂ ਦੀ ਜੜ੍ਹ ਹਨ। ਸਿੱਖ ਧਰਮ ਵਿਚ ਸ਼ਹਾਦਤ ਦੇ ਸੰਕਲਪ ਤੇ ਇਸ ਤੋਂ ਪਹਿਲਾਂ ਵੀ ਸੰਖੇਪ ਚਰਚਾ ਗਦਰ ਪਾਰਟੀ ਲਹਿਰ ਦੇ ਸਬੰਧ ਵਿਚ ਹੋ ਚੁੱਕੀ ਹੈ। ਅੱਜ ਦਸਮ ਪਾਤਿਸ਼ਾਹ ਹਜ਼ੂਰ ਦੇ ਪੁੱਤਰਾਂ ਉਨ੍ਹਾਂ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਗੱਲ ਕਰਨੀ ਹੈ ਜਿਨ੍ਹਾਂ ਨੇ ਉਮਰ ਦੀਆਂ ਹੱਦਾਂ ਨੂੰ ਪਾਰ ਕਰਦਿਆਂ ਮਨੁੱਖੀ ਆਜ਼ਾਦੀ ਦੀ ਬਹਾਲੀ ਤੇ ਸਰਬੱਤ ਦੇ ਭਲੇ ਅਤੇ ਨਿਆਂ ਦੀ ਸਥਾਪਤੀ ਲਈ ਸ਼ਹਾਦਤ ਨੂੰ ਹੱਸਦੇ-ਹੱਸਦੇ ਆਪਣੇ ਗਲ ਨਾਲ ਲਾਇਆ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਦੀ ਜਿੱਥੇ ਅਧਿਆਤਮਕਤਾ ਦੇ ਰਸਤੇ 'ਤੇ ਚੱਲਣ ਦੀ ਅਗਵਾਈ ਕਰਦੀ ਹੈ ਉਥੇ ਸੰਸਾਰ ਵਿਚ ਆਪਣੇ ਸਵੈਮਾਣ ਨੂੰ ਕਾਇਮ ਰੱਖਦਿਆਂ ਦੁਨਿਆਵੀ ਪੱਧਰ 'ਤੇ ਬੁਰਾਈ ਨਾਲ ਜੂਝਣ ਲਈ ਵੀ ਮਾਰਗ ਦਰਸ਼ਨ ਕਰਦੀ ਹੈ। ਉਪਰ ਦੱਸੇ ਸ਼ਬਦ ਵਿਚ ਭਗਤ ਕਬੀਰ ਇਸੇ ਅਧਿਆਤਮਕ ਅਤੇ ਸੰਸਾਰਕ ਵਿਚਰਨ ਦੀ ਗੱਲ ਕਰਦੇ ਹਨ ਕਿ ਆਪਣੇ ਇਸ ਸਰੀਰ-ਰੂਪ ਸ਼ਹਿਰ ਦੀ ਰਾਖੀ ਅਰਥਾਤ ਕੁਤਵਾਲੀ ਕਰਨ ਲਈ ਮੇਰਾ ਇਹ ਫਰਜ਼ ਬਣਦਾ ਹੈ ਕਿ ਮੈਂ ਭਲੇ ਗੁਣਾਂ ਦਾ ਸੁਆਗਤ ਕਰਾਂ ਅਤੇ ਵਿਕਾਰਾਂ ਨੂੰ ਆਪਣੇ ਸਰੀਰ ਵਿਚੋਂ ਕੱਢ ਕੇ ਬਾਹਰ ਮਾਰਾਂ ਅਤੇ ਹਰ ਸਮੇਂ, ਹੇ ਅਕਾਲ ਪੁਰਖ! ਤੇਰੀ ਸੇਵਾ ਕਰਾਂ। ਅੱਗੇ ਫਿਰ ਅਰਦਾਸ ਕਰਦੇ ਹਨ ਕਿ ਉਹ ਇਸ ਤੋਂ ਪਹਿਲੇ ਜਨਮਾਂ ਵਿਚ ਵੀ ਪਰਮਾਤਮਾ ਦੇ ਸੇਵਕ ਰਹੇ ਹਨ ਅਤੇ ਇਸ ਜਨਮ ਵਿਚ ਵੀ ਉਸ ਅਕਾਲ ਪੁਰਖ ਦੇ ਦਰਵਾਜ਼ੇ ਤੋਂ ਦੂਰ ਨਹੀਂ ਹੋ ਸਕਦੇ। ਪਰਮਾਤਮਾ ਦੇ ਦਰ ਨਾਲ ਜੁੜਿਆ ਰਹਿ ਕੇ ਮਨੁੱਖ ਅਡੋਲ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਇਹ ਅਵਸਥਾ ਭਗਤ ਕਬੀਰ ਨੂੰ ਵੀ ਪ੍ਰਾਪਤ ਹੋ ਗਈ ਹੈ।

ਕਬੀਰ ਸਾਹਿਬ ਅੱਗੇ ਦੱਸਦੇ ਹਨ ਕਿ ਜਿਨ੍ਹਾਂ ਦੇ ਮੱਥੇ ਉਤੇ ਇਸ ਪਰਮਾਤਮ-ਭਗਤੀ ਦਾ, ਉਸ ਮਾਲਕ ਦਾ ਨਿਸ਼ਾਨ ਲੱਗ ਜਾਂਦਾ ਹੈ, ਉਹ ਰਣਭੂਮੀ ਵਿਚ, ਜੰਗ ਦੇ ਮੈਦਾਨ ਵਿਚ ਲੜ ਮਰਦੇ ਹਨ। ਜਿਹੜੇ ਇਸ ਨਿਸ਼ਾਨ ਤੋਂ ਵਾਂਝੇ ਰਹਿ ਜਾਂਦੇ ਹਨ, ਉਹ ਦੁਸ਼ਮਣ ਨਾਲ ਟਾਕਰਾ ਹੋ ਜਾਣ 'ਤੇ ਮੈਦਾਨ ਵਿਚੋਂ ਭੱਜ ਜਾਂਦੇ ਹਨ। ਜੋ ਮਨੁੱਖ ਰੱਬ ਦੀ ਭਗਤੀ ਕਰਕੇ ਉਸ ਨਾਲ ਇਕਸੁਰਤਾ ਪੈਦਾ ਕਰ ਲੈਂਦਾ ਹੈ, ਉਸ ਨੂੰ ਅਕਾਲ ਪੁਰਖ ਆਪਣੇ ਦਰ 'ਤੇ ਪ੍ਰਵਾਨ ਕਰ ਲੈਂਦਾ ਹੈ। ਭਗਤ ਕਬੀਰ ਨੇ ਮਨੁੱਖ ਦੇ ਸਰੀਰ ਨੂੰ ਇੱਕ ਨਿੱਕਾ ਜਿਹਾ ਸੁਹਣਾ ਕੋਠਾ ਕਿਹਾ ਹੈ ਜਿਸ ਵਿਚ ਇੱਕ ਨਿੱਕੀ ਜਿਹੀ ਕੋਠੜੀ ਅਰਥਾਤ ਮਨੁੱਖ ਦਾ ਦਿਮਾਗ ਹੈ। ਇਹ ਨਿੱਕੀ ਜਿਹੀ ਕੋਠੜੀ ਪਰਮਾਤਮਾ ਦਾ ਨਾਮ ਸਿਮਰਨ ਅਤੇ ਵਿਚਾਰਨ ਨਾਲ ਹੋਰ ਸੁਹਣੀ ਬਣ ਜਾਂਦੀ ਹੈ। ਕਬੀਰ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਨੂੰ ਗੁਰੂ ਨੇ ਨਾਮ-ਪਦਾਰਥ ਦਿੱਤਾ ਹੈ ਅਤੇ ਇਸ ਵਸਤ ਨੂੰ ਸਾਂਭ ਕੇ ਰੱਖਣ ਦਾ ਆਦੇਸ਼ ਕੀਤਾ ਹੈ। ਭਗਤ ਨੇ ਇਹ ਨਾਮ-ਪਦਾਰਥ ਦੁਨੀਆਂ ਦੇ ਹੋਰ ਲੋਕਾਂ ਵਿਚ ਵੀ ਵੰਡਿਆ ਹੈ ਪਰ ਕਿਸੇ ਕਿਸਮਤ ਵਾਲੇ ਨੇ ਇਸ ਨੂੰ ਪ੍ਰਾਪਤ ਕੀਤਾ ਹੈ। ਇਸ ਨਾਮ-ਅੰਮ੍ਰਿਤ ਦਾ ਇੱਕ ਵਾਰ ਜਿਸ ਮਨੁੱਖ ਨੇ ਸੁਆਦ ਮਾਣਿਆ ਹੈ ਉਹ ਸਦਾ ਸਦਾ ਲਈ ਭਾਗਾਂ ਵਾਲਾ ਹੋ ਜਾਂਦਾ ਹੈ,

ਪੂਰਬ ਜਨਮ ਹਮ ਤੁਮਰੇ ਸੇਵਕ
ਅਬ ਤਉ ਮਿਟਿਆ ਨ ਜਾਈ॥
ਤੇਰੇ ਦੁਆਰੈ ਧੁਨਿ ਸਹਜ ਕੀ
ਮਾਥੈ ਮੇਰੇ ਦਗਾਈ॥੨॥
ਦਾਗੇ ਹਹਿ ਸੁ ਰਨ ਮਹਿ ਜੂਝਹਿ
ਬਿਨੁ ਦਾਗੇ ਭਗਿ ਜਾਈ॥੩॥
(ਪੰਨਾ ੯੭੦)

ਇਸੇ ਨੂੰ ਗੁਰੂ ਨਾਨਕ ਸਾਹਿਬ ਨੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਕਿਹਾ ਹੈ। ਉਸ ਸਿਰਜਣਹਾਰ ਨਾਲ ਇਕਸੁਰਤਾ ਕਾਇਮ ਕੀਤੇ ਬਿਨਾ, ਉਸ ਦੇ ਪ੍ਰੇਮ ਦੀ ਪ੍ਰਾਪਤੀ ਤੋਂ ਬਿਨਾਂ ਸ਼ਹਾਦਤ ਪ੍ਰਾਪਤ ਕਰਨੀ ਮੁਸ਼ਕਿਲ ਹੈ ਕਿਉਂਕਿ ਆਤਮਕ ਅਡੋਲਤਾ ਤੋਂ ਬਿਨਾਂ ਇਹ ਸੰਭਵ ਹੀ ਨਹੀਂ ਹੈ ਅਤੇ ਜਦੋਂ ਇਹ ਇਕਸੁਰਤਾ ਪ੍ਰਾਪਤ ਹੋ ਜਾਂਦੀ ਹੈ, ਫਿਰ ਉਮਰ ਭਾਵੇਂ ਕੋਈ ਵੀ ਹੋਵੇ ਅਟੱਲ ਇਰਾਦੇ ਨੂੰ ਸੰਸਾਰ ਦੀ ਕੋਈ ਵੀ ਤਾਕਤ ਡੁਲਾ ਨਹੀਂ ਸਕਦੀ। ਦਸਮ ਪਾਤਿਸ਼ਾਹ ਹਜ਼ੂਰ ਨੂੰ ਸਰਬੰਸਦਾਨੀ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਦੇ ਪੜਦਾਦਾ ਗੁਰੂ ਅਰਜਨ ਦੇਵ ਸਨ ਜਿਨ੍ਹਾਂ ਨੇ ਸਿੱਖ ਧਰਮ ਦੇ 'ਸਿਰ ਦੀਜੈ ਕਾਣਿ ਨ ਕੀਜੈ' ਦੇ ਫਲਸਫੇ ਨੂੰ ਅਮਲੀ ਰੂਪ ਵਿਚ ਸਾਕਾਰ ਕਰਦਿਆਂ ਤਪਦੇ ਮੌਸਮ ਵਿਚ ਤੱਤੀ ਤਵੀ 'ਤੇ ਬੈਠ ਕੇ ਸ਼ਹਾਦਤ ਪ੍ਰਾਪਤ ਕੀਤੀ। ਗੁਰੂ ਗੋਬਿੰਦ ਸਿੰਘ ਦੀ ਆਪਣੀ ਉਮਰ ਮਹਿਜ਼ ਨੌਂ ਸਾਲ ਸੀ ਜਦੋਂ ਉਨ੍ਹਾਂ ਨੇ ਆਪਣੇ ਗੁਰੂ-ਪਿਤਾ ਤੇਗ ਬਹਾਦਰ ਸਾਹਿਬ ਨੂੰ ਆਪ ਦਿੱਲੀ ਜਾ ਕੇ ਔਰੰਗਜ਼ੇਬ ਦੇ ਧਾਰਮਿਕ ਜਨੂੰਨ ਨੂੰ ਠੱਲ੍ਹ ਪਾਉਣ ਲਈ ਸ਼ਹਾਦਤ ਦੇਣ ਲਈ ਅਰਜ਼ ਕੀਤੀ। ਨੌਂ ਸਾਲ ਦੀ ਬਾਲ ਉਮਰ ਵਿਚ ਸਿੱਖ ਧਰਮ ਦੀ ਅਗਵਾਈ ਦੀ ਵਾਗ ਡੋਰ ਸੰਭਾਲੀ। ਇਹ ਸਭ ਕਰਾਮਾਤ ਉਸ ਸਿਰਜਣਹਾਰ ਨਾਲ ਇਕਸੁਰਤਾ ਦਾ ਨਤੀਜਾ ਸੀ ਜਿਸ ਨੂੰ ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੀ ਸਿੱਧਾਂ ਨਾਲ ਹੋਈ ਗੋਸ਼ਟਿ ਦਾ ਬਿਆਨ ਕਰਦਿਆਂ ਲਿਖਿਆ ਹੈ,

ਸਿਧਿ ਬੋਲਨਿ ਸੁਣਿ ਨਾਨਕਾ!
ਤੁਹਿ ਜਗ ਨੋ ਕਰਾਮਾਤਿ ਦਿਖਾਈ॥
ਕੁਝ ਵਿਖਾਲੇਂ ਅਸਾਂ ਨੋ
ਤੁਹਿ ਕਿਉਂ ਢਿਲ ਅਵੇਹੀ ਲਾਈ॥
ਬਾਬਾ ਬੋਲੇ ਨਾਥ ਜੀ!
ਅਸਿ ਵੇਖਣਿ ਜੋਗੀ ਵਸਤੁ ਨ ਕਾਈ॥
ਗੁਰੁ ਸੰਗਤਿ ਬਾਣੀ ਬਿਨਾ
ਦੂਜੀ ਓਟ ਨਹੀ ਹੈ ਰਾਈ॥... (੧੨੪੨)

'ਬਾਬੇ ਕੇ' ਅਤੇ 'ਬਾਬਰ ਕੇ' ਦੇ ਨਿਖੇੜ ਦੀ ਨੀਂਹ ਵੀ ਗੁਰੂ ਨਾਨਕ ਸਾਹਿਬ ਨੇ ਹੀ ਰੱਖ ਦਿੱਤੀ ਸੀ। ਬਾਬਰ ਰਾਹੀਂ ਮੁਗਲ ਸਮਰਾਜ ਦੀ ਨੀਂਹ ਭਾਰਤ ਵਿਚ ਰੱਖੀ ਗਈ ਜੋ ਜ਼ੁਲਮ-ਜਬਰ ਦਾ ਪ੍ਰਤੀਕ ਹੋ ਨਿਬੜਿਆ ਜਿਸ ਦਾ ਸਿਖਰ ਜਹਾਂਗੀਰ ਰਾਹੀਂ ਹੁੰਦਾ ਹੋਇਆ ਔਰੰਗਜ਼ੇਬ ਵੇਲੇ ਇੰਤਹਾ ਪਾਰ ਕਰ ਜਾਂਦਾ ਹੈ। ਗੁਰੂ ਨਾਨਕ ਸਾਹਿਬ ਹੀ ਅਜਿਹੀ ਹਸਤੀ ਹਨ ਜੋ ਬਾਬਰ ਦੇ ਹਮਲੇ ਨੂੰ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ' ਕਹਿ ਕੇ ਵੰਗਾਰਦੇ ਹਨ ਅਤੇ ਇਸੇ ਪਾਪ ਨੂੰ ਠੱਲਣ ਲਈ ਅਤੇ ਇਨਸਾਫ ਦੀ ਸਥਾਪਤੀ ਲਈ ਗੁਰੂ ਗੋਬਿੰਦ ਸਿੰਘ ੧੬੯੯ ਦੀ ਵਿਸਾਖੀ ਨੂੰ ਖਾਲਸੇ ਦੀ ਸਿਰਜਣਾ ਕਰਦੇ ਹਨ। ਮੁਗਲਾਂ ਦੇ ਇਸ ਜ਼ੁਲਮ ਨੂੰ ਠੱਲ੍ਹ ਪਾਉਣ ਦੇ ਅਮਲ ਵਿਚ ਹੀ ਉਹ ਆਪਣਾ 'ਸਰਬੰਸ ਦਾਨ' ਕਰਦੇ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੱਡੇ ਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਜਨਮ ਮਾਤਾ ਸੁੰਦਰੀ ਨੇ ੨੬ ਜਨਵਰੀ ੧੬੮੭ ਨੂੰ ਪੌਂਟਾ ਸਾਹਿਬ ਵਿਖੇ ਦਿੱਤਾ। ਉਸ ਤੋਂ ਅਗਲੇ ਵਰ੍ਹੇ ਹੀ ਦਸਮ ਗੁਰੂ ਅਨੰਦਪੁਰ ਸਾਹਿਬ ਆ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਸਿੱਖ ਪਰੰਪਰਾ, ਦਰਸ਼ਨ ਅਤੇ ਸ਼ਸਤਰ ਵਿੱਦਿਆ ਵਿਚ ਪੂਰੀ ਤਰ੍ਹਾਂ ਨਿਪੁੰਨ ਕੀਤਾ ਗਿਆ। ਅਜੀਤ ਸਿੰਘ ਵਿਚ ਛੋਟੀ ਉਮਰ ਤੋਂ ਹੀ ਇੱਕ ਸਨੁੱਖਾ, ਬੁੱਧੀਮਾਨ ਅਤੇ ਆਗੂ ਬਣਨ ਦੀਆਂ ਕੁਦਰਤੀ ਸੰਭਾਵਨਾਵਾਂ ਨਜ਼ਰ ਆਉਣ ਲੱਗੀਆਂ ਅਤੇ ਉਨ੍ਹਾਂ ਨੇ ਗੁਰੂ ਦਾ ਸਿੱਖ ਹੋਣ ਦੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਭਾਉਣੀਆਂ ਸ਼ੁਰੂ ਕਰ ਦਿੱਤੀਆਂ। ਮਹਿਜ਼ ਬਾਰਾਂ ਵਰ੍ਹਿਆਂ ਦੀ ਉਮਰ ਵਿਚ ੨੩ ਮਾਰਚ ੧੬੯੯ ਨੂੰ ਅਜੀਤ ਸਿੰਘ ਨੇ ਪਹਿਲੀ ਮੁਹਿੰਮ ਸਰ ਕੀਤੀ ਜਦੋਂ ਪੋਠੋਹਾਰ ਤੋਂ ਆ ਰਹੀ ਸੰਗਤਿ ਨੂੰ ਅਨੰਦਪੁਰ ਸਾਹਿਬ ਨੇੜੇ ਨੂਹ ਦੇ ਰੰਘੜਾਂ ਨੇ ਲੁੱਟ ਲਿਆ। ਸਾਹਿਬਜ਼ਾਦੇ ਨੇ ਉਨ੍ਹਾਂ ਨੂੰ ਆਪਣੇ ਕੀਤੇ ਦੀ ਸਜ਼ਾ ਵੀ ਦਿੱਤੀ ਅਤੇ ਲੁੱਟਿਆ ਮਾਲ ਵਾਪਸ ਕਰਵਾਇਆ। ਬਾਈ ਧਾਰ ਦੇ ਪਹਾੜੀ ਰਾਜੇ ਮੁੱਢ ਤੋਂ ਹੀ ਦਸਮ ਗੁਰੂ ਨਾਲ ਯੁੱਧ ਕਰਦੇ ਰਹੇ ਸਨ। ਉਪਰ ਦੱਸੀ ਘਟਨਾ ਤੋਂ ਇੱਕ ਸਾਲ ਬਾਅਦ ਹੀ ਉਨ੍ਹਾਂ ਨੇ ਮੁਗਲਾਂ ਨਾਲ ਰਲ ਕੇ ਅਨੰਦਪੁਰ ਸਾਹਿਬ 'ਤੇ ਹਮਲਾ ਕਰ ਦਿੱਤਾ। ਭੱਟ ਵਹੀਆਂ ਅਨੁਸਾਰ ਇਸ ਹਮਲੇ ਸਮੇਂ ਅਜੀਤ ਸਿੰਘ ਨੇ ਭਾਈ ਉਦੈ ਸਿੰਘ ਦੀ ਮਦਦ ਨਾਲ ੨੯ ਅਗਸਤ ੧੭੦੦ ਈਸਵੀ ਨੂੰ ਤਾਰਾਗੜ੍ਹ ਕਿਲੇ ਦੀ ਰੱਖਿਆ ਕੀਤੀ ਅਤੇ ਇਨ੍ਹਾਂ ਮੁਹਿੰਮਾਂ ਸਮੇਂ ਹੀ ਨਿਰਮੋਹਗੜ੍ਹ ਦੀ ਲੜਾਈ ਵਿਚ ਵੀ ਹਿੱਸਾ ਲਿਆ।

੧੫ ਮਾਰਚ ੧੭੦੧ ਨੂੰ ਸਿਆਲਕੋਟ ਦੇ ਨੇੜੇ ਦੇ ਇਲਾਕੇ ਤੋਂ ਆ ਰਹੀ ਸੰਗਤ ਨੂੰ ਰੰਘੜਾਂ ਤੇ ਗੁੱਜਰਾਂ ਨੇ ਲੁੱਟ ਲਿਆ। ਸਾਹਿਬਜ਼ਾਦੇ ਨੇ ਇਨ੍ਹਾਂ ਨੂੰ ਵੀ ਸੋਧਿਆ ਅਤੇ ਸਫਲਤਾ ਪ੍ਰਾਪਤ ਕੀਤੀ। ਇਸੇ ਤਰ੍ਹਾਂ ੭ ਮਾਰਚ ੧੭੦੩ ਨੂੰ ੧੦੦ ਘੋੜ ਸਵਾਰ ਸਿੰਘਾਂ ਨੂੰ ਨਾਲ ਲੈ ਕੇ ਹੁਸ਼ਿਆਰਪੁਰ ਨੇੜੇ ਬਸੀ ਦੇ ਪਠਾਣ ਮੁਖੀਏ ਤੋਂ ਨਵੀਂ ਵਿਆਹੀ ਬ੍ਰਾਹਮਣ ਕੰਨਿਆਂ ਨੂੰ ਬਚਾਇਆ। ੧੬੯੧ ਈਸਵੀ ਵਿਚ ਮਾਤਾ ਸੁੰਦਰੀ ਨੇ ਦੂਸਰੇ ਪੁੱਤਰ ਨੂੰ ਜਨਮ ਦਿੱਤਾ ਜਿਸ ਦਾ ਨਾਮ ਜੁਝਾਰ ਸਿੰਘ ਰੱਖਿਆ ਗਿਆ। ਸਾਹਿਬਜ਼ਾਦਾ ਜੁਝਾਰ ਸਿੰਘ ਅਜੀਤ ਸਿੰਘ ਤੋਂ ਚਾਰ ਸਾਲ ਛੋਟਾ ਸੀ ਅਤੇ ਉਹ ਵੀ ਆਪਣੇ ਵੱਡੇ ਭਰਾ ਦੇ ਪਦ ਚਿੰਨ੍ਹਾਂ 'ਤੇ ਚਲਦਾ ਹੋਇਆ ਹਰ ਤਰ੍ਹਾਂ ਨਾਲ ਸਿੱਖ ਪਰੰਪਰਾ ਵਿਚ ਨਿਪੁੰਨ ਹੋ ਰਿਹਾ ਸੀ ਅਤੇ ਇਨਸਾਫ ਦੀ ਸਥਾਪਤੀ ਲਈ ਵੱਡੇ ਭਰਾ ਨਾਲ ਮਿਲ ਕੇ ਕਈ ਮੁਹਿੰਮਾਂ ਫਤਿਹ ਕੀਤੀਆਂ।

ਦਸੰਬਰ ੧੭੦੫ ਈਸਵੀ ਨੂੰ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਮਿਲ ਕੇ ਬਹੁਤ ਵੱਡੀ ਸੈਨਾ ਲੈ ਕੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ, ਇਸ ਇਤਿਹਾਸ ਤੋਂ ਸਾਰੇ ਜਾਣੂ ਹਨ। ੩-੪ ਦਸੰਬਰ ੧੭੦੫ ਦੀ ਰਾਤ ਨੂੰ ਮੁਗਲਾਂ ਦੀਆਂ ਝੂਠੀਆਂ ਕਸਮਾਂ ਤੇ ਵਿਸ਼ਵਾਸ ਦੁਆਉਣ ਅਤੇ ਖਾਲਸੇ ਦੀ ਬੇਨਤੀ 'ਤੇ ਗੁਰੂ ਸਾਹਿਬ ਸਿੰਘਾਂ ਸਮੇਤ ਅਨੰਦਪੁਰ ਦਾ ਕਿਲਾ ਛੱਡ ਕੇ ਨਿਕਲ ਪਏ ਪਰ ਮੁਗਲੀਆ ਫੌਜਾਂ ਨੇ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਭਾਈ ਉਦੈ ਸਿੰਘ ਦੀ ਮਦਦ ਨਾਲ ਪਿਛਲੇ ਹਿੱਸੇ ਦੀ ਰਾਖੀ ਦਾ ਕੰਮ ਸੌਂਪਿਆ ਗਿਆ ਅਤੇ ਉਨ੍ਹਾਂ ਨੇ ਸ਼ਾਹੀ ਟਿੱਬੀ ਦੀ ਲੜਾਈ ਵਿਚ ਮੁਗਲ ਫੌਜਾਂ ਨੂੰ ਉਲਝਾਈ ਰੱਖਿਆ। ਸਰਸਾ ਪਾਰ ਕਰਨ ਤੇ ਅਜੀਤ ਸਿੰਘ ਵੀ ਗੁਰੂ ਪਿਤਾ ਨੂੰ ਆ ਮਿਲੇ ਅਤੇ ਸਮੇਤ ਜੁਝਾਰ ਸਿੰਘ ਦੇ ੫੦ ਦੇ ਕਰੀਬ ਸਿੰਘਾਂ ਸਮੇਤ ਰੋਪੜ ਨੇੜੇ ਚਮਕੌਰ ਵੱਲ ਕੂਚ ਕੀਤਾ ਅਤੇ ਚਮਕੌਰ ਦੀ ਕੱਚੀ ਗੜ੍ਹੀ ਵਿਚ ਆ ਮੁਕਾਮ ਕੀਤਾ। ੭ ਦਸੰਬਰ ੧੭੦੫ ਦੀ ਸਵੇਰ ਨੂੰ ਚਮਕੌਰ ਦੀ ਗੜ੍ਹੀ ਨੂੰ ਘੇਰਾ ਪੈ ਜਾਣ 'ਤੇ ਗੁਰੂ ਦੇ ੪੦ ਸਿੰਘਾਂ ਨੇ ਦੁਸ਼ਮਣ ਦੀ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੀ ਹੋਈ ਫੌਜ ਨਾਲ ਘਮਸਾਣ ਦਾ ਯੁੱਧ ਸ਼ੁਰੂ ਕਰ ਦਿੱਤਾ। ਗੋਲੀ ਸਿੱਕਾ ਮੁੱਕ ਜਾਣ 'ਤੇ ਸਿੰਘਾਂ ਨੇ ੫-੫ ਦੇ ਟੋਲੇ ਬਣਾ ਕੇ ਬਰਛਿਆਂ ਅਤੇ ਤਲਵਾਰਾਂ ਨਾਲ ਹੱਥੋ ਹੱਥ ਲੜਾਈ ਕੀਤੀ। ਇਸ ਯੁੱਧ ਵਿਚ ਬਹਾਦਰੀ ਨਾਲ ਲੜਦਿਆਂ ਪਹਿਲਾਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਸ਼ਹੀਦੀ ਪ੍ਰਾਪਤ ਕੀਤੀ ਅਤੇ ਉਸ ਤੋਂ ਬਾਅਦ ਛੋਟੀ ਉਮਰ ਦੇ ਜੁਝਾਰ ਸਿੰਘ ਨੇ ਵੀ ਆਪਣੇ ਵੱਡੇ ਭਰਾ ਦੀ ਤਰ੍ਹਾਂ ਹੀ ਦੁਸ਼ਮਣ ਨਾਲ ਦੋ ਦੋ ਹੱਥ ਕਰਦਿਆਂ ਸ਼ਹਾਦਤ ਦੇ ਦਿੱਤੀ।

ਮੀਂਹ, ਠੰਢ ਅਤੇ ਝੱਖੜ ਭਰੀ ਹਨੇਰੀ ਰਾਤ ਨੂੰ ਸਰਸਾ ਨਦੀ ਨੂੰ ਪਾਰ ਕਰਦਿਆਂ ਸਾਰਾ ਗੁਰੂ ਪਰਿਵਾਰ ਵਿਛੜ ਗਿਆ। ਦੋ ਵੱਡੇ ਸਾਹਿਬਜ਼ਾਦੇ ਦਸਮ ਪਾਤਿਸ਼ਾਹ ਅਤੇ ਹੋਰ ਸਿੰਘਾਂ ਨਾਲ ਚਮਕੌਰ ਪਹੁੰਚ ਗਏ। ਛੋਟੇ ਸਾਹਿਬਜ਼ਾਦੇ ਜੋਰਾਵਰ ਸਿੰਘ ਜਿਸ ਦੀ ਉਮਰ ਉਸ ਵੇਲੇ ਨੌਂ ਸਾਲ ਸੀ ਅਤੇ ਫ਼ਤਿਹ ਸਿੰਘ ਜੋ ਸੱਤ ਸਾਲ ਦਾ ਸੀ, ਆਪਣੀ ਦਾਦੀ ਮਾਤਾ ਗੁਜਰੀ ਜੀ ਦੀ ਉਂਗਲ ਫੜੀ ਸਖ਼ਤ ਮੌਸਮ ਵਿਚ ਬਿਖੜੇ ਰਸਤੇ 'ਤੇ ਚੱਲਦੇ ਹੋਏ ਪਾਣੀ ਢੋਣ ਵਾਲੇ ਮੁਸਲਿਮ ਕੁਮਾ ਦੇ ਝੌਂਪੜੇ ਵਿਚ ਪਹੁੰਚ ਗਏ ਜੋ ਬਹੁਤ ਹੀ ਹਲੀਮੀ ਅਤੇ ਸਤਿਕਾਰ ਨਾਲ ਹੱਥ ਜੋੜ ਕੇ ਮਾਤਾ ਜੀ ਅਤੇ ਬੱਚਿਆਂ ਨੂੰ ਆਪਣੇ ਝੌਂਪੜੇ ਵਿਚ ਲੈ ਗਿਆ। ਮਾਤਾ ਗੁਜਰੀ ਉਸ ਦੀ ਸ਼ਰਧਾ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਰਾਤ ਉਥੇ ਹੀ ਟਿਕਣ ਦਾ ਫੈਸਲਾ ਕਰ ਲਿਆ।

ਅਗਲੀ ਸਵੇਰ ਖਬਰ ਮਿਲਣ 'ਤੇ ਗੁਰੂ ਸਾਹਿਬ ਦਾ ਰਸੋਈਆ ਗੰਗੂ ਉਥੇ ਪਹੁੰਚ ਗਿਆ ਅਤੇ ਮਾਤਾ ਜੀ ਨੂੰ ਆਪਣੇ ਪਿੰਡ ਲੈ ਜਾਣ ਲਈ ਬੇਨਤੀ ਕੀਤੀ ਅਤੇ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਉਸ ਦੇ ਘਰ ਠਹਿਰਨ ਦੀ ਕਿਸੇ ਨੂੰ ਖ਼ਬਰ ਨਹੀਂ ਲਗੇਗੀ। ਉਸ ਦੇ ਵਾਰ ਵਾਰ ਜ਼ੋਰ ਦੇਣ 'ਤੇ ਮਾਤਾ ਜੀ ਸਾਹਿਬਜ਼ਾਦਿਆਂ ਸਮੇਤ ਉਸ ਨਾਲ ਜਾਣ ਲਈ ਤਿਆਰ ਹੋ ਗਏ। ਗੰਗੂ ਨੇ ਉਨ੍ਹਾਂ ਦਾ ਸਾਰਾ ਸਮਾਨ ਇੱਕ ਖੱਚਰ 'ਤੇ ਲੱਦ ਲਿਆ ਅਤੇ ਗੰਗੂ ਦੇ ਪਿੰਡ ਖੇੜੀ ਪਹੁੰਚ ਗਏ। ਰਾਤ ਸਮੇਂ ਜਦੋਂ ਮਾਤਾ ਗੁਜਰੀ ਅੱਖਾਂ ਬੰਦ ਕਰਕੇ ਅਰਾਮ ਕਰ ਰਹੇ ਸਨ ਅਤੇ ਸਾਹਿਬਜ਼ਾਦੇ ਸੌਂ ਰਹੇ ਸਨ ਤਾਂ ਗੰਗੂ ਚੁੱਪ ਚਾਪ ਕਮਰੇ ਵਿਚ ਆਇਆ ਅਤੇ ਸੋਨੇ ਦੀਆਂ ਮੁਹਰਾਂ ਚੁਰਾ ਲਈਆਂ। ਅਗਲੀ ਸਵੇਰ ਜਦੋਂ ਮਾਤਾ ਜੀ ਨੇ ਮੁਹਰਾਂ ਬਾਰੇ ਪੁੱਛਿਆ ਕਿ ਦਰਵਾਜ਼ਾ ਤਾਂ ਬੰਦ ਸੀ, ਮੁਹਰਾਂ ਕੌਣ ਲੈ ਗਿਆ? ਗੰਗੂ ਨੇ ਮਾਤਾ ਜੀ ਦੇ ਮਨ੍ਹਾਂ ਕਰਨ 'ਤੇ ਵੀ ਬਾਹਰ ਨਿਕਲ ਕੇ ਸ਼ੋਰ ਕਰਨਾ ਸ਼ੁਰੂ ਕਰ ਦਿੱਤਾ। ਫਿਰ ਮੋਰਿੰਡੇ ਦੇ ਕੋਤਵਾਲ ਨੂੰ ਜਾ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਦੇ ਦੋ ਛੋਟੇ ਪੁੱਤਰ ਅਤੇ ਮਾਤਾ ਉਸ ਦੇ ਘਰ ਹਨ। ਕੋਤਵਾਲ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਰਾਤ ਮੋਰਿੰਡੇ ਕੋਤਵਾਲੀ ਵਿਚ ਰੱਖਿਆ ਅਤੇ ਦੂਸਰੇ ਦਿਨ ਸਰਹਿੰਦ ਲੈ ਆਂਦਾ ਅਤੇ ਠੰਢੇ ਬੁਰਜ ਵਿਚ ਕੈਦ ਕਰ ਦਿੱਤਾ।

ਮਾਤਾ ਗੁਜਰੀ ਆਪਣੇ ਪੋਤਰਿਆਂ ਨਾਲ ਮਿਲ ਕੇ ਬਾਣੀ ਦਾ ਪਾਠ ਅਤੇ ਅਰਦਾਸ ਕਰਦੇ, ਉਨ੍ਹਾਂ ਨੂੰ ਉਨ੍ਹਾਂ ਦੇ ਬਜ਼ੁਰਗਾਂ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਬਾਰੇ ਦੱਸਦੇ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਜ਼ੁਲਮ ਦਾ ਟਾਕਰਾ ਕਰਦਿਆਂ ਇਨਸਾਫ ਦੀ ਬਹਾਲੀ ਲਈ, ਮਨੁੱਖਤਾ ਦੇ ਅਧਿਕਾਰਾਂ ਲਈ ਅਤੇ ਧਾਰਮਿਕ ਆਜ਼ਾਦੀ ਲਈ ਸ਼ਹਾਦਤ ਦਿੱਤੀ।

ਸੂਬਾ ਸਰਹਿੰਦ ਵਲੋਂ ਸਾਹਿਬਜ਼ਾਦਿਆਂ ਨੂੰ ਡਰਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਅਤੇ ਇਸਲਾਮ ਧਾਰਨ ਕਰਕੇ ਐਸ਼ੋ-ਆਰਾਮ ਵਾਲਾ ਜੀਵਨ ਜਿਉਣ ਦੇ ਅਨੇਕ ਕਿਸਮ ਦੇ ਭਰਮਾਊ ਲਾਲਚ ਵੀ ਦਿੱਤੇ ਗਏ, ਪਰ ਕੋਈ ਵੀ ਡਰ ਜਾਂ ਲਾਲਚ ਛੋਟੀ ਉਮਰ ਦੇ ਸਾਹਿਬਜ਼ਾਦਿਆਂ ਨੂੰ ਉਨ੍ਹਾਂ ਦੇ ਇਰਾਦੇ ਤੋਂ ਹਿਲਾ ਨਹੀਂ ਸਕਿਆ। ਉਹ ਬੜੀ ਬਹਾਦਰੀ ਅਤੇ ਨਿਡਰਤਾ ਨਾਲ ਸੂਬੇ ਦੀ ਹਰ ਗੱਲ ਦਾ ਮੋੜਵਾਂ ਉਤਰ ਦਿੰਦੇ ਰਹੇ। ਅਖੀਰ ਸੂਬੇ ਨੇ ਜਿਉਂਦੇ ਬਾਲਾਂ ਨੂੰ ਬੜੀ ਬੇਰਹਿਮੀ ਨਾਲ ਨੀਂਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ।

ਮਾਤਾ ਗੁਜਰੀ ਨੂੰ ਜਦੋਂ ਉਨ੍ਹਾਂ ਦੀ ਸ਼ਹਾਦਤ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਵੀ ਆਪਣੇ ਪ੍ਰਾਣ ਤਿਆਗ ਦਿੱਤੇ। ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਵੱਲ ਇਸ਼ਾਰਾ ਕਰਦਿਆਂ ਕਿਹਾ ਸੀ ਕਿ ਇਨ੍ਹਾਂ ਪੁੱਤਰਾਂ ਲਈ ਮੈਂ ਚਾਰ ਪੁੱਤਰ ਵਾਰ ਦਿੱਤੇ ਹਨ। ਕੀ ਹੋਇਆ ਜੇ ਚਾਰ ਚਲੇ ਗਏ, ਉਨ੍ਹਾਂ ਦੀ ਥਾਂ ਕਈ ਹਜ਼ਾਰ ਜੀਵਤ ਹਨ। ਜਿਸ ਖਾਲਸੇ ਦੀ ਖਾਤਰ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਵਾਰਿਆ ਸੀ ਅੱਜ ਉਹ ਹੀ ਖਾਲਸਾ ਕਿਧਰੇ ਗੋਲਕ 'ਤੇ ਕਬਜ਼ੇ ਲਈ ਸ਼ਬਦ ਗੁਰੂ ਦੀ ਹਜ਼ੂਰੀ ਵਿਚ ਕਿਰਪਾਨਾਂ ਕੱਢਦਾ ਤੇ ਇੱਕ ਦੂਜੇ ਦੇ ਸਿਰ ਤੋਂ ਦਸਤਾਰਾਂ ਲਾਹੁੰਦਾ ਹੈ, ਕਿਧਰੇ ਪੰਥ ਦੇ ਨਾਂ 'ਤੇ ਲੋਕਾਂ ਦਾ ਧਾਰਮਿਕ ਸ਼ੋਸ਼ਣ ਕਰਦਾ ਅਤੇ ਠੱਗਦਾ ਫਿਰਦਾ ਹੈ।

ਗੁਰਬਾਣੀ ਗਿਆਨ

## ਸਾਧਸੰਗਿ ਜਪਿਓ ਭਗਵੰਤੁ

**ਗਉੜੀ ਗੁਆਰੇਰੀ ਮਹਲਾ ੫**
ਸਾਧਸੰਗਿ ਜਪਿਓ ਭਗਵੰਤੁ॥
ਕੇਵਲ ਨਾਮੁ ਦੀਓ ਗੁਰਿ ਮੰਤੁ॥
ਤਜਿ ਅਭਿਮਾਨ ਭਏ ਨਿਰਵੈਰ॥
ਆਠ ਪਹਰ ਪੂਜਹੁ ਗੁਰ ਪੈਰ॥੧॥
ਅਬ ਮਤਿ ਬਿਨਸੀ ਦੁਸਟ ਬਿਗਾਨੀ॥
ਜਬ ਤੇ ਸੁਣਿਆ
ਹਰਿ ਜਸੁ ਕਾਨੀ॥੧॥ਰਹਾਉ॥
ਸਹਜ ਸੂਖ ਆਨੰਦ ਨਿਧਾਨ॥
ਰਾਖਨਹਾਰ ਰਖਿ ਲੇਇ ਨਿਦਾਨ॥
ਦੂਖ ਦਰਦ ਬਿਨਸੇ ਭੈ ਭਰਮ॥
ਆਵਣ ਜਾਣ ਰਖੇ ਕਰਿ ਕਰਮ॥੨॥
ਪੇਖੈ ਬੋਲੈ ਸੁਣੈ ਸਭੁ ਆਪਿ॥
ਸਦਾ ਸੰਗਿ ਤਾ ਕਉ ਮਨ ਜਾਪਿ॥
ਸੰਤ ਪ੍ਰਸਾਦਿ ਭਇਓ ਪਰਗਾਸੁ॥
ਪੂਰਿ ਰਹੇ ਏਕੈ ਗੁਣਤਾਸੁ॥੩॥
ਕਹਤ ਪਵਿਤ੍ਰ ਸੁਣਤ ਪੁਨੀਤ॥
ਗੁਣ ਗੋਵਿੰਦ ਗਾਵਹਿ ਨਿਤ ਨੀਤ॥
ਕਹੁ ਨਾਨਕ ਜਾ ਕਉ ਹੋਹੁ ਕ੍ਰਿਪਾਲ॥
ਤਿਸੁ ਜਨ ਕੀ ਸਭ ਪੂਰਨ ਘਾਲ॥੪॥

ਸਾਹਿਬ ਸਤਿਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਰਾਹੀਂ ਸਾਨੂੰ ਜੀਵਾਂ ਨੂੰ ਉਪਦੇਸ਼ ਕਰਦੇ ਆਖ ਰਹੇ ਹਨ- ਹੇ ਭਾਈ! ਗੁਰੂ ਦੀ ਮਿਹਰ ਸਦਕਾ ਜਿਨ੍ਹਾਂ ਜੀਵਾਂ ਨੇ ਸਾਧ-ਸੰਗਤ ਵਿਚ ਬੈਠ ਕੇ ਪ੍ਰਭੂ ਦਾ ਸਿਮਰਨ ਕੀਤਾ ਹੈ; ਕੇਵਲ ਨਾਮੁ ਦੀਓ ਗੁਰਿ ਮੰਤੁ, ਜਿਨ੍ਹਾਂ ਵਡਭਾਗੇ ਜੀਵਾਂ ਨੂੰ ਗੁਰੂ ਨੇ ਉਸ ਮਿਹਰਵਾਨ ਪਰਮਾਤਮਾ ਦੇ ਨਾਮ ਦਾ ਹੀ ਮੰਤਰ ਦਿੱਤਾ ਹੈ; ਤਜਿ ਅਭਿਮਾਨ ਭਏ ਨਿਰਵੈਰ, ਉਹ ਜੀਵ ਨਾਮ ਦੀ ਬਖਸ਼ਿਸ਼ ਨਾਲ ਅਭਿਮਾਨ ਛੱਡ ਕੇ ਨਿਰਵੈਰ ਹੋ ਗਏ ਹਨ; ਐਸੇ ਗੁਰੂ ਦੇ ਪੈਰਾਂ ਨੂੰ ਅੱਠੇ ਪਹਿਰ ਹੀ ਪੂਜੋ।

ਅਬ ਮਤਿ ਬਿਨਸੀ ਦੁਸਟ ਬਿਗਾਨੀ॥
ਜਬ ਤੇ ਸੁਣਿਆ
ਹਰਿ ਜਸੁ ਕਾਨੀ॥੧॥ਰਹਾਉ॥

ਇਸ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਸਤਿਗੁਰੂ ਨਾਮ ਸਿਮਰਨ ਦੀਆਂ ਬਰਕਤਾਂ ਅਤੇ ਬਖਸ਼ਿਸ਼ਾਂ ਵੱਲ ਪ੍ਰੇਰਤ ਕਰਦਿਆਂ ਜੀਵਾਂ ਨੂੰ ਆਖਦੇ ਹਨ- ਹੇ ਭਾਈ! ਜਦੋਂ ਤੋਂ ਮੈਂ ਉਸ ਮਿਹਰਵਾਨ ਪ੍ਰਭੂ ਦੀ ਸਿਫਤ-ਸਾਲਾਹ, ਹਰਿ ਜਸ ਨੂੰ ਆਪਣੇ ਕੰਨਾਂ ਨਾਲ ਸੁਣਿਆ ਹੈ, ਉਦੋਂ ਤੋਂ ਹੀ ਭਾਈ, ਮੇਰੀ ਬੇਸਮਝੀ ਵਾਲੀ ਭੈੜੀ ਮੱਤ ਦੂਰ ਹੋ ਗਈ ਹੈ ਅਤੇ ਆਪਣੇ ਪੂਰੇ ਗੁਰੂ ਦੀ ਮਿਹਰ ਨਾਲ ਉਸ ਜਗਤ ਦੇ ਮਾਲਕ ਪ੍ਰਭੂ ਦੇ ਪ੍ਰੇਮ ਵਿਚ ਜੁੜ ਗਿਆ ਹਾਂ।

ਸਹਜ ਸੂਖ ਆਨੰਦ ਨਿਧਾਨ॥
ਰਾਖਨਹਾਰ ਰਖਿ ਲੇਇ ਨਿਦਾਨ॥
ਦੂਖ ਦਰਦ ਬਿਨਸੇ ਭੈ ਭਰਮ॥
ਆਵਣ ਜਾਣ ਰਖੇ ਕਰਿ ਕਰਮ॥੨॥

ਗੁਰਦੇਵ ਜੀ ਆਖਦੇ ਹਨ, ਜਿਨ੍ਹਾਂ ਜੀਵਾਂ ਨੇ ਆਪਣੀ ਜੀਭਾ ਨਾਲ ਪ੍ਰਭੂ ਦਾ ਨਾਮ ਸਿਮਰਨ ਕੀਤਾ ਹੈ, ਤੇ ਕੰਨਾਂ ਨਾਲ ਉਸ ਦਾ ਹਰੀ ਜਸ ਵੀ ਸੁਣਿਆ ਹੈ, ਤਾਂ ਸਹਿਜ ਅਵਸਥਾ, ਸੁਖ ਅਤੇ ਆਨੰਦ ਦੇ ਖਜ਼ਾਨਿਆਂ ਦੇ ਮਾਲਕ ਉਸ ਪਰਮਾਤਮਾ ਪ੍ਰਭ ਨੇ ਆਖਰਕਾਰ ਉਨ੍ਹਾਂ ਦੀ ਸਦਾ ਰੱਖਿਆ ਹੀ ਕੀਤੀ ਹੈ; ਦੂਖ ਦਰਦ ਬਿਨਸੇ ਭੈ ਭਰਮ, ਫਿਰ ਉਨ੍ਹਾਂ ਪ੍ਰਭੂ ਪਿਆਰਿਆਂ ਦੇ ਦੁਖ-ਦਰਦ, ਡਰ ਅਤੇ ਭਰਮ- ਸਾਰੇ ਨਾਸ ਹੋ ਜਾਂਦੇ ਹਨ, ਪ੍ਰਭੂ ਮਿਹਰ ਕਰ ਕੇ ਜਨਮ ਮਰਨ ਦੇ ਸਾਰੇ ਗੇੜ ਵੀ ਮੁਕਾ ਦਿੰਦਾ ਹੈ।

ਪੇਖੈ ਬੋਲੈ ਸੁਣੈ ਸਭੁ ਆਪਿ॥
ਸਦਾ ਸੰਗਿ ਤਾ ਕਉ ਮਨ ਜਾਪਿ॥
ਸੰਤ ਪ੍ਰਸਾਦਿ ਭਇਓ ਪਰਗਾਸੁ॥
ਪੂਰਿ ਰਹੇ ਏਕੈ ਗੁਣਤਾਸੁ॥੩॥

ਸਤਿਗੁਰੂ ਜੀ ਆਖਦੇ ਹਨ- ਹੇ ਮੇਰੇ ਮਨ, ਸੁਣ! ਜਿਹੜਾ ਪਰਮੇਸਰ ਸਭ ਜੀਵਾਂ ਵਿਚ ਵਸਦਾ ਹੋਇਆ ਆਪ ਹੀ ਸਭ ਕੁਝ ਵੇਖਦਾ ਹੈ, ਆਪ ਹੀ ਬੋਲ ਰਿਹਾ ਹੈ, ਤੇ ਆਪ ਹੀ ਸੁਣ ਰਿਹਾ ਹੈ, ਤੇ ਜਿਹੜਾ ਮਾਲਕ ਸਦਾ ਹੀ ਤੇਰੇ ਅੰਗ-ਸੰਗ ਹੈ, ਤੂੰ ਉਸ ਦਾ ਨਾਮ ਜਪਿਆ ਕਰ। ਹੇ ਭਾਈ! ਗੁਰੂ ਦੀ ਮਿਹਰ ਨਾਲ ਜੀਵ ਦੇ ਅੰਦਰ ਆਤਮਿਕ ਚਾਨਣ ਹੋ ਜਾਂਦਾ ਹੈ, ਫਿਰ ਉਸ ਵਡਭਾਗੇ ਜੀਵ ਨੂੰ ਜ਼ੱਰੇ-ਜ਼ੱਰੇ ਵਿਚ ਪ੍ਰਭੂ ਵੱਸਦਾ ਹੀ ਦਿਖਾਈ ਦਿੰਦਾ ਹੈ।

ਕਹਤ ਪਵਿਤ੍ਰ ਸੁਣਤ ਪੁਨੀਤ॥
ਗੁਣ ਗੋਵਿੰਦ ਗਾਵਹਿ ਨਿਤ ਨੀਤ॥
ਕਹੁ ਨਾਨਕ ਜਾ ਕਉ ਹੋਹੁ ਕ੍ਰਿਪਾਲ॥
ਤਿਸੁ ਜਨ ਕੀ ਸਭ ਪੂਰਨ ਘਾਲ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਨਾਮ ਸਿਮਰਨ ਦੀ ਮਹਿਮਾ ਕਰਦੇ ਆਖਦੇ ਹਨ- ਹੇ ਭਾਈ! ਜਿਹੜੇ ਜੀਵ ਸਦਾ ਹੀ ਉਸ ਮਿਹਰਵਾਨ ਗੋਵਿੰਦ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦੇ ਹਨ, ਉਹ ਪ੍ਰਭੂ ਦੀ ਸਿਫ਼ਤ ਕਰਨ ਵਾਲੇ ਵੀ ਤੇ ਪ੍ਰਭੂ ਦੀ ਸਿਫ਼ਤ ਸੁਣਨ ਵਾਲੇ ਵੀ- ਸਾਰੇ ਜੀਵ ਉਚੇ-ਸੁਚੇ ਆਤਮਿਕ ਜੀਵਨ ਵਾਲੇ ਬਣ ਜਾਂਦੇ ਹਨ; ਕਹੁ ਨਾਨਕ ਜਾ ਕਉ ਹੋਹੁ ਕ੍ਰਿਪਾਲ, ਨਾਨਕ ਆਖਦਾ ਹੈ- ਪ੍ਰਭੂ ਜੀਓ! ਜਿਸ ਜੀਵ ਉਤੇ ਤੂੰ ਕ੍ਰਿਪਾ ਕਰ ਦਿੰਦਾ ਹੈਂ, ਉਸ ਦੀ ਸਾਰੀ ਮਿਹਨਤ ਸਫਲ ਹੋ ਜਾਂਦੀ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

**ਸ਼ਹੀਦੀ ਦਿਨ 'ਤੇ ਵਿਸ਼ੇਸ਼**

# ਮਾਂ ਗੁਜਰੀ

*ਮਾਂ ਗੁਜਰੀ ਉਹ ਮਾਂ ਹੈ ਜਿਸ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸਿਦਕ ਦੇ ਰਾਹ ਉਤੇ ਸਿਰੜ ਨਾਲ ਤੁਰਨ ਦਾ ਵਲ ਦੱਸਿਆ। ਉਸ ਮਾਂ ਦੇ ਦਿਲ ਉਤੇ ਕੀ ਬੀਤਦੀ ਹੋਵੇਗੀ ਜਿਸ ਨੂੰ ਇਹ ਖਬਰ ਹੋਵੇ ਕਿ ਉਹਦੀ ਉਂਗਲੀ ਫੜ ਕੇ ਤੁਰਨ ਵਾਲੇ ਨੰਨ੍ਹਿਆਂ ਦੀ ਹੁਣ ਖੈਰ ਨਹੀਂ ਹੈ! ਸਿੱਖੀ ਨਾਲ ਬਹਾਦਰੀ ਦੇ ਅਣਗਿਣਤ ਕਿੱਸੇ ਜੁੜੇ ਹੋਏ ਹਨ ਅਤੇ ਇਨ੍ਹਾਂ ਬਾਰੇ ਅਕਸਰ ਚਰਚਾ ਹੁੰਦੀ ਰਹਿੰਦੀ ਹੈ, ਪਰ ਜੋ ਸਿਦਕ ਅਤੇ ਸਿਰੜ ਮਾਂ ਗੁਜਰੀ ਨੇ ਆਪਣੇ ਪੋਤਿਆਂ ਦੇ ਦਿਲ ਵਿਚ ਭਰਿਆ, ਇਸ ਤਰ੍ਹਾਂ ਦੀਆਂ ਮਿਸਾਲਾਂ ਘੱਟ ਹੀ ਮਿਲਦੀਆਂ ਹਨ। ਇਤਿਹਾਸ ਦੇ ਵਿਦਿਆਰਥੀ ਹੁਸਨਬੀਰ ਸਿੰਘ ਪੰਨੂ ਨੇ ਆਪਣੇ ਇਸ ਲੇਖ 'ਮਾਂ ਗੁਜਰੀ' ਵਿਚ ਮਾਂ ਦੇ ਇਸ ਸਿਦਕ ਨੂੰ ਪ੍ਰਣਾਮ ਕੀਤੀ ਹੈ। ਬਹੁਤ ਔਖੇ ਹਾਲਾਤ ਵਿਚੋਂ ਲੰਘਣ ਵਾਲੀ ਮਾਂ ਗੁਜਰੀ ਬਾਰੇ ਅਦਾਰਾ 'ਪੰਜਾਬ ਟਾਈਮਜ਼' ਇਹ ਲੇਖ ਪਾਠਕਾਂ ਦੀ ਨਜ਼ਰ ਕਰ ਰਿਹਾ ਹੈ। -ਸੰਪਾਦਕ*

ਇਸ ਮਾਂ ਬਾਰੇ ਘੱਟ ਲਿਖਿਆ ਗਿਆ, ਪਰ ਉਸ ਬਾਰੇ ਲਿਖਣਾ ਜੇ ਆਸਾਨ ਹੁੰਦਾ ਤਦ ਹੀ ਲਿਖਿਆ ਜਾਂਦਾ। ਮੈਨੂੰ ਲਗਦਾ ਹੈ ਜਿਨ੍ਹਾਂ ਨੇ ਗੰਭੀਰ ਵਿਦਵਤਾ ਹਾਸਲ ਕੀਤੀ ਹੋਈ ਹੈ ਉਹ ਵੀ ਭਾਵਨਾਵਾਂ ਦੇ ਇਸ ਸਾਗਰ ਨੂੰ ਟੋਹਣ ਤੋਂ ਡਰਨਗੇ। ਇਹ ਤੂਫਾਨ ਦੇਰ ਤਕ ਸ਼ਾਂਤ ਨਹੀਂ ਹੁੰਦੇ। ਮੇਰੇ ਪਾਸ ਗਰੀਬ ਜਿਹੇ ਕੁਝ ਸ਼ਬਦ ਹਨ ਜਿਹੜੇ ਇਸ ਵੱਡਮੁੱਲੇ ਖਜ਼ਾਨੇ ਨੂੰ ਦੇਖ ਦੇਖ ਬੋਲਣ ਦੀ ਥਾਂ ਖਾਮੋਸ਼ ਹੋ ਜਾਂਦੇ ਹਨ। ਜਿਸ ਮਾਂ ਦੇ ਸੀਸ ਉਪਰ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਤਾਜ ਹੋਵੇ ਤੇ ਪੋਹ ਦੀ ਠੰਢੀ ਰਾਤ ਨੂੰ ਜਿਸ ਦੇ ਚਰਨਾਂ ਦੇ ਨਿੱਘ ਵਿਚ ਅਤੇ ਬਾਹਾਂ ਦੀ ਬੁੱਕਲ ਵਿਚ ਦੋ ਛੋਟੇ ਸਾਹਿਬਜ਼ਾਦੇ ਵਜ਼ੀਰ ਖਾਨ ਦੀ ਕਾਲ ਕੋਠੜੀ ਵਿਚ ਸੁੱਤੇ ਪਏ ਹੋਣ, ਉਸ ਬਾਰੇ ਕੀ ਲਿਖੀਏ ਤੇ

**ਹੁਸਨਬੀਰ ਸਿੰਘ ਪੰਨੂ**

ਕਿਵੇਂ ਲਿਖੀਏ। ਉਸ ਬਾਰੇ ਜੋ ਲਿਖਿਆ ਜਾਵੇਗਾ, ਬਹੁਤ ਥੋੜ੍ਹਾ ਹੋਵੇਗਾ।

ਪਿਤਾ ਭਾਈ ਲਾਲ ਚੰਦ ਅਤੇ ਮਾਤਾ ਬਿਸ਼ਨ ਕੌਰ ਅੰਬਾਲਾ ਜ਼ਿਲੇ ਦੇ ਪਿੰਡ ਲਖਨੌਰ ਵਿਚ ਵਸਦੇ ਸਨ ਜਿੱਥੇ 1624 ਵਿਚ ਸੁਹੱਪਣ ਨਾਲ ਭਰਪੂਰ ਬੇਟੀ ਨੇ ਜਨਮ ਲਿਆ। ਗੁਰੂ ਤੇਗ ਬਹਾਦਰ ਆਪਣੇ ਵੱਡੇ ਭਰਾ ਦੇ ਵਿਆਹ ਕਰਤਾਰਪੁਰ ਜ਼ਿਲਾ ਜਲੰਧਰ ਬਰਾਤ ਵਿਚ ਆਏ ਤਾਂ ਭਾਈ ਲਾਲ ਚੰਦ ਅਤੇ ਮਾਤਾ ਬਿਸ਼ਨ ਕੌਰ ਵੀ ਉਥੇ ਗਏ ਹੋਏ ਸਨ। ਮਾਤਾ ਨੇ ਭਾਈ ਲਾਲ ਚੰਦ ਨੂੰ ਕਿਹਾ, "ਅਹੁ ਦੇਖੋ ਕਿੰਨਾ ਸੁਨੱਖਾ ਲੜਕਾ ਹੈ। ਮੈਂ ਆਪਣੀ ਸੁਹਣੀ ਪੁੱਤਰੀ ਵਾਸਤੇ ਇਹੋ ਜਿਹਾ ਵਰ ਲੱਭਾਂਗੀ।" ਪਿਤਾ ਨੇ ਕਿਹਾ, "ਸ਼ਾਇਦ ਨਾ ਮੰਨਣ, ਪਰ ਇਸ ਪਰਿਵਾਰ ਪਾਸ ਆਪਣੀ ਇੱਛਾ ਪੁਚਾਉਂਦੇ ਹਾਂ।" ਇਹ ਰਿਸ਼ਤਾ ਹੋ ਗਿਆ ਤੇ ਵਿਆਹ ਉਪਰੰਤ (ਗੁਰੂ) ਤੇਗ਼ ਬਹਾਦਰ ਨਾਲ 1644 ਈਸਵੀ ਵਿਚ ਬਕਾਲੇ ਜਾ ਵਸੇ।

(ਗੁਰੂ) ਤੇਗ਼ ਬਹਾਦਰ ਸ਼ਾਂਤ ਅਤੇ ਮਿੱਠੇ ਸੁਭਾਅ ਵਾਲੇ ਇਕਾਂਤ ਪਸੰਦ ਇਨਸਾਨ ਸਨ। ਕੰਮ-ਕਾਜ ਵਿਚੋਂ ਵਿਹਲ ਮਿਲਦੀ ਤਾਂ ਬੰਦਗੀ ਕਰਦੇ। ਉਨ੍ਹਾਂ ਨੂੰ 1664 ਈਸਵੀ ਵਿਚ ਗੁਰਗੱਦੀ ਮਿਲੀ ਤਾਂ ਸਾਜ਼ਿਸ਼ਾਂ, ਨਿੰਦਿਆ ਈਰਖਾ ਦਾ ਗੁਬਾਰ ਦੇਖ ਕੇ ਕੀਰਤਪੁਰ ਸਾਹਿਬ ਚਲੇ ਗਏ ਅਤੇ ਪਿੰਡ ਮਾਖੋਵਾਲ ਦੀ ਇਸ ਜ਼ਮੀਨ ਵਿਚ ਘਰ ਪਾ ਲਿਆ। ਫਿਰ ਉਨ੍ਹਾਂ ਨੇ ਪੂਰਬ ਵੱਲ ਆਸਾਮ ਤੇ ਬੰਗਾਲ ਦੀਆਂ ਸੰਗਤਾਂ ਨੂੰ ਮਿਲਣ ਜਾਣ ਦਾ ਫੈਸਲਾ ਕੀਤਾ। ਮਾਤਾ ਨਾਲ ਤੁਰ ਪਏ। ਰਸਤੇ ਵਿਚ ਗੁਰੂ ਪਟਨਾ ਸਾਹਿਬ ਵਿਖੇ ਮਾਤਾ ਨੂੰ ਛੱਡ ਗਏ। ਉਨ੍ਹਾਂ ਦੇ ਜਾਣ ਤੋਂ 6 ਮਹੀਨੇ ਬਾਅਦ 22 ਦਸੰਬਰ 1666 ਈਸਵੀ ਨੂੰ ਗੋਬਿੰਦ ਰਾਇ ਦਾ ਜਨਮ ਹੋਇਆ। ਗੁਰੂ ਨੇ ਚਾਰ ਸਾਲ ਦੀ ਲੰਮੀ ਯਾਤਰਾ ਤੋ ਵਾਪਸ ਆ ਦੇ ਬੇਟੇ ਦਾ ਮੂੰਹ ਦੇਖਿਆ ਤੇ ਕਿਹਾ- ਵਾਪਸ ਆਨੰਦਪੁਰ ਸਾਹਿਬ ਚਲਦੇ ਹਾਂ। ਉਥੇ ਬੇਟੇ ਦੇ ਪੜ੍ਹਨ-ਲਿਖਣ ਲਈ ਮਾਹੌਲ ਠੀਕ ਰਹੇਗਾ।

ਔਰੰਗਜ਼ੇਬ ਨੇ ਜ਼ੁਲਮ ਦੀ ਹਨੇਰੀ ਵਗਾ ਦਿੱਤੀ। ਮੰਦਰਾਂ ਨੂੰ ਤਾਂ ਢਾਹ ਹੀ ਰਿਹਾ ਸੀ, ਧਰਮਸ਼ਾਲਾਵਾਂ ਵੀ ਨਹੀਂ ਬਖਸ਼ੀਆਂ ਗਈਆਂ, ਬੁੱਤ ਤੋੜੇ ਗਏ। ਗੁਰੂ ਤੇਗ ਬਹਾਦਰ ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਕੇ ਜਦੋਂ ਦਿੱਲੀ ਵੱਲ ਰਵਾਨਾ ਹੋਏ ਤਾਂ ਮਾਂ ਗੁਜਰੀ ਨੂੰ ਪਤਾ ਸੀ ਕਿ ਉਥੇ ਕੀ ਬੀਤੇਗੀ ਪਰ ਜਿਸ ਜਿਗਰ ਨਾਲ ਉਨ੍ਹਾਂ ਨੇ ਚਰਨੀਂ ਹੱਥ ਲਾ ਕੇ ਪਤੀ ਨੂੰ ਵਿਦਾ ਕੀਤਾ ਉਸ ਪ੍ਰਕਾਰ ਦੀ ਵਿਦਾਇਗੀ ਦੇਣ ਵੇਲੇ ਕੁਦਰਤ ਨੇ ਕਿਸੇ ਨੂੰ ਚੁਣਨਾ ਸੀ ਜਿਸ ਵਿਚ ਇਹੋ ਜਿਹੀ ਵਿਦਾਇਗੀ ਦੇਣ ਦੀ ਤਾਕਤ ਹੋਵੇ। ਗੁਰੂ ਤਾਂ ਗੁਰੂ ਹੁੰਦਾ ਹੈ। ਆਖਰ ਉਸ ਦਾ ਪਰਿਵਾਰ ਉਸੇ ਵਰਗਾ ਹੋਵੇ- ਇਹ ਸੰਭਵ ਨਹੀਂ ਹੁੰਦਾ। ਪਰ ਮਾਂ ਗੁਜਰੀ ਉਸੇ ਮਸਾਲੇ ਦੀ ਬਣੀ ਹੋਈ ਸੀ ਜਿਸ ਨਾਲ ਰੱਬ ਨੇ ਗੁਰੂ ਸਾਹਿਬ ਦਾ ਜਿਸਮ ਘੜਿਆ।

ਪਤੀ ਦੀ ਸ਼ਹਾਦਤ ਨੂੰ ਭਾਣਾ ਮੰਨ ਕੇ ਸਹਾਰਿਆ ਤੇ ਪੁੱਤਰ ਦੀ ਵਿਦਿਆ ਵੱਲ ਧਿਆਨ ਦਿੱਤਾ ਪਰ ਕੁਦਰਤ ਅਜੇ ਉਸ ਤੋਂ ਇਕ ਹੋਰ ਵੱਡਾ ਕੰਮ ਕਰਵਾਉਣ ਦੀ ਇੱਛੁਕ ਸੀ। ਉਸ ਨੇ ਦੋ ਮਾਸੂਮ ਪੋਤਰਿਆਂ ਨੂੰ ਗੋਦ ਵਿਚ ਬਿਠਾ ਕੇ ਇਹ ਦੱਸਣਾ ਸੀ ਕਿ ਮੌਤ ਬਿਲਕੁਲ ਕਸ਼ਟਦਾਇਕ ਵਸਤੂ ਨਹੀਂ ਹੁੰਦੀ। ਸਰਹਿੰਦ ਦੇ ਠੰਢੇ ਬੁਰਜ ਵਿਚ ਦੇਰ ਰਾਤ ਤਕ ਉਹ ਉਨ੍ਹਾਂ ਨੂੰ ਦੱਸਦੀ ਕਿ ਤੁਹਾਡੇ ਬਾਬਾ ਗੁਰੂ ਤੇਗ਼ ਬਹਾਦਰ ਦੀ ਗੋਦ ਕਿਤੇ ਵਧੀਕ ਨਿੱਘੀ ਅਤੇ ਅਮਰ ਹੈ। ਮੈਂ ਇਤਿਹਾਸ ਦਾ ਵਿਦਿਆਰਥੀ ਹਾਂ- ਮੇਰੀ ਜਾਣਕਾਰੀ ਵਿਚ ਨਹੀਂ ਆਇਆ ਕਿ ਕਿਸੇ ਸਮੇਂ ਕਿਸੇ ਦੇਸ਼ ਵਿਚ ਇਕ ਮਾਂ ਨੇ ਮਾਸੂਮ ਬੱਚਿਆਂ ਨੂੰ ਇਉਂ ਪ੍ਰੇਰਨਾ ਦਿੱਤੀ ਹੋਵੇ ਕਿ ਸੱਚਾ ਅਸੂਲ ਵੱਡਾ ਹੈ- ਮੌਤ ਅਤੇ ਜੀਵਨ ਇਸ ਦੇ ਸਾਹਮਣੇ ਕੁਝ ਨਹੀਂ ਹਨ। ਹਜ਼ਾਰਾਂ ਸਾਲਾਂ ਵਿਚ ਕਦੀ ਕਦਾਈ ਅਜਿਹਾ ਵਾਪਰਦਾ ਹੈ।

ਉਹ ਆਖਿਆ ਕਰਦੀ, "ਪੁਤਰੋ ਤੁਹਾਡਾ ਜਨਮ ਗੁਰੂ ਨਾਨਕ ਬਾਬੇ ਦੇ ਘਰ ਹੋਇਆ ਹੈ। ਇਸ ਘਰ ਵਿਚ ਜਨਮ ਲੈਣ ਵਾਲੀਆਂ ਰੂਹਾਂ ਆਰਾਮ ਨਾਲ ਜਿਸਮ ਨੂੰ ਇਉਂ ਤਿਆਗ ਦਿੰਦੀਆਂ ਹਨ ਜਿਵੇਂ ਮੈਲਾ ਕਮੀਜ਼ ਬਦਲ ਕੇ ਦੂਜਾ ਪਾ ਲਈਦਾ ਹੈ। ਤੁਹਾਨੂੰ ਤਾਂ ਇਹ ਪੱਕਾ ਪਤਾ ਹੈ ਕਿ ਮੈਂ ਤੁਹਾਨੂੰ ਬੇਅੰਤ ਪਿਆਰ ਕਰਦੀ ਹਾਂ, ਸੱਚ ਆਖਦੀ ਹਾਂ। ਮੌਤ ਜੇ ਬੁਰੀ ਚੀਜ਼ ਹੁੰਦੀ ਤਾਂ ਮੈਂ ਉਥੇ ਕਿਉਂ ਤੁਹਾਨੂੰ ਜਾਣ ਦਿੰਦੀ? ਜਿਨ੍ਹਾਂ ਨੇ ਮੌਤ ਆਹਮੋ-ਸਾਹਮਣੇ ਦੇਖੀ ਨਹੀਂ ਉਹ ਮੌਤ ਤੇ ਪਰਛਾਵੇਂ ਤੋਂ ਬੇਹੱਦ ਡਰਦੇ ਹਨ। ਜਿਹੜੇ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕਦੇ ਹਨ, ਉਨ੍ਹਾਂ ਨੂੰ ਉਸ ਦੇ ਸੁਹਣੇ ਰੰਗ ਰੂਪ ਦਾ ਪਤਾ ਲਗਦਾ ਹੈ। ਮੌਤ ਨੂੰ ਸਤਿਕਾਰ ਨਾਲ ਮਿਲਣਾ- ਇਸੇ ਤਰ੍ਹਾਂ ਜਿਵੇਂ ਹਰ ਰੋਜ਼ ਮੈਨੂੰ ਮਿਲ ਕੇ ਗੋਦੀ ਵਿਚ ਆ ਬੈਠਦੇ ਹੋ।"



ਗੁਰੂ ਗੋਬਿੰਦ ਸਿੰਘ ਨੂੰ ਦੀਨਾ ਕਾਂਗੜ ਵਿਚ ਇਨ੍ਹਾਂ ਸ਼ਹਾਦਤਾਂ ਦੀ ਖਬਰ ਮਿਲੀ। ਮਿਆਨ ਦੀ ਨੋਕ ਨਾਲ ਉਨ੍ਹਾਂ ਨੇ ਘਾਹ ਦੀ ਜੜ ਕੱਢਦਿਆਂ ਕਿਹਾ, "ਮੁਗਲਾਂ ਨੇ ਆਪਣੀ ਜੜ੍ਹ ਆਪ ਕੱਢ ਦਿੱਤੀ ਹੈ। ਉਨ੍ਹਾਂ ਦੀ ਹਕੂਮਤ ਏਸ਼ੀਆ ਦੇ ਅਸਮਾਨ ਵਿਚ ਉਡਦੇ ਸ਼ਕਤੀਸ਼ਾਲੀ ਬਾਜ਼ ਵਰਗੀ ਸੀ। ਇਸ ਬਾਜ਼ ਨੇ ਆਪਣੇ ਖੰਭ ਆਪ ਕੱਟ ਲਏ ਹਨ। ਇਹ ਮਜ਼ਬੂਤ ਦਰਖਤ ਜਿਹੜਾ ਹੁਣ ਖਲੋਤਾ ਹੋਇਆ ਦਿਸਦਾ ਹੈ, ਇਸ ਦੀਆਂ ਜੜ੍ਹਾਂ ਬੋਦੀਆਂ ਹੋ ਗਈਆਂ ਹਨ, ਗਲ ਗਈਆਂ ਹਨ। ਹੁਣ ਬਹੁਤਾ ਕੁਝ ਕਰਨ ਦੀ ਲੋੜ ਨਹੀਂ ਪਵੇਗੀ। ਹਵਾ ਦਾ ਬੁੱਲਾ ਆਏਗਾ ਤੇ ਇਹ ਦਰਖਤ ਡਿੱਗ ਜਾਵੇਗਾ।" ਕਥਨ ਸੱਚ ਹੋਏ।

ਬਾਬਾ ਬੰਦਾ ਸਿੰਘ ਵੀਹ ਬੰਦਿਆਂ ਦੀ ਟੋਲੀ ਲੈ ਕੇ ਪੰਜਾਬ ਦੀ ਹਕੂਮਤ ਪ੍ਰਾਪਤ ਕਰਨ ਲਈ ਤੁਰਿਆ ਸੀ। ਤੋਪਾਂ ਤਾਂ ਕੀ, ਬੰਦੂਕਾਂ ਵੀ ਨਹੀਂ ਸਨ, ਪੈਸਾ ਨਹੀਂ ਸੀ, ਘੋੜੇ ਨਹੀਂ ਸਨ ਪਰ ਸਰਹਿੰਦ ਤਕ ਪੁਜਦਿਆਂ ਪੁਜਦਿਆਂ ਉਸ ਦੀ ਗਿਣਤੀ 25 ਹਜ਼ਾਰ ਹੋ ਗਈ ਸੀ। ਵਜ਼ੀਰ ਖਾਨ ਪਾਸ 45 ਹਜ਼ਾਰ ਫੌਜ, ਹਾਥੀ, ਸ਼ਾਨਦਾਰ ਘੋੜੇ ਅਤੇ ਤੋਪਾਂ-ਬੰਦੂਕਾਂ ਸਨ। ਵਜ਼ੀਰ ਖਾਨ ਦੇ ਸੈਨਿਕ ਰਿਸ਼ਟ-ਪੁਸ਼ਟ ਤੇ ਸਿਖਲਾਈ ਯਾਫਤਾ ਹਥਿਆਰਬੰਦ ਘੋੜਸਵਾਰ ਸਨ। ਬੰਦਾ ਸਿੰਘ ਪਾਸ, ਬਿਨਾਂ ਤਨਖਾਹ ਲੈਣ ਵਾਲੇ ਗਰੀਬ ਪੈਦਲ ਲੋਕ ਸਨ ਜਿਨ੍ਹਾਂ ਪਾਸ ਕੇਵਲ ਬਰਛੇ, ਗੰਡਾਸੇ ਤੇ ਕ੍ਰਿਪਾਨਾਂ ਸਨ। ਬੰਦਾ ਸਿੰਘ ਦੀ ਸੈਨਾ ਸਾਹਮਣੇ ਵਜ਼ੀਰ ਖਾਨ ਦੀ ਸੈਨਾ ਪਹਿਲੇ ਹੱਲੇ ਇਉਂ ਉਡ ਗਈ ਜਿਵੇਂ ਹਨੇਰੀ ਸਾਹਮਣੇ ਸੁੱਕੇ ਪੱਤੇ ਉਡਦੇ ਹਨ। ਵਜ਼ੀਰ ਖਾਨ ਉਤੇ ਭਾਈ ਫਤਿਹ ਸਿੰਘ ਵਲੋਂ ਤਲਵਾਰ ਦਾ ਅਜਿਹਾ ਵਾਰ ਹੋਇਆ ਕਿ ਮੋਢੇ ਵਿਚੋਂ ਉਤਰ ਕੇ ਕ੍ਰਿਪਾਨ ਵੱਖੀ ਵਿਚੋਂ ਨਿਕਲ ਗਈ। ਦੀਵਾਨ ਸੁੱਚਾ ਨੰਦ, ਜਿਸ ਨੇ ਕਿਹਾ ਸੀ ਕਿ ਸਾਹਿਬਜ਼ਾਦਿਆਂ ਨੂੰ ਛੱਡਣਾ ਨਹੀਂ- ਸੱਪ ਦੇ ਬੱਚੇ ਸਪੋਲੀਏ ਹੁੰਦੇ ਹਨ, ਨਾ ਕਿਤੇ ਉਹ ਲੱਭਾ, ਨਾ ਉਸ ਦਾ ਜਵਾਨ ਬੇਟਾ। ਇਨ੍ਹਾਂ ਦੋਵਾਂ ਦੀਆਂ ਲਾਸ਼ਾਂ ਵੀ ਪ੍ਰਾਪਤ ਨਹੀਂ ਹੋਈਆਂ।

ਕਚਹਿਰੀ ਵਿਚ ਸਾਰਾ ਦਿਨ ਇਨ੍ਹਾਂ ਬੱਚਿਆਂ ਨੂੰ ਡਰਾਇਆ-ਧਮਕਾਇਆ ਜਾਂਦਾ। ਛੋਟੇ ਦੀ ਉਮਰ ਸੱਤ ਸਾਲ ਤੇ ਵੱਡੇ ਦੀ ਉਮਰ ਨੌਂ ਸਾਲ ਦੀ ਸੀ। ਇਸ ਉਮਰ ਦੇ ਬੱਚੇ ਲਹੂ ਦੀ ਇਕ ਬੂੰਦ ਦੇਖ ਕੇ ਚੀਕਾਂ ਮਾਰਨ ਲਗਦੇ ਹਨ, ਪਰ ਇਨ੍ਹਾਂ ਦੋਵਾਂ ਨੂੰ ਜਦੋਂ, ਕਦੀ ਪਿਆਰ ਨਾਲ, ਕਦੀ ਖੌਫਜ਼ਦਾ ਕਰਕੇ ਪੁੱਛਿਆ ਜਾਂਦਾ ਕਿ ਜਿਉਂਦੇ ਰਹਿਣ ਦੀ ਇੱਛਾ ਹੈ ਕਿ ਮਰਨ ਦੀ- ਤਾਂ ਇਨ੍ਹਾਂ ਦਾ ਉਤਰ ਹੁੰਦਾ- ਮਰਨ ਦੀ।" ਛੋਟੇ ਨੂੰ ਪਹਿਲੋਂ ਕਤਲ ਕੀਤਾ ਗਿਆ। ਵੱਡੇ ਸਾਹਿਬਜ਼ਾਦੇ ਨੂੰ ਫਿਰ ਪੁੱਛਿਆ ਗਿਆ ਕਿ ਬਚਣਾ ਹੈ ਕਿ ਇਹੋ ਰਾਹ ਫੜਨਾ ਹੈ। ਵੱਡੇ ਨੇ ਕਿਹਾ, "ਇਹੋ ਰਾਹ। ਸਾਡਾ ਪਰਿਵਾਰ ਇਸ ਰਸਤੇ 'ਤੇ ਤੁਰੇਗਾ।" ਕੱਚੇ ਧਾਗੇ ਨੂੰ ਤੋੜਨ ਵਿਚ ਤਾਂ ਕੁਝ ਜ਼ੋਰ ਲਾਉਣਾ ਪਵੇ, ਜੀਵਨ ਦੀ ਡੋਰ ਇਨ੍ਹਾਂ ਦੋਵਾਂ ਨੇ ਆਸਾਨੀ ਨਾਲ ਤੋੜ ਦਿੱਤੀ।

ਪੰਜਵੇਂ ਅਤੇ ਨੌਵੇਂ ਪਾਤਸ਼ਾਹ ਬਾਰੇ ਅਸੀਂ ਇਹ ਆਖ ਕੇ ਚੁੱਪ ਕਰ ਜਾਂਦੇ ਹਾਂ ਕਿ ਉਹ ਧਰਮ ਦੀ ਉਚੀ ਤੋਂ ਉਚੀ ਚੋਟੀ ਉਪਰ ਬਿਰਾਜਮਾਨ ਸਨ ਕਿ ਉਨ੍ਹਾਂ ਲਈ ਦੁਸ਼ਮਣ ਵੀ ਮਿੱਤਰ ਸਨ ਤੇ ਮੌਤ ਵੀ ਜੀਵਨ ਸੀ। ਛੋਟੇ ਬੱਚਿਆਂ ਨੂੰ ਉਚੀਆਂ ਗੱਲਾਂ ਕਿਵੇਂ ਸਮਝ ਵਿਚ ਆਈਆਂ? ਕੋਈ ਅਕਲ, ਕੋਈ ਇਲਮ ਇਸ ਦਾ ਜਵਾਬ ਨਹੀਂ ਦੇ ਸਕਦਾ। ਲਗਦਾ ਹੈ ਇਨ੍ਹਾਂ ਬੱਚਿਆਂ ਨੇ ਮੌਤ ਦੀ ਕੰਧ ਤੋ ਪਾਰ ਦੇਖ ਰੱਖਿਆ ਸੀ। ਉਨ੍ਹਾਂ ਬਾਰੇ ਗੱਲਾਂ ਕਰਦਿਆਂ ਅਤੇ ਸੁਣਦਿਆਂ ਸਾਨੂੰ ਕਸ਼ਟ ਹੁੰਦਾ ਹੈ ਪਰ ਉਨ੍ਹਾਂ ਦੇ ਮਾਸੂਮ ਹੋਠਾਂ ਉਪਰ, ਨੀਹਾਂ ਵਿਚ ਖਲੋਤਿਆਂ ਮੁਸਕਾਨ ਖਿੱਲਰੀ ਪਈ ਸੀ।

ਮਾਂ ਗੁਜਰੀ ਨੂੰ ਬੱਚਿਆਂ ਦੀ ਲਾਸਾਨੀ ਸ਼ਹਾਦਤ ਦੀ ਖਬਰ ਮਿਲੀ ਤਾਂ ਉਨ੍ਹਾਂ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਕਿ ਸੇਵਕਾਂ ਦੀ ਪ੍ਰੀਤ ਓੜਕ ਤੱਕ ਨਿਭੀ, ਕਿ ਰੱਬ ਨੇ ਆਪਣੀ ਅਮਾਨਤ ਵਾਪਸ ਮੰਗ ਲਈ ਤਾਂ ਕਿਸੇ ਨੇ ਕੋਈ ਉਜਰ ਨਹੀਂ ਕੀਤਾ।

ਜਦੋਂ ਸਰਹਿੰਦ ਵਿਚ ਲੁੱਟ-ਮਾਰ ਤੇ ਤਬਾਹੀ ਮੱਚੀ, ਤਾਂ ਬਾਬਾ ਬੰਦਾ ਸਿੰਘ ਨੇ ਆਲੀ ਸਿੰਘ ਨੂੰ ਨਾਲ ਲੈ ਕੇ ਉਹ ਥਾਂ ਲੱਭੀ ਜਿਥੇ ਸ਼ਹੀਦੀ ਦੀਵਾਰ ਸੀ। ਬਾਬਾ ਬੰਦਾ ਬਹਾਦਰ ਨੇ ਇਕ ਇਕ ਇੱਟ ਮੱਥੇ ਨਾਲ ਲਾਈ। ਫਿਰ ਕਿਹਾ, "ਹੀਰੇ ਮੋਤੀ ਤੇ ਸੋਨਾ-ਚਾਂਦੀ ਲੁੱਟ ਲੈਣ ਉਹ ਜਿਨ੍ਹਾਂ ਨੂੰ ਅਜਿਹੀ ਲੋੜ ਹੈ। ਮੈਨੂੰ ਮੇਰਾ ਖਜ਼ਾਨਾ ਪ੍ਰਾਪਤ ਹੋ ਗਿਆ।"

ਛੋਟੇ ਸਾਹਿਬਜ਼ਾਦਿਆਂ ਅਤੇ ਮਾਂ ਦੀ ਸ਼ਹਾਦਤ ਦਾ ਮੇਲਾ ਹਰ ਸਾਲ 11, 12, 13, ਪੋਹ ਨੂੰ ਤਿੰਨ ਦਿਨ ਲਗਦਾ ਹੈ। ਪੰਥ ਨੇ ਇਸ ਨੂੰ 'ਸ਼ਹੀਦੀ ਜੋੜ ਮੇਲਾ' ਕਿਹਾ ਹੈ। ਜੋੜ ਮੇਲਾ ਠੀਕ ਨਾਮ ਹੈ। ਮਾਤਾ ਅਤੇ ਬੱਚੇ ਗੁਰੂ ਤੇਗ਼ ਬਹਾਦਰ ਸੰਗ ਸਹਿਜੇ ਜਾ ਮਿਲੇ। ਸਾਹਿਬਜ਼ਾਦਿਆਂ ਦਾ ਅਤੇ ਗੁਜਰੀ ਮਾਂ ਦਾ ਪੰਥ ਨਾਲ ਥਿਰ ਮਿਲਾਪ ਹੋਇਆ।

ਜੇ ਕਿਤੇ ਕਾਲੀ ਦਾਸ ਅੱਜ ਹੁੰਦਾ ਉਹ ਬੱਦਲਾਂ ਨੂੰ ਕੁਝ ਜਰੂਰੀ ਹਦਾਇਤਾਂ ਦਿੰਦਾ। ਉਹ ਇਉਂ ਲਿਖਦਾ, "ਹੇ ਮੇਘ ਸ਼ਿਵਾਲਿਕ ਦੀਆਂ ਪਹਾੜੀਆਂ ਨੂੰ ਮਾਂ ਗੁਜਰੀ ਦੇ ਚਰਨਾਂ ਦੀ ਛੁਹ ਪ੍ਰਾਪਤ ਹੈ। ਇਨ੍ਹਾਂ ਥਾਂਵਾਂ ਉਪਰੋਂ ਸਹਿਜੇ ਸਹਿਜੇ ਲੰਘੀਂ। ਜਦੋਂ ਅਰਜਨ ਕੁਰੂਕਸ਼ੇਤਰ ਦੀ ਜੰਗ ਤੋਂ ਪਹਿਲਾਂ ਡਾਵਾਂਡੋਲ ਹੋ ਗਿਆ ਸੀ ਤਦ ਉਸ ਨੂੰ ਹੌਸਲਾ ਦੇਣ ਲਈ ਉਥੇ ਭਗਵਾਨ ਆਪ ਰੱਥ ਵਿਚ ਮੌਜੂਦ ਸਨ। ਸਰਹਿੰਦ ਦੇ ਇਸ ਮਹਾਂਭਾਰਤ ਵਿਚ ਸ਼੍ਰੀ ਕ੍ਰਿਸ਼ਨ ਵਾਲੀ ਜ਼ਿਮੇਵਾਰੀ ਗੁਜਰੀ ਮਾਂ ਨੇ ਨਿਭਾਈ ਸੀ। ਉਪਦੇਸ਼ ਕਰਦਿਆਂ ਮਾਂ ਨੇ ਅੱਖਾਂ ਨਾਲ ਹੀ ਸਭ ਭੇਦ ਸਮਝਾ ਦਿੱਤੇ ਸਨ। ਇਸ ਕਰਕੇ ਇਸ ਗ੍ਰੰਥ ਦੀ ਰਚਨਾ ਕਰਨ ਦੀ ਲੋੜ ਨਹੀਂ ਪਈ। ਅਰਜਨ ਦੇਰ ਬਾਅਦ ਥਿਰ ਹੋਇਆ ਸੀ, ਉਸ ਨੂੰ ਗੱਲ ਸਮਝਣ ਵਿਚ ਮੁਸ਼ਕਲ ਆਈ ਸੀ। ਨਿਕੇ ਬੱਚਿਆਂ ਨੂੰ ਮਰਮ ਰੂਹਾਨੀ ਭੇਦ ਬਹੁਤ ਛੇਤੀ ਸਮਝ ਵਿਚ ਆ ਗਏ ਸਨ। ਹੇ ਮੇਘ, ਦੁਰਲਭ ਵਸਤੂਆਂ ਦੀ ਤਲਾਸ਼ ਵਿਚ ਤੁਰਦੀ ਫਿਰਦੀ ਇਸ ਮਾਂ ਨੂੰ ਕਿਤੇ ਦੇਖੇਂ ਤਾਂ ਸਿਰ ਉਪਰ ਮੂਰਖਾਂ ਵਾਂਗ ਮੰਡਰਾਂਦਾ ਨਾ ਫਿਰੀਂ। ਤੁਰਤ ਨਿਰਮਲ ਚਾਦਰ ਵਾਂਗ ਉਸ ਦੇ ਚਰਨਾਂ ਹੇਠ ਵਿਛ ਜਾਈਂ ਤੇ ਸ਼ਿਵਾਲਿਕ ਦੀਆਂ ਪਹਾੜੀਆਂ ਨੂੰ ਖੂਬ ਧੋਈਂ, ਇਨ੍ਹਾਂ ਪਹਾੜੀਆਂ ਵਿਚ ਉਹ ਸਾਰੇ ਸੰਸਾਰ ਦਾ ਰੱਬ ਤੋਂ ਸੁਖ ਮੰਗਿਆ ਕਰਦੀ।"

ਜੋੜ ਮੇਲੇ ਦੇ ਇਨ੍ਹਾਂ ਦਿਨਾਂ ਵਿਚ ਆਮ ਇਹ ਹੁੰਦਾ ਹੈ ਕਿ ਛਲਕਦੀਆਂ ਹੋਈਆਂ ਅੱਖਾਂ ਵਿਚਲੀਆਂ ਬੂੰਦਾਂ ਨਾਲ ਬੱਦਲਾਂ ਦੀਆਂ ਕਣੀਆਂ ਆ ਕੇ ਰਲ ਜਾਇਆ ਕਰਦੀਆਂ ਹਨ। ਅਕਸਰ ਅਜਿਹਾ ਹੋਇਆ ਕਰਦਾ ਹੈ।

## ਲਾਲਾਂ ਦੀਆਂ ਘੋੜੀਆਂ

ਆਵੋ ਨੀ ਆਵੋ ਭੈਣੋ, ਗਾਵੀਏ ਰਲ ਘੋੜੀਆਂ
ਲਾਲਾਂ ਦੀਆਂ ਜੋੜੀਆਂ ਕਰੀਏ ਤਿਆਰ ਨੀ ਹਾਂ।
ਸੋਹਣਿਆਂ ਲਾਲਾਂ ਨੂੰ, ਸਜਾਵੋ ਨੀ ਚਾਈਂ ਚਾਈਂ
ਚਾਵਾਂ ਨਾਲ ਕਰੀਏ ਸਭੋ ਸ਼ਗਨ ਵਿਹਾਰ ਨੀ ਹਾਂ।
ਲਾੜੀ ਤਾਂ ਮੌਤ ਤਾਂਈ ਪਰਨਾਵਣ ਨੇ ਚੱਲੇ ਯੋਧੇ
ਜ਼ੋਰਾਵਰ-ਫਤਹਿ ਸਿੰਘ, ਅਜੀਤ-ਜੁਝਾਰ ਨੀ ਹਾਂ।
ਗਾਵੋ ਨੀ ਗਾਵੋ, ਸੋਹਣੇ ਲਾਲਾਂ ਦੀਆਂ ਘੋੜੀਆਂ
ਆਵੋ ਨੀ ਆਵੋ ਸਭੋ, ਹੋ ਕੇ ਤਾਂ ਤਿਆਰ ਨੀ ਹਾਂ।

ਡਾਹਵੋ ਨੀ ਡਾਹਵੋ ਚੌਂਕੀ ਚੰਨਣ ਦੀ ਡਾਹਵੋ ਨੀ
ਮਲੋ ਨੀ ਮਲੋ ਵਟਨਾ, ਲਾੜੇ ਚੌਂਕੀ ਬਿਠਾਵੋ ਨੀ
ਚੜ੍ਹਾਵੋ ਨੀ ਚੜ੍ਹਾਵੋ ਖਾਰੇ, ਲਾਲਾਂ ਨੂੰ ਚੜ੍ਹਾਵੋ ਨੀ
ਗਾਵੋ ਨੀ ਗਾਵੋ ਗੀਤ ਰਲ ਸ਼ਗਨਾਂ ਦੇ ਗਾਵੋ ਨੀ
ਪਾਵੋ ਨੀ ਪਾਵੋ ਸ਼ਗਨ ਤਾਂ ਅਸੀਸਾਂ ਦੇ ਪਾਵੋ ਨੀ
ਵੰਡੋ ਨੀ ਵੰਡੋ ਸਹੀਓ ਗੁੜ ਦੀਆਂ ਤਾਂ ਰੋੜੀਆਂ,
ਦੇਵੋ ਨੀ ਦੇਵੋ ਮੋਹਰਾਂ ਸਿਰਾਂ ਤੋਂ ਵਾਰ ਨੀ ਹਾਂ।

ਬਾਗ਼ੇ ਨੀ ਬਾਗ਼ੇ ਚੰਮੇਲੀ, ਮੋਤੀਆ ਲਿਆਵੋ ਨੀ
ਚੁਣੋ ਨੀ ਚੁਣੋ ਕਲੀਆਂ ਕੋਈ ਚੰਗ਼ੇਰ ਸਜਾਵੋ ਨੀ
ਪਰੋਵੇ ਨੀ ਪਰੋਵੇ ਸਿਹਰੇ, ਮਾਲਣ ਤੇ ਬੁਲਾਵੋ ਨੀ
ਸੋਨੇ ਦੀਆਂ ਤਾਰਾਂ ਨਾਲ ਤਾਂ, ਸਿਹਰੇ ਸਜਾਵੋ ਨੀ
ਬੁਲਾਵੋ ਨੀ ਬੁਲਾਵੋ ਸੁੱਖਾਂ ਲੱਧੀ, ਮਾਂ ਬੁਲਾਵੋ ਨੀ
ਚੁੰਮ ਨੀ ਚੁੰਮ ਲਾਲਾਂ ਦੇ ਮੁੱਖੜੇ, ਭਾਗਾਂ ਭਰੀ ਮਾਂ,
ਚਾਈਂ ਤਾਂ ਚਾਈਂ ਕਰੇ ਸ਼ਗਨ ਵਿਹਾਰ ਨੀ ਹਾਂ।

ਆ ਨੀ ਆ ਮਾਏ, ਬੰਨਿਆਂ ਦੇ ਸ਼ਗਨ ਮਨਾ ਨੀ
ਬੰਨ੍ਹ ਨੀ ਬੰਨ੍ਹ ਗ਼ਾਨੇ, ਸਿਹਰੇ ਸੀਸ 'ਤੇ ਸਜਾ ਨੀ
ਰੱਜ ਨੀ ਰੱਜ ਲਾਹ ਰੀਝਾਂ, ਪੂਰੇ ਕਰ ਚਾਅ ਨੀ
ਚੜ੍ਹਾ ਨੀ ਚੜ੍ਹਾ ਮਾਏ, ਘੋੜੀ ਲਾਲਾਂ ਨੂੰ ਚੜ੍ਹਾ ਨੀ
ਜਾਂਦੀ ਨੀ ਜਾਂਦੀ ਵਾਰੀ, ਘੁੱਟ ਪੁੱਤ ਛਾਤੀ ਲਾ ਨੀ
ਖੋਲ੍ਹ ਨੀ ਖੋਲ੍ਹ ਮਾਏ ਹੱਥੀਂ ਦਮਾਂ ਦੀਆਂ ਬੋਰੀਆਂ,
ਭਰ ਨੀ ਭਰ ਥਾਲ, ਲਾੜਿਆਂ ਤੋਂ ਵਾਰ ਨੀ ਹਾਂ।

ਵੇਖੋ ਨੀ ਵੇਖੋ ਪਿਤਾ ਕੀ ਕੌਤਕ ਰਚਾ ਰਿਹਾ ਏ
ਸ਼ਹੀਦੀਆਂ ਦੇ ਗ਼ਾਨੇ ਬੰਨ੍ਹ, ਸਿਹਰੇ ਸਜਾ ਰਿਹਾ ਏ
ਮੌਤ ਲਾੜੀ ਵਰਨ ਲਈ ਤਾਂ ਲਾੜੇ ਸਜਾ ਰਿਹਾ ਏ
ਥਾਪਨਾ ਦੇ ਦੇ ਪੁੱਤਾਂ ਨੂੰ, ਘੋੜੀਆਂ ਚੜ੍ਹਾ ਰਿਹਾ ਏ
ਟੋਰ ਜੰਞ ਜੰਗ ਨੂੰ ਉਹਦਾ, ਸ਼ੁਕਰ ਮਨਾ ਰਿਹਾ ਏ
ਸੀਨੇ ਤਾਂ ਤੇਗ਼ ਲਾ ਕੇ, ਸੱਥਰ ਗਾਵੇ ਯਾਰੜੇ ਦਾ,
ਸ਼ੁਕਰ ਤੇ ਗ਼ੁਜਾਰੇ ਉਹਦਾ, ਵਾਰ ਪਰਿਵਾਰ ਨੀ ਹਾਂ।

ਤੱਕੋ ਨੀ ਤੱਕੋ ਦਾਦੀ, ਕਿੰਵ ਸ਼ਗਨ ਮਨਾ ਰਹੀ ਏ
ਖਾਰੇ ਤਾਂ ਚੜ੍ਹਾਉਂਦੀ ਕੱਲੀ ਘੋੜੀਆਂ ਗਾ ਰਹੀ ਏ
ਮੌਤ ਲਾੜੀ ਵਰਨ ਲਈ ਨਿੱਕੇ ਲਾੜੇ ਸਜਾ ਰਹੀ ਏ
ਡੋਲਣਾ ਨਹੀਂ ਮੌਤ ਸਾਹਵੇਂ, ਲਾਲ ਸਮਝਾ ਰਹੀ ਏ
ਦੋਹਾਂ ਨੂੰ ਘੁੱਟ ਘੁੱਟ ਮਾਂ, ਛਾਤੀ ਨਾਲ ਲਾ ਰਹੀ ਏ
ਸ਼ਹੀਦੀ ਦੇ ਗ਼ਾਨੇ ਬੰਨੇ ਨੇ, ਲਾਲਾਂ ਦਿਆਂ ਹੱਥਾਂ 'ਤੇ,
ਫੱਬਣ ਪਏ ਸੋਹਣੇ, ਸਿਹਰੇ ਝਾਲਰਦਾਰ ਨੀ ਹਾਂ।

ਦੱਸੋ ਨੀ ਦੱਸੋ ਜ਼ਾਲਮਾਂ ਨੂੰ ਉਹ ਦਿਨ ਨੀਂ ਦੂਰ ਵੇ
ਪਾਪਾਂ ਦੀ ਬੇੜੀ ਦਾ ਹੁਣ, ਡੁੱਬਿਆ ਲਿਉ ਪੂਰ ਵੇ
ਕੂਕੇ ਪਈ ਮੌਤ ਸਿਰ 'ਤੇ, ਨਹੀਂ ਰਹਿਣਾ ਗਰੂਰ ਵੇ
ਸ਼ਹੀਦਾਂ ਦਾ ਖੂਨ ਤਾਂ ਰੰਗ ਲਿਆਵੇਗਾ ਜ਼ਰੂਰ ਵੇ
ਰਹਿਣੀ ਨ੍ਹੀਂ ਬਾਦਸ਼ਾਹੀ ਹੋ ਜਾਣੀ ਚਕਨਾਚੂਰ ਵੇ
ਕੁਰਬਾਨੀਆਂ ਮਾਸੂਮਾਂ ਦੀਆਂ ਐਵੇਂ ਨਹੀਂ ਜਾਂਦੀਆਂ,
ਪੈਂਦੀ ਤਾਂ ਪੈਂਦੀ ਰੱਬ ਦੇ, ਸਬਰ ਦੀ ਮਾਰ ਨੀ ਹਾਂ।

ਆਵੋ ਨੀ ਆਵੋ ਸਹੀਓ, ਗਾਵੀਏ ਰਲ ਘੋੜੀਆਂ
ਲਾਲਾਂ ਦੀਆਂ ਜੋੜੀਆਂ ਕਰੀਰੇ ਤਿਆਰ ਨੀ ਹਾਂ।
ਸੋਹਣਿਆਂ ਲਾਲਾਂ ਨੂੰ ਸਜਾਈਏ ਨੀ ਚਾਈਂ ਚਾਈਂ
ਚਾਵਾਂ ਨਾਲ ਕਰੀਏ ਸੌ ਸੌ ਸ਼ਗਨ ਵਿਹਾਰ ਨੀ ਹਾਂ।
ਲਾੜੀ ਤਾਂ ਮੌਤ ਤਾਂਈ ਪਰਨਾਵਣ ਨੇ ਚੱਲੇ ਯੋਧੇ
ਜ਼ੋਰਾਵਰ-ਫਤਹਿ ਸਿੰਘ, ਅਜੀਤ-ਜੁਝਾਰ ਨੀ ਹਾਂ।

*-ਚੰਨ, ਫੋਨ: 908-788-8427*

ਏਹੁ ਹਮਾਰਾ ਜੀਵਣਾ-2

# ਉਤਰ ਵੈਦਿਕ ਕਾਲ ਵਿਚ ਔਰਤ ਦੀ ਹਾਲਤ

***'ਏਹੁ ਹਮਾਰਾ ਜੀਵਣਾ' ਵਿਚ ਪ੍ਰੋ. ਹਰਪਾਲ ਸਿੰਘ ਨੇ ਔਰਤ ਦੀ ਕਹਾਣੀ ਮੁੱਢ-ਕਦੀਮ ਤੋਂ ਸ਼ੁਰੂ ਕਰ ਕੇ ਸੁਣਾਈ ਹੈ ਅਤੇ ਦੱਸਿਆ ਹੈ ਕਿ ਭਾਰਤ ਵਿਚ ਆਰੀਅਨਾਂ ਦੇ ਆਗਮਨ ਤੋਂ ਪਹਿਲਾਂ ਔਰਤ ਦਾ ਸਮਾਜ ਵਿਚ ਰੁਤਬਾ ਕਿਸ ਤਰ੍ਹਾਂ ਦਾ ਸੀ। ਔਰਤ ਦੇ ਹਾਲਾਤ ਬਾਰੇ ਲੰਮੇ ਲੇਖ ਦੀ ਇਸ ਦੂਜੀ ਕਿਸ਼ਤ ਵਿਚ ਉਤਰ ਵੈਦਿਕ ਕਾਲ ਦੇ ਵੇਰਵੇ ਸਾਂਝੇ ਕੀਤੇ ਹਨ ਜਿਸ ਵਿਚ ਔਰਤ ਪ੍ਰਤੀ ਮਰਦ ਅਤੇ ਮਰਦ ਦੇ ਦਾਬੇ ਵਾਲੇ ਸਮਾਜ ਦੇ ਰਵੱਈਏ ਬਾਰੇ ਪਤਾ ਲੱਗਦਾ ਹੈ। ਇਨ੍ਹਾਂ ਵੇਰਵਿਆਂ ਨਾਲ ਇਹ ਸੂਹ ਪੈਂਦੀ ਹੈ ਕਿ ਅੱਜ ਦੇ ਯੁੱਗ ਤੱਕ ਪੁੱਜਦਿਆਂ-ਪੁੱਜਦਿਆਂ ਔਰਤ ਦੀ ਹੁਣ ਵਾਲੀ ਹੌਲਨਾਕ ਹਾਲਤ ਕਿਸ ਤਰ੍ਹਾਂ ਬਣਾ ਦਿੱਤੀ ਗਈ ਅਤੇ ਇਸ ਲਈ ਕੌਣ ਲੋਕ ਜ਼ਿੰਮੇਵਾਰ ਹਨ। ਇਹ ਚਰਚਾ ਵੀ ਕੀਤੀ ਗਈ ਹੈ ਕਿ ਕਿਸ ਤਰ੍ਹਾਂ ਅਰਥਾਂ ਦੇ ਅਨਰਥ ਕਰ ਦਿੱਤੇ ਗਏ। ਲੇਖ ਦੀ ਅਗਲੀ ਅਤੇ ਆਖਰੀ ਕਿਸ਼ਤ ਵਿਚ ਜੈਨ, ਬੁੱਧ ਅਤੇ ਫਿਰ ਸਿੱਖ ਮਤ ਤਹਿਤ ਔਰਤ ਦੀ ਹਾਲਤ ਬਾਰੇ ਵਿਸਥਾਰ ਸਹਿਤ ਬਿਆਨ ਕੀਤਾ ਗਿਆ ਹੈ। -ਸੰਪਾਦਕ***

ਉਤਰ ਵੈਦਿਕ ਕਾਲ (1400-600 ਈਸਾ ਪੂਰਵ) ਦੇ ਗਿਆਨ ਲਈ ਸਾਡੇ ਆਧਾਰ ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ ਦੀਆਂ ਸਹਿੰਤਾਵਾਂ, ਬ੍ਰਾਹਮਣ, ਆਰਣਯਕ ਅਤੇ ਉਪਨਿਸ਼ਦ ਗ੍ਰੰਥ ਹਨ। ਇਸ ਯੁੱਗ ਵਿਚ ਆਰੀਅਨ ਸਭਿਅਤਾ ਹੌਲੀ-ਹੌਲੀ ਪੂਰਵ ਅਤੇ ਦੱਖਣ ਵੱਲ ਫੈਲੀ। ਪ੍ਰਾਚੀਨ ਆਰੀਅਨਾਂ ਦੇ ਮੁਢਲੇ ਸਥਾਨ ਉਤਰ ਪੱਛਮੀ ਭਾਰਤ ਦੀ ਮਹਾਨਤਾ ਧੁੰਦਲੀ ਪੈਣੀ ਸ਼ੁਰੂ ਹੋ ਗਈ ਸੀ। ਜੀਵਨ ਸਥਿਰ ਹੋ ਚੁੱਕਾ ਸੀ ਤੇ ਵੱਡੇ-ਵੱਡੇ ਨਗਰ ਵਸ ਚੁੱਕੇ ਸਨ। ਪੰਚਾਲਾਂ ਦੀ ਰਾਜਧਾਨੀ ਕਾਪਲਿਯ ਅਤੇ ਕੁਰੂਆਂ ਦੀ ਰਾਜਧਾਨੀ ਆਸੰਦੀਵਤ ਵਿਸ਼ਾਲ ਨਗਰ ਸਨ। ਕੋਸਾਂਬੀ ਅਤੇ ਕਾਸ਼ੀ ਵੀ ਵੱਡੇ ਨਗਰ ਸਨ।



**ਪ੍ਰੋ. ਹਰਪਾਲ ਸਿੰਘ**
**ਫੋਨ: 916-236-8830**

ਇਸ ਕਾਲ ਵਿਚ ਹੋਣ ਵਾਲੇ ਰਾਜਨੀਤਕ, ਆਰਥਿਕ, ਧਾਰਮਿਕ ਤੇ ਸਮਾਜਕ ਪਰਿਵਰਤਨਾਂ ਤੋਂ ਸਮਾਜ ਪ੍ਰਭਾਵਤ ਹੋਣੋਂ ਨਾ ਬਚ ਸਕਿਆ। ਬ੍ਰਾਹਮਣਾਂ ਦਾ ਪ੍ਰਭਾਵ ਬਹੁਤ ਵਧ ਗਿਆ। ਜਾਤੀ ਪ੍ਰਥਾ ਕਠੋਰ ਹੁੰਦੀ ਚਲੀ ਗਈ ਅਤੇ ਦੂਜਿਆਂ ਨੂੰ ਘ੍ਰਿਣਾ ਨਾਲ ਦੇਖਣਾ ਸ਼ੁਰੂ ਹੋ ਗਿਆ। ਅੰਤਰ-ਜਾਤੀ ਵਿਆਹਾਂ (ਜਿਸ ਨੂੰ ਮਨੂੰ ਅਨੁਲੋਮ ਅਤੇ ਪ੍ਰਤੀਲੋਮ ਵਿਆਹ ਕਹਿੰਦਾ ਹੈ) ਨੂੰ ਭੈੜਾ ਸਮਝਿਆ ਜਾਣ ਲੱਗਾ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਛੋਟੀਆਂ ਜਾਤਾਂ ਦੀ ਪੈਦਾਇਸ਼ ਕਿਹਾ ਜਾਣ ਲੱਗਾ। ਰਿਗਵੇਦ ਔਰਤ ਦੀ ਕਦਰ ਇਸ ਯੁੱਗ ਦੇ ਅਗਾਂਹ ਵਧਣ ਦੇ ਨਾਲ-ਨਾਲ ਲਗਾਤਾਰ ਘਟਦੀ ਚਲੀ ਗਈ। ਨਾਰੀ ਦਾ ਜਾਇਦਾਦ ਉਤੇ ਕੋਈ ਅਧਿਕਾਰ ਨਹੀਂ ਸੀ। ਨਾ ਹੀ ਉਹ ਜਾਇਦਾਦ ਖਰੀਦ ਸਕਦੀਆਂ ਸਨ ਅਤੇ ਨਾ ਹੀ ਉਨ੍ਹਾਂ ਨੂੰ ਮਾਤਾ-ਪਿਤਾ ਤੋਂ ਕੋਈ ਜਾਇਦਾਦ ਲੈਣ ਦਾ ਅਧਿਕਾਰ ਸੀ। ਜੇ ਕਿਤੇ ਔਰਤ ਦੀ ਕਮਾਈ ਦਾ ਕੋਈ ਸਾਧਨ ਬਣ ਵੀ ਜਾਵੇ ਤਾਂ ਇਸ ਨੂੰ ਪਤੀ ਜਾਂ ਪਿਤਾ ਦੀ ਹੀ ਸੰਪਤੀ ਸਮਝਿਆ ਜਾਂਦਾ ਸੀ। ਰਾਜੇ ਅਤੇ ਅਮੀਰ ਲੋਕ ਕਈ-ਕਈ ਇਸਤਰੀਆਂ ਨਾਲ ਵਿਆਹ ਕਰਵਾਉਂਦੇ ਸਨ ਅਤੇ ਅਨੇਕਾਂ ਔਰਤਾਂ ਨੂੰ ਆਪਣੇ ਬਣਾਏ ਹਰਮਾਂ ਵਿਚ ਰੱਖਦੇ ਸਨ। ਜੁਆਰੀ, ਰਾਜੇ ਅਤੇ ਅਮੀਰ ਲੋਕ ਔਰਤ ਨੂੰ ਦਾਅ 'ਤੇ ਲਾਉਣ ਲੱਗੇ ਅਤੇ ਹਾਰ ਜਾਣ ਦੀ ਹਾਲਤ ਵਿਚ ਔਰਤ ਪੂਰੀ ਤਰ੍ਹਾਂ ਦੂਜਿਆਂ ਦੇ ਅਧੀਨ ਹੋ ਗਈ। ਯੁਧਿਸ਼ਟਰ ਜਿਸ ਨੂੰ ਚੰਗਾ, ਸਦਾਚਾਰੀ, ਸੱਚ ਦਾ ਸਿਰਾ ਅਤੇ ਧਰਮਾਤਮਾ ਮੰਨਿਆ ਜਾਂਦਾ ਹੈ, ਜੂਏ ਵਿਚ ਕੇਵਲ ਆਪਣਾ ਰਾਜ ਹੀ ਨਹੀਂ, ਬਲਕਿ ਆਪਣੇ ਸਕੇ ਭਰਾ ਅਤੇ ਘਰਵਾਲੀ ਨੂੰ ਵੀ ਦਾਅ 'ਤੇ ਲਾਉਂਦਾ ਹੈ ਅਤੇ ਹਾਰਦਾ ਹੈ। ਮਹਾਂਭਾਰਤ ਵਿਚ ਅਰਜਨ ਅਤੇ ਕ੍ਰਿਸ਼ਨ ਜਦੋਂ ਥੱਕ ਜਾਂਦੇ ਹਨ, ਜਾਂ ਮੌਜ-ਮਸਤੀ ਕਰਨਾ ਚਾਹੁੰਦੇ ਹਨ, ਤਾਂ ਉਹ ਰੱਜ ਕੇ ਸ਼ਰਾਬ ਪੀਂਦੇ ਹਨ। ਹਰੀਵੰਸ਼ ਨਾਚ ਨੱਚਦੇ ਹਨ। ਕ੍ਰਿਸ਼ਨ ਦਾ ਵੱਡਾ ਭਰਾ ਬਲਰਾਮ ਰੱਜ ਕੇ ਸ਼ਰਾਬ ਪੀਂਦਾ ਹੈ ਅਤੇ ਆਪਣੀ ਘਰਵਾਲੀ ਨਾਲ ਨੱਚਦਾ ਹੈ। ਮਹਾਂਭਾਰਤ ਦੀ ਸਾਰੀ ਕਹਾਣੀ ਸ਼ਰਾਬਖੋਰੀ, ਜੂਏਬਾਜ਼ੀ, ਔਰਤਾਂ ਨਾਲ ਨਾਚ, ਲੜਾਈ, ਮਾਰ-ਕੁਟਾਈ ਤੇ ਵੱਢ-ਵੱਢਾਂਗੇ ਦੁਆਲੇ ਹੀ ਘੁੰਮੀ ਜਾਂਦੀ ਹੈ ਅਤੇ ਇਨ੍ਹਾਂ ਦੁਰਾਚਾਰਾਂ ਤੋਂ ਇਲਾਵਾ ਉਸ ਵਿਚ ਹੋਰ ਕੁਝ ਨਹੀਂ।

ਮਹਾਂਭਾਰਤ ਵਿਚ ਰਾਣੀ ਦਰੋਪਤੀ ਆਰੀਅਨ ਹੈ ਅਤੇ ਭਰੀ ਸਭਾ ਵਿਚ ਉਸ ਦੇ ਬਸਤਰ ਉਤਾਰਨ ਦਾ ਕੰਮ ਵੀ ਆਰੀਅਨ ਹੀ ਕਰਦੇ ਹਨ। ਆਰੀਅਨ ਰਾਜੇ, ਆਰੀਅਨ ਗੁਰੂ ਅਤੇ ਉਸ ਨੂੰ ਜੂਏ 'ਤੇ ਲਾ ਕੇ ਹਾਰਨ ਵਾਲੇ ਉਸ ਦੇ ਪੰਜ ਸ਼ਾਹੀ ਆਰੀਅਨ ਪਤੀ ਵੀ ਉਸ ਖਚਾਖਚ ਭਰੀ ਸਭਾ ਵਿਚ ਮੌਜੂਦ ਹਨ ਪਰ ਉਸ ਬੇਸਹਾਰਾ ਔਰਤ ਦੀ ਕੋਈ ਸੁਣਵਾਈ ਨਹੀਂ। ਮਿੰਨਤਾਂ, ਤਰਲੇ, ਹਾੜ੍ਹੇ ਕੱਢਦੀ ਦਰੋਪਤੀ ਨੂੰ ਵਾਲਾਂ ਤੋਂ ਫੜ ਕੇ ਧੂੰਹਦਿਆਂ ਆਰੀਅਨ ਰਾਜਿਆਂ ਦੀ ਵੱਡੀ ਸਭਾ ਵਿਚ ਇਧਰ-ਉਧਰ ਘੜੀਸਿਆ ਜਾਂਦਾ ਹੈ ਅਤੇ ਬੇਹਯਾਈ ਦੀਆਂ ਸਾਰੀਆਂ ਹੱਦਾਂ ਟੱਪ ਕੇ ਉਸ ਨੂੰ ਨੰਗਾ ਕੀਤਾ ਜਾਂਦਾ ਹੈ। ਦੂਜੇ ਪਾਸੇ ਲੰਕਾ ਦਾ ਰਾਜਾ ਰਾਵਣ ਹੈ ਜੋ ਭਾਰਤੀ ਨਸਲ ਦਾ ਹੈ। ਰਾਜ ਕੁਮਾਰੀ ਸੀਤਾ, ਆਰੀਆ ਨਸਲ ਦੀ ਹੈ। ਰਾਵਣ ਸੀਤਾ ਨੂੰ ਇਸ ਲਈ ਚੁਕ ਲਿਜਾਂਦਾ ਹੈ ਕਿਉਂਕਿ ਰਾਮ ਦੇ ਭਰਾ ਲਛਮਣ ਨੇ ਉਸ ਦੀ ਭੈਣ ਸਰੂਪਨਖਾ ਦੀ ਇੱਜ਼ਤ ਨੂੰ ਹੱਥ ਪਾਇਆ ਸੀ। ਅਸ਼ੋਕ ਵਾਟਿਕਾ ਪਹਾੜੀ ਦਾ ਨਾਂ ਹੈ ਜਿਥੇ ਰਾਵਣ ਨੇ ਸੀਤਾ ਨੂੰ ਰੱਖਿਆ; ਪਰ ਲਾਚਾਰ, ਬੇਵਸ ਸੀਤਾ ਨੂੰ ਰਾਵਣ ਦੀ ਕੈਦ ਵਿਚ ਕੋਈ ਖਤਰਾ ਨਹੀਂ। ਉਸ ਨੂੰ ਕੋਈ ਛੂਹ ਨਹੀਂ ਸਕਦਾ। ਰਾਜਾ ਰਾਵਣ ਵਲੋਂ ਉਸ ਨੂੰ ਪੂਰੀ ਸੁਰੱਖਿਆ, ਮਾਣ-ਸਨਮਾਨ, ਸਤਿਕਾਰ ਅਤੇ ਸਭ ਤਰ੍ਹਾਂ ਦੀਆਂ ਸ਼ਾਹੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਸਨ। ਰਾਵਣ ਦੇ ਬੁਲੰਦ ਨੈਤਿਕ ਕਿਰਦਾਰ ਦੀ ਇਹ ਉਤਮ ਤਸਵੀਰ ਹੈ ਜਿਸ ਨੂੰ ਆਰੀਆ ਪੰਡਿਤਾਂ, ਪਰੋਹਿਤਾਂ ਨੇ ਘਟੀਆ ਦਿਖਾਉਣ ਦੀ ਕੋਈ ਕਸਰ ਨਹੀਂ ਛੱਡੀ।

ਰਿਗਵੇਦ ਦੇ ਅੰਤਲੇ ਯੁਗਾਂ ਵਿਚ ਔਰਤ ਦੀ ਜਿਹੜੀ ਕਦਰ ਘਟਣੀ ਸ਼ੁਰੂ ਹੋਈ, ਉਹ ਲਗਾਤਾਰ ਘਟਦੀ ਹੀ ਗਈ। ਸ਼ਕੁੰਤਲਾ ਅਤੇ ਦਰੋਪਤੀ ਦੀਆਂ ਬੇਵਸ ਸੁਰਾਂ ਤਾਂ ਬੇਹੱਦ ਕਮਜ਼ੋਰ ਸਾਬਤ ਹੋਈਆਂ; ਖਾਸ ਕਰ ਕੇ ਉਨ੍ਹਾਂ ਦੇ ਪਤੀਆਂ ਦੇ ਸਬੰਧ ਵਿਚ, ਜਿਨ੍ਹਾਂ ਦੀਆਂ ਹੋਰ ਬਥੇਰੀਆਂ ਚਹੇਤੀਆਂ ਸਨ। ਹਿੰਦੀ ਆਰੀਅਨ ਦੀਆਂ ਔਰਤਾਂ ਦੇ ਧਾਰਮਿਕ ਅਤੇ ਭਾਈਚਾਰਕ ਹੱਕ ਜੇ ਕਦੇ ਸਨ, ਤਾਂ ਆਦਮੀਆਂ ਦੇ ਬਰਾਬਰ ਬਹੁਤ ਘੱਟ ਸਮੇਂ ਤੱਕ ਰਹੇ। ਬ੍ਰਾਹਮਣ ਗ੍ਰੰਥਾਂ ਦੇ ਸਮੇਂ ਦੇ ਬ੍ਰਾਹਮਣਾਂ ਨੇ ਇਸਤਰੀ ਜਾਤੀ ਨਾਲ ਧੱਕਾ ਕੀਤਾ, ਘ੍ਰਿਣਾ ਕੀਤੀ ਅਤੇ ਉਨ੍ਹਾਂ ਨੂੰ ਨੀਚਾਂ ਵਿਚੋਂ ਨੀਚ ਕਿਹਾ। ਕਿਹਾ ਕਿ ਇਸਤਰੀ ਆਜ਼ਾਦੀ ਦੇ ਯੋਗ ਨਹੀਂ। ਮਨੂੰ ਨੇ ਇਸਤਰੀਆਂ ਨੂੰ ਆਦਮੀਆਂ ਦੀ ਤਕਰੀਬਨ ਗੁਲਾਮ ਬਣਾ ਦਿੱਤਾ। ਇਸਤਰੀ ਨੂੰ ਜੰਞੂ ਪਾਉਣ ਦੀ ਰਸਮ ਕਰਨ ਅਤੇ ਵੈਦਿਕ ਸਾਹਿਤ ਪੜ੍ਹਨ ਤੋਂ ਵੀ ਵਰਜਿਤ ਕਰ ਦਿੱਤਾ ਗਿਆ। ਇਸ ਤਰ੍ਹਾਂ ਇਸਤਰੀ ਨੂੰ ਸ਼ੂਦਰ ਦੇ ਦਰਜੇ ਤਕ ਪਹੁੰਚਾ ਦਿੱਤਾ ਗਿਆ।

ਰਿਗਵੈਦਿਕ ਕਾਲ ਵਿਚ ਸਤੀ ਪ੍ਰਥਾ ਦਾ ਰਿਵਾਜ ਨਹੀਂ ਸੀ। ਸ਼ਾਸਤਰਾਂ ਜਾਂ ਸਿਮਰਤੀਆਂ ਨੇ ਸਤੀ ਦੀ ਰਸਮ ਦੀ ਪ੍ਰਵਾਨਗੀ ਨਹੀਂ ਦਿੱਤੀ ਪਰ ਇਹ ਬਹੁਤ ਪੁਰਾਣਾ ਰਿਵਾਜ ਹੈ। ਮਹਾਂਭਾਰਤ ਤੇ ਯੂਨਾਨੀ ਲਿਖਾਰੀਆਂ ਨੇ ਇਸ ਦਾ ਜ਼ਿਕਰ ਕੀਤਾ ਹੈ। ਇਸ ਦਾ ਸਬੂਤ ਅਥਰਵਵੇਦ ਵਿਚ ਸੁਰੱਖਿਅਤ ਹੈ। ਬਾਅਦ ਵਿਚ ਇਸ ਨੂੰ ਧਾਰਮਿਕ ਪ੍ਰਵਾਨਗੀ ਵੀ ਮਿਲ ਗਈ ਕਿਉਂਕਿ ਪਿਛੋਂ ਲਿਖੇ ਗਏ ਵੈਸਾਂਖਾ ਗ੍ਰਹਿ-ਸੂਤਰ ਅਤੇ ਪਿੱਛੋਂ ਲਿਖੀਆਂ ਗਈਆਂ ਸਾਖਾਂ, ਅੰਗੀਰਾਸ, ਡਾਖਸਾ ਅਤੇ ਵਿਆਸਾ ਵਰਗੀਆਂ ਸਿਮਰਤੀਆਂ ਨੇ ਇਸ ਰਿਵਾਜ ਨੂੰ ਮਨਜ਼ੂਰੀ ਦੇ ਦਿੱਤੀ। ਬ੍ਰਾਹਮਣ ਜਾਤੀ ਅਤੇ ਕਸ਼ੱਤਰੀ ਵਰਗ ਇਸ ਰਿਵਾਜ ਨੂੰ ਮਾਣ ਦੀ ਭਾਵਨਾ ਨਾਲ ਦੇਖਦਾ ਸੀ। ਪਤੀ ਦੇ ਮਰ ਜਾਣ ਦੀ ਸੂਰਤ ਵਿਚ ਪਤਨੀ ਉਸ ਦੀ ਅਧਸੜੀ ਚਿਤਾ ਵਿਚ ਉਸ ਦੇ ਨਾਲ ਹੀ ਸੜ/ਮਰ ਜਾਂਦੀ।

ਔਰਤਾਂ ਦੇ ਆਪਣੇ ਹੱਕ ਉਕਾ ਹੀ ਖ਼ਤਮ ਹੋ ਗਏ। ਹੱਕ ਖੋਹਣ ਕਾਰਨ ਉਨ੍ਹਾਂ ਦੀ ਮਾਲੀ ਹਾਲਤ ਬੇਹੱਦ ਮਾੜੀ ਹੋ ਗਈ। ਉਨ੍ਹਾਂ ਦਾ ਇਸ ਤੋਂ ਵੀ ਮੰਦਾ ਹਾਲ ਉਨ੍ਹਾਂ ਦੀ ਸਮਾਜਕ ਪੱਧਰ ਦਾ ਸੀ। ਸੂਤਰਕਾਰਾਂ ਨੇ ਵੇਖਿਆ ਕਿ ਮੁਸੀਬਤ ਵੇਲੇ ਔਰਤ ਦੀ ਰੱਖਿਆ ਜਿੰਨੀ ਚੰਗੀ ਤਰ੍ਹਾਂ ਉਸ ਦਾ ਪਤੀ ਕਰ ਸਕਦਾ ਹੈ, ਉਤਨੀ ਅਨੇਕਾਂ ਪੁੱਤਰਾਂ ਧੀਆਂ ਦੇ ਭਾਰ ਹੇਠ ਪਿਆ ਪਿਤਾ ਆਪਣੀ ਧੀ ਦੀ ਨਹੀਂ ਕਰ ਸਕਦਾ; ਇਸ ਲਈ ਬਿਹਤਰ ਇਹੀ ਹੈ ਕਿ ਕੰਨਿਆ ਨੂੰ ਛੇਤੀ ਤੋਂ ਛੇਤੀ ਪਤਨੀ ਬਣਾ ਦਿੱਤਾ ਜਾਵੇ। ਤਰਕ ਸਹੀ ਸੀ, ਪਰ ਨਤੀਜਾ ਬੇਹੱਦ ਕੌੜਾ। ਇਸ ਦੇ ਨਤੀਜੇ ਵਜੋਂ ਹੀ ਬਾਲ ਵਿਆਹ ਦੀ ਨੀਂਹ ਰੱਖੀ ਗਈ। 'ਅਸ਼ਟਵਰਸ਼ਾ ਭਵੇਦਮੌਰੀ' ਪਰੰਪਰਾ ਦਾ ਜਨਮ ਹੋਇਆ। ਵੈਦਿਕ ਕਾਲ ਵਿਚ ਰੱਤ-ਕਾਲ (ਮਾਹਵਾਰੀ) ਤੋਂ ਪਹਿਲਾਂ ਔਰਤ ਦਾ ਵਿਆਹ ਨਾ ਸੁਣਿਆ ਗਿਆ ਸੀ, ਤੇ ਨਾ ਕੋਈ ਇਸ ਤੋਂ ਜਾਣੂ ਸੀ। ਜ਼ਿਆਦਾਤਰ ਵਿਵਸਥਾ ਰੱਤ-ਪਤੀ ਹੋਣ ਤੋਂ ਮਗਰੋਂ (36 ਮਾਹਵਾਰੀਆਂ ਪਿਛੋਂ) ਹੀ (ਯਾਨੀ 16 ਸਾਲਾਂ ਦੀ) ਕੰਨਿਆ ਦਾ ਵਿਆਹ ਕਰਨ ਦੀ ਸੀ, ਪਰ ਹੁਣ ਅੱਠ-ਅੱਠ ਸਾਲ ਦੀਆਂ ਲੜਕੀਆਂ ਨੂੰ ਵਿਆਹ ਦੀ ਅੱਗ ਵਿਚ ਸੁੱਟਿਆ ਜਾਣ ਲੱਗਾ। ਜਿਹੜਾ ਪਿਤਾ ਰੱਤ-ਪਤੀ ਹੋਣ ਤੱਕ ਆਪਣੀ ਧੀ ਕੁਆਰੀ ਰੱਖਦਾ ਸੀ, ਉਸ ਨੂੰ ਨਰਕ ਦਾ ਡਰ ਦਿੱਤਾ ਗਿਆ। ਬਾਲ ਵਿਆਹ ਦੇ ਬੇਹੱਦ ਨੀਚ ਉਦਾਹਰਣ ਸਾਹਮਣੇ ਆਉਣ ਲੱਗੇ। ਇਥੋਂ ਤੱਕ ਕਿ ਕੁਝ ਜਾਤੀਆਂ ਵਿਚ ਤਾਂ ਦੁੱਧ ਚੁੰਘਦੀਆਂ ਬੱਚੀਆਂ ਦੇ ਹੱਥਾਂ ਵਿਚ ਵੀ ਇਸ ਅਸਚਰਜ-ਸੂਤਰ ਦੀ ਫਾਹੀ ਪਾ ਦਿੱਤੀ ਗਈ। ਲੜਕੀਆਂ ਦੇ ਬਾਲ-ਮਨ ਦੀ ਸ਼ਾਦੀ ਦੇ ਰਿਵਾਜ ਨੂੰ ਧਾਰਮਿਕ ਪ੍ਰਵਾਨਗੀ ਮਿਲ ਗਈ। ਮਨੂੰ (X 94) ਇਹ ਨੀਯਤ ਕਰਦਾ ਹੈ ਕਿ 30 ਸਾਲ ਦਾ ਆਦਮੀ 12 ਸਾਲਾਂ ਦੀ ਕੁਆਰੀ ਲੜਕੀ ਨਾਲ ਅਤੇ 24 ਸਾਲ ਦੀ ਉਮਰ ਦਾ ਆਦਮੀ 8 ਸਾਲ ਦੀ ਲੜਕੀ ਨਾਲ ਸ਼ਾਦੀ ਕਰੇ।



***ਮਹਾਂਭਾਰਤ ਵਿਚ ਦਰੋਪਤੀ ਆਰੀਅਨ ਹੈ ਅਤੇ ਭਰੀ ਸਭਾ ਵਿਚ ਉਸ ਦੇ ਬਸਤਰ ਉਤਾਰਨ ਦਾ ਕੰਮ ਵੀ ਆਰੀਅਨ ਹੀ ਕਰਦੇ ਹਨ।... ਭਰੀ ਸਭਾ ਵਿਚ ਮੌਜੂਦ ਹਨ, ਪਰ ਉਸ ਬੇਸਹਾਰਾ ਔਰਤ ਦੀ ਕੋਈ ਸੁਣਵਾਈ ਨਹੀਂ।... ਬੇਹਯਾਈ ਦੀਆਂ ਸਾਰੀਆਂ ਹੱਦਾਂ ਟੱਪ ਕੇ ਉਸ ਨੂੰ ਨੰਗਾ ਕੀਤਾ ਜਾਂਦਾ ਹੈ। ਦੂਜੇ ਪਾਸੇ ਲੰਕਾ ਦਾ ਰਾਜਾ ਰਾਵਣ ਹੈ ਜੋ ਭਾਰਤੀ ਨਸਲ ਦਾ ਹੈ। ਉਹ ਸੀਤਾ ਨੂੰ ਇਸ ਲਈ ਚੁਕ ਲਿਜਾਂਦਾ ਹੈ, ਕਿਉਂਕਿ ਰਾਮ ਦੇ ਭਰਾ ਲਛਮਣ ਨੇ ਉਸ ਦੀ ਭੈਣ ਸਰੂਪਨਖਾ ਦੀ ਇੱਜ਼ਤ ਨੂੰ ਹੱਥ ਪਾਇਆ ਸੀ; ਪਰ ਲਾਚਾਰ, ਬੇਵਸ ਸੀਤਾ ਨੂੰ ਰਾਵਣ ਦੀ ਕੈਦ ਵਿਚ ਕੋਈ ਖਤਰਾ ਨਹੀਂ। ਉਸ ਨੂੰ ਕੋਈ ਛੂਹ ਨਹੀਂ ਸਕਦਾ। ਰਾਜਾ ਰਾਵਣ ਵਲੋਂ ਉਸ ਨੂੰ ਸੁਰੱਖਿਆ ਤੇ ਸਤਿਕਾਰ ਦਿੱਤਾ ਗਿਆ।***

ਵਿਧਵਾ-ਵਿਆਹ ਦੀ ਮਨਾਹੀ ਮਨੂੰ (V 156-7) ਤੇ ਯਜਨਵਾ ਲਕਯਾ (I-75) ਨੇ ਕੀਤੀ। ਵਿਧਵਾ-ਵਿਆਹ ਨਾ ਕਰਨਾ 'ਜਾਤਾਂ' ਦੇ ਭਾਈਚਾਰਕ ਰੁਤਬੇ ਦੀ ਕਸਵੱਟੀ ਬਣ ਗਈ। ਜਿਹੜੀਆਂ ਜਾਤਾਂ ਵਿਧਵਾ-ਵਿਆਹ ਨਹੀਂ ਕਰਦੀਆਂ, ਸਿਰਫ ਉਹੋ ਮਾਣ ਪ੍ਰਾਪਤ ਕਰਦੀਆਂ ਹਨ; ਜਿਹੜੀਆਂ ਉਚੀਆਂ ਜਾਤਾਂ ਵਿਧਵਾ-ਵਿਆਹ ਕਰਨ ਲੱਗ ਪੈਣ, ਉਨ੍ਹਾਂ ਦਾ ਸਮਾਜਕ ਰੁਤਬਾ ਨੀਵਾਂ ਹੋ ਜਾਂਦਾ ਹੈ।

ਬਾਲ ਹੱਤਿਆ ਦਾ ਘੋਰ ਤੇ ਭੈੜਾ ਰਿਵਾਜ ਕੇਵਲ ਭਾਰਤ ਵਿਚ ਹੀ ਨਹੀਂ, ਸਗੋਂ ਦੂਜੇ ਮੁਲਕਾਂ ਵਿਚ ਸੀ, ਪਰ ਭਾਰਤ ਵਿਚ ਇਸਤਰੀ ਜਾਤੀ ਵਿਰੁਧ ਧਾਰਨ ਕੀਤੇ ਧਾਰਮਿਕ ਰਵੱਈਏ ਨੇ ਇਹ ਰਿਵਾਜ ਵਧਾਉਣ ਵਿਚ ਹਵਾ ਦਿੱਤੀ। ਧਾਰਮਿਕ ਗ੍ਰੰਥ (ਅਥਰਵਵੇਦ VI,113) ਲੜਕੀਆਂ ਦੀ ਪੈਦਾਇਸ਼ ਬਾਰੇ ਅਫ਼ਸੋਸ ਜ਼ਾਹਰ ਕਰਦੇ ਹਨ ਅਤੇ ਲੜਕੀਆਂ ਨੂੰ ਬਿਪਤਾ ਦਾ ਵਸੀਲਾ ਸਮਝਦੇ ਸਨ (ਐਤਰਿਆ ਬ੍ਰਾਹਮਣ ਗ੍ਰੰਥ VII, 15)। ਹੋਰ ਮੁਲਕਾਂ ਵਿਚ ਬਾਲ ਹੱਤਿਆ ਦਾ ਮੂਲ ਕਾਰਨ ਗਰੀਬੀ ਸੀ ਪਰ ਹਿੰਦ ਵਿਚ ਬਾਲ ਹੱਤਿਆ ਵਧੇਰੇ ਕਰ ਕੇ ਰਾਜਪੂਤਾਂ ਵਰਗੀਆਂ ਉਚੀਆਂ ਜਾਤਾਂ ਕਰਦੀਆਂ। ਅੰਗਰੇਜ਼ਾਂ ਨੇ 1829 ਵਿਚ ਬਾਲ ਹੱਤਿਆ ਰੋਕਣ ਲਈ ਸਖਤ ਕਾਨੂੰਨ ਬਣਾਏ। ਇਸ ਦੇ ਬਾਵਜੂਦ 1869 ਵਿਚ ਰਾਜਪੂਤਾਨੇ ਦੇ ਬਾਈ ਪਿੰਡਾਂ ਵਿਚ 284 ਲੜਕਿਆਂ ਦੇ ਮੁਕਾਬਲੇ ਕੇਵਲ 33 ਲੜਕੀਆਂ ਸਨ। 1836 ਦੀ ਗਿਣਤੀ ਵਿਚ ਰਾਜਪੂਤਾਂ ਦੇ ਕੁਝ ਇਲਾਕਿਆਂ ਵਿਚ ਦਸ ਹਜ਼ਾਰ ਦੀ ਆਬਾਦੀ ਵਿਚ ਇਕ ਸਾਲ ਤੋਂ ਵੱਡੀ ਉਮਰ ਦੀ ਇਕ ਵੀ ਲੜਕੀ ਨਾ ਮਿਲੀ। (ਮੈਕਸ ਵੈਬਰ, ਦਿ ਰਿਲੀਜਨ ਆਫ ਇੰਡੀਆ, ਪੰਨਾ 42)

ਸਮਾਂ ਬੀਤਿਆ, ਹੂਣਾਂ ਨੇ ਗੁਪਤਾਂ ਦਾ ਵੱਡਾ ਸਾਮਰਾਜ ਖੇਰੂੰ-ਖੇਰੂੰ ਕਰ ਦਿੱਤਾ। ਉਨ੍ਹਾਂ ਨਾਲ ਗੁੱਜਰ, ਆਦਿ ਅਨੇਕਾਂ ਵਿਦੇਸ਼ੀ ਜਾਤੀਆਂ ਭਾਰਤ ਵਿਚ ਦਾਖ਼ਲ ਹੋਈਆਂ ਅਤੇ ਰਾਜ ਕਾਇਮ ਕੀਤੇ। ਉਨ੍ਹਾਂ ਸਦਕਾ ਭਾਰਤ ਵਿਚ ਰਾਜਪੂਤਾਂ ਦੀਆਂ ਅਨੇਕ ਜਾਤੀਆਂ ਜਾਟ, ਗੁੱਜਰ ਆਦਿ ਜੰਮੀਆਂ ਅਤੇ ਸਮਾਜ ਦੀ ਪਵਿੱਤਰਤਾ ਦਿਨੋ-ਦਿਨ ਵਿਗੜਦੀ ਗਈ। ਇਨ੍ਹਾਂ ਵਿਚੋਂ ਅਨੇਕਾਂ ਜਾਤੀਆਂ ਆਪਣੇ ਮੁੱਢਲੇ ਨਿਵਾਸ ਸਥਾਨ ਵਿਚ ਆਪਣੀਆਂ ਲੜਕੀਆਂ ਨੂੰ ਜਾਨੋਂ ਮਾਰ ਦਿੰਦੇ ਸਨ। ਉਨ੍ਹਾਂ ਦੇ ਕਈ ਹਿੱਸਿਆਂ ਨੇ ਭਾਰਤ ਵਿਚ ਆ ਕੇ ਆਪਣੀ ਇਸ ਪਰੰਪਰਾ ਨੂੰ ਕਾਇਮ ਰੱਖਿਆ। ਭਾਰਤੀ ਨਾਰੀ ਵਿਵਸਥਾ ਵਿਚ ਸਤੀ ਪ੍ਰਥਾ ਦਾ ਆਉਣਾ ਤਾਂ ਕਿਸੇ ਨਾ ਕਿਸੇ ਰੂਪ ਵਿਚ ਹਮੇਸ਼ਾ ਤੋਂ ਸੀ; ਪਰ ਇਸ ਵਿਵਸਥਾ ਨੇ ਹੋਰ ਜ਼ੋਰ ਫੜ ਲਿਆ ਅਤੇ ਜੌਹਰ ਦਾ ਰੂਪ ਧਾਰਨ ਕਰ ਲਿਆ। ਬਿਧਰਮੀ ਰਾਜਿਆਂ ਅਤੇ ਹਮਲਿਆਂ ਤੋਂ ਬਚਣ ਲਈ ਇਹ ਭਿਆਨਕ ਪ੍ਰਥਾ ਵੀ ਭਾਰਤੀ ਔਰਤ ਦੀ ਕੁਰਬਾਨੀ, ਦਲੇਰੀ ਅਤੇ ਸਮਰੱਥਾ ਦੇ ਸਾਹਮਣੇ ਨਿਗੂਣੀ ਹੀ ਰਹੀ। ਜੌਹਰ ਨੂੰ ਨਾ ਸਿਰਫ ਉਸ ਨੇ ਅਪਨਾਇਆ ਸਗੋਂ ਉਸ ਨੂੰ ਤਿਉਹਾਰ ਵਰਗਾ ਰੂਪ ਦੇ ਕੇ ਆਪਣੀ ਕੁਰਬਾਨੀ ਨਾਲ ਹਰਾ ਦਿੱਤਾ। ਔਰਤ ਦੀ ਇਸ ਸ਼ਕਤੀ ਨੇ ਰਾਜਪੂਤਾਂ ਨੂੰ ਤਾਂ ਘੱਟੋ-ਘੱਟ ਔਰਤ ਵਲੋਂ ਨਿਸ਼ਚਿੰਤ ਕਰ ਦਿੱਤਾ। ਔਰਤਾਂ ਨੂੰ ਚੁੱਕ ਕੇ ਲੈ ਜਾਣ ਨਾਲ ਜਿਹੜੀ ਬੇਇਜ਼ਤੀ ਦੀ ਸੰਭਾਵਨਾ ਸੀ, ਭਾਰਤੀ ਔਰਤ ਨੇ ਆਪਣੀ ਖੁਦਕਸ਼ੀ ਨਾਲ ਉਸ ਦਾ ਹੱਲ ਕਰ ਦਿੱਤਾ।

712 ਈਸਵੀ ਦੇ ਮੁਹੰਮਦ ਬਿਨ-ਕਾਸਮ ਦੇ ਅਰਬ ਹਮਲੇ ਤੋਂ ਲੈ ਕੇ 1707 ਈਸਵੀ ਵਿਚ ਮੁਗਲ ਰਾਜ ਦੇ ਢਹਿਣ ਤੱਕ ਭਾਰਤੀ ਸਦਾਚਾਰ ਤੇ ਇਤਿਹਾਸ ਦੀ ਗਾਥਾ ਔਰਤ ਨੇ ਆਪਣੇ ਲਹੂ ਨਾਲ ਲਿਖੀ। ਭਾਰਤੀ ਮਰਦ ਨੇ ਆਪਣੀ ਖੁਦਗਰਜ਼ੀ ਲਈ ਔਰਤ ਨੂੰ ਅੱਗ ਵਿਚ ਸੁੱਟ ਦਿੱਤਾ। ਔਰਤ ਨੇ ਆਪਾ ਤਿਆਗ ਕੇ ਅੱਗ ਨੂੰ ਛਾਤੀ ਨਾਲ ਘੁੱਟ ਕੇ ਇਸ ਖੁਦਗਰਜ਼ੀ ਦਾ ਬਦਲਾ ਲਿਆ। ਕੁਝ ਕੁ ਆਵਾਜ਼ਾਂ ਵੀ ਇਸ ਪ੍ਰਥਾ ਦੇ ਵਿਰੋਧ ਵਿਚ ਉਠੀਆਂ।

ਉਤਰ ਵੈਦਿਕ ਕਾਲ ਵਿਚ ਦੱਖਣ ਦੇ ਮੰਦਰਾਂ ਵਿਚ ਪਾਂਡਿਆਂ ਦੁਆਰਾ ਭੋਲੇ-ਭਾਲੇ ਲੋਕਾਂ ਨੂੰ ਫਸਾਉਣ ਲਈ ਨਵਾਂ ਜਾਲ ਵਿਛਾਇਆ ਗਿਆ। ਮੰਦਰਾਂ ਵਿਚ ਨਵੀਂ ਪ੍ਰਥਾ ਦਾ ਅਰੰਭ ਕੀਤਾ ਗਿਆ ਜਿਸ ਨੂੰ ਦੇਵਦਾਸੀਆਂ ਦਾ ਨਾਂ ਦਿੱਤਾ ਗਿਆ। ਠਾਕੁਰ ਨੂੰ ਇਸ਼ਨਾਨ ਕਰਵਾਉਣ, ਬਸਤਰ ਬਦਲਣ ਲਈ ਅਤੇ ਹਾਰ-ਸ਼ਿੰਗਾਰ ਕਰਨ ਲਈ 10-15 ਸਾਲ ਦੀਆਂ ਕੁਆਰੀਆਂ ਬੱਚੀਆਂ ਦੀ ਮੰਗ ਕੀਤੀ ਜਾਣ ਲੱਗੀ। ਪੰਡਿਤਾਂ ਦੇ ਇਸ ਉਪਕਾਰ ਦਾ ਬਦਲਾ ਚੁਕਾਉਣ ਲਈ ਲੋਕਾਂ ਨੇ ਆਪਣੀਆਂ ਬੱਚੀਆਂ ਭਗਵਾਨ ਦੇ ਚਰਨਾਂ ਵਿਚ ਭੇਟ ਕਰਨੀਆਂ ਸ਼ੁਰੂ ਕਰ ਦਿੱਤੀਆਂ। ਦੇਵਦਾਸੀਆਂ ਦੀ ਨਾਚ ਮੰਡਲੀ ਤਿਆਰ ਕੀਤੀ ਗਈ ਜੋ ਭਗਵਾਨ ਦੇ ਸਾਹਮਣੇ ਨੱਚਦੀਆਂ। ਸਮਾਂ ਬੀਤਣ ਨਾਲ ਦੇਵਦਾਸੀਆਂ ਪੰਡਿਤਾਂ ਦੇ ਗੁਪਤ ਕਮਰਿਆਂ ਦਾ ਸ਼ਿੰਗਾਰ ਬਣਨ ਲੱਗੀਆਂ। ਵਿਉਪਾਰੀਆਂ ਅਤੇ ਸੈਲਾਨੀਆਂ ਨੂੰ ਖੁਸ਼ ਕਰਨ ਅਤੇ ਮਾਇਆ ਲੈਣ ਲਈ ਇਹ ਦੇਵਦਾਸੀਆਂ ਉਨ੍ਹਾਂ ਨੂੰ ਪੇਸ਼ ਕੀਤੀਆਂ ਜਾਣ ਲੱਗੀਆਂ। ਮੰਦਿਰਾਂ ਦੇ ਤਹਿ-ਖਾਨਿਆਂ ਵਿਚ ਦੇਹ ਵਪਾਰ ਸ਼ੁਰੂ ਹੋ ਗਿਆ। ਕਈ ਵਾਰ ਵਪਾਰੀ ਦੇਵਦਾਸੀਆਂ ਦਾ ਮੁੱਲ ਚੁਕਾ ਕੇ ਆਪਣੇ ਨਾਲ ਬਾਹਰਲੇ ਮੁਲਕਾਂ ਨੂੰ ਲੈ ਜਾਂਦੇ ਸਨ ਜਿਥੇ ਇਹ ਦੇਵਦਾਸੀਆਂ ਅਮੀਰਾਂ ਦੇ ਹਰਮਾਂ ਦਾ ਸ਼ਿੰਗਾਰ ਬਣਦੀਆਂ ਸਨ। ਅੱਜ ਵੀ ਦੱਖਣ ਭਾਰਤ ਦੇ ਕੁਝ ਮੰਦਿਰਾਂ ਵਿਚ ਇਹ ਪ੍ਰਥਾ ਬਾ-ਦਸਤੂਰ ਜਾਰੀ ਹੈ। ਔਰਤ ਦੀ ਲੁੱਟ ਦੀ ਇਹ ਪ੍ਰਥਾ ਅੱਜ ਵੀ ਕਈ ਥਾਈਂ ਜਾਰੀ ਹੈ ਪਰ ਇਸ ਦਾ ਨਾਂ ਅਤੇ ਢੰਗ ਬਦਲ ਗਿਆ ਹੈ। ਉਤਰ ਵੈਦਿਕ ਕਾਲ ਵਿਚ ਸ਼ਿਵ ਲਿੰਗ ਦੀ ਪੂਜਾ ਦੀ ਪ੍ਰਥਾ ਦਾ ਵੀ ਜ਼ੋਰ ਰਿਹਾ (ਭਾਰਤ ਵਿਚ ਅੱਜ ਵੀ ਸ਼ਿਵ ਲਿੰਗ ਦੀ ਪੂਜਾ ਕੀਤੀ ਜਾਂਦੀ ਹੈ, ਹਰ ਸਾਲ ਲੱਖਾਂ ਯਾਤਰੀ ਅਮਰਨਾਥ ਦੀ ਯਾਤਰਾ ਇਸ ਲਈ ਕਰਦੇ ਹਨ ਕਿ ਉਥੇ ਬਰਫ਼ ਨਾਲ ਬਣੇ ਸ਼ਿਵ ਲਿੰਗ ਦੇ ਦਰਸ਼ਨ ਕੀਤੇ ਜਾਣ ਅਤੇ ਉਸ ਦੀ ਪੂਜਾ ਕੀਤੀ ਜਾਵੇ)।

ਇਸ ਕਾਲ ਵਿਚ ਨਾਰੀ ਦਾ ਦਰਜਾ ਵੀ ਸ਼ੂਦਰਾਂ ਵਾਂਗ ਹੇਠ ਤੋਂ ਹੇਠਾਂ ਵੱਲ ਗਿਆ। ਰਿਗਵੈਦਿਕ ਕਾਲ ਵਿਚ ਨਾਰੀ ਫਿਰ ਵੀ ਸ਼ਕਤੀਸ਼ਾਲੀ ਸੀ। ਤਕਰੀਬਨ ਉਸੇ ਕਾਲ ਵਿਚ ਛੇਤੀ ਹੀ ਮਹਾਂਭਾਰਤ ਵਿਚ ਉਸ ਦੀ ਦੁਰਗਤੀ ਸ਼ੁਰੂ ਹੋ ਗਈ। ਸੀਤਾ ਤੇ ਦੋਰਪਤੀ ਵਰਗੀਆਂ ਔਰਤਾਂ ਵੀ ਵਿਵਸਥਾ ਦੇ ਪੁੜਾਂ ਵਿਚ ਨਪੀੜੀਆਂ ਜਾਣ ਲੱਗੀਆਂ। ਉਪਨਿਸ਼ਦ ਕਾਲ ਵਿਚ ਉਚੇ ਘਰਾਣੇ ਦੀਆਂ ਔਰਤਾਂ ਕੁਝ ਕੁ ਖੁਸ਼ਹਾਲ ਸਨ ਅਤੇ ਸਨਮਾਨਿਤ ਸਨ; ਲੇਕਿਨ ਅਮੂਮਨ ਉਨ੍ਹਾਂ ਦੇ ਹੱਕ ਵੀ ਸੁਆਹ ਹੋ ਜਾਂਦੇ ਸਨ। ਉਹ ਸਿਰਫ ਪਤੀ ਦੀ ਕਾਮ-ਤ੍ਰਿਪਤੀ ਜਾਂ ਸੰਤਾਨ ਦੀ ਉਤਪਤੀ ਦੇ ਵਸੀਲੇ ਬਣ ਕੇ ਰਹਿ ਜਾਂਦੀਆਂ ਸਨ।

***(ਚਲਦਾ)***

# ਸ਼ਾਨੇ-ਪੰਜਾਬ ਪਰਵਾਸੀ ਪੰਜਾਬੀ ਸਾਹਿਤਕਾਰ ਡਾ. ਰਘੁਬੀਰ ਢੰਡ

ਮੈਂ ਤਾਂ ਹਾਂ ਲੋਕਾਂ ਦਾ ਸ਼ਾਇਰ
ਲੋਕ, ਜੋ ਹਲ ਦੇ ਹੇਠੋਂ ਨਿਕਲੀ
ਮਿੱਟੀ ਵਰਗੇ ਅਤਿ ਪਵਿੱਤਰ
ਲੋਕ, ਜੋ ਖੂਹ ਦੇ ਪਾਣੀ ਵਰਗੇ
ਠੰਢੇ ਠੰਢੇ, ਨਿੱਘੇ ਨਿੱਘੇ
ਲੋਕ, ਜਿਨ੍ਹਾਂ ਦੇ ਮੀਹਾਂ ਭਿੱਜੇ
ਪਾਂਡੂ ਵਾਂਗਰ ਪਿੰਡੇ ਮਹਿਕਣ
ਇਹੋ ਜਿਹੇ ਲੋਕਾਂ ਦਾ ਸ਼ਾਇਰ
ਝੂਠ ਕਦੀ ਵੀ ਬੋਲ ਨਹੀਂ ਸਕਦਾ।
-ਰਘੁਬੀਰ ਢੰਡ

ਪਹਿਲੀ ਵਾਰ ਰਘੁਬੀਰ ਢੰਡ ਦੀਆਂ ਲਿਖੀਆਂ ਕਹਾਣੀਆਂ 'ਸ਼ਾਨੇ-ਪੰਜਾਬ', 'ਕੁਰਸੀ' ਅਤੇ 'ਕੀੜਾ' ਪੰਜਾਬ ਟਾਈਮਜ਼ ਵਿਚੋਂ ਹੀ ਪੜ੍ਹੀਆਂ ਸਨ। ਬਹੁਤ ਸੋਹਣੀਆਂ ਲੱਗੀਆਂ ਸਨ। ਸ਼ੈਲੀ, ਬੋਲੀ, ਵਾਰਤਕ ਅਤੇ ਵਿਸ਼ੇ ਵਸਤੂ ਪੱਖੋਂ ਬਹੁਤ ਮਜਬੂਤ ਅਤੇ ਸਮਾਜ ਸੁਧਾਰਕ। ਰਘੁਬੀਰ ਢੰਡ

**ਕੁਲਦੀਪ ਸਿੰਘ, ਯੂਨੀਅਨ ਸਿਟੀ**


ਬਾਰੇ ਹੋਰ ਜਾਣਨ ਦੀ ਜਗਿਆਸਾ ਦੇ ਸਫਰ ਨੇ ਇਹ ਲੇਖ ਲਿਖਣ ਦੇ ਪੜ੍ਹਾਅ ਤੱਕ ਲੈ ਆਂਦਾ।

ਰਘੁਬੀਰ ਢੰਡ ਪੰਜਾਬੀ ਦਾ ਮਹਾਨ ਲੇਖਕ ਹੈ। ਪੰਜਾਬੀ ਪਰਵਾਸੀ ਲੇਖਕਾਂ ਵਿਚ ਉਸ ਦਾ ਸਨਮਾਨਜਨਕ ਸਥਾਨ ਹੈ। ਇੰਗਲੈਂਡ ਰਹਿੰਦਿਆਂ ਵੀ, ਉਸ ਨੇ ਆਪਣੀਆਂ ਰਚਨਾਵਾਂ ਵਿਚ ਪੰਜਾਬੀ ਜੀਵਨ ਤੇ ਸਭਿਆਚਾਰ ਨੂੰ ਬਾਖੂਬੀ ਨਾਲ ਪੇਸ਼ ਕੀਤਾ। ਉਸ ਦੀਆਂ ਚਰਚਿਤ ਸ਼ਾਹਕਾਰ ਕਹਾਣੀਆਂ 'ਸ਼ਾਨੇ-ਪੰਜਾਬ' ਅਤੇ 'ਕੁਰਸੀ' ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬਲਦ' ਅਤੇ ਸੰਤੋਖ ਸਿੰਘ ਧੀਰ ਦੀ ਕਹਾਣੀ 'ਕੋਈ ਇਕ ਸਵਾਰ' ਵਾਂਗ ਹੀ ਪੰਜਾਬੀ ਪਾਠਕਾਂ ਨੇ ਬੇਹੱਦ ਪਸੰਦ ਕੀਤੀਆਂ। ਭਾਵੇਂ ਉਸ ਨੇ ਕਹਾਣੀ ਤੋਂ ਇਲਾਵਾ ਨਾਵਲ, ਸਫਰਨਾਮਾ, ਵਾਰਤਕ, ਆਲੋਚਨਾ ਤੇ ਅਨੁਵਾਦ ਆਦਿ ਦੇ ਖੇਤਰ ਵਿਚ ਵੀ ਨਾਮਣਾ ਖੱਟਿਆ ਪਰੰਤੂ ਉਸ ਦੀ ਮੁੱਖ ਪਹਿਚਾਣ ਇਕ ਪ੍ਰਗਤੀਵਾਦੀ ਕਹਾਣੀਕਾਰ ਦੇ ਤੌਰ 'ਤੇ ਹੀ ਹੈ।

ਰਘੁਬੀਰ ਢੰਡ ਦਾ ਜਨਮ ਪਹਿਲੀ ਨਵੰਬਰ 1934 ਨੂੰ ਪਿਤਾ ਸ੍ਰੀ ਗੰਗਾ ਰਾਮ ਤੇ ਮਾਤਾ ਗੁਜਰੀ (ਪੇਕੇ ਘਰ ਦਾ ਨਾਮ ਜੀਵੀ) ਦੇ ਗ੍ਰਹਿ ਹੋਇਆ। ਉਨ੍ਹਾਂ ਦਾ ਪਰਿਵਾਰ ਜੱਟ-ਖੱਤਰੀ ਸੀ ਤੇ ਪਿੰਡ ਜੰਡਾਲੀ, ਡਾਕਖਾਨਾ ਅਹਿਮਦਗੜ੍ਹ, ਜ਼ਿਲ੍ਹਾ ਸੰਗਰੂਰ ਦਾ ਰਹਿਣ ਵਾਲਾ ਸੀ। ਉਸ ਦੇ ਦੋ ਵੱਡੇ ਭਰਾ ਪੜ੍ਹੇ ਲਿਖੇ ਹੋਣ ਕਰਕੇ, ਉਸ ਨੂੰ ਘਰ ਵਿਚ ਬਚਪਨ ਤੋਂ ਹੀ ਪੜ੍ਹਨ ਲਿਖਣ ਵਾਲਾ ਮਾਹੌਲ ਮਿਲਿਆ। ਪ੍ਰਾਈਵੇਟ ਗਿਆਨੀ ਦੀ ਪ੍ਰੀਖਿਆ ਪਾਸ ਕਰਕੇ ਉਹ ਵੇਰਕੇ ਵੱਡੇ ਭਰਾ ਦੇ ਸਕੂਲ ਵਿਚ ਗਿਆਨੀ ਦਾ ਅਧਿਆਪਕ ਲੱਗ ਗਿਆ। 20 ਮਈ 1956 ਨੂੰ ਉਸ ਦਾ ਵਿਆਹ ਸ੍ਰੀਮਤੀ ਪ੍ਰਕਾਸ਼ ਨਾਲ ਹੋਇਆ। ਵਿਆਹ ਤੋਂ ਬਾਅਦ ਖਾਲਸਾ ਕਾਲਜ-ਅੰਮ੍ਰਿਤਸਰ ਤੋਂ ਬੀ. ਟੀ. ਪਹਿਲੇ ਸਥਾਨ 'ਤੇ ਰਹਿ ਕੇ ਪਾਸ ਕੀਤੀ ਅਤੇ ਤਤਕਾਲੀ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਤੋਂ ਮੈਡਲ ਪ੍ਰਾਪਤ ਕੀਤਾ। 17 ਨਵੰਬਰ 1958 ਨੂੰ ਉਸ ਦੇ ਘਰ ਪੁੱਤਰ ਰਾਜੀਵ ਦਾ ਜਨਮ ਹੋਇਆ। ਇਨ੍ਹਾਂ ਦਿਨਾਂ ਵਿਚ ਹੀ ਉਸ ਨੇ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ ਸੀ। ਉਸ ਦੀ ਪਹਿਲੀ ਕਹਾਣੀ 'ਨਲਕਾ ਗਿੜਦਾ ਹੈ' 1956 ਦੇ 'ਪ੍ਰੀਤਲੜੀ' ਦੇ ਇਕ ਅੰਕ ਵਿਚ ਛਪੀ ਸੀ।

30 ਅਗਸਤ 1959 ਨੂੰ ਉਸ ਨੇ ਗਾਂਧੀ ਸਕੂਲ-ਅਹਿਮਦਗੜ੍ਹ ਵਿਖੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਇਸੇ ਸਕੂਲ ਦੀ ਨੌਕਰੀ ਦੌਰਾਨ ਹੀ ਉਸ ਨੇ ਇਤਿਹਾਸ ਦੀ ਐਮ. ਏ. ਕੀਤੀ। ਉਸ ਨੇ ਪੀ-ਐਚ. ਡੀ. ਦੀ ਡਿਗਰੀ ਕਿਮ ਇਲ ਸੁੰਗ ਯੂਨੀਵਰਸਿਟੀ-ਉਤਰੀ ਕੋਰੀਆ ਤੋਂ ਲਈ। ਉਸ ਦੇ ਥੀਸਿਸ ਦਾ ਵਿਸ਼ਾ 'ਆਈਡੀਓ ਥੀਓਰੀਟੀਕਲ ਕੰਟਰੀਬਿਊਸ਼ਨ ਆਫ ਕਾਮਰੇਡ ਕਿਮ-ਇਲ ਸੁੰਗ' ਸੀ। 30 ਦਸੰਬਰ 1964 ਨੂੰ ਉਸ ਦੀ ਬੇਟੀ ਅੰਜੁਮ ਦਾ ਜਨਮ ਹੋਇਆ। ਜੂਨ 1965 ਵਿਚ ਉਸ ਨੇ ਸੈਟਲ ਹੋਣ ਦੇ ਮਕਸਦ ਨਾਲ ਲੀਡਜ਼, ਯੌਰਕ ਸ਼ਾਇਰ, ਇੰਗਲੈਂਡ ਪਲਾਇਨ ਕੀਤਾ। ਸ਼ੁਰੂ ਵਿਚ ਛੋਟੀਆਂ ਮੋਟੀਆ ਨੌਕਰੀਆਂ ਕਰਨ ਪਿਛੋਂ 1969 ਵਿਚ ਸਕੂਲ ਅਧਿਆਪਕ ਦੀ ਨੌਕਰੀ ਲੈਣ ਵਿਚ ਸਫਲ ਹੋਇਆ। ਅਜੇ ਉਸ ਨੇ ਛੇ ਮਹੀਨੇ ਹੀ ਪੜ੍ਹਾਇਆ ਹੋਊ ਕਿ ਉਹ ਗੋਰੇ ਨਸਲਪ੍ਰਸਤ ਹੈਡਮਾਸਟਰ ਦੇ ਭੇਦ ਭਾਵ ਦਾ ਸ਼ਿਕਾਰ ਬਣ ਗਿਆ। ਅਨੇਕ ਪ੍ਰਕਾਰ ਦੇ ਦੂਸ਼ਣ ਅਤੇ ਇਤਰਾਜ਼ ਲਾ ਕੇ ਉਸ ਨੂੰ ਸਕੂਲ ਵਿਚੋਂ ਹਟਾ ਦਿੱਤਾ ਗਿਆ। ਇਸ ਵਿਤਕਰੇ ਵਿਰੁਧ ਜਦੋਜਹਿਦ ਕਰ ਕੇ ਉਸ ਨੇ ਫਿਰ ਬਹਾਲੀ ਪ੍ਰਾਪਤ ਕੀਤੀ। ਪਰ ਇਸ ਦੇ ਬਾਵਜੂਦ ਸਕੂਲ ਵਿਚਲਾ ਮਾਹੌਲ ਨਾ ਬਦਲਿਆ ਤੇ ਉਸ ਨੂੰ ਮੁੜ ਬਰਖਾਸਤ ਕਰ ਦਿੱਤਾ ਗਿਆ। ਇਸ ਸਮੇਂ ਦੌਰਾਨ ਹੀ ਉਸ ਨਾਲ ਇਕ ਹੋਰ ਬੁਰੀ ਗੱਲ ਹੋਈ ਕਿ ਉਹ ਦਮੇ ਦੀ ਬੀਮਾਰੀ ਦੀ ਜਕੜ ਵਿਚ ਆ ਗਿਆ। ਬੀਮਾਰੀ ਦੇ ਤੇਜ਼ ਹਮਲਿਆਂ ਕਾਰਨ ਡਾਕਟਰਾਂ ਨੇ ਉਸ ਨੂੰ ਸਰੀਰਕ ਤੌਰ 'ਤੇ ਨਕਾਰਾ ਕਰਾਰ ਦੇ ਦਿੱਤਾ। ਹੁਣ ਉਹ ਘਰ ਦੀ ਚਾਰ-ਦੀਵਾਰੀ ਵਿਚ ਕੈਦ ਹੋਣ ਜੋਗਾ ਹੀ ਰਹਿ ਗਿਆ।

ਬਰਤਾਨਵੀ ਸਕੂਲ ਵਿਚ ਬਿਤਾਏ ਥੋੜ੍ਹੇ ਜਿਹੇ ਸਮੇਂ ਦੇ ਤਲਖ ਅਨੁਭਵ ਉਸ ਦੇ ਲੇਖਕ ਮਨ 'ਤੇ ਇੰਨੀ ਡੂੰਘੀ ਤਰ੍ਹਾਂ ਉਕਰੇ ਗਏ ਕਿ ਉਹ ਕਦੇ ਵੀ ਇਨ੍ਹਾਂ ਕੌੜੀਆਂ-ਕੁਸੈਲੀਆਂ ਯਾਦਾਂ ਨੂੰ ਨਾ ਭੁਲਾ ਸਕਿਆ। ਬਰਤਾਨੀਆ ਅਤੇ ਹੋਰ ਲਾਗਲੇ ਦੇਸ਼ਾਂ ਵਿਚਲੀ ਹੋ ਰਹੀ ਨਸਲਪ੍ਰਸਤੀ ਦਾ ਤੀਬਰ ਅਹਿਸਾਸ ਹਮੇਸ਼ਾ ਉਸ ਦੇ ਦਿਲ ਵਿਚ ਬਣਿਆ ਰਿਹਾ। ਇਸੇ ਤੀਬਰ ਅਹਿਸਾਸ ਵਿਚੋਂ ਉਸ ਨੇ ਨਸਲਪ੍ਰਸਤੀ ਨਾਲ ਸਬੰਧਤ ਬਹੁਤ ਸਾਰੀਆਂ ਭਾਵਪੂਰਤ ਕਹਾਣੀਆਂ ਲਿਖੀਆਂ। 'ਤੀਜੀ ਅੱਖ', 'ਡਰਟੀ ਕਲਰ', 'ਨਵੀਂ ਕਿਸਮ ਦਾ ਨਾਗ', 'ਉਸ ਪਾਰ', 'ਉਖਲੀ', 'ਕੀੜਾ', 'ਤੁਸੀਂ ਲੋਕ', 'ਟੇਵੇ', 'ਕਿਰਨ' ਆਦਿ ਕਹਾਣੀਆਂ ਲਿਖਣ ਦੇ ਨਾਲ ਨਾਲ ਅਫਰੀਕਨਾਂ ਦੇ ਨਾਲ ਹੋ ਰਹੇ ਅਮਾਨਵੀ ਵਿਹਾਰ ਸਬੰਧੀ 'ਆ ਜਾ ਅਫਰੀਕਾ' ਨਾਮੀ ਕਿਤਾਬ ਲਿਖੀ।



ਡਾ. ਰਘੁਬੀਰ ਢੰਡ

ਰਘੁਬੀਰ ਢੰਡ ਕਹਾਣੀਕਾਰ ਹੋਣ ਦੇ ਨਾਲ ਨਾਲ ਆਲੋਚਕ ਅਤੇ ਅਨੁਵਾਦਕ ਵੀ ਸੀ। ਜਦੋਂ ਸ. ਜਸਵੰਤ ਸਿੰਘ ਕੰਵਲ ਨੇ ਆਪਣਾ ਨਾਵਲ 'ਲਹੂ ਦੀ ਲੋਅ' ਲਿਖਿਆ ਤਾਂ ਉਸ ਨੇ ਇਸ ਦੀ ਆਲੋਚਨਾ ਕਰਦਿਆਂ ਕੰਵਲ ਦੇ ਨਾਵਲ ਦੇ ਸਿਰਲੇਖ ਨੂੰ ਉਲਟਾ ਕੇ 'ਲੋਅ ਦਾ ਲਹੂ' ਨਾਮੀ ਲੇਖ ਵਿਚ ਆਪਣੇ ਵਿਚਾਰ ਦੀਦਾ-ਦਲੇਰੀ ਅਤੇ ਸਪਸ਼ਟਤਾ ਨਾਲ ਪਾਠਕਾਂ ਸਾਹਮਣੇ ਇੰਜ ਰਖੇ, "ਕੰਵਲ ਦਾ ਨਾਵਲ ਵਿਸ਼ੇ ਵਸਤੂ ਤੇ ਰੂਪਕ ਪੱਖ ਤੋਂ ਕੋਈ ਗੰਭੀਰ ਰਚਨਾ ਨਹੀਂ, ਪਰ ਇਸ ਤੋਂ ਦੋ ਗੰਭੀਰ ਸਬਕ ਜ਼ਰੂਰ ਸਿੱਖੇ ਜਾ ਸਕਦੇ ਹਨ। ਪਹਿਲਾ- ਕੰਵਲ ਦੇ ਸੂਰਮਿਆਂ ਨੇ ਆਪਣੇ ਅਮਲਾਂ ਰਾਹੀਂ ਇਹ ਸਾਬਤ ਕੀਤਾ ਹੈ ਕਿ ਇੰਜ ਇਨਕਲਾਬ ਨਹੀਂ ਕਰਨਾ ਚਾਹੀਦਾ ਅਤੇ ਕੰਵਲ ਨੇ ਇਹ ਕਿ ਇੰਜ ਨਾਵਲ ਨਹੀਂ ਲਿਖਣਾ ਚਾਹੀਦਾ। ਦੂਜਾ- ਕੰਵਲ ਦੇ ਫਲਸਫੇ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ। ਹਾਂ, ਮਾਰਕਸਵਾਦੀ ਲੈਨਿਨਵਾਦੀ ਫਲਸਫੇ ਅਨੁਸਾਰ ਅਜਿਹੀਆਂ ਬਚਕਾਨਾ ਹਰਕਤਾਂ ਵਿਚ ਡੁੱਲ੍ਹੇ ਲਹੂ ਦੀ ਲੋਅ ਕਦੀ ਨਹੀਂ ਬਣਿਆ ਕਰਦੀ, ਬਲਕਿ ਹਮੇਸ਼ਾ ਲੋਅ ਦਾ ਲਹੂ (ਕਤਲ) ਹੁੰਦਾ ਹੈ।"

'ਬੁੱਢਾ ਆਦਮੀ ਤੇ ਸਮੁੰਦਰ' (The old man and the sea) ਨਾਵਲ ਅਮਰੀਕਨ ਨਾਵਲਕਾਰ 'ਅਰਨੈਸਟ ਹੈਮਿੰਗਵੇਅ ਦੀ ਸ਼ਾਹਕਾਰ ਰਚਨਾ ਹੈ। ਰਘੁਬੀਰ ਢੰਡ ਨੇ ਇਸ ਨਾਵਲ ਦੀ ਆਲੋਚਨਾ ਕੇਵਲ ਇਸ ਦੀ ਸਾਹਿਤਕਤਾ ਜਾਂ ਕਲਾਤਮਕਤਾ ਪੱਖ ਨੂੰ ਸਾਹਮਣੇ ਰੱਖ ਕੇ ਨਹੀਂ ਕੀਤੀ, ਸਗੋਂ ਇਸ ਦੀ ਚੋਣ ਪਿੱਛੇ ਉਸ ਦਾ ਇਕ ਵਿਚਾਰਧਾਰਕ ਮਕਸਦ ਸੀ। ਉਸ ਨੂੰ ਇਸ ਨਾਵਲ ਦਾ ਮੁੱਖ ਪਾਤਰ ਬੁੱਢਾ (ਸੈਂਟਿਆਗੋ) ਮਜ਼ਦੂਰ ਜਮਾਤ ਦਾ ਇਕ ਮਿਸਾਲੀ ਤੇ ਆਦਰਸ਼ਕ ਕਿਰਦਾਰ ਪ੍ਰਤੀਤ ਹੋਇਆ। ਰਘੁਬੀਰ ਢੰਡ ਨੇ ਇਸ ਨਾਵਲ ਦਾ ਅਧਿਐਨ 'ਵਿਸ਼ੇ ਦਾ ਗਿਆਨ', 'ਵਿਸ਼ੇ ਦੀ ਸਰਵ-ਵਿਆਪਕਤਾ', 'ਸ਼ੈਲੀ-ਬੋਲੀ, ਵਾਰਤਾਲਾਪ ਤੇ ਸੰਖੇਪਤਾ' ਅਤੇ 'ਮਿਸਾਲੀ ਪਾਤਰ ਦੀ ਸਿਰਜਣਾ' ਸਿਰਲੇਖਾਂ ਅਨੁਸਾਰ ਕੀਤਾ। ਉਸ ਦੇ ਇਸ ਅਧਿਐਨ ਮੁਤਾਬਕ ਉਸ ਨੇ ਜ਼ਾਹਿਰ ਕਰ ਦਿੱਤਾ ਕਿ ਕੋਈ ਵੀ ਨਾਵਲ ਲਿਖਣ ਲਈ ਉਪਰੋਕਤ ਤੱਤਾਂ ਦੀ ਕਿੰਨੀ ਮਹੱਤਤਾ ਹੁੰਦੀ ਹੈ। ਉਹ ਲੇਖਕ ਹੈਮਿੰਗਵੇਅ ਤੋਂ ਉਸ ਦੀ 'ਵਿਸ਼ੇ ਦੀ ਜਾਣਕਾਰੀ' ਨੂੰ ਲੈ ਕੇ ਬਹੁਤ ਪ੍ਰਭਾਵਿਤ ਹੋਇਆ।

ਰਘੁਬੀਰ ਢੰਡ ਦੀ ਜੀਵਨ ਸ਼ੈਲੀ ਪੰਜਾਬੀ ਦੇ ਇਕ ਅੱਖਰ 'ਮ' ਨਾਲ ਲਿਖੇ ਜਾਂਦੇ- ਮਾਂ, ਮਾਲਵਾ ਅਤੇ ਮਾਰਕਸਵਾਦ ਦੇ ਇਰਦ-ਗਿਰਦ ਘੁੰਮਦੀ ਪ੍ਰਤੀਤ ਹੁੰਦੀ ਹੈ। ਇਨ੍ਹਾਂ ਤਿੰਨਾਂ ਨਾਲ ਉਸ ਦਾ ਅਥਾਹ ਪਿਆਰ ਅਤੇ ਸਨੇਹ ਹੀ ਨਹੀਂ ਸੀ, ਉਹ ਇਨ੍ਹਾਂ ਨਾਲ ਓਤ-ਪੋਤ ਸੀ, ਕਹਿਣਾ ਵਾਜਿਬ ਹੋਵੇਗਾ। ਮਾਂ ਬੋਲੀ ਦੀ ਸੇਵਾ ਕਰਦਿਆਂ ਉਸ ਨੇ ਉਰਦੂ ਦੇ ਮਸ਼ਹੂਰ ਸ਼ਾਇਰ ਤੇ ਕਹਾਣੀਕਾਰ ਅਹਿਮਦ ਨਸੀਮ ਕਾਸਮੀ ਦੀਆਂ ਉਰਦੂ ਅਤੇ 'ਕਮਲੇਸ਼ਵਰ' ਦੀਆਂ ਹਿੰਦੀ ਕਹਾਣੀਆਂ ਨੂੰ ਪੰਜਾਬੀ ਵਿਚ ਅਨੁਵਾਦ ਕੀਤਾ। ਰਘੁਬੀਰ ਢੰਡ ਦੇ ਸਫਰਨਾਮੇ 'ਵੈਨਕੂਵਰ ਵਿਚ ਇੱਕੀ ਦਿਨ' ਵਿਚ ਉਸ ਦੀ ਕੈਨੇਡਾ ਵਿਚ (20 ਮਈ 1988 ਤੋਂ 10 ਜੂਨ 1988) ਦੀ ਯਾਤਰਾ ਦਾ ਜ਼ਿਕਰ ਹੈ।

**ਇਨਾਮ:** ਭਾਸ਼ਾ ਵਿਭਾਗ, ਪੰਜਾਬ ਵਲੋਂ 'ਉਸ ਪਾਰ' ਕਹਾਣੀ ਸੰਗ੍ਰਿਹ ਨੂੰ 1975 ਦਾ ਪਹਿਲਾ ਇਨਾਮ। ਸੋਹਣ ਸਿੰਘ ਜੋਸ਼ ਟਰੱਸਟ (ਯੂ. ਕੇ.) ਵਲੋਂ 'ਐਵਾਰਡ ਆਫ ਡਿਸਟਿੰਕਸ਼ਨ।' 'ਸ਼ਾਨੇ-ਪੰਜਾਬ' ਨੂੰ 1986 ਦੀ ਸਰਵੋਤਮ ਕਹਾਣੀ ਐਲਾਨਿਆ ਗਿਆ ਅਤੇ ਸਾਹਿਤ ਸਭਾ, ਜਲੰਧਰ (ਪੰਜਾਬ) ਵਲੋਂ ਸੇਖੋਂ-ਵਿਰਕ ਸਨਮਾਨ ਮਿਲਿਆ। ਇੰਟਰਨੈਸ਼ਨਲ ਪੰਜਾਬੀ ਸਾਹਿਤ ਟਰੱਸਟ, ਕੈਨੇਡਾ ਵਲੋਂ 1987 ਦਾ ਮਨਜੀਤ ਮੈਮੋਰੀਅਲ ਐਵਾਰਡ। ਇੰਡੀਅਨ ਵਰਕਰਜ਼

## ਬਰਸੀ 'ਤੇ ਵਿਸ਼ੇਸ਼

ਐਸੋਸੀਏਸ਼ਨ ਵਲੋਂ 1988 ਦਾ 'ਸ੍ਰੇਸ਼ਟ ਪੰਜਾਬੀ ਲੇਖਕ ਐਵਾਰਡ' ਮਿਲਿਆ।


**ਰਚਨਾਵਾਂ:** ਆ ਜਾ ਅਫਰੀਕਾ (ਵਾਰਤਕ), ਬੋਲੀ ਧਰਤੀ, ਉਸ ਪਾਰ, ਕਾਇਆ ਕਲਪ, ਕੁਰਸੀ, ਸ਼ਾਨੇ-ਪੰਜਾਬ, ਅਤੇ ਕਾਲੀ ਨਦੀ ਦਾ ਸੇਕ (ਇਹ ਪੰਜੇ ਕਹਾਣੀ ਸੰਗ੍ਰਿਹ ਹਨ)। ਕੁਰਸੀ ਅਤੇ ਸ਼ਾਨੇ-ਪੰਜਾਬ ਕਹਾਣੀ ਸੰਗ੍ਰਿਹਾਂ ਵਿਚ ਕ੍ਰਮਵਾਰ ਇਕ ਇਕ ਕਹਾਣੀ 'ਕੁਰਸੀ' ਅਤੇ 'ਸ਼ਾਨੇ-ਪੰਜਾਬ' ਹੈ। ਲੋਅ ਦਾ ਲਹੂ (ਆਲੋਚਨਾ), ਅਹਿਮਦ ਨਸੀਮ ਕਾਸਮੀ ਦੀਆਂ ਚੋਣਵੀਆਂ ਕਹਾਣੀਆਂ ਅਤੇ ਕਮਲੇਸ਼ਵਰ ਦੀਆਂ ਚੋਣਵੀਆਂ ਕਹਾਣੀਆਂ (ਅਨੁਵਾਦ); ਬੁੱਢਾ ਆਦਮੀ ਤੇ ਸਮੁੰਦਰ: ਇਕ ਅਧਿਐਨ (ਆਲੋਚਨਾ): ਰਿਸ਼ਤੀਆਂ ਦੀ ਯਾਤਰਾ (ਨਾਵਲ); ਵੈਨਕੂਵਰ ਵਿਚ ਇੱਕੀ ਦਿਨ (ਸਫਰਨਾਮਾ); ਮੈਂ ਫਿਰ ਹਾਜ਼ਰ ਹਾਂ (ਖਤ)।

ਰਘੁਬੀਰ ਢੰਡ ਦਾ ਸਾਰਾ ਜੀਵਨ ਨਿਮਰਤਾ, ਸੇਵਾ ਅਤੇ ਆਪਣੇ ਲੋਕਾਂ ਨਾਲ ਪਿਆਰ ਦਾ ਮਾਡਲ ਰਿਹਾ। ਮਾਂ 'ਜੀਵੀ' ਦਾ ਪੁੱਤਰ ਹੋਣਾ ਉਸ ਲਈ ਫਖਰ ਵਾਲੀ ਗੱਲ ਸੀ। ਆਪਣੀਆਂ ਕਹਾਣੀਆਂ ਵਿਚ ਆਪਣੇ ਪਿੰਡ ਦੀ ਨਹਿਰ ਦਾ ਗਾਹੇ-ਬਗਾਹੇ ਜ਼ਿਕਰ ਕਰਨ ਵਾਲੇ ਲਈ ਆਪਣੀ ਅੰਤਿਮ ਇੱਛਾ ਵੇਲੇ ਵੀ ਇਹ ਨਹਿਰ ਉਸ ਦੇ ਅੰਗ-ਸੰਗ ਰਹੀ। ਉਸ ਨੇ ਆਪਣੀ ਅੰਤਿਮ ਇਛਾ ਬਾਰੇ ਡਾ. ਕੇਸਰ ਸਿੰਘ ਕੇਸਰ ਨੂੰ ਲਿਖਿਆ ਸੀ, "ਜੇ ਕੋਈ ਮੰਦਾ ਭਾਣਾ ਬੀਤ ਗਿਆ ਤਾਂ ਮੈਂ ਸਾਰੇ ਬੱਚਿਆਂ ਨੂੰ ਬਿਠਾ ਕੇ ਹੌਲੀ-ਹੌਲੀ ਸਮਝਾ ਦਿੱਤਾ ਹੈ ਕਿ ਮੇਰੇ ਪੂਰਾ ਹੋਣ 'ਤੇ ਕੋਈ ਰਸਮ ਨਾ ਕੀਤੀ ਜਾਵੇ। ਸਿਵਿਆਂ ਵਿਚ ਕੁਝ ਜ਼ਮੀਨ ਖਰੀਦ ਕੇ ਅੱਧੇ ਫੁੱਲ ਦੱਬ ਦਿੱਤੇ ਜਾਣ ਅਤੇ ਉਸ 'ਤੇ ਇਕ ਸਾਦਾ ਜਿਹਾ ਪੱਥਰ ਲਾ ਦਿੱਤਾ ਜਾਵੇ (ਜਿਸ ਉਪਰ ਲਿਖਿਆ ਹੋਵੇ) 'Raghbir Dhand : A Simple Man and A Modest Writer.' ਅੱਧੇ ਫੁੱਲ ਕੋਈ ਬੱਚਾ ਜਾਂ ਪ੍ਰਕਾਸ਼ ਇੰਡੀਆ ਲੈ ਆਵੇਗਾ। ਤੂੰ (ਕੇਸਰ ਸਿੰਘ) ਕੁਝ ਕੁ ਮੈਨੂੰ ਪਿਆਰ ਕਰਨ ਵਾਲਿਆਂ ਨੂੰ ਨਾਲ ਲੈ ਕੇ...ਫੁੱਲ ਮੇਰੇ ਪਿੰਡ ਦੀ ਨਹਿਰ ਵਿਚ ਪ੍ਰਵਾਹ ਕਰ ਦੇਣੇ। ਕੋਈ ਤਕਰੀਰ ਨਹੀਂ ਕਰਨੀ, ਕੋਈ ਫੰਕਸ਼ਨ ਨਹੀਂ ਕਰਨਾ, ਕਿਉਂਕਿ ਇਹ ਬਹੁਤ ਝੂਠਾ ਵਿਖਾਵਾ ਹੁੰਦਾ ਹੈ। ਮੈਂ ਸਾਰੀ ਉਮਰ shade 'ਚ ਜ਼ਿੰਦਗੀ ਗੁਜ਼ਾਰੀ ਹੈ, ਅੰਤਿਮ ਸਮੇਂ ਵੀ ਇੰਜ ਹੀ ਠੀਕ ਹੈ।" ਆਖਿਰ 27 ਦਸੰਬਰ 1990 ਨੂੰ ਉਸ ਦਾ ਦੇਹਾਂਤ ਹੋ ਗਿਆ।

ਰਘੁਬੀਰ ਢੰਡ ਦੇ ਪੰਜਾਬੀ ਸਾਹਿਤ ਵਿਚ ਪਾਏ ਯੋਗਦਾਨ ਸਦਕਾ ਉਸ ਨੂੰ ਪ੍ਰਗਤੀਵਾਦੀ ਪੰਜਾਬੀ ਲੇਖਕ ਵਜੋਂ ਹਮੇਸ਼ਾ ਲਈ ਯਾਦ ਕੀਤਾ ਜਾਵੇਗਾ। ਅੱਜ ਵੀ ਅਸੀਂ ਉਸ ਦੀਆਂ ਰਚਨਾਵਾਂ ਵਿਚੋਂ ਉਸ ਦੇ ਦਰਸ਼ਨ-ਦੀਦਾਰੇ ਕਰ ਸਕਦੇ ਹਾਂ।

*ਬਰਤਾਨਵੀ ਸਕੂਲ ਵਿਚ ਬਿਤਾਏ ਥੋੜ੍ਹੇ ਜਿਹੇ ਸਮੇਂ ਦੇ ਤਲਖ ਅਨੁਭਵ ਉਸ ਦੇ ਲੇਖਕ ਮਨ 'ਤੇ ਇੰਨੀ ਡੂੰਘੀ ਤਰ੍ਹਾਂ ਉਕਰੇ ਗਏ ਕਿ ਉਹ ਕਦੇ ਵੀ ਇਨ੍ਹਾਂ ਕੌੜੀਆਂ-ਕੁਸੈਲੀਆਂ ਯਾਦਾਂ ਨੂੰ ਨਾ ਭੁਲਾ ਸਕਿਆ। ਬਰਤਾਨੀਆ ਅਤੇ ਹੋਰ ਲਾਗਲੇ ਦੇਸ਼ਾਂ ਵਿਚਲੀ ਨਸਲਪ੍ਰਸਤੀ ਦਾ ਤੀਬਰ ਅਹਿਸਾਸ ਹਮੇਸ਼ਾ ਉਸ ਦੇ ਦਿਲ ਵਿਚ ਬਣਿਆ ਰਿਹਾ। ਇਸੇ ਤੀਬਰ ਅਹਿਸਾਸ ਵਿਚੋਂ ਉਸ ਨੇ ਨਸਲਪ੍ਰਸਤੀ ਨਾਲ ਸਬੰਧਤ ਬਹੁਤ ਸਾਰੀਆਂ ਭਾਵਪੂਰਤ ਕਹਾਣੀਆਂ ਲਿਖੀਆਂ। 'ਤੀਜੀ ਅੱਖ', 'ਡਰਟੀ ਕਲਰ', 'ਨਵੀਂ ਕਿਸਮ ਦਾ ਨਾਗ', 'ਉਸ ਪਾਰ', 'ਉਖਲੀ', 'ਕੀੜਾ', 'ਤੁਸੀਂ ਲੋਕ', 'ਟੇਵੇ', 'ਕਿਰਨ' ਆਦਿ ਕਹਾਣੀਆਂ ਲਿਖਣ ਦੇ ਨਾਲ ਨਾਲ ਅਫਰੀਕਨਾਂ ਦੇ ਨਾਲ ਹੋ ਰਹੇ ਅਮਾਨਵੀ ਵਿਹਾਰ ਸਬੰਧੀ 'ਆ ਜਾ ਅਫਰੀਕਾ' ਨਾਮੀ ਕਿਤਾਬ ਲਿਖੀ।*



*ਅਮਰੀਕਨ ਲੇਖਕ 'ਅਰਨੈਸਟ ਹੈਮਿੰਗਵੇਅ (1899-1961) ਜਿਸ ਦੇ ਸ਼ਾਹਕਾਰ ਨਾਵਲ 'ਬੁੱਢਾ ਆਦਮੀ ਤੇ ਸਮੁੰਦਰ' 'ਤੇ ਰਘੁਵੀਰ ਢੰਡ ਨੇ ਆਲੋਚਨਾ ਕਰਕੇ ਪ੍ਰਸ਼ੰਸਾ ਖੱਟੀ। ਅਰਨੈਸਟ ਨੂੰ 1954 'ਚ ਸਾਹਿਤ 'ਚ ਨੋਬਲ ਪੁਰਸਕਾਰ ਮਿਲਿਆ ਸੀ।*

## ਸੰਪਾਦਕ ਦੀ ਡਾਕ

### ਸ਼ਹੀਦ ਸਰਦਾਰ ਊਧਮ ਸਿੰਘ

ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਸ਼ਹੀਦ ਸਰਦਾਰ ਊਧਮ ਸਿੰਘ ਬਾਰੇ ਲੱਗੀ ਖਬਰ ਵਿਚ ਸੁਧਾਰ ਦੀ ਜ਼ਰੂਰਤ ਹੈ। ਖਬਰ ਮੁਤਾਬਕ "ਊਧਮ ਸਿੰਘ ਦੀਆਂ ਅਸਥੀਆਂ ਨੂੰ ਤਾਂ ਇੰਗਲੈਂਡ ਤੋਂ ਵਤਨ ਲਿਆ ਕੇ ਉਨ੍ਹਾਂ ਦਾ 19 ਜੁਲਾਈ 1974 ਨੂੰ ਜੱਦੀ ਸ਼ਹਿਰ ਸੁਨਾਮ ਵਿਖੇ ਆਦਰ ਸਹਿਤ ਅੰਤਮ ਸੰਸਕਾਰ ਕੀਤਾ ਜਾ ਚੁਕਾ ਹੈ।" ਪਰ ਅਸਲ ਵਿਚ ਇਹ ਗਲਤ ਹੈ ਕਿਉਂਕਿ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਉਨ੍ਹਾਂ ਦੇ ਪਿੰਡ ਕਾਲਜ ਸੁਨਾਮ ਵਿਚ ਅਜੇ ਤੱਕ ਮੌਜੂਦ ਹਨ। ਅਜੇ ਤੱਕ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਨੇ ਇਸ ਮਹਾਨ ਸ਼ਹੀਦ ਦੀਆਂ ਅਸਥੀਆਂ ਲਈ ਕੋਈ ਜਗ੍ਹਾਂ ਖਰੀਦ ਕੇ ਉਨ੍ਹਾਂ ਦਾ ਅੰਤਮ ਸੰਸਕਾਰ ਤਾਂ ਕੀ ਕਰਨਾ ਸੀ, ਇਸ ਲਈ ਤਾਂ ਨਾ ਕਿਸੇ ਸਰਕਾਰ ਅਤੇ ਨਾ ਹੀ ਕਿਸੇ ਸਿੱਖ ਜਥੇਬੰਦੀ ਨੇ ਕਦੇ ਸੋਚਿਆ ਹੈ। ਜੋ ਕਹਿੰਦੇ ਨੇ 'ਰਾਜ ਨਹੀਂ ਸੇਵਾ', ਉਨ੍ਹਾਂ ਨੂੰ ਵੀ ਇਸ ਕਾਰਜ ਦਾ ਚੇਤਾ ਕਦੇ ਨਹੀਂ ਆਇਆ।

ਮੈਂ ਕਹਿਣਾ ਚਾਹੁੰਦਾ ਹਾਂ ਕਿ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਇਸ ਮਹਾਨ ਸ਼ਹੀਦ ਨੂੰ ਬਣਦਾ ਮਾਣ ਸਨਮਾਨ ਦੁਆਉਣ ਲਈ ਕੋਈ ਜਗ੍ਹਾਂ ਖਰੀਦ ਕੇ ਉਥੇ ਸਰਦਾਰ ਸ਼ਹੀਦ ਊਧਮ ਸਿੰਘ ਦੀ ਯਾਦਗਾਰ ਜਾਂ ਮਿਊਜ਼ੀਅਮ ਬਣਾਉਣਾ ਚਾਹੀਦਾ ਹੈ।

*-ਸਰਵਨ ਸਿੰਘ ਰਾਜੂ, ਸ਼ਿਕਾਗੋ*

### ਬੱਲ ਦਾ ਕਬੱਡੀ ਮੈਚਾਂ 'ਤੇ ਵਿਖਿਆਨ

ਸੰਪਾਦਕ ਜੀਓ,

'ਪੰਜਾਬ ਟਾਈਮਜ਼' ਦੇ 13 ਦਸੰਬਰ ਵਾਲੇ ਅੰਕ 'ਚ ਸ. ਗੁਰਦਿਆਲ ਸਿੰਘ ਬੱਲ ਦਾ ਲਿਖਿਆ ਲੇਖ 'ਸੰਦੀਪ ਸੰਧੂ ਨੇ ਖਾਲਸਾ ਵਾਰੀਅਰਜ਼ ਹੱਥੋਂ ਕਬੱਡੀ ਕੱਪ ਕਿਵੇਂ ਖੋਹਿਆ' ਬਹੁਤ ਪਸੰਦ ਆਇਆ। ਪਹਿਲੀ ਵੇਵ ਕਬੱਡੀ ਲੀਗ ਦੇ ਹੋਏ ਇਨ੍ਹਾਂ ਸਾਰੇ ਮੈਚਾਂ ਦੀ ਉਤਰਾਵਾਂ-ਚੜ੍ਹਾਵਾਂ ਨਾਲ ਵਹਿੰਦੀ ਇਹ ਲੜੀ ਲੰਬੀ ਤਾਂ ਬਹੁਤ ਸੀ ਪਰ ਸ. ਬੱਲ ਦੀ ਮਾਰਮਿਕ ਵਾਰਤਕ ਸ਼ੈਲੀ ਨੇ ਇਸ ਕਥਾ ਵਾਰਤਾ ਨੂੰ ਪਾਠਕਾਂ ਲਈ ਅਕਾਊ ਨਹੀਂ ਬਣਨ ਦਿੱਤਾ। 'ਸਮੁੰਦਰ 'ਚ ਕੁੱਜਾ ਬੰਦ ਕਰਨ' ਵਾਲੀ ਸ. ਬੱਲ ਦੀ ਜ਼ਾਹਰਾ ਕਲਾ ਦਾ ਪ੍ਰਗਟਾਵਾ ਤਾਂ ਹੁੰਦਾ ਹੀ ਹੈ ਪਰ ਜਦੋਂ ਸਾਹਿਤ 'ਚ ਨੋਬਲ ਇਨਾਮ ਲੈਣ ਵਾਲੇ ਅਮਰੀਕਨ ਲੇਖਕ ਅਰਨੈਸਟ ਹਮਿੰਗਵੇ ਦੀ ਬਾਤ ਪਾਈ ਤਾਂ ਉਨ੍ਹਾਂ ਦੀ ਸਾਹਿਤਕ ਲਗਨ ਤੇ ਚੇਟਕ ਵੀ ਭਲੀਭਾਂਤ ਉਜਾਗਰ ਹੋ ਜਾਂਦੀ ਹੈ। ਇਹ ਲੇਖ ਦਿਲਸਚਪ ਬਣਾਉਣ ਲਈ ਸ. ਬੱਲ ਨੇ ਕਈ ਅਖਾਣਾਂ ਅਤੇ ਮੁਹਾਵਰਿਆਂ ਨੂੰ ਵਾਰਤਕ 'ਚ ਸੁਹਜ ਅਤੇ ਸਹਿਜ ਨਾਲ ਗੁੰਦ ਦਿੱਤਾ। 'ਸਿਰ ਧੜ ਦੀ ਬਾਜ਼ੀ ਲਾਉਣਾ', 'ਚੀਤੇ ਦੀ ਫੁਰਤੀ', 'ਹਨੇਰੀ ਲਿਆਈ ਰੱਖਣਾ', 'ਖਾਤਾ ਖੋਲ੍ਹਣਾ', 'ਕਰਤਾਰੀ ਸਮਰੱਥਾ ਵਾਲਾ' ਅਤੇ 'ਲੋਹਾ ਲੈਣਾ' ਇਸ ਦੀਆਂ ਕੁਝ ਮਿਸਾਲਾਂ ਹਨ। ਇਸ ਲੇਖ 'ਚ ਆਏ ਹਿੰਦੀ, ਉਰਦੂ ਅਤੇ ਅੰਗਰੇਜ਼ੀ ਦੇ ਸ਼ਬਦ ਪੰਜਾਬੀਆਂ ਦੀ ਜ਼ੁਬਾਨ 'ਤੇ ਬਹੁਤ ਦੇਰ ਤੋਂ ਵਸ ਚੁਕੇ ਹਨ, ਇਸ ਲਈ ਇਨ੍ਹਾਂ ਸ਼ਬਦਾਂ ਦੀ ਵਰਤੋਂ ਚੁਭਦੀ ਨਹੀਂ।

*-ਕੁਲਦੀਪ ਸਿੰਘ*
*ਯੂਨੀਅਨ ਸਿਟੀ, ਕੈਲੀਫੋਰਨੀਆ।*




# ਸ਼ੀਸ਼ੇ 'ਤੇ ਜੰਮੀ ਬਰਫ

*ਸੁਰਿੰਦਰ ਸੋਹਲ ਦੀ ਕਹਾਣੀ 'ਸ਼ੀਸ਼ੇ 'ਤੇ ਜੰਮੀ ਬਰਫ' ਕਰੂਰ ਹਾਲਾਤ ਵਿਚ ਜ਼ਿੰਦਗੀ ਬਸਰ ਕਰ ਰਹੇ ਸਾਧਾਰਨ ਬੰਦੇ ਦੀ ਕਹਾਣੀ ਹੈ। ਹਾਲਾਤ ਉਸ ਨੂੰ ਬਰਫੀਲੇ ਝੱਖੜਾਂ ਵਾਂਗ ਲਗਾਤਾਰ ਝੰਬਦੇ ਹਨ। ਸਿੱਟੇ ਵਜੋਂ ਦੇਖਦਿਆਂ-ਦੇਖਦਿਆਂ ਬਹੁਤ ਕੁਝ ਹੱਥਾਂ ਵਿਚੋਂ ਕਿਰਦਾ ਜਾਂਦਾ ਹੈ। ਕਹਾਣੀ ਦਾ ਪਾਤਰ ਇਸ ਕੇਰੇ ਦੀ ਭਰਪਾਈ ਲਈ ਉਤਨੀ ਹੀ ਤੀਬਰਤਾ ਨਾਲ ਅਹੁਲਦਾ ਹੈ। ਇਸ ਤੀਬਰਤਾ ਅਤੇ ਕਾਹਲ ਕਾਰਨ ਉਹ ਬਹੁਤ ਵਾਰ ਸੁੱਤੇ-ਸਿੱਧੇ ਹੀ ਕਿਸੇ ਦੂਜੇ ਬੰਦੇ ਨਾਲ ਹੋਣ ਵਾਲੀ ਜ਼ਿਆਦਤੀ ਬਾਬਤ ਵੀ ਬਹਾਨੇ ਘੜਦਾ ਹੈ। ਇਹ ਅਸਲ ਵਿਚ ਡੋਲ ਰਹੇ ਮਨ ਦੀ ਉਹ ਅਵਸਥਾ ਹੈ ਜਿਸ ਦੇ ਇਸ ਪਾਰ ਇਨਸਾਨੀਅਤ ਅਤੇ ਉਸ ਪਾਰ ਇਨਸਾਨੀਅਤ ਦੇ ਮੱਥੇ ਉਤੇ ਪੈਣ ਵਾਲੇ ਦਾਗ ਹਨ। ਸੋਹਲ ਨੇ ਬੰਦੇ ਅੰਦਰ ਪਨਪ ਰਹੇ ਇਸ ਤਣਾਅ ਨੂੰ ਬਹੁਤ ਸੂਖਮ ਛੋਹਾਂ ਦਿੱਤੀਆਂ ਹਨ ਅਤੇ ਆਖਰਕਾਰ ਮਾਨਵੀ ਤਰਕਾਂ ਦਾ ਪਲੜਾ ਭਾਰੀ ਪੈ ਜਾਂਦਾ ਹੈ। ਸੁਰਿੰਦਰ ਸੋਹਲ ਦੀ ਇਹ ਕਹਾਣੀ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ*

ਆਖ਼ਿਰ ਮੈਂ ਡਾਲਰਾਂ ਦਾ ਭਰਿਆ ਬਟੂਆ ਲੈ ਕੇ ਭੱਜਣ ਦਾ ਮਨ ਬਣਾ ਹੀ ਲਿਆ।

ਨੈਵੀਗੇਸ਼ਨ ਵਿਚੋਂ ਮੈਂ ਫਟਾ-ਫਟ ਕੰਬਦੇ ਹੱਥਾਂ ਅਤੇ ਧੜਕਦੇ ਦਿਲ ਨਾਲ ਘਰ ਦਾ ਸਿਰਨਾਵਾਂ ਕੱਢਿਆ ਅਤੇ 'ਗੋ' ਦੱਬ ਦਿੱਤਾ। ਨੈਵੀਗੇਸ਼ਨ ਮੈਨੂੰ, ਜਦੋਂ ਸੰਭਵ ਹੋਵੇ, 'ਯੂ ਟਰਨ' ਮਾਰਨ ਬਾਰੇ ਕਹਿ ਰਿਹਾ ਸੀ। ਯੈਲੋਕੈਬ ਵਿਚ ਹੀਟ ਚੱਲਦੀ ਹੋਣ ਕਰ ਕੇ ਪੂਰਾ ਨਿੱਘ ਸੀ, ਪਰ ਮੇਰਾ ਸਰੀਰ ਕੰਬ ਰਿਹਾ ਸੀ, ਜਿਵੇਂ ਕਿਸੇ ਹੋਣ ਜਾ ਰਹੇ ਗੁਨਾਹ ਦਾ ਅਹਿਸਾਸ ਮੈਨੂੰ ਝੰਜੋੜ ਰਿਹਾ ਹੋਵੇ, ਪਰ ਮੈਂ ਮਨ ਕਰੜਾ ਕਰ ਕੇ ਭੱਜ ਜਾਣ ਦਾ ਮਨ ਬਣਾ ਹੀ ਲਿਆ ਸੀ।

ਗੋਰਾ ਸੜਕ ਦੇ ਦੂਜੇ ਪਾਸੇ ਖੜ੍ਹਾ ਅਜੇ ਵੀ ਪੈਂਟ ਅਤੇ ਕੋਟ ਦੀਆਂ ਜੇਬਾਂ ਵਿਚ ਹੱਥ ਮਾਰ-ਮਾਰ ਕੇ ਆਪਣਾ ਬਟੂਆ ਟੋਲ ਰਿਹਾ ਸੀ। ਤੇਜ਼ ਚਲਦੀ ਹਵਾ ਵਿਚ ਉਹ ਕਈ ਵਾਰ ਇੰਜ ਘੁੰਮ ਜਾਂਦਾ ਸੀ, ਜਿਵੇਂ ਤੇਜ਼ ਹਵਾ ਦੀ ਜ਼ੱਦ ਵਿਚ ਆ ਕੇ ਪਤੰਗ ਭੁਆਂਟਣੀਆਂ ਖਾ ਜਾਂਦਾ ਹੈ।

ਜਦੋਂ ਮੈਂ ਉਸ ਨੂੰ 'ਮੀਟ ਪੈਕਿੰਗ ਡਿਸਟ੍ਰਿਕਟ' ਵਿਚੋਂ ਚੁੱਕਿਆ ਸੀ ਤਾਂ ਉਸ ਦੇ ਸ਼ਰਾਬੀ ਹੋਣ ਦਾ ਪਤਾ ਨਹੀਂ ਸੀ ਲੱਗਿਆ। ਉਸ ਨੇ ਹੱਥ ਉਠਾਇਆ ਸੀ। ਮੈਂ ਕੈਬ ਉਸ ਕੋਲ ਜਾ ਰੋਕੀ ਸੀ। ਉਸ ਨੇ ਬਾਰੀ ਕੋਲ ਆ ਕੇ ਸ਼ੀਸ਼ਾ ਨੀਵਾਂ ਕਰਨ ਦਾ ਇਸ਼ਾਰਾ ਕੀਤਾ ਸੀ। ਮੈਂ ਸ਼ੀਸ਼ਾ ਹੇਠਾਂ ਕੀਤਾ ਤਾਂ ਉਸ ਨੇ ਪੁੱਛਿਆ ਸੀ,



ਸੁਰਿੰਦਰ ਸੋਹਲ

'ਨਿਊ ਜਰਸੀ, ਓ.ਕੇ.?'

'ਕਿਹੜੇ ਸ਼ਹਿਰ?' ਮੈਂ ਪੁੱਛਿਆ।

ਉਸ ਨੇ ਜਵਾਬ ਦਿੱਤਾ ਸੀ। ਠੰਢੀ ਤੇਜ਼ ਹਨੇਰੀ ਦੇ ਬੁੱਲੇ ਵਿਚ ਉਸ ਦੇ ਬੋਲ ਮੇਰੇ ਕੰਨਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਖ਼ਲਾਅ ਵਿਚ ਬਿਖਰ ਗਏ ਸਨ। ਸ਼ਹਿਰ ਦਾ ਨਾਮ ਮੈਨੂੰ ਸਮਝ ਨਹੀਂ ਸੀ ਆਇਆ।

ਮੈਂ ਪੁੱਛਿਆ ਸੀ, 'ਜਰਸੀ ਸਿਟੀ?'

'ਆਲਮੋਸਟ।'

ਹੁਣ ਮੈਨੂੰ ਸਮਝ ਆਈ ਸੀ। ਉਸ ਦੇ ਬੋਲ ਹਵਾ ਵਿਚ ਨਹੀਂ ਸਨ ਬਿਖਰੇ, ਨਸ਼ੇ ਕਾਰਨ ਉਸ ਦੀ ਜ਼ਬਾਨ ਥਥਲਾ ਗਈ ਸੀ।

ਉਹ ਪਿਛਲੀ ਬਾਰੀ ਖੋਲ੍ਹ ਕੇ ਅੰਦਰ ਬੈਠ ਗਿਆ ਸੀ।

ਮੈਂ ਭਾਅ ਦੱਸਿਆ, 'ਫੋਰਟੀ ਫਾਈਵ ਪਲੱਸ ਟੋਲ। ਟੋਟਲ ਫ਼ਿਫ਼ਟੀ ਥਰੀ ਡਾਲਰ।'

'ਓ.ਕੇ.।'

'ਤੁਹਾਨੂੰ ਰਸਤਾ ਪਤੈ?'

'ਹਾਂ ਲਿੰਕਨ ਟਨਲ ਲਵੋ।' ਉਸ ਦੀ ਆਵਾਜ਼ ਲਹਿਰਾ ਰਹੀ ਸੀ, ਜਿਵੇਂ ਹਵਾ ਵਿਚ ਦਰਖ਼ਤਾਂ ਦੀਆਂ ਡਾਲੀਆਂ ਲਹਿਰਾਉਂਦੀਆਂ ਹਨ।

ਮੀਟ ਪੈਕਿੰਗ ਡਿਸਟ੍ਰਿਕਟ ਦੀਆਂ ਕੁਝ ਸੜਕਾਂ 'ਤੇ ਇੱਟਾਂ ਲੱਗੀਆਂ ਹੋਈਆਂ ਹਨ। ਕੁਝ ਲੋਕ ਕਹਿੰਦੇ ਨੇ ਪੁਰਾਣੀ ਯਾਦ ਸੰਭਾਲ ਕੇ ਰੱਖੀ ਹੋਈ ਹੈ। ਉਂਜ ਸਾਰੇ ਸ਼ਹਿਰ ਦੀਆਂ ਸੜਕਾਂ ਨਵੀਂ ਤਕਨੀਕ ਨਾਲ ਬਣਾਈਆਂ ਹੋਈਆਂ ਹਨ, ਪਰ ਮੀਟ ਪੈਕਿੰਗ ਡਿਸਟ੍ਰਿਕਟ, ਟ੍ਰਾਈਬੈਕਾ ਆਦਿ ਮੁਹੱਲਿਆਂ ਦੀ ਪੁਰਾਤਨਤਾ ਨੂੰ 'ਇੱਟਾਂ ਵਾਲੀਆਂ ਪੁਰਾਣੇ ਰਿਵਾਜ ਦੀਆਂ ਸੜਕਾਂ' ਦੇ ਰੂਪ ਵਿਚ ਸੰਭਾਲਣ ਦੀ ਕੋਸ਼ਿਸ਼ ਕੀਤੀ ਗਈ ਹੈ। ਮੇਰੀ ਕੈਬ ਇੱਟਾਂ ਦੀ ਸੜਕ 'ਤੇ ਡਿੱਕੇ ਡੋਲੇ ਖਾਂਦੀ ਜਾ ਰਹੀ ਸੀ।

ਹੁਣ ਮੈਂ ਸੋਚਿਆ, ਮੀਟ ਪੈਕਿੰਗ ਡਿਸਟ੍ਰਿਕਟ ਦੀ ਪੁਰਾਤਨਤਾ ਦੀ ਵਿਰਾਸਤ ਨੂੰ ਤਾਂ 'ਇੱਟਾਂ ਦੀਆਂ ਸੜਕਾਂ' ਦੇ ਰੂਪ ਵਿਚ ਹੀ ਸੰਭਾਲ ਲਿਆ ਸੀ, ਪਰ ਜਿਸ 'ਵਾਰਿਸ' ਨੂੰ ਮੈਂ ਸੰਭਾਲ-ਸੰਭਾਲ ਕੇ ਘਰ ਤੱਕ ਲਿਆਇਆ ਸਾਂ, ਉਹ ਕਿਹੜੀ ਵਿਰਾਸਤ ਦੀ ਨੁਮਾਇੰਦਗੀ ਕਰ ਰਿਹਾ ਸੀ।

ਅਜੇ ਬਾਰਾਂ ਹੀ ਵੱਜੇ ਸਨ। ਵੀਰਵਾਰ ਦੀ ਰਾਤ ਹੋਣ ਕਰ ਕੇ ਮੀਟ ਪੈਕਿੰਗ ਡਿਸਟ੍ਰਿਕਟ ਵਿਚ ਅਜੇ ਵੀ ਸਵਾਰੀਆਂ ਦੀ ਰੌਣਕ ਸੀ। ਮੈਂ ਸਵਾਰੀਆਂ ਦਾ ਹਿਸਾਬ ਲਾਇਆ। ਅਠਾਰਾਂ ਸਵਾਰੀਆਂ ਚੁੱਕ ਲਈਆਂ ਸਨ। ਇਕ ਗੇੜਾ ਏਅਰਪੋਰਟ ਦਾ ਵੀ ਲੱਗ ਗਿਆ ਸੀ। ਢਾਈ ਸੌ ਤੋਂ ਉਪਰ ਡਾਲਰ ਬਣ ਗਏ ਸਨ। ਪੰਤਾਲੀਆਂ ਦੀ ਇਹ ਸਵਾਰੀ ਮਿਲ ਗਈ ਸੀ। ਪੰਜ ਦਸ ਇਸ ਨੇ ਟਿੱਪ ਦੇ ਜਾਣੀ ਸੀ। ਇਸ ਨਾਲ ਮੇਰਾ ਗੈਸ ਦਾ ਖ਼ਰਚਾ ਨਿਕਲ ਜਾਣਾ ਸੀ। ਉਂਜ ਵੀ ਮੈਂ ਨਿਊ ਜਰਸੀ ਜਾ ਰਿਹਾ ਸਾਂ। ਗੈਸ ਉਥੋਂ ਭਰਾ ਲੈਣੀ ਸੀ। ਨਿਊ ਯਾਰਕ ਨਾਲੋਂ ਉਥੋਂ ਦਾ ਚਾਲੀ-ਪੰਜਾਹ ਸੈਂਟ ਦਾ ਫਰਕ ਹੁੰਦਾ ਹੈ। ਜੇ ਦਸ ਗੈਲਨਾਂ ਵੀ ਭਰੀਆਂ ਤਾਂ ਚਾਰ-ਪੰਜ ਡਾਲਰ ਉਹ ਬਚ ਜਾਣੇ ਸਨ। ਜਾਣ ਨੂੰ ਪੰਦਰਾਂ-ਵੀਹ ਮਿੰਟ ਲਗਣੇ ਸਨ। ਪੰਦਰਾਂ-ਵੀਹ ਮਿੰਟ ਆਉਣ ਨੂੰ ਅੱਧੇ ਪੌਣੇ ਘੰਟੇ ਵਿਚ ਪੰਜਾਹ-ਪਚਵੰਜਾ ਡਾਲਰ ਤੇ ਨਾਲ ਗੈਸ ਦੀ ਬਚਤ। ਮੁੜ ਕੇ ਆਉਂਦੇ ਨੂੰ ਸ਼ਹਿਰ ਅਜੇ ਪੂਰਾ ਗਰਮ ਹੋਣਾ ਸੀ।

ਮੀਟ ਪੈਕਿੰਗ ਡਿਸਟ੍ਰਿਕਟ ਵਿਚੋਂ ਨਿਕਲਣ ਲਈ ਮੈਂ ਚੌਦਾਂ ਸਟਰੀਟ ਤੋਂ ਖੱਬੀ ਟਰਨ ਮਾਰੀ। ਦਸਵੇਂ ਐਵਨਿਊ ਤੋਂ ਸੱਜੀ। ਤੀਹ ਸਟਰੀਟ ਤੋਂ ਸੱਜੀ ਟਰਨ ਮਾਰਨ ਤੋਂ ਪਹਿਲਾਂ ਪਹਿਲਾਂ, ਲਾਲ ਬੱਤੀ ਹੋਣ 'ਤੇ ਮੈਂ ਮੀਟਰ ਵਿਚ 'ਫਲੈਟ ਰੇਟ' ਭਰ ਲਿਆ ਸੀ। ਟਨਲ ਲੰਘਣ ਲੱਗੇ ਟੋਲ ਆਪੇ 'ਐਡ' ਹੋ ਜਾਣਾ ਸੀ। ਲਾਲ ਅੱਖਰਾਂ ਵਿਚ ਪੰਤਾਲੀ ਡਾਲਰ ਚਮਕਦੇ ਦੇਖ ਕੇ ਮੇਰਾ ਦਿਲ ਉਡੂੰ-ਉਡੂੰ ਕਰ ਰਿਹਾ ਸੀ, ਜਿਵੇਂ ਚੰਨ ਵੱਲ ਦੇਖਦੀ ਚਕੋਰੀ ਦੇ ਮਨ ਵਿਚ ਕੋਈ ਅਗੰਮੀ ਉਡਾਣ ਉਪਜਦੀ ਹੋਵੇ।

ਟਨਲ ਪਾਰ ਕਰ ਕੇ ਮੈਂ ਰਸਤਾ ਪੁੱਛਣ ਲਈ ਸਵਾਰੀ ਨੂੰ ਆਵਾਜ਼ ਦਿੱਤੀ, 'ਸਰ, ਹੁਣ ਕਿਹੜੇ ਪਾਸੇ ਮੁੜਨਾ ਹੈ?'

ਕੋਈ ਆਵਾਜ਼ ਨਾ ਆਈ। ਮੈਂ ਫੇਰ ਪੁੱਛਿਆ। ਸੰਘਣੀ, ਯਖ਼ ਚੁੱਪ ਸੀ। ਮੈਂ ਗੱਡੀ ਜ਼ਰਾ ਹੌਲੀ ਕਰ ਕੇ ਧੌਣ ਘੁੰਮਾ ਕੇ ਪਾਰਟੀਸ਼ਨ ਵਿਚ ਬਣੀ ਖਿੜਕੀ ਥਾਣੀਂ ਦੇਖਿਆ। ਗੋਰਾ ਘੂਕ ਸੁੱਤਾ ਪਿਆ ਸੀ।

'ਲਗਦਾ ਪੰਗਾ ਈ ਲੈ ਲਿਆ।' ਪੰਜਾਹ-ਪਚਵੰਜਾ ਡਾਲਰ ਦਾ ਚਾਅ ਤਾਂ ਉਦੋਂ ਹੀ ਹਵਾ ਵਿਚ ਉਡਦੇ ਪੱਤੇ ਵਾਂਗ ਹਨ੍ਹੇਰੇ ਵਿਚ ਕਿਧਰੇ ਉਡ-ਪੁੱਡ ਗਿਆ ਸੀ।

ਮੈਂ ਪਾਰਟੀਸ਼ਨ ਖੜਕਾਈ। ਫੇਰ ਹੋਰ ਜ਼ੋਰ ਦੀ। ਉਹ ਤ੍ਰਭਕ ਕੇ ਉਠਿਆ, 'ਯੈਸ?'

'ਸਰ, ਕਿਹੜੇ ਰਸਤੇ ਮੁੜਨਾ ਹੈ?' ਮੇਰੇ ਕੋਲੋਂ ਕਾਹਲੀ ਵਿਚ 'ਹੋਬੋਕਨ' ਸ਼ਹਿਰ ਦਾ ਐਗਜ਼ਿਟ ਕੱਢਿਆ ਗਿਆ।

'ਹਾਂ...ਆਂ।'

ਅੱਗੇ ਇੰਟਰਸੈਕਸ਼ਨ ਆ ਗਿਆ। ਮੈਂ ਪੁੱਛਿਆ, 'ਸਰ ਖੱਬੇ ਮੁੜ ਜਾਵਾਂ?'

'ਹਾਂ।'

ਖੱਬੇ ਮੁੜ ਕੇ ਕੁਝ ਲਾਈਟਾਂ ਪਾਰ ਕਰ ਕੇ ਮੈਂ ਪਿੱਛੇ ਦੇਖਿਆ। ਉਹ ਘੁਰਾੜੇ ਮਾਰ ਰਿਹਾ ਸੀ। ਸ਼ਰਾਬ ਦੀ ਬਦਬੂ ਮੇਰੇ ਨੱਕ ਵਿਚ ਜਲੂਣ ਛੇੜਨ ਲੱਗ ਪਈ ਸੀ। ਉਦੋਂ ਮੈਨੂੰ ਮਹਿਸੂਸ ਹੋਇਆ, ਉਸ ਨੇ ਬਹੁਤ ਜ਼ਿਆਦਾ ਪੀਤੀ ਹੋਈ ਸੀ।

'ਸਰ...ਸਰ', ਮੈਂ ਫਿਰ ਪਾਰਟੀਸ਼ਨ ਖੜਕਾਈ, 'ਸਰ ਬਾਹਰ ਦੇਖੋ, ਅਸੀਂ ਠੀਕ ਜਾ ਰਹੇ ਹਾਂ?'

'ਆਂ... ਗੋ ਸਟਰੇਟ।'

ਮੀਲ ਕੁ ਜਾ ਕੇ ਉਹ ਵੱਡੀ ਸੜਕ ਖੁਰਦੀ-ਖੁਰਦੀ ਤੰਗ ਹੁੰਦੀ ਗਈ। ਸੜਕ ਦੇ ਦੁਆਲੇ ਬਰਫ਼ ਦੇ ਢੇਰ ਸਨ। ਖੱਬੇ ਬੰਨੇ ਕਾਰਾਂ ਬਰਫ ਨਾਲ ਢਕੀਆਂ ਖਲੋਤੀਆਂ ਸਨ। ਵਿਚੋਂ ਵੀ ਸੜਕ ਬਹੁਤੀ ਸਾਫ ਨਹੀਂ ਸੀ। ਕਦੇ-ਕਦੇ ਗੱਡੀ ਤਿਲਕ ਵੀ ਜਾਂਦੀ। ਚੁਫੇਰੇ ਸੁੰਨਸਾਨ ਸੀ। ਮੇਰੇ ਅੱਗੇ-ਪਿੱਛੇ ਕੋਈ ਗੱਡੀ ਨਹੀਂ ਸੀ। ਖੱਬੇ ਹੱਥ ਪੰਦਰਾਂ-ਪੰਦਰਾਂ, ਵੀਹ-ਵੀਹ ਮੰਜ਼ਿਲਾ ਇਮਾਰਤਾਂ ਤੇ ਸੱਜੇ ਹੱਥ ਦੂਰ ਤੱਕ ਫੈਲਿਆ ਹੋਇਆ ਚਿਪਚਿਪਾ ਹਨ੍ਹੇਰਾ। ਸੰਘਣੇ ਹਨ੍ਹੇਰੇ ਤੋਂ ਦੂਰ ਤਾਰਿਆਂ ਵਾਂਗ ਬੱਤੀਆਂ ਜਗ ਰਹੀਆਂ ਸਨ। ਜਿਵੇਂ ਕਹਿਕਸ਼ਾਂ ਧਰਤੀ 'ਤੇ ਉਤਰ ਆਇਆ ਹੋਵੇ, ਪਰ ਮੈਨੂੰ ਕਹਿਕਸ਼ਾਂ ਵੀ ਧੁੰਦਲਾ ਧੁੰਦਲਾ ਦਿਸ ਰਿਹਾ ਸੀ। ਕਹਿਕਸ਼ਾਂ ਵਿਚ ਤੇਜ ਨਹੀਂ ਸੀ ਰਿਹਾ ਜਾਂ ਮੇਰੀ ਅੱਖਾਂ ਦੀ ਲੋਅ ਉਪਰ ਖਰਾਬ ਹੋਣ ਜਾ ਰਹੀ ਦਿਹਾੜੀ ਦੀ ਚਿੰਤਾ ਦਾ ਪਰਦਾ ਪੈ ਗਿਆ ਸੀ।

ਮੈਂ ਗੱਡੀ ਖੜ੍ਹੀ ਕਰ ਲਈ।

ਪਾਰਟੀਸ਼ਨ ਖੜਕਾ ਕੇ ਮੈਂ ਗੋਰੇ ਨੂੰ ਫਿਰ ਜਗਾਇਆ, 'ਸਰ ਤੁਹਾਨੂੰ ਪਤਾ ਹੈ, ਤੁਸੀਂ ਜਾਣਾ ਕਿਥੇ ਹੈ?'

'ਹਾਂ।'

'ਕਿਹੜੇ ਸ਼ਹਿਰ।'

'ਮੌਂ...ਟ...।' ਕਹਿ ਕੇ ਉਸ ਨੇ ਫਿਰ ਧੌਣ ਸੁੱਟ ਲਈ।

'ਕਿਹੜਾ?' ਮੈਂ ਆਮ ਨਾਲੋਂ ਉਚੀ ਆਵਾਜ਼ ਵਿਚ ਕਿਹਾ। ਗਲਤ ਸਵਾਰੀ ਚੁੱਕੇ ਜਾਣ ਕਰ ਕੇ ਮੇਰਾ ਸਰੀਰ ਪਛਤਾਵੇ ਅਤੇ ਗੁੱਸੇ ਨਾਲ ਹਲਕਾ-ਹਲਕਾ ਕੰਬਣ ਲੱਗ ਪਿਆ ਸੀ, ਜਿਵੇਂ ਮੇਰਾ ਬਲੱਡ ਪ੍ਰੈਸ਼ਰ ਵਧ ਰਿਹਾ ਹੋਵੇ।

'ਮੌਂਟ...ਕ...ਲੇਅਰ।'

ਮੈਂ ਨੈਵੀਗੇਸ਼ਨ ਆਨ ਕੀਤਾ। ਉਸ ਵਿਚ ਨਿਊ ਜਰਸੀ ਸਟੇਟ ਤਾਂ ਆਪਣੇ ਆਪ ਹੀ ਆ ਗਈ ਸੀ। ਫਿਰ ਸ਼ਹਿਰ ਮੌਂਟਕਲੇਅਰ ਪਾਇਆ।

'ਸਰ ਹਾਊਸ ਨੰਬਰ।'

ਉਸ ਨੇ ਘਰ ਦਾ ਨੰਬਰ ਦੱਸਿਆ।

'ਸਟਰੀਟ।'

ਉਸ ਨੇ ਮੀਟੀਆਂ ਅੱਖਾਂ ਖੋਲ੍ਹਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ, 'ਫ਼ਰੈਂਕਲਿਨ ਸਟਰੀਟ।'

ਜਦੋਂ ਨੈਵੀਗੇਸ਼ਨ ਨੇ ਇਹ ਸਿਰਨਾਂਵਾਂ ਸਵੀਕਾਰ ਕਰ ਲਿਆ ਤਾਂ ਮੈਂ ਡੂੰਘਾ ਸਾਹ ਲਿਆ। ਸਰਦੀ ਮਾਰੇ ਬੰਦੇ ਨੂੰ ਜਿਵੇਂ ਦੂਰ ਕਿਤੇ ਧੂੰਆਂ ਨਜ਼ਰ ਆ ਗਿਆ ਹੋਵੇ। ਸਿਰਫ ਧੂੰਆਂ ਹੀ, ਜ਼ਰੂਰੀ ਨਹੀਂ, ਜਾਂਦੇ ਨੂੰ ਅੱਗ ਵੀ ਬਲਦੀ ਮਿਲੇ। ਮੈਨੂੰ ਵੀ ਤਾਂ ਸਿਰਫ ਸਿਰਨਾਂਵਾਂ ਹੀ ਪਤਾ ਲੱਗਾ ਸੀ, ਭਾੜਾ ਕੀ ਪਤਾ ਮਿਲੇ ਕਿ ਨਾ।

ਨੈਵੀਗੇਸ਼ਨ ਰਾਹੀਂ ਮੈਂ ਫਾਸਲਾ ਕੱਢਿਆ, ਏਥੋਂ ਪੂਰੇ ਵੀਹ ਮੀਲ ਬਣਦੇ ਸਨ। ਮੈਂ ਝੱਟ 'ਰੇਟ ਬੁੱਕ' ਕੱਢੀ। ਸ਼ੂਗਰ ਨੇ ਨਜ਼ਰ ਵੀ ਤਾਂ ਕਮਜ਼ੋਰ ਕੀਤੀ ਹੋਈ ਸੀ। ਰੇਟ ਲੱਭਣ ਨੂੰ ਵੀ ਮੁਸ਼ਕਿਲ ਆ ਰਹੀ ਸੀ। ਸ਼ਹਿਰ ਤੋਂ ਮੌਂਟਕਲੇਅਰ ਦਾ ਕਿਰਾਇਆ ਬਹੱਤਰ ਡਾਲਰ ਬਣਦਾ ਸੀ। ਮੈਂ ਪੰਤਾਲੀਆਂ ਵਿਚ ਲੈ ਤੁਰਿਆ ਸਾਂ। ਦਿਲ ਕੀਤਾ, ਉਚੀ ਆਵਾਜ਼ ਵਿਚ ਗਾਲ੍ਹ ਕੱਢਾਂ, ਪਰ ਕਿਸ ਨੂੰ? ਆਪਣੇ ਆਪ ਨੂੰ ਜਾਂ ਸਵਾਰੀ ਨੂੰ? ਸ਼ਹਿਰੋਂ ਤੁਰਨ ਲੱਗੇ ਨੇ ਸ਼ਹਿਰ ਦਾ ਨਾਂ ਚੰਗੀ ਤਰ੍ਹਾਂ ਕਿਉਂ ਨਾ ਪੁੱਛ ਲਿਆ। ਉਦੋਂ ਤਾਂ ਪੰਤਾਲੀਆਂ ਡਾਲਰਾਂ ਨੇ ਏਨੀ ਕਾਹਲੀ ਪਾ ਦਿੱਤੀ ਸੀ ਕਿ ਉਸ ਨੇ ਗੱਡੀ ਵਿਚ ਬੈਠ ਕੇ ਦਰਵਾਜ਼ਾ ਵੀ ਚੰਗੀ ਤਰ੍ਹਾਂ ਬੰਦ ਨਹੀਂ ਸੀ ਕੀਤਾ ਕਿ ਮੈਂ ਗੱਡੀ ਝੱਟ ਤੋਰ ਲਈ ਸੀ, ਜਿਵੇਂ ਕਿਸੇ ਦੂਜੇ ਕੈਬੀ ਨੇ ਇਸ ਨੂੰ ਮੇਰੀ ਗੱਡੀ ਵਿਚੋਂ ਧੂਹ ਕੇ ਲੈ ਜਾਣਾ ਹੋਵੇ।

ਮੇਰਾ ਦਿਲ ਬੈਠਦਾ ਜਾਂਦਾ ਸੀ।

ਰੁਕਦੇ ਕਰਦੇ ਦਾ ਮੇਰਾ ਅੱਧਾ ਘੰਟਾ ਖ਼ਰਾਬ ਹੋ ਚੁੱਕਾ ਸੀ। ਮੇਰਾ ਦਿਲ ਕੀਤਾ, ਉਸ ਨੂੰ ਇਥੇ ਹੀ ਉਤਾਰ ਦਿਆਂ। ਚੁੱਪ-ਚੁਪੀਤਾ ਸ਼ਹਿਰ ਮੁੜ ਜਾਵਾਂ। ਵੀਹ ਕੁ ਮਿੰਟਾਂ ਵਿਚ ਮੈਂ ਸ਼ਹਿਰ ਵਾਪਸ ਪਹੁੰਚ ਜਾਣਾ ਸੀ। ਬਰਬਾਦ ਹੋਇਆ ਵਕਤ 'ਕਵਰ' ਹੋ ਸਕਦਾ ਸੀ। ਮੇਰੀਆਂ ਅੱਖਾਂ ਅੱਗੇ ਹੱਥ ਚੁੱਕੀ ਸਵਾਰੀਆਂ ਘੁੰਮ ਰਹੀਆਂ ਸਨ। ਉਨ੍ਹਾਂ ਦੇ ਹੱਥ ਜਿਵੇਂ ਮੇਰੇ ਦਿਲ ਦੇ ਆਰ-ਪਾਰ ਹੋ ਰਹੇ ਹੋਣ।

ਬਾਹਰ ਬਰਫ ਦੇ ਢੇਰ ਸਨ। ਗੱਡੀ ਤੋਂ ਬਾਹਰ ਠੰਢ ਹੱਡਾਂ ਦੇ ਆਰ-ਪਾਰ ਹੋ ਰਹੀ ਸੀ। ਲਾਗੇ-ਚਾਗੇ ਕੋਈ ਆਸਰਾ ਵੀ ਨਹੀਂ ਸੀ। ਮੇਰੇ ਅੰਦਰ ਹਲਕਾ ਜਿਹਾ ਦਵੰਦ ਪੈਦਾ ਹੋਇਆ। ਇਸ ਨੂੰ ਏਨੀ ਠੰਢ ਵਿਚ ਉਤਾਰ ਦਿਆਂ? ਇਕ ਪਾਸੇ ਮੇਰੀ ਖਰਾਬ ਹੋ ਰਹੀ ਦਿਹਾੜੀ ਦਾ ਝੋਰਾ ਸੀ। ਦੂਜੇ ਪਾਸੇ ਮੇਰਾ ਡਰਾਈਵਰ ਦਾ ਧਰਮ। ਮੁਸਾਫ਼ਿਰ ਨੂੰ ਉਸ ਦੀ ਮੰਜ਼ਿਲ ਤੱਕ ਪਹੁੰਚਾਉਣ ਦਾ ਧਰਮ। ਕੁਝ ਪਲ ਮੈਨੂੰ ਆਪਣਾ ਆਪ 'ਵਾਸਦੇਵ'[1] ਵਰਗਾ ਲੱਗਿਆ।

ਵਾਸਦੇਵ ਵਾਸਤੇ ਬੇੜੀ ਬੇੜੀ ਨਹੀਂ। ਚੱਪੂ ਚੱਪੂ ਨਹੀਂ। ਦਰਿਆ ਦਰਿਆ ਨਹੀਂ। ਮੁਸਾਫ਼ਰ ਮੁਸਾਫ਼ਰ ਨਹੀਂ। ਦਰਿਆ ਪਾਰ ਕਰਾਉਣ ਦੇ ਅਰਥ ਉਸ ਲਈ ਨਹੀਂ ਜੋ ਦੇਖਣ ਨੂੰ ਹਨ। ਉਹ ਤਾਂ ਦਰਿਆ ਤੋਂ 'ਸੁਣਨਾ' ਵੀ ਸਿਖਦਾ ਹੈ। ਜ਼ਿੰਦਗੀ ਵਿਚ 'ਤਰਨਾ' ਕਿਵੇਂ ਹੈ, ਵੀ ਸਿਖਦਾ ਹੈ। ਉਸ ਲਈ ਮੰਜ਼ਿਲ ਕਿਸੇ ਗਹਿਰੇ ਮਰਮ ਦੀ ਨਿਆਂਈ ਹੈ।

ਇਕ ਪਲ ਲਈ ਮੈਨੂੰ ਲੱਗਿਆ, ਮੈਂ ਸਾਧਾਰਨ ਆਦਮੀ ਨਹੀਂ ਸਾਂ। ਵਿਅਕਤੀ ਵਿਸ਼ੇਸ਼ ਸਾਂ ਜੋ ਭੁੱਲੇ-ਭਟਕਿਆਂ ਨੂੰ ਰਾਹ ਹੀ ਨਹੀਂ ਦਿਖਾਉਂਦਾ, ਮੰਜ਼ਿਲ ਤੱਕ ਪਹੁੰਚਾ ਕੇ ਹੀ ਸਾਹ ਲੈਂਦਾ ਸੀ। ਮੈਨੂੰ ਆਪਣਾ ਆਪ ਰਹਿਬਰ ਵਿਚ ਵਟਦਾ ਤੇ ਵਾਸਦੇਵ ਨਾਲ ਇਕਮਿਕ ਹੁੰਦਾ ਮਹਿਸੂਸ ਹੋਇਆ।

ਪਰ ਕੀ ਇਸ ਸ਼ਰਾਬੀ ਗੋਰੇ ਨੂੰ ਇਸ ਗੱਲ ਦਾ ਅਹਿਸਾਸ ਹੋ ਸਕਦਾ ਸੀ ਕਿ ਉਹ ਕਿਸ ਵਿਅਕਤੀ ਵਿਸ਼ੇਸ਼ ਨਾਲ ਸਫਰ ਕਰ ਰਿਹਾ ਸੀ। ਉਸ ਲਈ ਤਾਂ ਮੈਂ ਮਹਿਜ਼ ਟੈਕਸੀ ਡਰਾਈਵਰ ਸਾਂ ਜਿਸ ਨੂੰ ਉਸ ਨੇ ਕਿਰਾਇਆ ਦੇਣਾ ਸੀ ਬਸ...।

ਮੈਂ ਉਸ ਬਾਰੇ ਕੀ ਸੋਚ ਰਿਹਾ ਸਾਂ। ਉਹ ਕੀ ਸੋਚ ਰਿਹਾ ਹੋਵੇਗਾ? ਉਸ ਨੇ ਮੇਰੇ ਬਾਰੇ ਕੀ ਸੋਚਣਾ, ਉਸ ਨੂੰ ਤਾਂ ਆਪਣੀ ਵੀ ਹੋਸ਼ ਨਹੀਂ, ਪਰ ਕੁਝ ਨਾ ਕੁਝ ਤਾਂ ਸੋਚਦਾ ਹੀ ਹੋਵੇਗਾ।

ਮੇਰੀ ਸੋਚ ਦੀ ਪਗਡੰਡੀ ਵਿਚ ਇਹ ਕੌਣ ਤੁਰਿਆ ਆ ਰਿਹਾ ਸੀ? ਮੁਸ਼ਤਾਕ ਸੂਫ਼ੀ?[2] ਉਹ ਅਕਸਰ ਕਹਿੰਦਾ ਹੈ, 'ਆਪਾਂ ਨਹੀਂ ਜਾਣਦੇ, ਦੁਨੀਆਂ ਦੇ ਬੰਦੇ ਕੀ ਕੀ ਸੋਚਦੇ ਨੇ। ਦਸ ਬੰਦੇ ਇਕੋ ਚੀਜ਼ ਨੂੰ ਦੇਖ ਰਹੇ ਹੋਣ, ਆਪਾਂ ਸੋਚਦੇ ਹਾਂ, ਉਹ ਵੀ ਉਸ ਚੀਜ਼ ਬਾਰੇ ਸਾਡੇ ਵਾਂਗੂੰ ਸੋਚਦੇ ਨੇ। ਨਾ। ਤੁਹਾਡੀ ਪਤਨੀ ਹਰ ਵੇਲੇ ਤੁਹਾਡੇ ਨਾਲ ਰਹਿੰਦੀ ਹੈ। ਉਹ ਕਿਵੇਂ ਸੋਚਦੀ ਹੈ, ਤੁਹਾਨੂੰ ਪਤਾ ਲੱਗ ਜਾਵੇ, ਤੁਸੀਂ ਕੰਧਾਂ ਵਿਚ ਸਿਰ ਮਾਰੋਗੇ। ਤੁਹਾਡੀ ਪਤਨੀ ਨੂੰ ਪਤਾ ਲੱਗ ਜਾਵੇ, ਤੁਸੀਂ ਕਿਵੇਂ ਸੋਚਦੇ ਹੋ, ਉਹ ਮੱਥੇ 'ਤੇ ਹੱਥ ਮਾਰ-ਮਾਰ ਕੇ ਮੱਥਾ ਲਾਲ ਕਰ ਲਏਗੀ। ਦੂਜਾ ਕਿਵੇਂ ਸੋਚਦੈ, ਆਪਾਂ ਕਦੇ ਜਾਣ ਹੀ ਨਹੀਂ ਸਕਦੇ।'

ਇਕ ਵਾਰ ਗੋਰੇ ਅਤੇ ਉਸ ਦੀ ਕਾਲੀ ਸਹੇਲੀ ਨੂੰ ਚੁੱਕੀ ਮੈਂ ਪੰਜਵੇਂ ਐਵਨਿਊ 'ਤੇ ਜਾ ਰਿਹਾ ਸਾਂ। ਲਾਲ ਬੱਤੀ 'ਤੇ ਮੈਂ ਬਰੇਕ ਲਾਈ। ਮੇਰੇ ਕੋਲ ਲੈਕਸਸ ਦਾ ਪਿਕ-ਅਪ ਆ ਕੇ ਰੁਕਿਆ। ਨਿੱਕੀ-ਨਿੱਕੀ ਭੂਰੀ ਦਾਹੜੀ ਵਾਲੇ ਗੋਰੇ ਨੇ ਆਪਣਾ ਸੱਜੇ ਪਾਸੇ ਵਾਲਾ ਸ਼ੀਸ਼ਾ ਨੀਵਾਂ ਕੀਤਾ ਅਤੇ ਅੱਖਾਂ ਨਾਲ ਇਸ਼ਾਰਾ ਕਰ ਕੇ ਮੈਨੂੰ ਵੀ ਸ਼ੀਸ਼ਾ ਨੀਵਾਂ ਕਰਨ ਲਈ ਕਿਹਾ। ਮੈਂ ਸੋਚਿਆ, ਇਸ ਨੇ ਰਸਤਾ ਪੁੱਛਣਾ ਹੋਵੇਗਾ। ਅਕਸਰ ਦੂਜੇ ਸ਼ਹਿਰਾਂ ਤੋਂ ਆਏ ਲੋਕ ਯੈਲੋ-ਕੈਬੀਆਂ ਨੂੰ ਰਸਤਾ ਜਾਂ ਲੈਂਡਮਾਰਕ ਪੁੱਛਦੇ ਨੇ। ਉਹ ਬਹੁਤ ਕਾਹਲੀ ਵਿਚ ਸੀ, ਜਿਵੇਂ ਲਾਲ ਬੱਤੀ ਦੇ ਹਰੀ ਹੋਣ ਤੋਂ ਪਹਿਲਾਂ ਪਹਿਲਾਂ, ਫਟਾ ਫਟ ਮੈਨੂੰ ਕੁਝ ਪੁੱਛਣਾ ਚਾਹੁੰਦਾ ਹੋਵੇ।

ਮੈਂ ਸ਼ੀਸ਼ਾ ਨੀਵਾਂ ਕਰ ਕੇ ਧੌਣ ਅੱਗੇ ਨੂੰ ਕਰ ਕੇ 'ਯੈਸ ਸਰ' ਕਹਿਣ ਹੀ ਵਾਲਾ ਸਾਂ, ਉਸ ਨੇ ਡੈਸ਼-ਬੋਰਡ 'ਤੇ ਪਿਆ ਕੱਪ ਚੁੱਕਿਆ ਤੇ ਵਗਾਹ ਕੇ ਮੇਰੇ ਵੱਲ ਮਾਰਿਆ, 'ਗੋ ਬੈਕ ਬਾਸਟਰਡ ਬਿਨ-ਲਾਦੇਨ?'

ਮੈਂ ਫੁਰਤੀ ਨਾਲ ਆਪ ਤਾਂ ਪਿਛਾਂਹ ਹੋ ਗਿਆ, ਪਰ ਸ਼ੀਸ਼ਾ ਬੰਦ ਨਹੀਂ ਸਾਂ ਕਰ ਸਕਿਆ। ਸਟ੍ਰਾਬੇਰੀ ਸਮੂਥੀ ਦਾ ਕੱਪ ਮੇਰੇ ਸੱਜੇ ਪਾਸੇ ਵਾਲੀ ਖ਼ਾਲੀ ਸੀਟ 'ਤੇ ਜ਼ੋਰ ਦੀ ਵੱਜਾ ਤੇ ਖੁੱਲ੍ਹ ਗਿਆ। ਸੀਟ 'ਤੇ ਗੁਲਾਬੀ ਰੰਗ ਦੀ ਝੱਗ ਤੇ ਜੂਸ ਇੰਜ ਫੈਲ ਗਿਆ ਜਿਵੇਂ ਬਾਲਟੀ ਵਿਚ ਸਰਫ ਦੀ ਝੱਗ ਉਭਰ ਆਉਂਦੀ ਹੈ। ਇਸ ਤੋਂ ਪਹਿਲਾਂ ਮੈਨੂੰ ਕੁਝ ਸਮਝ ਆਉਂਦੀ, ਉਹ ਲੈਕਸਸ ਪਿਕ-ਅਪ ਦੀਆਂ ਚੀਕਾਂ ਕਢਾਉਂਦਾ ਲਾਲ ਬੱਤੀ ਪਾਰ ਕਰ ਕੇ ਹਵਾ ਹੋ ਗਿਆ ਸੀ।

ਮੈਂ ਰਸਤਾ ਦੱਸਣ ਬਾਰੇ ਸੋਚ ਰਿਹਾ ਸਾਂ। ਉਹ ਕੀ ਸੋਚ ਰਿਹਾ ਸੀ?

ਗੋਰਾ ਉਚੀ ਦੇਣੀ ਬੋਲਿਆ ਸੀ, 'ਜੀਸਸ ਕ੍ਰਾਈਸਟ। ਫ਼ੱਕ... ਦਿਸ ਗਾਈ।'

ਕਾਲੀ ਪਾਰਟੀਸ਼ਨ ਦੀ ਬਾਰੀ ਕੋਲ ਮੂੰਹ ਕਰ ਕੇ ਬੋਲੀ ਸੀ, 'ਕਰੇਜ਼ੀ ਪੀਪਲ। ਆਰ ਯੂ ਓ.ਕੇ. ਮਿਸਟਰ?'

ਘਟਨਾ ਨੇ ਮੇਰਾ ਦਿਮਾਗ਼ ਘੁੰਮਾ ਦਿੱਤਾ ਸੀ। ਮੇਰਾ ਸਰੀਰ ਕੰਬਣ ਲੱਗਾ ਜਿਵੇਂ ਮੇਰਾ ਬਲੱਡ ਪ੍ਰੈਸ਼ਰ ਵਧ ਰਿਹਾ ਹੋਵੇ।

ਸਵਾਰੀ ਉਤਾਰ ਕੇ ਮੈਂ ਕਾਰ ਵਾਸ਼ 'ਤੇ ਗਿਆ ਸਾਂ। ਗੱਡੀ ਅੰਦਰੋਂ ਧੁਆਈ ਸੀ। ਪੱਚੀ ਡਾਲਰ ਦਾ ਖਰਚਾ ਅਤੇ ਇਕ ਘੰਟਾ ਟੁੱਟ ਗਿਆ ਸੀ। 'ਬਿਜ਼ੀ ਆਵਰ' ਵਿਚ ਇਕ ਘੰਟੇ ਦਾ ਮਤਲਬ ਚਾਲੀ-ਪੰਜਾਹ ਡਾਲਰ।

---

ਬਾਹਰ ਹਵਾ ਸੱਪ ਵਾਂਗ ਫਰਾਟੇ ਮਾਰ ਰਹੀ ਸੀ। ਨੈਵੀਗੇਸ਼ਨ ਨੇ ਸਿਰਨਾਵਾਂ ਸਵੀਕਾਰ ਕੀਤਾ ਤਾਂ ਮੇਰਾ ਦਿਲ ਕੁਝ ਟਿਕਾਣੇ ਆ ਗਿਆ ਸੀ। ਪੈਸਿਆਂ ਦਾ ਪਤਾ ਨਹੀਂ ਮਿਲਣ ਕਿ ਨਾ, ਚਲੋ ਇਸ ਮੁਸਾਫ਼ਰ ਨੂੰ ਟਿਕਾਣੇ 'ਤੇ ਤਾਂ ਪਹੁੰਚਾਉਣਾ ਹੋਇਆ। ਇਕ ਵਾਰ ਮੈਂ 'ਟਿਕਾਣੇ ਲਾਉਣ' ਬਾਰੇ ਵੀ ਐਵੇਂ ਹੀ ਸੋਚ ਲਿਆ ਸੀ, ਜਦੋਂ ਉਸ ਨੂੰ ਸੁੰਨਸਾਨ, ਬਰਫ਼ੀਲੀ ਸੜਕ 'ਤੇ ਉਤਾਰ ਦੇਣ ਦਾ ਮਨ ਬਣਾਇਆ ਸੀ।

ਨੈਵੀਗੇਸ਼ਨ ਸ਼ੀਸ਼ੇ ਨਾਲ ਚਿਪਕਾ ਕੇ, ਆਪਣੇ ਆਪ ਨੂੰ ਵਾਸਦੇਵ ਸਮਝਦੇ ਨੇ ਮੈਂ ਗੱਡੀ ਗੇਅਰ ਵਿਚ ਪਾ ਕੇ ਹੌਲੀ-ਹੌਲੀ ਤੋਰ ਲਈ। ਬਰਫ ਨਾਲ ਢੱਕੀਆਂ ਕਾਰਾਂ ਤੋਂ ਗੱਡੀ ਬਚਾਉਂਦਾ ਪੌਣੇ ਇਕ ਵਜੇ ਦੇ ਕਰੀਬ ਮੈਂ ਹਾਈਵੇਅ 'ਤੇ ਚੜ੍ਹ ਗਿਆ। ਹਾਈਵੇਅ 'ਤੇ ਕੋਈ ਗੱਡੀ ਨਹੀਂ ਸੀ। ਪੱਤਹੀਣ ਦਰਖ਼ਤ ਬਰਫੀਲੀ ਤੇ ਕਕਰੀਲੀ ਹਵਾ ਵਿਚ ਟੁੱਟਣ-ਟੁੱਟਣ ਕਰਦੇ ਸਨ। ਰੇਡੀਓ ਮੁਤਾਬਕ ਚਾਲੀ ਮੀਲ ਦੀ ਰਫ਼ਤਾਰ ਨਾਲ ਹਵਾ ਚੱਲ ਰਹੀ




*(ਅਗਲੇ ਸਫੇ 'ਤੇ ਜਾਰੀ)*

ਸੀ। ਗੱਡੀ ਵਿਚ ਭਾਵੇਂ ਹੀਟ ਸੀ, ਫਿਰ ਵੀ ਪੈਸੇ ਮਰਨ ਦੀ ਚਿੰਤਾ ਦੀ ਠੰਢ ਮੈਨੂੰ 'ਵਾਸਦੇਵ' ਤੋਂ 'ਸਾਧਾਰਨ ਮਨੁੱਖ' ਵਿਚ ਬਦਲਣ ਦੀ ਕੋਸ਼ਿਸ਼ ਕਰ ਰਹੀ ਸੀ। ਜਿਵੇਂ ਬਾਹਰ ਕੜਾਕੇ ਦੀ ਠੰਢ ਪਾਣੀ ਨੂੰ ਬਰਫ ਵਿਚ ਬਦਲ ਰਹੀ ਹੋਵੇਗੀ।

ਹਾਈਵੇਅ ਤੋਂ ਉਤਰਿਆ ਤਾਂ ਸੰਘਣੇ ਜੰਗਲ ਵਰਗਾ ਇਲਾਕਾ ਸ਼ੁਰੂ ਹੋ ਗਿਆ ਸੀ। ਸਫ਼ੈਦ ਬਰਫ਼ ਗੱਡੀ ਦੀ ਲੋਅ ਵਿਚ ਚਾਂਦੀ ਵਾਂਗ ਚਮਕ ਰਹੀ ਸੀ। ਦਰਖ਼ਤਾਂ 'ਤੇ ਬਰਫ਼ ਜੰਮੀ ਹੋਈ ਸੀ। ਆਲਾ-ਦੁਆਲਾ ਵਿਸ਼ਾਲ ਖ਼ੂਬਸੂਰਤ 'ਪੇਟਿੰਗ' ਦਾ ਭੁਲੇਖਾ ਪਾ ਰਿਹਾ ਸੀ, ਪਰ ਮਰ ਰਹੀ ਦਿਹਾੜੀ ਦਾ ਮੋਤੀਆ ਮੇਰੀ ਨਜ਼ਰ ਨੂੰ ਏਨਾ ਮੱਧਮ ਕਰਦਾ ਜਾ ਰਿਹਾ ਸੀ ਕਿ ਮੈਨੂੰ ਇਹ ਸਾਰਾ ਕੁਝ ਖ਼ੂਬਸੂਰਤ 'ਪੇਟਿੰਗ' ਦੀ ਥਾਂ ਡਰਾਉਣੇ ਅਤੇ ਘਿਨੌਣੇ ਸੁਪਨੇ ਵਰਗਾ ਜਾਪ ਰਿਹਾ ਸੀ।

ਆਖ਼ਿਰ ਇਕ-ਦੋ ਮੋੜ ਕੱਟਣ ਬਾਅਦ ਨੈਵੀਗੇਸ਼ਨ ਨੇ ਟਿਕਾਣੇ 'ਤੇ ਪਹੁੰਚਣ ਦਾ ਝੰਡਾ ਦਿਖਾ ਦਿੱਤਾ। ਸਹੀ ਸਿਰਨਾਵੇਂ 'ਤੇ ਪਹੁੰਚਣ ਨਾਲ ਧਰਵਾਸ ਜਿਹਾ ਆ ਗਿਆ ਸੀ। ਡੱਬੀਆਂ ਵਰਗੇ ਕਤਾਰਾਂ ਵਿਚ ਚਿਣੇ ਹੋਏ ਘਰ ਬਹੁਤ ਖ਼ੂਬਸੂਰਤ ਲਗਦੇ ਹੋਣਗੇ, ਪਰ ਮੈਨੂੰ ਨਹੀਂ ਸਨ ਲਗ ਰਹੇ। ਇਲਾਕਾ ਅਮੀਰ ਸੀ, ਸ਼ਹਿਰ ਦੀ ਭੱਜ ਦੌੜ ਤੋਂ ਦੂਰ, ਪਰ ਕੀ ਏਥੇ ਆ ਕੇ ਵੀ ਦੌੜ ਖ਼ਤਮ ਹੋ ਜਾਂਦੀ ਹੈ?

ਮੈਂ ਮੀਟਰ ਬੰਦ ਕਰ ਦਿੱਤਾ।

'ਸਰ ਤੁਹਾਡਾ ਘਰ ਆ ਗਿਐ।' ਮੈਂ ਹਲਕੇ ਜਿਹੇ ਬਰੇਕ ਲਾ ਕੇ ਗੱਡੀ ਪਾਰਕਿੰਗ ਵਿਚ ਪਾ ਦਿੱਤੀ। ਪਿਛਲੀ ਸੀਟ 'ਤੇ ਗੋਰਾ ਧੌਣ ਲਟਕਾਈ ਸੌਂ ਰਿਹਾ ਸੀ। ਇਕ ਨੀਂਦ ਦੀ ਘੂਕੀ, ਦੂਜੀ ਸ਼ਰਾਬ ਦੀ ਲੋਰ।

'ਹੂੰ...ਊਂ...ਊਂ..।' ਉਸ ਨੇ ਕੁੱਕੜ ਵਾਂਗ ਧੌਣ ਉਪਰ ਚੁੱਕੀ ਅਤੇ ਅੱਖਾਂ ਅੱਧੀਆਂ ਕੁ ਖੋਲ੍ਹੀਆਂ।

'ਤੁਹਾਡਾ ਘਰ ਆ ਗਿਐ।' ਮੈਂ ਰਤਾ ਕੁ ਉਚੀ ਆਵਾਜ਼ ਵਿਚ ਕਿਹਾ।

ਗੋਰਾ ਉਠਣ ਦੀ ਬਜਾਏ ਸੀਟ 'ਤੇ ਲੰਮਾ ਪੈ ਗਿਆ ਸੀ। ਉਸ ਤੋਂ ਉਠਿਆ ਨਹੀਂ ਸੀ ਜਾ ਰਿਹਾ।

ਮੈਂ ਮੀਟਰ 'ਤੇ ਟਾਈਮ ਦੇਖਿਆ, ਡੇਢ ਵੱਜ ਗਿਆ ਸੀ।

ਮੈਂ ਨਿੱਘੀ ਟੈਕਸੀ ਵਿਚੋਂ ਟੋਪੀ ਲੈ ਕੇ ਬਾਹਰ ਨਿਕਲਿਆ।

ਮੈਂ ਕੈਬ ਦਾ ਪਿਛਲਾ ਦਰਵਾਜ਼ਾ ਖੋਲ੍ਹਿਆ, 'ਸਰ ਤੁਹਾਡਾ ਘਰ ਆ ਗਿਐ।'

ਉਹ ਉਠ ਕੇ ਬਾਹਰ ਨਿਕਲਿਆ। ਤੇਜ਼ ਹਵਾ ਦਾ ਲਫੇੜਾ ਖਾ ਕੇ ਡਿੱਗਣ ਤੋਂ ਬਚਦਾ-ਬਚਦਾ, ਪੈਰ ਬੋਚਦਾ, ਸੜਕ ਦੇ ਦੂਜੇ ਪਾਸੇ ਇੰਜ ਉਡ ਗਿਆ, ਜਿਵੇਂ ਸ਼ਹਿਰ ਵਿਚ ਗਾਰਬੇਜ ਦੇ ਭਰੇ ਹੋਏ ਕਾਲੇ ਬੈਗ, ਹਨ੍ਹੇਰੀ ਨਾਲ ਸੜਕ ਵਿਚ ਏਧਰ ਓਧਰ ਜਾ ਰਹੇ ਸਨ।

ਪੱਤਝੜ ਦੇ ਮਾਰੇ ਹੋਏ ਦਰਖ਼ਤ ਹਵਾ ਨਾਲ ਸ਼ਾਂਅ-ਸ਼ਾਂਅ ਕਰਦੇ ਕਦੇ ਇਕ ਪਾਸੇ ਨੂੰ, ਕਦੇ ਦੂਜੇ ਪਾਸੇ ਨੂੰ ਲਿਫ਼-ਲਿਫ਼ ਜਾਂਦੇ ਸਨ। ਠੰਢੀ ਹਵਾ ਛੁਰੀਆਂ ਵਾਂਗ ਸਰੀਰ ਨੂੰ ਛਿਲਦੀ ਜਾਂਦੀ ਸੀ। ਮੈਂ ਡਰਾਈਵਰ ਸੀਟ 'ਤੇ ਜਾ ਬੈਠਾ। ਤੇਜ਼ ਹਵਾ ਕਾਰਨ ਜਾਂ ਕਿਰਾਇਆ ਮਰਨ ਦੇ ਡਰ ਨਾਲ ਉਖੜੇ ਹੋਏ ਸਾਹਾਂ ਨੂੰ ਮੈਂ ਕਾਬੂ ਕਰਨ ਦੀ ਕੋਸ਼ਿਸ਼ ਕਰ ਰਿਹਾ ਸਾਂ। ਨਿੱਘੀ ਕੈਬ ਵਿਚ ਸਰੀਰ ਨੂੰ ਤਾਂ ਚੈਨ ਮਿਲ ਰਹੀ ਸੀ, ਪਰ ਦਿਲ ਦੀ ਧੜਕਣ ਵਧ ਰਹੀ ਸੀ, ਜਿਵੇਂ ਮੇਰਾ ਬਲੱਡ ਪ੍ਰੈਸ਼ਰ ਵਧ ਰਿਹਾ ਹੋਵੇ।

ਮੈਂ ਹਵਾ ਵਿਚ ਪਤੰਗ ਵਾਂਗ ਗੋਤੇ ਖਾਂਦੇ ਗੋਰੇ ਵੱਲ ਦੇਖਿਆ। ਉਹ ਕਦੇ ਪੈਂਟ ਦੀਆਂ ਜੇਬਾਂ ਫੋਲਦਾ ਸੀ, ਕਦੇ ਕੋਟ ਦੀਆਂ। ਉਹ ਜ਼ਰੂਰ ਬਟੂਆ ਲੱਭ ਰਿਹਾ ਸੀ।

'ਜ਼ਰੂਰ ਇਹ ਬਟੂਆ ਸ਼ਹਿਰ ਹੀ ਗਵਾ ਆਇਆ ਹੈ।' ਮੈਂ ਸੋਚਿਆ, 'ਇਸ ਤੋਂ ਘਰ ਦਾ ਨੰਬਰ ਲੈ ਕੇ ਇਹਦੇ ਘਰ ਫੋਨ ਕਰਦਾ ਹਾਂ। ਸ਼ਾਇਦ ਇਸ ਦੀ ਬੀਵੀ ਘਰ ਹੋਵੇ? ਪਤਾ ਨਹੀਂ ਇਸ ਦੇ ਘਰ ਕੋਈ ਹੈ ਵੀ ਕਿ ਨਹੀਂ। ਕੋਈ ਘਰ ਹੋਵੇ ਤਾਂ ਬੰਦਾ ਸ਼ਰਾਬ ਪੀ ਕੇ ਏਨੀ ਰਾਤ ਗਏ ਕਦੋਂ ਆਉਂਦਾ ਹੈ?'

ਉਹ ਅਜੇ ਵੀ ਜੇਬਾਂ ਫੋਲੀ ਜਾ ਰਿਹਾ ਸੀ।

ਮੈਂ ਕੈਬ ਦੀ ਪਾਰਟੀਸ਼ਨ ਵਿਚ ਬਣੀ ਖਿੜਕੀ ਥਾਣੀਂ ਪਿਛੇ ਦੇਖਿਆ। ਬਟੂਆ ਪਿਛਲੀ ਸੀਟ 'ਤੇ ਪਿਆ ਸੀ।

ਮੈਂ ਸਾਹ ਬੰਦ ਕਰ ਕੇ ਕੈਬ ਵਿਚੋਂ ਬਾਹਰ ਨਿਕਲਿਆ। ਪਿਛਲਾ ਦਰਵਾਜ਼ਾ ਖੋਲ੍ਹ ਕੇ ਕੋਡਾ ਹੋ ਕੇ ਬਟੂਆ ਚੁੱਕਿਆ। ਏਨੀ ਦੇਰ ਵਿਚ ਤੇਜ਼ ਹਵਾ ਦੇ ਬੁੱਲੇ ਨੇ ਦਰਵਾਜ਼ਾ ਮੇਰੇ ਪਿਛੇ ਮਾਰਿਆ, ਜਿਵੇਂ ਕਿਸੇ ਨੇ ਫੜ ਕੇ ਜਾਣ-ਬੁਝ ਕੇ ਦਰਵਾਜ਼ਾ ਮਾਰਿਆ ਹੋਵੇ। ਮੇਰੀਆਂ ਲੱਤਾਂ ਦਰਵਾਜ਼ੇ ਅਤੇ ਕੈਬ ਦੇ ਵਿਚਕਾਰ ਘੁੱਟੀਆਂ ਗਈਆਂ। ਪੈਂਟ ਹੇਠ ਦੀ ਪਾਈ ਥਰਮਲ ਕਰ ਕੇ ਸੱਟ ਲੱਗਣੋਂ ਬਚ ਗਈ ਸੀ।

ਮੈਂ ਬਟੂਆ ਚੁੱਕ ਕੇ ਗੋਰੇ ਵੱਲ ਵੇਖਿਆ। ਹਵਾ ਦੀ ਘੁੰਮਣ-ਘੇਰੀ ਵਿਚ ਉਸ ਦਾ ਮੂੰਹ ਦੂਜੇ ਪਾਸੇ ਹੋਇਆ ਤਾਂ ਮੈਂ ਝੱਟ ਆਪਣੀ ਸੀਟ 'ਤੇ ਆ ਬੈਠਾ।

ਬਟੂਏ ਵਿਚ ਨੋਟਾਂ ਦਾ ਥੱਬਾ ਸੀ। ਸਟਰੀਟ ਲਾਈਟ ਦੀ ਰੌਸ਼ਨੀ ਵਿਚ ਸੌ-ਸੌ ਦੇ ਨੋਟ ਪਛਾਣੇ ਗਏ। ਘੱਟੋ-ਘੱਟ ਦਸ-ਬਾਰਾਂ ਨੋਟ ਹੋਣਗੇ। ਮੇਰਾ ਦਿਮਾਗ ਹਵਾ ਵਿਚ ਘੁੰਮਦੇ ਗੋਰੇ ਵਾਂਗ ਘੁੰਮਣ ਲੱਗ ਪਿਆ, 'ਕੁਝ ਨੋਟ ਕੱਢ ਕੇ ਬਟੂਆ ਇਸ ਨੂੰ ਦੇ ਦੇਵਾਂ। ਕੁਝ ਨੋਟ ਵੀ ਕਿਉਂ? 'ਯੂ ਟਰਨ' ਮਾਰ ਕੇ ਤੁਰਦਾ ਬਣਾਂ। ਪਿਛਲੇ ਹਿਸਾਬ ਵੀ ਪੂਰੇ ਹੋ ਜਾਣਗੇ। ਕੀ 'ਯੂ ਟਰਨ' ਮਾਰਨੀ ਏਨੀ ਸੌਖੀ ਹੈ?

ਗੋਰੇ ਦਾ ਮੂੰਹ ਮੇਰੇ ਵੱਲ ਘੁੰਮਿਆ, ਮੈਂ ਬਟੂਆ ਪੱਟਾਂ ਵਿਚਕਾਰ ਸੁੱਟ ਲਿਆ, ਇਕਦਮ, ਜਿਵੇਂ ਬਿੱਛੂ ਨੇ ਡੰਗਿਆ ਹੋਵੇ।

...ਮਰਦਾਨੇ ਨੂੰ ਬਟੂਆ ਲੱਭਾ। ਬਾਬੇ ਨਾਨਕ ਨੇ ਕਿਹਾ, 'ਭਾਈ ਮਰਦਾਨਿਆ ਬਿਗਾਨੀ ਮਾਇਆ ਨੂੰ ਹੱਥ ਨਹੀਂ ਲਾਉਣਾ।' ਮਰਦਾਨੇ ਨੇ ਅੱਖ ਬਚਾ ਕੇ ਬਟੂਆ ਚੁੱਕਿਆ। ਪੈਰ ਘਸੀਟਦਾ-ਘਸੀਟਦਾ ਬਾਬੇ ਤੋਂ ਪਿਛਾਂਹ ਰਹਿ ਗਿਆ। ਮਲਕ ਜਿਹੇ ਬਟੂਆ ਖੋਲ੍ਹਿਆ। ਬਟੂਏ ਵਿਚ ਬੈਠੇ ਬਿੱਛੂ ਨੇ ਦੰਦੀ ਵੱਢੀ। ਮਰਦਾਨੇ ਦੀ ਚੀਕ ਨਿਕਲ ਗਈ।'

ਪ੍ਰੋ. ਟੀ.ਡੀ. ਜੋਸ਼ੀ[3] ਸਾਖੀ ਦੀ ਵਿਆਖਿਆ ਕੀਤੀ, 'ਬਿਗਾਨੀ ਮਾਇਆ ਬਿੱਛੂ ਦੇ ਸਮਾਨ ਹੁੰਦੀ ਐ ਭਾਈ।'

ਮੈਂ ਮਨ ਨੂੰ ਸਮਝਾਇਆ, 'ਇਹ ਬਿਗਾਨੀ ਨਹੀਂ। ਇਹ ਤਾਂ ਮੇਰਾ ਹੱਕ ਹੈ। ਆਪਣਾ ਹੱਕ 'ਖੋਹਣਾ' ਕੋਈ ਪਾਪ ਨਹੀਂ।'

ਗੋਰੇ ਦਾ ਮੂੰਹ ਦੂਜੇ ਪਾਸੇ ਘੁੰਮਿਆ। ਮੈਂ ਬਟੂਆ ਚੁੱਕ ਕੇ ਫੋਲਿਆ। ਖਰ੍ਹਵੇਂ ਨੋਟ ਹੱਥਾਂ ਨੂੰ ਕੂਲੇ-ਕੂਲੇ ਲੱਗੇ। ਕੈਬ ਵਿਚ ਨਿੱਘ ਸੀ, ਪਰ ਮੈਂ ਕੰਬ ਕਿਉਂ ਰਿਹਾ ਸਾਂ। ਗਰਮੀ ਵਿਚ ਕਾਂਬਾ ਅਤੇ ਸਰਦੀ ਵਿਚ ਪਸੀਨਾ, ਬੇਈਮਾਨ ਬੰਦੇ ਦੀ ਨਿਸ਼ਾਨੀ ਤਾਂ ਨਹੀਂ, ਪਰ ਮੈਂ ਬੇਈਮਾਨ ਨਹੀਂ ਸਾਂ। ਇਸ ਗੋਰੇ ਨੇ ਮੇਰੇ ਨਾਲ ਧੋਖਾ ਕੀਤਾ ਸੀ।

ਮੈਂ ਧਿਆਨ ਨਾਲ ਗੋਰੇ ਵੱਲ ਦੇਖਿਆ। ਉਸ ਦੀ ਦਾਹੜੀ ਵੀ ਉਸ ਗੋਰੇ ਵਰਗੀ ਸੀ, ਜਿਸ ਨੇ ਮੇਰੇ 'ਸਟ੍ਰਾਬੇਰੀ ਸਮੂਥੀ' ਦਾ ਕੱਪ ਮਾਰਿਆ ਸੀ। ਉਸ ਦਿਨ ਦਾ ਪਿਆ ਘਾਟਾ ਪੂਰਾ ਕਰਨ ਦਾ ਵੀ ਤਾਂ ਮੌਕਾ ਬਣ ਗਿਆ ਸੀ।

ਮੈਂ ਇਕ ਵਾਰ ਫਿਰ ਬਟੂਆ ਚੁੱਕ ਨੇ ਨੋਟਾਂ 'ਤੇ ਨਜ਼ਰ ਮਾਰੀ, 'ਕਿਤੇ ਇਹ ਨਾ ਹੋਵੇ, ਮੈਂ ਭੱਜ ਵੀ ਜਾਵਾਂ ਤੇ ਗੁਜ਼ਾਰੇ ਜੋਗੇ ਡਾਲਰ ਵੀ ਨਾ ਨਿਕਲਣ। ਕੋਹੜੀ ਵੀ ਬਣਾ ਤੇ ਕਲੰਕੀ ਵੀ।' ਜਿਵੇਂ ਮੇਰਾ ਆਪਣੇ ਆਪ 'ਤੇ ਵਿਸ਼ਵਾਸ ਹੀ ਨਹੀਂ ਰਿਹਾ ਸੀ। ਚੋਰ ਦੇ ਪੈਰ ਨਹੀਂ ਹੁੰਦੇ। ਅੱਛਾ ਤਾਂ ਪੈਰਾਂ ਦਾ ਅਰਥ 'ਆਤਮ-ਵਿਸ਼ਵਾਸ' ਹੁੰਦੈ। ਹੁਣੇ ਤਾਂ ਸੌ-ਸੌ ਦੇ ਨੋਟ ਦੇਖੇ ਸਨ। ਫਿਰ ਦੇਖਣ ਲੱਗਾ। ਸੱਜੇ ਹੱਥ ਦੀ 'ਵਿਚਕਾਰਲੀ' ਉਂਗਲ ਦਾ ਨਹੁੰ ਨੋਟ 'ਤੇ ਘਸਾ ਕੇ ਦੇਖਿਆ। ਨੋਟ ਖੁਰਦਰਾ ਸੀ। ਅਸਲੀ ਸੀ। ਕੀ ਮੈਂ ਅਸਲੀ ਸਾਂ? ਮੈਂ 'ਵਿਚਕਾਰਲੀ' ਉਂਗਲ ਨਾਲ ਹੀ ਨੋਟ ਦੀ ਪਰਖ ਕਿਉਂ ਕੀਤੀ ਸੀ? ਕੀ ਮੈਂ ਆਪਣੇ ਆਪ ਨੂੰ ਹੀ 'ਗਾਲ੍ਹ' ਕੱਢ ਲਈ ਸੀ? ਜਾਂ ਮੈਂ ਜੋ ਕੰਮ ਕਰਨ ਜਾ ਰਿਹਾ ਸਾਂ, ਉਹ 'ਗਾਲ੍ਹ' ਵਰਗਾ ਹੀ ਸੀ!

ਗੋਰਾ ਹਵਾ ਦੀ ਮਾਰ ਨਾਲ ਖਿਸਕਦਾ-ਖਿਸਕਦਾ ਇਕ ਪਾਸੇ ਨੂੰ ਚਲਾ ਗਿਆ ਸੀ। ਮੇਰੇ ਲਈ 'ਯੂ ਟਰਨ' ਮਾਰਨੀ ਹੋਰ ਸੌਖੀ ਹੋ ਗਈ ਸੀ। ਉਸ ਨੇ ਫੋਨ ਕੱਢਿਆ। ਸ਼ਾਇਦ ਘਰ ਨੂੰ ਫੋਨ ਕਰਨ ਲੱਗਾ ਸੀ। ਮੇਰਾ ਦਿਮਾਗ ਹਵਾ ਨਾਲੋਂ ਵੀ ਤੇਜ਼ ਚੱਲ ਰਿਹਾ ਸੀ। ਇਸ ਦੇ ਫੋਨ ਕਰਨ ਤੋਂ ਪਹਿਲਾਂ ਹੀ ਮੈਨੂੰ ਭੱਜ ਜਾਣਾ ਚਾਹੀਦਾ ਸੀ। ਆਖਿਰ ਮੈਂ ਮਨ ਤਾਂ ਬਣਾ ਹੀ ਚੁੱਕਾ ਸਾਂ। ਪਿਛਲੇ ਹਿਸਾਬ ਵੀ ਤਾਂ ਪੂਰੇ ਕਰਨੇ ਸਨ।

'ਪਾਪਾਂ ਬਾਝੋਂ ਹੋਵੇ ਨਾਹੀਂ।' ਇਹ ਆਵਾਜ਼ ਕਿੱਧਰੋਂ ਆ ਰਹੀ ਸੀ? ਮੈਂ ਦੋਵੇਂ ਹੱਥ ਕੰਨਾਂ 'ਤੇ ਰੱਖ ਲਏ। ਆਵਾਜ਼ ਫਿਰ ਵੀ ਆ ਰਹੀ ਸੀ। ਹੈਂ? ਮੈਂ ਕਿਸ ਅਵਸਥਾ ਵਿਚ ਪਹੁੰਚ ਗਿਆ ਸਾਂ। 'ਬਿਨਾਂ ਕੰਨਾਂ' ਹੀ ਸੁਣਨ ਲੱਗ ਪਿਆ ਸੀ।

ਮੈਂ ਸਿਰ ਝਟਕਾਅ ਦਿੱਤਾ ਤੇ ਆਵਾਜ਼ ਨੂੰ ਭੁਆ ਕੇ ਬਰਫ ਦੇ ਢੇਰ ਹੇਠ ਦੱਬ ਦਿੱਤਾ। ਗੋਰੇ ਦੇ ਪੈਰ ਡੋਲ ਰਹੇ ਸਨ। ਮੇਰਾ ਦਿਲ ਡੋਲ ਰਿਹਾ ਸੀ। ਮੈਨੂੰ ਦਿਲ ਕਰੜਾ ਕਰਨਾ ਚਾਹੀਦਾ ਸੀ। ਡੇਢ ਵਜੇ, ਸੁੰਨਸਾਨ ਤੂਫ਼ਾਨੀ ਰਾਤ, ਗਿਆਨ ਦੀਆਂ ਗੱਲਾਂ ਸੁਣ ਕੇ ਮਨ ਕਮਜ਼ੋਰ ਨਹੀਂ ਕਰਨਾ ਚਾਹੀਦਾ। ਇਸ ਸ਼ਰਾਬੀ ਨੇ ਮੈਨੂੰ ਧੋਖਾ ਦਿੱਤਾ ਸੀ। ਮੇਰੀ ਦਿਹਾੜੀ ਦਾ ਸਤਿਆਨਾਸ ਕੀਤਾ ਸੀ। ਇਹ ਰੱਬ ਦੀ ਕੁਦਰਤ ਸੀ, ਮੈਨੂੰ ਪਿਛਲੇ ਸਾਰੇ ਹਿਸਾਬ ਬਰਾਬਰ ਕਰਨ ਦਾ ਮੌਕਾ ਬਣਿਆ ਸੀ। ਸ਼ਾਇਦ ਇਸ ਕਰ ਕੇ ਰੱਬ ਨੇ ਇਹ 'ਢੋਅ' ਬਣਾਇਆ ਸੀ। ਕੀ ਲੁੱਟ ਹੋਣ ਵਾਸਤੇ ਅਸੀਂ ਕੈਬੀ ਹੀ ਹਾਂ?

ਮੈਨੂੰ ਨੌਜਵਾਨ ਦੀ ਯਾਦ ਆਈ। ਉਸ ਨੂੰ ਮੈਂ ਡਾਊਨ ਟਾਊਨ ਤੋਂ ਚੁੱਕਿਆ ਸੀ। ਬੈਠਦੇ ਸਾਰ ਹੀ ਉਸ ਨੇ ਕਿਹਾ ਸੀ, 'ਇਕ ਸੌ ਅਠਾਰਾਂ ਸਟਰੀਟ ਬਰਾਡਵੇਅ।'

ਚੰਗੀ ਸਵਾਰੀ ਸੀ। ਘੱਟੋ-ਘੱਟ ਪੱਚੀ ਡਾਲਰ ਬਣਨੇ ਸਨ। ਦੋ ਚਾਰ ਡਾਲਰ ਟਿੱਪ। ਮੇਰਾ ਦਿਲ ਖੁਸ਼ੀ ਵਿਚ ਧੜਕਿਆ ਸੀ, ਜਿਵੇਂ ਖੁਸ਼ੀ ਨਾਲ ਮੇਰਾ ਬਲੱਡ-ਪ੍ਰੈਸ਼ਰ ਵਧ ਗਿਆ ਹੋਵੇ।

ਜਦੋਂ ਉਸ ਦੇ ਛੇ ਡਾਲਰ ਬਣੇ, ਨੌਜਵਾਨ ਨੇ ਮੈਨੂੰ ਰੁਕਣ ਲਈ ਕਿਹਾ ਅਤੇ ਬਹੁਤ ਹੀ ਹਲੀਮੀ ਨਾਲ ਬੋਲਿਆ, 'ਸੌਰੀ, ਤੂੰ ਏਥੇ ਪੰਦਰਾਂ ਕੁ ਮਿੰਟ ਮੇਰੀ ਇੰਤਜ਼ਾਰ ਕਰ ਸਕਦੈਂ। ਰਸ਼ ਆਵਰ ਏ। ਦੁਬਾਰਾ ਕੈਬ ਲੱਭਣੀ ਮੁਸ਼ਕਲ ਹੈ। ਮੈਂ ਇਥੋਂ ਕੁਝ ਸਾਮਾਨ ਖਰੀਦਣਾ ਹੈ।'

ਮੈਂ ਕਿਹਾ ਸੀ, 'ਸੌਰੀ ਸਰ, ਪੰਦਰਾਂ ਮਿੰਟ ਜ਼ਿਆਦਾ ਨੇ।' ਮੈਨੂੰ ਪਤਾ ਸੀ ਪੰਦਰਾਂ ਮਿੰਟ ਦਾ ਇਸ ਨੇ ਕਹਿ ਕੇ ਅੱਧਾ ਘੰਟਾ ਨਹੀਂ ਸੀ ਆਉਣਾ। ਖੜ੍ਹੀ ਗੱਡੀ ਨਾਲ ਅੱਧੇ ਘੰਟੇ ਵਿਚ ਬਾਰਾਂ ਡਾਲਰ ਬਣਨੇ ਸਨ। ਦੌੜਦੀ ਗੱਡੀ ਨਾਲ ਅੱਧੇ ਘੰਟੇ ਵਿਚ ਪੱਚੀ ਤੀਹ ਡਾਲਰ ਬਣ ਜਾਣੇ ਸਨ।

'ਹਾਂ ਮੈਂ ਸਮਝਦਾਂ। ਪੰਦਰਾਂ ਮਿੰਟਾਂ ਵਿਚ ਤੂੰ ਕਿੰਨੇ ਹੀ ਡਾਲਰ ਕਮਾ ਸਕਦੈਂ। ਸੌਰੀ ਮੈਨੂੰ ਇਥੇ ਹੀ ਉਤਰਨਾ ਪੈ ਰਿਹੈ। ਕਿੰਨੇ ਪੈਸੇ?' ਉਸ ਨੇ ਜੇਬ ਵਿਚ ਹੱਥ ਮਾਰਦੇ ਹੋਏ, ਬੇਹੱਦ ਪਛਤਾਵੇ ਦੇ ਅੰਦਾਜ਼ ਵਿਚ ਕਿਹਾ।

'ਛੇ ਡਾਲਰ।'

'ਤੇਰੇ ਕੋਲ ਸੌ ਦੀ ਚੇਂਜ ਹੈ?' ਉਸ ਨੇ ਬਹੁਤ ਹੀ ਭੋਲੇਪਨ ਨਾਲ ਕਿਹਾ ਸੀ।

'ਵੈਸੇ ਤਾਂ ਅਸੀਂ ਸੌ ਦਾ ਨੋਟ ਲੈਂਦੇ ਨਹੀਂ, ਪਰ ਤੂੰ 'ਜੈਂਟਲਮੈਨ' ਏਂ। ਲਿਆ ਮੈਂ ਤੋੜ ਦਿੰਨਾਂ।'

'ਥੈਂਕਸ ਫਾਰ ਕੰਪਲੀਮੈਂਟ।' ਉਸ ਨੇ ਖੁਸ਼ ਹੋ ਕੇ ਕਿਹਾ, 'ਛੇ ਬਣੇ ਨੇ, ਚੱਲ ਮੈਨੂੰ ਨੱਬੇ ਵਾਪਸ ਕਰਦੇ।'

ਚੇਂਜ ਫੜ ਕੇ 'ਸੌਰੀ ਮੈਨ, ਮੈਂ ਤੈਨੂੰ ਅਪਟਾਊਨ ਨਹੀਂ ਲਿਜਾ ਸਕਿਆ' ਕਹਿੰਦਾ ਉਹ ਕੈਬ ਵਿਚੋਂ ਉਤਰ ਗਿਆ ਸੀ।

ਚਾਰ ਡਾਲਰ ਟਿੱਪ। ਠੀਕ ਸੀ। ਉਥੋਂ ਹੀ ਅਗਲੀ ਸਵਾਰੀ ਚੁੱਕਣ ਦੀ ਕਾਹਲੀ ਵਿਚ ਮੈਂ ਨੋਟ ਜੇਬ ਵਿਚ ਪਾ ਲਿਆ।

ਗੈਸ ਪਵਾਉਣ ਵੇਲੇ ਮੈਨੂੰ ਨੋਟ ਦੇ ਨਕਲੀ ਹੋਣ ਬਾਰੇ ਪਤਾ ਲੱਗਾ ਸੀ।

'ਅੱਜ ਤਾਂ ਉਹ ਘਾਟਾ ਵੀ ਪੂਰਾ ਕਰਨ ਦਾ ਮੌਕਾ ਬਣ ਗਿਐ।' ਮੇਰਾ ਦਿਲ ਖੁਸ਼ੀ ਵਿਚ ਉਛਲਿਆ, ਪਰ ਸਰੀਰ ਹਲਕਾ-ਹਲਕਾ ਕੰਬ ਰਿਹਾ ਸੀ। ਇਹ ਮੇਰੇ ਵਲੋਂ ਹੋਣ ਜਾ ਰਹੇ ਗੁਨਾਹ ਦਾ ਅਸਰ ਸੀ ਜਾਂ ਮੈਂ ਅੰਦਰੋਂ ਹੀ ਏਨਾ ਕਮਜ਼ੋਰ ਸਾਂ?

ਤੇ ਉਹ ਕਾਲਾ ਤੇ ਕਾਲੀ ਜਿਹੜੇ ਮੈਨੂੰ ਬਰੁਕਲਿਨ ਲੈ ਗਏ ਸਨ। ਤੀਹ ਡਾਲਰ ਕਿਰਾਇਆ ਬਣਿਆ ਸੀ। ਸੁੰਨਸਾਨ ਜਿਹੀ ਥਾਂ 'ਤੇ ਗੱਡੀ ਰੋਕਣ ਲਈ ਕਿਹਾ ਸੀ। ਮੈਂ ਅਜੇ ਮੀਟਰ 'ਟਰਨ ਆਫ' ਕਰਨ ਵਿਚ ਦੋ ਸਕਿੰਟਾਂ ਲਈ ਰੁਝਿਆ ਸਾਂ, ਉਹ ਬਾਰੀਆਂ ਖੋਲ੍ਹ ਕੇ ਇੰਜ ਭੱਜੇ ਸਨ ਕਿ ਉਨ੍ਹਾਂ ਨੇ ਬਾਰੀਆਂ ਬੰਦ ਕਰਨ ਵਿਚ ਵੀ ਵਕਤ ਬਰਬਾਦ ਨਹੀਂ ਸੀ ਕੀਤਾ। ਮੈਂ ਬਾਹਰ ਨਿਕਲ ਕੇ ਬਾਰੀਆਂ ਬੰਦ ਕਰਦਾ 'ਠੱਗ' ਹੋਇਆ ਸੁੰਨੀਆਂ ਹਨ੍ਹੇਰੀਆਂ ਸੜਕਾਂ ਨੂੰ ਨਿਹਾਰਦਾ ਰਿਹਾ ਸਾਂ।

'ਅੱਜ ਤੀਹ ਉਹ ਵੀ ਆ ਗਏ।' ਬਟੂਏ ਨੂੰ ਪੱਟ ਥੱਲੇ ਨੱਪ ਕੇ ਮੈਂ ਸੋਚਿਆ।

ਮੈਂ ਗੱਡੀ ਫੁੱਟ ਕੁ ਤੋਰੀ। ਅਗਲੇ ਘਰ ਦੇ ਡਰਾਈਵੇਅ ਵਿਚ ਦੀ 'ਯੂ ਟਰਨ' ਮਾਰਨੀ ਸੌਖੀ ਸੀ। ਲੋਕਾਂ ਨੇ ਸਿਰਫ ਡਰਾਈਵੇਅ ਹੀ ਸਾਫ ਕੀਤੇ ਹੋਏ ਸਨ। ਲਾਅਨ ਬਰਫ ਨਾਲ ਭਰੇ ਹੋਏ ਸਨ। ਸਾਈਡ ਵਾਕ ਵਿਚ ਵੀ ਲੰਘਣ ਜੋਗੀ ਹੀ ਡੰਡੀ ਬਣਾਈ ਹੋਈ ਸੀ। ਬਾਕੀ ਬਰਫ ਚੜ੍ਹੀ ਹੋਈ ਸੀ। ਮੇਰਾ ਸਰੀਰ ਹਲਕਾ-ਹਲਕਾ ਕੰਬ ਰਿਹਾ ਸੀ, ਜਿਵੇਂ ਅਦਿੱਖ, ਅਣਕੀਤੇ ਗੁਨਾਹ ਦੀ ਬਰਫ ਮੇਰੇ 'ਤੇ ਵੀ ਚੜ੍ਹਦੀ ਜਾ ਰਹੀ ਹੋਵੇ।

ਦਿਲ ਕਾਹਲਾ ਪੈ ਰਿਹਾ ਸੀ। ਪੈਸੇ ਕੱਢ ਕੇ ਬਟੂਆ ਦੋ ਚਾਰ ਬਲਾਕ 'ਤੇ ਸੁੱਟ ਦਿਆਂਗਾ। ਉਸ ਵਿਚ ਉਸ ਦੇ ਕਰੈਡਿਟ ਕਾਰਡ, ਤੇ ਲਾਈਸੈਂਸ ਹੋਵੇਗਾ। ਕਿਸੇ ਨੂੰ ਕੀ ਪਤਾ ਲੱਗਣਾ ਸੀ ਇਥੇ ਕਿਵੇਂ ਆਇਆ? ਗੋਰਾ ਏਨਾ ਸ਼ਰਾਬੀ ਸੀ, ਗੱਡੀ ਦਾ ਨੰਬਰ ਇਸ ਨੂੰ ਯਾਦ ਨਹੀਂ ਰਹਿਣਾ।

ਮੈਂ ਅਜੇ ਦੂਜੇ ਘਰ ਦੇ ਡਰਾਈਵੇਅ ਵਿਚ ਹੀ ਪਹੁੰਚਿਆਂ ਸਾਂ ਕਿ ਚੇਤਿਆਂ ਵਿਚ ਬਾਬਾ ਪੂਰੀ[4] ਕਿਤਿਓਂ ਆ ਗਿਆ।

'ਬੰਦੇ ਦਾ ਮਨ ਪਾਰੇ ਵਰਗਾ ਹੁੰਦਾ ਹੈ, ਬਿਲਕੁਲ ਤਰਲ। ਪਲ 'ਚ ਤੋਲਾ, ਪਲ 'ਚ ਮਾਸਾ। ਇਕ ਬੰਦੇ ਨੂੰ ਰਾਹ ਵਿਚੋਂ ਥੈਲੀ ਲੱਭੀ। ਉਸ ਨੇ ਦੇਖਿਆ, ਥੈਲੀ ਵਿਚ ਸੋਨੇ ਦੀਆਂ ਮੋਹਰਾਂ। ਉਹਨੇ ਥੈਲੀ ਸੰਦੂਕ ਵਿਚ ਸੁੱਟ ਦਿੱਤੀ। ਕੁਝ ਦਿਨਾਂ ਬਾਅਦ ਇਕ ਮੁਸਾਫਰ ਆਇਆ। ਸਾਰਿਆਂ ਨੂੰ ਪੁੱਛੀ ਜਾਵੇ, ਤੁਸੀਂ ਕੋਈ ਥੈਲੀ ਨਹੀਂ ਦੇਖੀ। ਉਸ ਬੰਦੇ ਦੇ ਘਰ ਵੀ ਆਇਆ ਮੁਸਾਫਰ। ਉਹ ਬੰਦਾ ਸੀ ਬਹੁਤ ਇਮਾਨਦਾਰ। ਕਹਿਣ ਲੱਗਾ, 'ਥੈਲੀ ਮੈਨੂੰ ਲੱਭੀ ਐ।' ਉਹ ਨੇ ਸੰਦੂਕ ਵਿਚੋਂ ਕੱਢ ਕੇ ਮੁਸਾਫਰ ਨੂੰ ਦੇ ਦਿੱਤੀ ਥੈਲੀ। ਮੁਸਾਫ਼ਰ ਨੇ ਮੋਹਰਾਂ ਗਿਣੀਆਂ। ਮੁਸਾਫ਼ਰ ਨੇ ਕਿਹਾ, 'ਥੈਲੀ ਵਿਚ ਦੋ ਸੌ ਮੋਹਰ ਸੀ। ਇਕ ਸੌ ਨੜਿਨਵੇਂ ਨਿਕਲੀਆਂ। ਜਿਥੇ ਥੈਲੀ ਰੱਖੀ ਸੀ, ਦੇਖੋ ਕਿਤੇ ਉਥੇ ਨਾ ਡਿਗ ਪਈ ਹੋਵੇ?'

'ਉਹ ਬੰਦਾ ਅੰਦਰ ਗਿਆ। ਸੰਦੂਕ ਫੋਲਿਆ। ਥੈਲੀ ਸੁੱਟਣ ਲੱਗੇ ਪਤਾ ਨਹੀਂ ਕਿੱਦਾਂ, ਇਕ ਮੋਹਰ ਸੰਦੂਕ ਵਿਚ ਡਿਗ ਪਈ ਸੀ। ਉਹ ਨੇ ਮੋਹਰ ਚੁੱਕੀ। ਤੁਰ ਪਿਆ। ਫਿਰ ਪਤਾ ਨਹੀਂ ਮਨ ਵਿਚ ਕੀ ਆਈ। ਮੋਹਰ ਸੰਦੂਕ ਵਿਚ ਸੁੱਟ ਕੇ ਵਾਪਸ ਆ ਗਿਆ, 'ਨਹੀਂ ਉਥੇ ਹੋਰ ਕੋਈ ਮੋਹਰ ਨਈਂ ਲੱਭੀ।'

ਪਰ ਮੈਂ ਬੇਈਮਾਨ ਨਹੀਂ ਸਾਂ। ਮੈਂ ਤਾਂ ਆਪਣੇ ਲੁੱਟ ਹੋਏ ਮਾਲ ਨੂੰ ਵਸੂਲ ਕਰਨ ਲੱਗਾ ਸਾਂ। ਮੈਂ ਗੋਰੇ ਵੱਲ ਦੇਖਿਆ। ਬਹੱਤਰ ਡਾਲਰ ਦੀ ਥਾਂ ਪੰਤਾਲੀ ਸੁਣ ਕੇ ਇਸ ਨੇ ਇਕ ਵਾਰ ਵੀ ਨਹੀਂ ਸੀ ਕਿਹਾ ਕਿ ਮੈਂ ਰੇਟ ਘੱਟ ਦੱਸਿਆ ਸੀ। ਇਹ ਕਿਹੜਾ ਪਹਿਲੀ ਵਾਰ ਆਇਆ ਹੋਵੇਗਾ। ਇਸ ਨੇ ਸੋਚਿਆ ਹੋਣੈਂ, ਟੈਕਸੀ ਡਰਾਈਵਰ ਈ ਏ, ਲੁੱਟ ਹੁੰਦਾ ਹੈ ਤਾਂ ਲੁੱਟ ਲਵੋ। ਜਿਵੇਂ ਹੁਣੇ-ਹੁਣੇ ਫਿਰ ਮੇਰੇ ਸਟ੍ਰਾਬੇਰੀ ਸਮੂਥੀ ਦਾ ਕੱਪ ਆ ਕੇ ਵੱਜਿਆ ਹੋਵੇ। ਸਿੱਧਾ ਮੇਰੇ ਸਿਰ ਵਿਚ। ਸੌ ਦਾ ਨਕਲੀ ਨੋਟ ਮੇਰੀਆਂ ਅੱਖਾਂ ਵਿਚ ਸ਼ਰਾਰਤੀ ਪਰਿੰਦੇ ਵਾਂਗ ਖੰਭ ਖਿਲਾਰਦਾ ਉਡ ਰਿਹਾ ਸੀ। ਗੱਡੀ 'ਚੋਂ ਭੱਜ ਕੇ ਜਾਂਦੇ ਕਾਲਾ-ਕਾਲੀ ਜਿਵੇਂ ਸਫੈਦ, ਸੁੰਨੀ ਰਾਤ ਵਿਚ ਖਿੜਖਿੜਾ ਕੇ ਹੱਸੀ ਜਾ ਰਹੇ ਸਨ। ਬਟੂਏ ਵਿਚ ਏਨੇ ਪੈਸੇ ਸਨ, ਪੂਰੀ ਲੀਜ਼ ਦੇ ਕੇ, ਆਪਣੇ ਨਾਲ ਹੋਈਆਂ 'ਠੱਗੀਆਂ' ਦੀ ਭਰਪਾਈ ਹੋ ਸਕਦੀ ਸੀ; ਸਗੋਂ ਭਵਿੱਖ ਵਿਚ ਹੋਣ ਵਾਲੀਆਂ ਠੱਗੀਆਂ ਦਾ ਕੁਝ 'ਐਡਵਾਂਸ' ਵੀ ਮਿਲ ਰਿਹਾ ਸੀ। ਇਹ ਪੂਰੀ ਦੁਨੀਆਂ ਨੂੰ ਲੁੱਟਦੇ ਨੇ, ਜੇ ਮੈਂ ਇਸ ਨੂੰ 'ਲੁੱਟ' ਲਵਾਂ ਤਾਂ ਕੀ ਫਰਕ ਪੈਂਦਾ ਸੀ, ਪਰ ਮੈਂ ਲੁੱਟ ਨਹੀਂ ਸੀ ਰਿਹਾ। ਬਾਹਰ ਕਿੰਨੀ ਠੰਢ ਸੀ। ਪੋਹ ਦਾ ਮਹੀਨਾ ਸੀ। ਆਪਣੇ ਹੱਕ ਖੋਹਣ ਦਾ ਮਹੀਨਾ। ਹੱਕ ਖੋਹਣਾ ਬੇਈਮਾਨੀ ਨਹੀਂ।

ਹੈਂ? ਪ੍ਰੋ. ਟੀ.ਆਰ. ਸ਼ਿੰਗਾਰੀ[5] ਕਿੱਧਰ ਘੁੰਮ ਰਹੇ ਸਨ ਮੇਰੇ ਖ਼ਿਆਲਾਂ ਦੀਆਂ ਗਲੀਆਂ ਵਿਚ।

'ਗੱਲ ਇਹ ਐ ਬਈ, ਹਰ ਬੰਦਾ ਹੀ ਆਪਣੇ ਆਪ ਨੂੰ ਇਮਾਨਦਾਰ ਤੇ ਸੱਚਾ-ਸੁੱਚਾ ਹੀ ਸਮਝਦੈ, ਪਰ ਅਸਲੀ ਬੰਦਾ ਉਹ ਹੁੰਦੈ, ਜਦੋਂ ਉਹਦੇ ਕੋਲ ਧੋਖਾ ਕਰਨ ਦਾ ਮੌਕਾ ਵੀ ਹੋਵੇ, ਬੇਈਮਾਨੀ ਕਰਨ ਲਈ ਹਾਲਾਤ ਵੀ ਅਨੁਕੂਲ ਹੋਣ, ਸਮਾਂ ਏਦਾਂ ਦਾ ਹੋਵੇ ਕਿ ਉਹ ਕਿਸੇ ਨੂੰ ਲੁੱਟ ਵੀ ਲਵੇ ਤੇ ਕਿਸੇ ਨੂੰ ਪਤਾ ਵੀ ਨਾ ਲੱਗੇ। ਉਦੋਂ ਬੰਦਾ ਸਾਰਾ ਕੁਝ ਨਾ ਕਰੇ, ਫੇਰ ਗੱਲ ਬਣਦੀ ਹੈ। ਅਜਿਹੇ ਮੌਕੇ 'ਤੇ ਹੀ ਸਹੀ ਆਦਰਸ਼ਾਂ ਦੀ, ਤੁਹਾਡੇ ਚੰਗੇ ਸੰਸਕਾਰਾਂ ਦੀ ਪਛਾਣ ਹੁੰਦੀ ਐ।' ਪ੍ਰੋ. ਸ਼ਿੰਗਾਰੀ ਕਲਾਸ ਵਿਚ ਪੜ੍ਹਾ ਰਹੇ ਸਨ।

ਮੈਂ ਦਿਲ ਕਰੜਾ ਕੀਤਾ, 'ਸ਼ਿੰਗਾਰੀ ਸਾਹਿਬ, ਅਜਿਹਾ ਆਦਰਸ਼ਵਾਦ ਨਾਨਕ ਸਿੰਘ ਅਤੇ ਗੁਰਬਖ਼ਸ਼ ਸਿੰਘ ਨਾਲ ਖਤਮ ਹੋ ਗਿਐ। ਅਸੀਂ ਪੀੜ ਹੋ ਰਹੇ ਆਂ। ਸਾਡੀ ਹੋਂਦ ਨੂੰ ਕੋਈ ਮੰਨਣ ਲਈ ਤਿਆਰ ਨਹੀਂ। ਗੱਡੀ ਦੇ ਪਿੱਛੇ ਮੁੰਡੇ ਕੁੜੀਆਂ ਇਕ ਦੂਜੇ ਨੂੰ ਇੰਜ ਬੇਬਾਕੀ ਨਾਲ ਚੁੰਮਦੇ ਰਹਿੰਦੇ ਨੇ, ਜਿਵੇਂ ਸਿਰਫ ਉਹੀ ਇਕੱਲੇ ਗੱਡੀ ਵਿਚ ਹੋਣ। ਡਰਾਈਵਰ ਨਾਂ ਦੀ ਕੋਈ ਚੀਜ਼ ਗੱਡੀ ਵਿਚ ਹੋਵੇ ਹੀ ਨਾ। ਉਹ ਸਾਡੇ 'ਹੋਣ' ਨੂੰ ਹੀ ਸਵੀਕਾਰ ਨਹੀਂ ਕਰਦੇ। ਜੇ ਕਰਦੇ ਨੇ ਸਾਨੂੰ ਲੁੱਟ ਲੈਂਦੇ ਨੇ। ਲੁੱਟ ਹੋ ਰਹੇ ਬੰਦੇ ਅੱਗੇ ਆਦਰਸ਼ਾਂ, ਸੰਸਕਾਰਾਂ ਦਾ ਕੋਈ ਅਰਥ, ਕੋਈ ਮਹੱਤਵ ਨਹੀਂ ਰਹਿ ਜਾਂਦਾ।'

ਸ਼ਿੰਗਾਰੀ ਸਾਹਿਬ ਵਲੋਂ ਮੂੰਹ ਫੇਰ ਕੇ, ਮੈਂ ਭੱਜ ਜਾਣ ਦਾ ਮਨ ਬਣਾ ਲਿਆ ਸੀ।

ਅਗਲੇ ਡਰਾਈਵੇਅ ਥਾਣੀਂ ਮੈਂ 'ਯੂ ਟਰਨ' ਮਾਰ ਲਈ। ਗੋਰਾ ਸਾਹਮਣੇ ਖੜ੍ਹਾ ਕਦੇ ਜੇਬਾਂ ਫੋਲ ਰਿਹਾ ਸੀ, ਕਦੇ ਫੋਨ 'ਚੋਂ ਨੰਬਰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਾਹਮਣੇ ਸਟਾਪ ਸਾਈਨ ਸੀ। ਖ਼ਾਲੀ ਸੜਕ। ਇਹ ਛੋਟਾ ਜਿਹਾ ਪਿੰਡ ਸੀ। ਗੱਡੀ ਮਾੜੀ ਜਿਹੀ ਖੱਬੇ ਕਰ ਕੇ ਮੈਂ ਭੱਜ ਜਾਣਾ ਸੀ। ਸਟਾਪ ਸਾਈਨ 'ਤੇ ਮਾੜੀ ਜਿਹੀ ਰੋਕਾਂਗਾ। ਇਕ ਵਾਰ ਇਥੋਂ ਨਿਕਲ ਕੇ ਘਰ ਜਾ ਕੇ ਹੀ ਸਾਹ ਲਵਾਂਗਾ। ਅਗਲੇ ਪਿਛਲੇ ਸਾਰੇ ਹਿਸਾਬ ਬਰਾਬਰ ਕਰਨ ਦਾ ਸੁਨਹਿਰੀ ਮੌਕਾ ਹੱਥੋਂ ਜਾਣਾ ਨਹੀਂ ਚਾਹੀਦਾ। ਜ਼ਿੰਦਗੀ ਵਿਚ ਉਹੀ ਲੋਕ ਕਾਮਯਾਬ ਨਹੀਂ ਹੋਏ, ਜਿਨ੍ਹਾਂ ਨੇ ਸੁਨਹਿਰੀ ਮੌਕਾ ਗਵਾ ਦਿੱਤਾ।

ਦਰਖ਼ਤ ਹਵਾ ਵਿਚ ਝੂਮ ਰਹੇ ਸਨ। ਟਾਹਣੀਆਂ ਝੁਕ ਰਹੀਆਂ ਸਨ। ਜਿਵੇਂ ਮੈਨੂੰ ਹੱਥ ਦੇ-ਦੇ ਕੇ ਰੋਕ ਰਹੀਆਂ ਹੋਣ। ਮੇਰੀਆਂ ਸੋਚਾਂ, ਸਾਰੀ ਕੁਦਰਤ, ਆਲਾ-ਦੁਆਲਾ ਮੈਨੂੰ ਹੀ ਕਿਉਂ ਰੋਕਦਾ ਸੀ? ਗੋਰਾ ਹਵਾ ਦੇ ਲਫੇੜਿਆਂ ਨਾਲ ਏਧਰ-ਓਧਰ ਘੁੰਮ ਰਿਹਾ ਸੀ। ਉਸ ਨੂੰ ਕੋਈ ਪਤਾ ਨਹੀਂ, ਮੈਂ ਕੀ ਸੋਚ ਰਿਹਾ ਸਾਂ। 'ਸੂਫੀ ਸਾਹਿਬ ਇਹ ਬਹੁਤ ਚੰਗੀ ਗੱਲ ਹੈ ਕਿ ਕਿਸੇ ਨੂੰ ਪਤਾ ਨਹੀਂ ਲਗਦਾ ਕਿ ਦੂਜਾ ਕਿਵੇਂ ਸੋਚਦੈ। ਜੇ ਪਤਾ ਹੋਵੇ ਤਾਂ ਇਹ ਗੋਰਾ ਹੁਣ ਮੇਰਾ ਰਾਹ ਨਾ ਰੋਕ ਲਵੇ!'

ਹਵਾ ਸ਼ੀਸ਼ਿਆਂ ਵਿਚ ਟਕਰਾਈ। ਬੁੱਲਾ ਬਹੁਤ ਕੁਰੱਖ਼ਤ ਤੇ ਸਖ਼ਤ ਸੀ। ਗੋਰਾ ਇਕਦਮ ਸੜਕ ਦੇ ਦੂਜੇ ਪਾਸੇ ਧੱਕਿਆ ਗਿਆ। ਜਿਵੇਂ ਕਿਸੇ ਅਦਿੱਖ ਸ਼ਕਤੀ ਨੇ ਉਸ ਨੂੰ ਪਰ੍ਹਾਂ ਕਰ ਕੇ ਮੇਰਾ ਰਾਹ ਪੱਧਰਾ ਕਰ ਦਿੱਤਾ ਹੋਵੇ।

'ਇਹਦਾ ਮਤਲਬ ਕੁਦਰਤ ਮੇਰੇ ਵੱਲ ਹੈ।'

ਮੈਂ ਬਰੇਕ ਤੋਂ ਪੈਰ ਚੁੱਕਿਆ। ਗੱਡੀ ਤੁਰੀ ਨਹੀਂ ਸੀ। ਜਿਵੇਂ ਕਿਸੇ ਨੇ ਫੜ ਲਈ ਸੀ। ਮੈਂ ਪਿਛਾਂਹ ਦੇਖਿਆ, ਕੋਈ ਨਹੀਂ ਸੀ। ਮੈਂ ਰੇਸ ਦਿੱਤੀ। ਗੱਡੀ ਤੁਰੀ ਨਹੀਂ। ਮੈਂ ਜ਼ੋਰ ਦੀ ਰੇਸ ਵੀ ਨਹੀਂ ਦੇ ਰਿਹਾ ਸਾਂ। ਕਿਤੇ 'ਘੂੰ' ਦੀ ਆਵਾਜ਼ ਸੁਣ ਕੇ ਗੋਰਾ ਹੁਸ਼ਿਆਰ ਨਾ ਹੋ ਜਾਵੇ। ਜੇ ਹੁਸ਼ਿਆਰ ਹੋ ਵੀ ਜਾਂਦਾ ਤਾਂ ਉਸ ਸ਼ਰਾਬੀ ਨੇ ਕੀ ਕਰ ਲੈਣਾ ਸੀ, ਪਰ ਚੋਰ ਦੇ ਪੈਰ ਨਹੀਂ ਹੁੰਦੇ। ਗੱਡੀ ਤੁਰ ਨਹੀਂ ਸੀ ਰਹੀ।

ਗੱਡੀ ਤੁਰੇ ਕਿਵੇਂ। ਸਾਹਮਣੇ ਮੇਰਾ ਬਾਪ ਖੜ੍ਹਾ ਸੀ। ਉਸ ਨੇ ਗੱਡੀ ਨੂੰ ਦੋਹਾਂ ਹੱਥਾਂ ਨਾਲ ਪਿਛਾਂਹ ਧੱਕਿਆ ਹੋਇਆ ਸੀ।

ਮੈਂ ਛੋਟਾ ਜਿਹਾ ਸਾਂ। ਮੇਰੀ ਮਾਸੀ ਦੀ ਸਹੇਲੀ ਸੂਬੇਦਾਰਨੀ ਸਾਡੀ ਸੱਜਰ ਸੂਈ ਮੱਝ ਖਰੀਦਣ ਆਈ ਸੀ। ਸੌਦਾ ਹੋ ਗਿਆ ਸੀ। ਤਿੰਨ ਹਜ਼ਾਰ ਦਾ। ਜਾਣ ਲੱਗੀ ਸਾਈ ਦੇ ਕੇ ਬੋਲੀ, 'ਭਾਜੀ, ਮੈਂ ਤੁਹਾਡੀ ਮੱਝ ਤਿੰਨ ਹਜ਼ਾਰ ਦੀ ਖ਼ਰੀਦ ਲਈ ਆ। ਜਿੱਦਣ ਅਸੀਂ ਮੱਝ ਲੈਣ ਆਏ, ਮੇਰੀ ਸੱਸ ਵੀ ਨਾਲ ਹੋਊਗੀ। ਉਹਨੂੰ ਤੁਸੀਂ ਇਹ ਮੱਝ ਬਾਈ ਸੌ ਦੀ ਦੱਸਣਾ।'

ਮੇਰੇ ਬਾਪ ਨੇ ਸਾਈ ਵਾਪਸ ਕਰਦੇ ਹੋਏ ਕਿਹਾ ਸੀ, 'ਬੀਬੀ ਤੂੰ ਮੱਝ ਖਰੀਦਣੀ ਐ, ਖਰੀਦ; ਨਹੀਂ ਖਰੀਦਣੀ ਨਾ ਖਰੀਦ, ਮੈਥੋਂ ਏਡਾ ਵੱਡਾ ਝੂਠ ਨਹੀਂ ਬੋਲਿਆ ਜਾਣਾ।'

ਸੂਬੇਦਾਰਨੀ ਵਿਚ ਸਾਈ ਵਾਪਸ ਫੜਨ ਦੀ ਵੀ ਹਿੰਮਤ ਨਹੀਂ ਸੀ ਰਹੀ। ਉਹ ਮੱਝ ਲੈਣ ਨਹੀਂ ਸੀ ਆਈ।

ਮੇਰੇ ਬਾਪ ਨੇ ਉਹ ਸਾਈ ਸੰਗਰਾਂਦ ਵਾਲੇ ਦਿਨ ਗੁਰਦੁਆਰੇ ਚੜ੍ਹਾ ਦਿੱਤੀ ਸੀ।

ਮੇਰੇ ਬਾਪ ਨੇ ਮੇਰੀ ਗੱਡੀ ਨੂੰ ਦੋਹਾਂ ਹੱਥਾਂ ਨਾਲ ਅਗਿਉਂ ਧੱਕਿਆ ਹੋਇਆ ਸੀ। ਗੱਡੀ ਵਿਚ ਇੰਜ ਹੀ ਤੁਰਨ ਦੀ ਹਿੰਮਤ ਨਹੀਂ ਸੀ, ਜਿਵੇਂ ਸੂਬੇਦਾਰਨੀ ਵਿਚ ਸਾਈ ਵਾਪਸ ਫੜਨ ਦੀ ਹਿੰਮਤ ਨਹੀਂ ਸੀ ਰਹੀ। ਮੈਂ ਅੱਖਾਂ ਮਲੀਆਂ।

ਗੋਰਾ ਹਵਾ ਵਿਚ ਮਾੜੇ ਦਰਖ਼ਤ ਵਾਂਗੂੰ ਝੂਮ ਰਿਹਾ ਸੀ। ਮੈਂ ਹੋਰ ਰੇਸ ਦਿੱਤੀ। ਬਰਫ਼ ਵਿਚ ਫਸੀ ਹੋਈ ਗੱਡੀ ਨਿਕਲ ਕੇ ਤੁਰ ਪਈ।

ਮੈਂ ਆਲੇ-ਦੁਆਲੇ ਦੇਖਿਆ, ਦਰਖ਼ਤ ਮਨੁੱਖਾਂ ਵਰਗੇ ਜਾਪ ਰਹੇ ਸਨ, ਟਾਹਣੀਆਂ ਦੇ ਹੱਥ ਬਣ ਰਹੇ ਸਨ। ਹਵਾ ਦੀ ਆਵਾਜ਼, ਮਾਨਵੀ ਆਵਾਜ਼ਾਂ ਵਿਚ ਬਦਲ-ਬਦਲ ਕੇ ਮੈਨੂੰ ਕੁਝ ਕਹਿੰਦੀ ਸੁਣ ਰਹੀ ਸੀ। ਸਟਰੀਟ ਲਾਈਟਾਂ ਅੱਖਾਂ ਵਿਚ ਬਦਲ ਗਈਆਂ ਸਨ। ਸੁੰਨਸਾਨ ਹਨ੍ਹੇਰੀ ਤੂਫਾਨੀ ਰਾਤ ਵਿਚ ਮੈਨੂੰ ਰੋਕਣ ਵਾਲੇ, ਦੇਖਣ ਵਾਲੇ ਕਿੰਨੇ ਸਨ!

ਮੈਂ ਗੱਡੀ ਗੋਰੇ ਦੇ ਬਰਾਬਰ ਜਾ ਕੇ ਰੋਕ ਦਿੱਤੀ।

ਗੱਡੀ ਵਿਚੋਂ ਉਤਰਨ ਤੋਂ ਪਹਿਲਾਂ ਮੈਂ ਪੱਟ ਹੇਠੋਂ ਬਟੂਆ ਕੱਢਿਆ ਅਤੇ ਗੋਰੇ ਵੱਲ ਬਟੂਆ ਕਰ ਕੇ ਕਿਹਾ, 'ਤੁਹਾਡਾ ਬਟੂਆ...।'

ਮੈਂ ਗੱਡੀ ਦੀ ਤਾਂ 'ਯੂ ਟਰਨ' ਮਾਰ ਲਈ ਸੀ, ਪਰ ਸੋਚਾਂ ਦੀ 'ਯੂ ਟਰਨ' ਨਾ ਮਾਰ ਸਕਿਆ।

ਮੇਰਾ ਦਿਲ ਬਿਲਕੁਲ ਸਹਿਜ ਅਵਸਥਾ ਵਿਚ ਆ ਗਿਆ, ਜਿਵੇਂ ਬਲੱਡ ਪ੍ਰੈਸ਼ਰ 'ਨਾਰਮਲ' ਹੋ ਗਿਆ ਹੋਵੇ...।

## ਹਵਾਲੇ

1. **ਵਾਸੁਦੇਵ:** ਹਰਮਨ ਹੈਸ ਦੇ ਨਾਵਲ 'ਸਿਧਾਰਥ' ਦਾ ਇਕ ਪਾਤਰ।
2. **ਮੁਸ਼ਤਾਕ ਸੂਫ਼ੀ:** ਨਿਊ ਯਾਰਕ ਵਿਚ ਵਸਦਾ ਪਾਕਿਸਤਾਨੀ ਚਿੰਤਕ।
3. **ਪ੍ਰੋ. ਟੀ.ਡੀ. ਜੋਸ਼ੀ:** ਡੀ.ਏ.ਵੀ. ਕਾਲਜ ਜਲੰਧਰ ਦੇ ਪੰਜਾਬੀ ਦੇ ਪ੍ਰੋਫੈਸਰ।
4. **ਬਾਬਾ ਪੂਰੀ:** ਪਿੰਡ ਦਾ ਬੰਦਾ ਜਿਸ ਨੂੰ ਇਤਿਹਾਸ-ਮਿਥਿਹਾਸ, ਲੋਕ ਕਹਾਣੀਆਂ ਦਾ ਭਰਪੂਰ ਖ਼ਜ਼ਾਨਾ ਯਾਦ ਸੀ।
5. **ਟੀ.ਆਰ. ਸ਼ਿੰਗਾਰੀ:** ਡੀ.ਏ.ਵੀ. ਕਾਲਜ ਜਲੰਧਰ ਦੇ ਪੰਜਾਬੀ ਦੇ ਪ੍ਰੋਫੈਸਰ।

ਕਹਾਣੀ ਇਉਂ ਤੁਰੀ-1



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

# ਮੇਰੀ ਕਹਾਣੀ ਦੀ ਕਹਾਣੀ

*ਪੰਜਾਬੀ ਕਹਾਣੀ ਜਗਤ ਵਿਚ ਗੁਰਬਚਨ ਸਿੰਘ ਭੁੱਲਰ ਦਾ ਨਿਵੇਕਲਾ ਅਤੇ ਨਿਆਰਾ ਸਥਾਨ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ ਪੰਜਾਬ, ਖਾਸ ਕਰ ਕੇ ਮਾਲਵਾ ਖਿੱਤੇ ਦਾ ਰੰਗ ਪੂਰੇ ਜਲੌਅ ਅਤੇ ਸਿਦਕ ਨਾਲ ਪੇਸ਼ ਹੋਇਆ ਹੈ। ਹਾਲ ਹੀ ਵਿਚ ਉਨ੍ਹਾਂ ਦਾ ਪਲੇਠਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਪ੍ਰਕਾਸ਼ਤ ਹੋਇਆ ਹੈ। 495 ਸਫਿਆਂ ਉਤੇ ਫੈਲੇ ਇਸ ਨਾਵਲ ਵਿਚ ਉਨ੍ਹਾਂ ਪੰਜਾਬ ਦੀ ਹੀ ਬਾਤ ਪਾਈ ਹੈ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਆਪਣੀ ਲੰਮੀ ਲੇਖ ਲੜੀ 'ਕਹਾਣੀ ਇਉਂ ਤੁਰੀ' ਭੇਜੀ ਹੈ ਜਿਸ ਵਿਚ ਉਨ੍ਹਾਂ ਆਪਣੀ ਕਹਾਣੀ ਯਾਤਰਾ ਬਾਰੇ ਨਿੱਠ ਕੇ ਗੱਲਾਂ ਕੀਤੀਆਂ ਹਨ। ਉਂਜ, ਇਸ ਕਹਾਣੀ ਯਾਤਰਾ ਵਿਚ ਉਨ੍ਹਾਂ ਅਜਿਹਾ ਸਭਿਆਚਾਰਕ-ਸਮਾਜਕ ਰੰਗ ਭਰਿਆ ਹੈ ਕਿ ਇਸ ਕਹਾਣੀ ਯਾਤਰਾ ਦੇ ਪਿਛੇ ਪੰਜਾਬ ਦੀਆਂ ਹੇਕਾਂ ਸੁਣਾਈ ਦਿੰਦੀਆਂ ਹਨ। ਇਹ ਦਿਲਚਸਪ ਲੇਖ ਲੜੀ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

ਲੇਖਕਾਂ ਨੂੰ ਆਮ ਕਰ ਕੇ ਪੁੱਛਿਆ ਜਾਂਦਾ ਹੈ ਕਿ ਉਹ ਲਿਖ ਕਿਵੇਂ ਲੈਂਦੇ ਹਨ। ਇਹ ਸਵਾਲ ਵੀ ਕੀਤਾ ਜਾਂਦਾ ਹੈ ਕਿ ਲੇਖਕ ਦੇ ਲਿਖਣ ਦਾ ਕੀ ਕਾਰਨ ਹੁੰਦਾ ਹੈ, ਭਾਵ ਲੇਖਕ ਕਿਉਂ ਲਿਖਦਾ ਹੈ। ਇਸ ਤੋਂ ਅੱਗੇ ਇਹ ਸਵਾਲ ਬਣ ਜਾਂਦਾ ਹੈ ਕਿ ਕੋਈ ਲੇਖਕ ਜਿਸ ਵਿਧਾ ਵਿਚ ਲਿਖਦਾ ਹੈ, ਉਸੇ ਵਿਚ ਹੀ ਕਿਉਂ ਲਿਖਦਾ ਹੈ। ਇਸੇ ਕਰਕੇ ਮੈਨੂੰ ਵੀ ਅਕਸਰ 'ਕਿਵੇਂ ਲਿਖਦਾ ਹਾਂ' ਤੇ 'ਕਿਉਂ ਲਿਖਦਾ ਹਾਂ' ਦੇ ਨਾਲ ਨਾਲ ਇਹ ਵੀ ਪੁੱਛਿਆ ਜਾਂਦਾ ਹੈ ਕਿ ਮੈਂ ਮੁੱਖ ਰੂਪ ਵਿਚ ਕਹਾਣੀ ਹੀ ਕਿਉਂ ਲਿਖਦਾ ਹਾਂ। ਕੋਈ ਲੇਖਕ ਕਿਉਂ ਲਿਖਦਾ ਹੈ, ਇਸ ਸਵਾਲ ਦਾ ਹਰ ਲੇਖਕ ਕੋਲ ਵੱਖਰਾ ਜਵਾਬ ਹੁੰਦਾ ਹੈ। ਕੋਈ ਲੇਖਕ ਕਿਵੇਂ ਲਿਖਦਾ ਹੈ, ਇਹ ਵੀ ਕੋਈ ਅਜਿਹੀ ਸਾਂਝੀ ਵਿਧੀ ਨਹੀਂ ਜੋ ਸਾਰੇ ਲੇਖਕਾਂ ਉਤੇ ਲਾਗੂ ਹੋ ਸਕੇ। ਹਾਂ, ਕੋਈ ਲੇਖਕ ਕਿਸੇ ਇਕ ਵਿਧਾ ਨੂੰ ਪਹਿਲ ਕਿਉਂ ਦਿੰਦਾ ਹੈ, ਇਸ ਸਵਾਲ ਦਾ ਉਤਰ ਕੁਝ ਕੁਝ ਸੰਭਵ ਹੁੰਦਾ ਹੈ।

ਮੇਰੇ ਵਿਚਾਰ ਅਨੁਸਾਰ ਕਹਾਣੀ, ਸਾਹਿਤ ਦਾ ਸਭ ਤੋਂ ਸਹਿਜ-ਸੁਭਾਵਿਕ ਰੂਪ ਹੈ। ਇਸ ਦਾ ਕਾਰਨ, ਸ਼ਾਇਦ, ਇਸ ਦਾ ਮਨੁੱਖ ਜਾਤੀ ਦੀ ਸ਼ੁਰੂਆਤ ਦੇ ਲਗਭਗ ਨਾਲ ਹੀ ਹੋਂਦ ਵਿਚ ਆ ਜਾਣਾ ਅਤੇ ਉਸ ਦੇ ਇਤਿਹਾਸ ਵਿਚ ਰਚੇ-ਵਸੇ ਹੋਏ ਹੋਣਾ ਹੈ। ਇਹ ਸੋਚਣਾ ਮੈਨੂੰ ਬਿਲਕੁਲ ਵਾਜਬ ਲਗਦਾ ਹੈ ਕਿ ਕਹਾਣੀ ਦਾ ਅਰੰਭ ਮਨੁੱਖੀ ਸੋਝੀ ਦੇ ਅਰੰਭ ਅਤੇ ਮਨੁੱਖੀ ਬੋਲੀ ਦੇ ਮੁਢਲੇ ਵਿਕਾਸ ਦੇ ਨਾਲੋ-ਨਾਲ ਹੋ ਗਿਆ ਹੋਵੇਗਾ। ਕਲਪਨਾ ਕੀਤੀ ਜਾ ਸਕਦੀ ਹੈ, ਜਦੋਂ ਪਸ਼ੂ-ਪੱਧਰ ਦੇ ਮਨੁੱਖੀ ਇੱਜੜ ਤੋਂ ਕਬੀਲਾ ਬਣੇ ਕਿਸੇ ਸਮੂਹ ਦੇ ਕਿਸੇ ਜੀਅ ਨੂੰ ਕਿਸੇ ਵੀ ਕਾਰਨ, ਜਿਵੇਂ ਫਲ, ਕੰਦਮੂਲ ਜਾਂ ਸ਼ਿਕਾਰ ਲਿਆਉਣ ਲਈ, ਆਪਣੇ ਟਿਕਾਣੇ ਤੋਂ ਦੂਰ ਜਾਣਾ ਪੈਂਦਾ ਹੋਵੇਗਾ, ਉਹਨੂੰ ਕਈ ਵਾਰ ਸ਼ੇਰ-ਚੀਤੇ, ਸੱਪ-ਸਲੂਤੀ ਆਦਿ ਦਾ ਸਾਹਮਣਾ ਹੋ ਜਾਂਦਾ ਹੋਵੇਗਾ। ਪਰਤ ਕੇ ਉਹ ਇਸ ਦਾ ਵੇਰਵਾ ਆਪਣੇ ਨਾਲ ਦਿਆਂ ਨੂੰ ਦੱਸਦਾ ਹੋਵੇਗਾ। ਨਿਰਸੰਦੇਹ ਉਹ ਵੇਰਵਾ ਹੂਬਹੂ ਨਹੀਂ ਹੁੰਦਾ ਹੋਵੇਗਾ। ਉਸ ਵਿਚ ਉਹ ਵਿਅਕਤੀ ਸਥਿਤੀ ਦੀ ਭਿਆਨਕਤਾ ਅਤੇ ਆਪਣੀ ਦਲੇਰੀ ਤੇ ਅਕਲ ਨੂੰ ਵੀ ਵਧਾ-ਚੜ੍ਹਾ ਕੇ ਪੇਸ਼ ਕਰਦਾ ਹੋਵੇਗਾ, ਤਾਂ ਜੋ ਉਹ ਘਟਨਾ ਦਾ ਨਾਇਕ ਬਣ ਕੇ ਉਭਰ ਸਕੇ। ਸੱਚ ਵਿਚ ਪਾਈ ਗਈ ਗੱਪ ਦੀ ਇਸ ਮਿੱਸ ਨੂੰ ਹੀ ਗਲਪ ਦਾ, ਭਾਵ ਕਹਾਣੀ ਦਾ ਮੁੱਢ ਮੰਨਿਆ ਜਾ ਸਕਦਾ ਹੈ।

ਇਉਂ ਕਹਾਣੀ ਦਾ ਮੁੱਢ ਕਿਰਤੀ ਅਤੇ ਭਾਸ਼ਾਈ ਮਨੁੱਖ ਦੇ ਮੁੱਢ ਦੇ ਨਾਲ ਹੀ ਸੁਭਾਵਿਕ ਰੂਪ ਵਿਚ ਬੱਝ ਗਿਆ। ਸ਼ਾਇਦ ਇਸੇ ਕਰਕੇ ਇਹ ਅੱਜ ਵੀ ਪਾਠਕ ਲਈ ਸਾਹਿਤ ਦੀ ਸਭ ਤੋਂ ਸੁਭਾਵਿਕ ਅਤੇ ਹਰਮਨ-ਪਿਆਰੀ ਵਿਧਾ ਹੈ। ਕਵਿਤਾ ਦਾ ਜਨਮ ਬਹੁਤ ਮਗਰੋਂ ਜਾ ਕੇ, ਹਾਸਲ ਕੀਤੇ ਗਿਆਨ ਨੂੰ ਅਗਲੀ ਪੀੜ੍ਹੀ ਦੇ ਹਵਾਲੇ ਕਰਨ ਦੀ ਲੋੜ ਵਿਚੋਂ ਹੋਇਆ। ਲਿਖਤੀ ਭਾਸ਼ਾ ਦਾ ਜਨਮ ਅਜੇ ਨਾ ਹੋਇਆ ਹੋਣ ਕਰਕੇ, ਕਵਿਤਾ ਸਾਧਾਰਨ ਵਾਰਤਿਕੀ ਗੱਲਾਂ ਨਾਲੋਂ ਚੇਤੇ ਰੱਖਣੀ ਵੱਧ ਸੌਖੀ ਸੀ।

ਜਨਮ ਤੋਂ ਪਿੱਛੋਂ ਦੇ ਕੁਝ ਸਮੇਂ ਦੀਆਂ ਲੋਰੀਆਂ ਤੋਂ ਮਗਰੋਂ ਇਹ ਕਹਾਣੀ ਹੀ ਹੈ ਜੋ ਮਾਂ ਅਤੇ ਫੇਰ ਆਪਣੇ ਹੋਰਾਂ ਦੇ ਮੂੰਹੋਂ ਵੱਖ ਵੱਖ ਰੂਪਾਂ ਵਿਚ ਬਾਲ ਦੇ ਕੰਨੀਂ ਪੈਂਦੀ ਹੈ। ਮੇਰੇ ਬਚਪਨ ਵਿਚ ਪੰਜਾਬ ਵਿਚ ਕਿਹੜੀ ਪੇਂਡੂ ਮਾਂ ਹੋਵੇਗੀ ਜਿਸ ਨੇ ਅਜੇ ਬੋਲੀ ਸਮਝਣ ਤੋਂ ਵੀ ਅਸਮਰੱਥ ਬਾਲ ਨੂੰ ਉਹ ਕਹਾਣੀ ਨਾ ਸੁਣਾਈ ਹੋਵੇ ਜਿਸ ਵਿਚ ਉਹ ਪਸ਼ੂ ਹਿੱਕਣ ਲਈ ਹੱਥ ਵਿਚ ਖੂੰਡੀ ਅਤੇ ਧੁੱਪ, ਬਰਖਾ ਜਾਂ ਠੰਢ ਤੋਂ ਬਚਣ ਲਈ ਸਿਰ ਉਤੇ ਭੂੰਗੀ ਲੈ ਕੇ ਖੇਤ ਜਾਂਦਾ ਹੈ ਤੇ ਕਿਧਰੇ ਗੁਆਚ ਜਾਂਦਾ ਹੈ। ਅੰਤ ਵਿਚ ਮਾਂ ਜਦੋਂ ਹਥੇਲੀ ਤੋਂ ਤੋਰੀਆਂ ਉਂਗਲਾਂ ਨਾਲ ਬਾਂਹ ਉਤੇ ਪੈੜ ਲੱਭਦੀ ਲੱਭਦੀ ਕੁਤਕੁਤਾੜੀ ਕਰਦੀ ਹੈ, ਕਹਾਣੀ ਨੂੰ ਨਾ ਸਮਝਦਿਆਂ ਵੀ ਬਾਲ ਉਸ ਵਿਚਲੀ ਮੋਹ-ਪਿਆਰ ਦੀ ਭਾਵਨਾ ਨੂੰ ਜ਼ਰੂਰ ਸਮਝ ਜਾਂਦਾ ਹੈ। ਕੁਤਕੁਤਾੜੀ ਨਾਲ ਉਹ ਵੀ ਖਿੜਖਿੜ ਹੱਸ ਪੈਂਦਾ ਹੈ ਅਤੇ ਮਾਂ ਵੀ ਖੁਸ਼ੀ ਨਾਲ ਖੀਵੀ ਹੋ ਜਾਂਦੀ ਹੈ।

ਸੁਰਤ ਸੰਭਾਲਣ ਮਗਰੋਂ ਮੇਰਾ, ਆਪਣੀ ਪੀੜ੍ਹੀ ਦੇ ਹੋਰ ਬਾਲਾਂ ਵਾਂਗ, ਬਹੁਤ ਨੇੜਲਾ ਵਾਹ ਬਾਤਾਂ ਨਾਲ ਪਿਆ ਜਿਨ੍ਹਾਂ ਦੀ ਨੁਹਾਰ ਸਾਹਿਤਕ ਕਹਾਣੀ ਨਾਲ ਵੱਡੀ ਹੱਦ ਤੱਕ ਮੇਲ ਖਾਂਦੀ ਸੀ। ਉਨ੍ਹਾਂ ਵਿਚ ਵੀ ਕਹਾਣੀ ਵਾਂਗ ਹੀ ਘਟਨਾਵਲੀ ਅਤੇ ਵਾਰਤਾਲਾਪ ਦੇ ਸਹਾਰੇ ਗੱਲ ਅੱਗੇ ਤੁਰਦੀ ਸੀ, ਕਹਾਣੀ ਦੇ ਪਾਠਕ ਵਾਂਗ ਸਰੋਤੇ ਦੀ ਦਿਲਚਸਪੀ ਬਣੀ ਰਹਿੰਦੀ ਸੀ ਅਤੇ ਕਹਾਣੀ ਵਾਂਗ ਹੀ ਕਿਸੇ ਸਮਾਜਕ ਸਰੋਕਾਰ ਨੂੰ ਆਧਾਰ ਬਣਾਇਆ ਗਿਆ ਹੁੰਦਾ ਸੀ। ਜਦੋਂ ਕੋਈ ਬਾਤ ਸੁਣਾਉਣ ਲਈ ਆਖਦਾ ਸੀ, ਅੱਗਿਓਂ ਸਵਾਲ ਹੁੰਦਾ ਸੀ, ਹੱਡਬੀਤੀ ਸੁਣਾਵਾਂ ਜਾਂ ਜੱਗਬੀਤੀ? ਹੱਡਬੀਤੀ ਨੂੰ ਉਹ ਆਪਣੇ ਨਾਲ ਬੀਤੀ ਹੋਣ ਕਰਕੇ ਭਾਵਨਾਵਾਂ ਦੇ ਪੱਖੋਂ ਵਧੇਰੇ ਗਹਿਰਾਈ ਨਾਲ, ਵਧੇਰੇ ਭਾਵੁਕਤਾ ਨਾਲ ਸੁਣਾਉਂਦਾ ਸੀ ਅਤੇ ਜੱਗਬੀਤੀ ਨੂੰ ਉਹ ਪਰਾਈ ਘਟਨਾ ਹੋਣ ਕਰਕੇ ਇਕ ਭਾਵੁਕ ਵਿੱਥ ਤੋਂ ਬਿਆਨ ਕਰਦਾ ਸੀ।

ਅੱਜ ਦੀ ਸਾਹਿਤਕ ਕਹਾਣੀ ਵਿਚ ਵੀ ਵਿਸ਼ਾ ਹੱਡਬੀਤੀ ਅਤੇ ਜੱਗਬੀਤੀ ਦੀ ਸ਼ਕਲ ਵਿਚ ਹੀ ਹੁੰਦਾ ਹੈ। ਪਰ ਹੁਣ ਪੇਸ਼ਕਾਰੀ ਨੇ ਏਨਾ ਕਲਾਤਮਕ ਰੂਪ ਧਾਰਨ ਕਰ ਲਿਆ ਹੈ ਕਿ ਲੇਖਕ ਹੱਡਬੀਤੀ ਨੂੰ ਕਲਪਿਤ ਪਾਤਰਾਂ ਰਾਹੀਂ ਅਤੇ ਘਟਨਾਵਾਂ ਨੂੰ ਛਾਂਗ-ਤਰਾਸ਼ ਕੇ ਤੇ ਵਧਾ-ਚੜ੍ਹਾ ਕੇ ਜੱਗਬੀਤੀ ਬਣਾ ਦਿੰਦਾ ਹੈ ਅਤੇ ਦੂਜੇ ਪਾਸੇ ਜੱਗਬੀਤੀ ਦੀ ਪੇਸ਼ਕਾਰੀ ਸਮੇਂ ਉਹ ਪਾਤਰਾਂ ਨੂੰ ਆਪਣੇ ਅੰਦਰ ਵਸਾ ਕੇ ਉਨ੍ਹਾਂ ਦੇ ਦੁਖ-ਸੁਖ ਨੂੰ ਏਨੀ ਤੀਬਰਤਾ ਨਾਲ ਅਨੁਭਵ ਕਰਦਾ ਹੈ ਕਿ ਜੱਗਬੀਤੀ ਵੀ ਹੱਡਬੀਤੀ ਜਿੰਨੀ ਹੀ ਜੀਵੰਤ ਹੋ ਨਿੱਬੜਦੀ ਹੈ।

ਅਬੋਧ ਉਮਰੇ ਚੇਤੇ ਦੀ ਤਖਤੀ ਉਤੇ ਲਿਖੇ ਜਾਂਦੇ ਰਹੇ ਸ਼ਬਦਾਂ ਦੇ ਸਹੀ ਅਰਥ ਤਾਂ ਭਾਵੇਂ ਵੱਡਾ ਹੋ ਕੇ ਪਹਿਲਾਂ ਪਾਠਕ ਤੇ ਫੇਰ ਲੇਖਕ ਬਣਿਆਂ ਹੀ ਸਮਝ ਆਏ, ਪਰ ਇਹ ਤਾਂ ਨਹੀਂ ਨਾ ਹੋ ਸਕਦਾ ਕਿ ਸਾਹਿਤ ਦੀ ਨਿੱਕੀ ਨਿੱਕੀ ਕਣੀ ਮਨ ਦੀ ਮਿੱਟੀ ਵਿਚ ਜੀਰੇ ਨਾ ਤੇ ਕੋਈ ਭਿੱਜੇ ਤਾਂ ਉਹਨੂੰ ਅਨੰਦ ਦਾ ਅਹਿਸਾਸ ਹੋਵੇ ਹੀ ਨਾ! ਇਸ ਸਬੰਧ ਵਿਚ ਲੋਰੀਆਂ, ਇਸਤਰੀਆਂ ਦੇ ਖੁਸ਼ੀ-ਗਮੀ, ਮੇਲ-ਵਿਛੋੜੇ ਦੇ ਗੀਤਾਂ, ਦਿਲ-ਚੀਰਵੇਂ ਵੈਣਾਂ, ਧਾਰਮਿਕ ਦੀਵਾਨਾਂ, ਕਵੀਸ਼ਰਾਂ, ਢੱਡ-ਸਾਰੰਗੀ ਵਾਲੇ ਗਮੰਤਰੀਆਂ, ਨਕਲੀਆਂ, ਨਚਾਰਾਂ, ਆਦਿ ਦੇ ਖਾੜਿਆਂ, ਭਰਪੂਰ ਕਹਾਣੀ-ਰਸ ਵਾਲੀਆਂ ਬਾਤਾਂ, ਸੱਥਾਂ ਵਿਚ ਤੇ ਪਿੱਪਲਾਂ-ਬੋਹੜਾਂ ਹੇਠ ਸੁਣੇ-ਸੁਣਾਏ ਜਾਂਦੇ ਕਿੱਸਿਆਂ ਅਤੇ ਫੇਰ ਅਜਿਹੇ ਬਹੁਤ ਕੁਝ ਨੂੰ ਲਾਊਡਸਪੀਕਰਾਂ ਰਾਹੀਂ ਘਰ ਘਰ ਪੁਚਾ ਦੇਣ ਵਾਲੇ ਤਵਿਆਂ ਦੀ ਬਹੁਤ ਵੱਡੀ ਭੂਮਿਕਾ ਤੇ ਮਹੱਤਤਾ ਰਹੀ ਹੈ। ਇਸ ਸਭ ਕੁਝ ਨੇ ਬਿਨਾਂ-ਸ਼ੱਕ ਮੇਰੇ ਮਨ ਦੀ ਮਿੱਟੀ ਅੱਗੇ ਚੱਲ ਕੇ ਸਾਹਿਤ ਦੀ ਬੂਟੀ ਲੱਗਣ ਲਈ ਵੱਤਰ ਕਰ ਦਿੱਤੀ।

ਸਾਹਿਤ ਤਾਂ ਸਾਡੇ ਪਿੰਡਾਂ ਵਿਚ ਵਿਆਪਕ ਅਨਪੜ੍ਹਤਾ ਅਤੇ ਅਖ਼ਬਾਰਾਂ, ਰਸਾਲਿਆਂ ਤੇ ਪੁਸਤਕਾਂ ਦੀ ਅਪਹੁੰਚਤਾ ਦੇ ਬਾਵਜੂਦ ਅਨੇਕ ਰੂਪਾਂ ਵਿਚ ਮਿੱਟੀ ਵਿਚ ਰਚਿਆ, ਪੌਣ ਵਿਚ ਰਮਿਆ ਤੇ ਪਾਣੀ ਵਿਚ ਘੁਲਿਆ ਹੋਇਆ ਸੀ। ਲੋਕਾਂ ਨੇ ਸ਼ਬਦ 'ਸਾਹਿਤ' ਸੁਣਿਆ ਤੱਕ ਨਹੀਂ ਸੀ ਹੁੰਦਾ, ਇਹਦੇ ਅਰਥ ਜਾਣਨਾ ਤਾਂ ਦੂਰ ਦੀ ਗੱਲ ਹੈ, ਪਰ ਉਹ ਸਾਹਿਤ ਦੇ ਵਿਚਕਾਰ ਵਸਦੇ ਸਨ ਤੇ ਉਹਨੂੰ ਮਾਣਦੇ ਸਨ।

ਇਕ ਵਰਣਨਯੋਗ ਗੱਲ ਇਹ ਹੈ ਕਿ ਸਾਹਿਤ ਬਚਪਨ ਤੋਂ ਹੀ ਮੇਰੇ ਲਈ ਕੋਈ ਓਪਰੀ ਚੀਜ਼ ਨਹੀਂ ਸੀ ਰਹਿ ਗਿਆ। ਧਾਰਮਿਕ ਸਾਹਿਤ ਅਤੇ ਰਚਨਾਤਮਕ ਸਾਹਿਤ ਵੀ- ਸਾਡੇ ਘਰ-ਪਰਿਵਾਰ ਦੀ ਰਹਿਤਲ ਦਾ ਮਹੱਤਵਪੂਰਨ ਅੰਗ ਬਣਿਆ ਹੋਇਆ ਸੀ। ਬਾਪੂ ਜੀ ਨੇ ਨੌਕਰੀ ਦੇ ਸਮੇਂ ਤੋਂ ਹੀ ਬਹੁਤ ਸਾਰੀਆਂ ਪੁਸਤਕਾਂ ਇਕੱਤਰ ਕੀਤੀਆਂ ਹੋਈਆਂ ਸਨ। ਇਨ੍ਹਾਂ ਵਿਚ ਹੋਰਾਂ ਤੋਂ ਇਲਾਵਾ ਨਾਨਕ ਸਿੰਘ ਦੇ ਨਾਵਲ ਵੀ ਸਨ ਅਤੇ ਗੁਰਬਖ਼ਸ਼ ਸਿੰਘ ਦੀਆਂ ਪੁਸਤਕਾਂ ਵੀ। ਪੁਸਤਕਾਂ ਦੇ ਨਾਲ ਨਾਲ ਅਖ਼ਬਾਰ-ਰਸਾਲੇ ਵੀ ਆਉਂਦੇ ਸਨ। 'ਪ੍ਰੀਤਲੜੀ' ਤਾਂ ਹਰ ਮਹੀਨੇ ਆਉਂਦਾ ਹੀ ਸੀ। ਮਗਰੋਂ ਲੁਧਿਆਣੇ ਤੋਂ ਬਹੁਤ ਵਧੀਆ ਸਾਹਿਤਕ-ਰਾਜਨੀਤਕ ਪੰਜਾਬੀ ਹਫਤਾਵਾਰ 'ਲਲਕਾਰ' ਨਿਕਲਿਆ ਤਾਂ ਉਹ ਵੀ ਆਉਣ ਲਗਿਆ। ਇਉਂ ਸਾਹਿਤ ਦਾ ਬੀ ਮੇਰੇ ਮਨ ਵਿਚ ਬਹੁਤ ਅਗੇਤਾ ਹੀ ਬੀਜਿਆ ਗਿਆ ਸੀ।

ਆਪਣੇ ਪਿੰਡ ਪਿੱਥੋ ਦਾ ਪ੍ਰਾਇਮਰੀ ਸਕੂਲ ਮੁਕਾ ਕੇ ਪੰਜਵੀਂ ਵਿਚ ਰਾਮਪੁਰਾ ਫੂਲ ਦਾਖਲ ਹੋਇਆ ਤਾਂ ਬਾਪੂ ਜੀ ਫੌਜ ਵਿਚੋਂ ਪੈਨਸ਼ਨ ਲੈ ਕੇ ਘਰ ਆ ਚੁੱਕੇ ਸਨ। ਸਕੂਲੋਂ ਮੁੜਦਿਆਂ ਉਨ੍ਹਾਂ ਲਈ ਪੰਜਾਬੀ ਦਾ ਰੋਜ਼ਾਨਾ ਅਖ਼ਬਾਰ ਲਿਆਉਣਾ ਹੁੰਦਾ। ਭਾਈ ਖਜ਼ਾਨ ਸਿੰਘ ਆਪਣੀ ਬਸਾਤੀ ਦੀ ਦੁਕਾਨ ਉਤੇ ਅਖ਼ਬਾਰ-ਰਸਾਲੇ ਵੀ ਰਖਦਾ ਸੀ ਅਤੇ ਪੰਜਾਬੀ ਸਾਹਿਤ ਵੀ, ਤੇ ਉਹ ਪੁਸਤਕਾਂ ਕਿਰਾਏ ਉਤੇ ਵੀ ਦਿੰਦਾ ਸੀ। ਮੈਂ ਇਕ ਪੁਸਤਕ ਮੋੜ ਆਉਂਦਾ ਤੇ ਦੁਆਨੀ ਦੇ ਕੇ ਬਾਪੂ ਜੀ ਦੀ ਦੱਸੀ ਹੋਈ ਦੂਜੀ ਲਿਆ ਦਿੰਦਾ। ਜ਼ਮੀਨ ਸਾਡੀ ਹਿੱਸੇ-ਠੇਕੇ ਉਤੇ ਦਿੱਤੀ ਹੋਈ ਹੁੰਦੀ ਸੀ। ਗਰਮੀਆਂ ਵਿਚ ਪਿਛਲੇ ਪਹਿਰ ਅਤੇ ਸਿਆਲਾਂ ਵਿਚ ਰਾਤ ਨੂੰ ਮੇਰੀ ਮਾਂ ਕੰਮ-ਕਾਰ ਤੋਂ ਵਿਹਲੀ ਹੋ ਕੇ ਚਰਖਾ ਕੱਤਦੀ, ਗਲੋਟੇ ਅਟੇਰਦੀ ਜਾਂ ਹੋਰ ਅਜਿਹਾ ਕੁਝ ਕਰਦੀ। ਕੋਲ ਬੈਠ ਕੇ ਬਾਪੂ ਜੀ ਉਚੀ ਆਵਾਜ਼ ਵਿਚ ਕਿਸੇ ਪੁਸਤਕ ਦਾ ਪਾਠ ਕਰਦੇ। ਕਿਸੇ ਨਾ ਕਿਸੇ ਪੁਸਤਕ ਦਾ ਪਾਠ ਚਲਦਾ ਹੀ ਰਹਿੰਦਾ। ਜਿੰਨੇ ਕਾਂਡ ਪੜ੍ਹਨੇ ਹੁੰਦੇ, ਪੜ੍ਹ ਕੇ ਨਿਸ਼ਾਨੀ ਰਖਦਿਆਂ ਉਹ ਪੁਸਤਕ ਅਗਲੇ ਦਿਨ ਤਕ ਸੰਤੋਖ ਦਿੰਦੇ। ਮੈਂ ਆਮ ਕਰਕੇ ਥੋੜ੍ਹਾ ਹਟਵਾਂ ਬੈਠਾ ਸਕੂਲ ਦਾ ਕੰਮ ਕਰਦਾ। ਮੇਰੇ ਲਈ ਸਾਹਿਤ ਉਸ ਸਮੇਂ ਸ਼ਾਇਦ ਸਮਝੋਂ ਪਰ੍ਹੇ ਤੇ ਪੜ੍ਹਾਈ ਲਈ ਵਿਘਨਕਾਰੀ ਸਮਝਿਆ ਜਾਂਦਾ ਹੋਵੇਗਾ। ਤਾਂ ਵੀ ਇਉਂ ਪੁਸਤਕਾਂ ਫਰੋਲਣ ਦੀ ਸਮਝ ਅਤੇ ਉਮਰ ਤੋਂ ਪਹਿਲਾਂ ਮੈਂ ਉਨ੍ਹਾਂ ਦਾ ਸਬੱਬੀ ਸਰਸਰੀ ਸਰੋਤਾ ਜ਼ਰੂਰ ਬਣ ਗਿਆ।

ਇਹ ਸੀ ਮਾਹੌਲ ਜੀਹਦੇ ਵਿਚ ਮੈਂ ਸੁਰਤ ਸੰਭਾਲੀ। ਤੇ ਅਜਿਹਾ ਮਾਹੌਲ ਮਿਲਣਾ ਮੇਰਾ ਸੁਭਾਗ ਸੀ ਕਿਉਂਕਿ ਇਸੇ ਸਦਕਾ ਮੈਂ ਹਜ਼ਾਰਾਂ ਸਾਲ ਦੂਰ ਤੱਕ ਜੜ੍ਹਾਂ ਵਾਲੇ ਆਪਣੇ ਗੌਰਵਸ਼ਾਲੀ ਸਾਹਿਤਕ, ਸਭਿਆਚਾਰਕ ਤੇ ਭਾਸ਼ਾਈ ਪਿਛੋਕੇ ਬਾਰੇ ਚੇਤੰਨ ਹੋ ਸਕਿਆ। ਇਸੇ ਚੇਤਨਾ ਨੇ ਮੇਰੀ ਭਵਿੱਖੀ ਸਮਾਜਕ ਸੋਚ ਅਤੇ ਸਾਹਿਤਕ ਦ੍ਰਿਸ਼ਟੀ ਨੂੰ ਡੌਲਿਆ-ਢਾਲਿਆ।

ਇਹ ਗੱਲ ਠੀਕ ਹੈ ਕਿ ਕੇਵਲ ਸਾਹਿਤਕ ਮਾਹੌਲ ਕਿਸੇ ਨੂੰ ਸਾਹਿਤਕਾਰ ਨਹੀਂ ਬਣ ਸਕਦਾ, ਪਰ ਇਹ ਗੱਲ ਵੀ ਏਨੀ ਹੀ ਠੀਕ ਹੈ ਕਿ ਜੇ ਕਿਸੇ ਵਿਅਕਤੀ ਵਿਚ ਸਾਹਿਤਕ ਸੰਭਾਵਨਾ ਮੌਜੂਦ ਹੋਵੇ, ਸਾਹਿਤਕ ਮਾਹੌਲ ਨਿਰਸੰਦੇਹ ਉਸ ਲਈ ਪ੍ਰੇਰਕ ਅਤੇ ਸਹਾਇਕ ਸਿੱਧ ਹੁੰਦਾ ਹੈ। ਅੱਜ ਪਿੱਛੇ ਮੁੜ ਕੇ ਦੇਖਦਾ ਹਾਂ ਤਾਂ ਮਾਣ ਹੁੰਦਾ ਹੈ ਕਿ ਸਾਡੇ ਬਹੁਤ ਪਛੜੇ ਹੋਏ ਇਲਾਕੇ ਅੰਦਰ ਕੇਵਲ ਸਾਡੇ ਪਿੰਡ ਵਿਚ ਹੀ ਨਹੀਂ, ਸਗੋਂ ਨੇੜ-ਤੇੜ ਦੇ ਪਿੰਡਾਂ ਵਿਚ ਵੀ ਸ਼ਾਇਦ ਇਕ ਸਾਡਾ ਘਰ ਹੀ ਇਉਂ ਸਾਹਿਤਕ ਸੀ। ਮੇਰਾ ਮੰਨਣਾ ਹੈ, ਇਸ ਪਿਛੋਕੜ ਨੇ ਕਹਾਣੀ ਵਿਚ ਮੇਰੀ ਦਿਲਚਸਪੀ ਵੀ ਜਗਾਈ ਅਤੇ ਮੈਨੂੰ ਕਹਾਣੀ ਦੀ ਸੋਝੀ ਵੀ ਕਰਵਾਈ।

(ਚਲਦਾ)

# ਅੱਖੀਂ ਡਿੱਠੇ ਧਰਮ ਪਰਿਵਰਤਨ ਦੀਆਂ ਵਿਸ਼ੇਸ਼ ਵਾਰਦਾਤਾਂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਹੋਰ ਦੋ ਮਹੀਨੇ ਤੱਕ ਮੈਂ ਇੱਕ ਉਤੇ ਅੱਸੀ ਸਾਲ ਦਾ ਹੋ ਜਾਣਾ ਹੈ। ਭਾਰਤੀ ਸੰਸਦ ਤੇ ਸੰਸਦ ਦੇ ਬਾਹਰ ਧਰਮ ਪਰਿਵਰਤਨ ਦੇ ਸਮਾਚਾਰਾਂ ਨੇ ਮੈਨੂੰ ਅੱਖੀਂ ਦੇਖੀਆਂ ਵਾਰਦਾਤਾਂ ਚੇਤੇ ਕਰਵਾ ਦਿੱਤੀਆਂ ਹਨ। 1947 ਦੀ ਦੇਸ਼ ਵੰਡ ਸਮੇਂ ਮੈਂ 14 ਸਾਲ ਦਾ ਸਾਂ। ਨਵ ਜੰਮੇ ਪਾਕਿਸਤਾਨ ਦੇ ਹਿੰਦੂ ਸਿੱਖ ਆਪਣੇ ਘਰ ਘਾਟ ਤਿਆਗ ਕੇ ਏਧਰ ਆ ਰਹੇ ਸਨ ਤੇ ਏਧਰ ਦੇ ਮੁਸਲਮਾਨ ਉਨ੍ਹਾਂ ਵਾਂਗ ਹੀ ਓਧਰ ਜਾ ਰਹੇ ਸਨ। ਮੇਰੇ ਜੱਦੀ ਪਿੰਡ ਸੂਨੀ (ਹੁਸ਼ਿਆਰਪੁਰ) ਵਿਚ ਦੋ ਨੀਲੇ ਬਾਣੇ ਵਾਲੇ ਘੋੜ ਸਵਾਰਾਂ ਨੇ ਸਾਡੇ ਪਿੰਡ ਦੇ ਅਰਾਈਆਂ ਨੂੰ ਕਿਹਾ ਕਿ ਜਿਹੜੇ ਅਰਾਈਂ ਓਧਰ ਨਹੀਂ ਜਾਣਾ ਚਾਹੁੰਦੇ, ਉਹ ਅੰਮ੍ਰਿਤਧਾਰੀ ਸਿੱਖ ਹੋ ਕੇ ਏਧਰ ਰਹਿ ਸਕਦੇ ਹਨ। ਸਾਰੇ ਦੇ ਸਾਰੇ ਅਰਾਈਂ ਕੱਛੇ ਸਿਲਵਾ ਕੇ ਤੇ ਕੰਘੇ, ਕੜੇ ਤੇ ਕਿਰਪਾਨ ਧਾਰੀ ਹੋ ਕੇ ਸਿੰਘ ਸੱਜ ਗਏ ਸਨ। ਅੰਮ੍ਰਿਤ ਛਕਾਉਣ ਵਾਲੇ ਗ੍ਰੰਥੀ ਦੇ ਕਹਿਣ ਉਤੇ ਉਹ ਸਤਿਨਾਮ ਵਾਹਿਗੁਰੂ ਉਚਾਰਦੇ ਉਸ ਔਰੰਗਜ਼ੇਬ ਨੂੰ ਕੋਸ ਰਹੇ ਸਨ ਜਿਸ ਦੇ ਰਾਜ ਕਾਲ ਵਿਚ, ਉਨ੍ਹਾਂ ਦੇ ਸੁਣੇ ਅਨੁਸਾਰ, ਉਨ੍ਹਾਂ ਨੂੰ ਹਿੰਦੂਆਂ ਤੋਂ ਮੁਸਲਮਾਨ ਬਣਾਇਆ ਗਿਆ ਸੀ। ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਦੇ ਸਿੰਘ ਸਜਣ ਤੋਂ ਦੋ ਦਿਨ ਬਾਅਦ ਹਜ਼ਾਰਾਂ ਹਿੰਦੂ ਸਿੱਖਾਂ ਨੇ, ਜਿਹੜੇ ਸਾਡੇ ਨੇੜਲੇ ਪਿੰਡਾਂ ਦੇ ਰਹਿਣ ਵਾਲੇ ਸਨ, ਸਿੰਘ ਸਜੇ ਮੁਸਲਮਾਨਾਂ ਦੇ ਘਰਾਂ ਉਤੇ ਧਾਵਾ ਬੋਲ ਕੇ ਉਨ੍ਹਾਂ ਦਾ ਸਾਜ ਸਮਾਨ ਹੀ ਨਹੀਂ ਸੀ ਲੁਟਿਆ, ਨੂੰਹਾਂ-ਧੀਆਂ ਦੀ ਪੱਤ ਵੀ ਰੋਲੀ ਸੀ। ਉਹ ਆਪਣੇ ਨਾਲ ਦੋ ਦਰਜਨ ਗਭਰੂਆਂ ਦੀ ਹੱਤਿਆ ਕਰਕੇ ਅੱਧੀ ਦਰਜਨ ਮੁਟਿਆਰਾਂ ਚੁੱਕ ਕੇ ਲੈ ਗਏ ਸਨ। ਸਾਡੇ ਪਿੰਡ ਦੇ ਹਿੰਦੂ ਸਿੱਖ ਕਿਸੇ ਦੀ ਰਾਖੀ ਨਹੀਂ ਸਨ ਕਰ ਸਕੇ।

ਹਾਂ! ਏਨਾ ਜ਼ਰੂਰ ਹੈ ਕਿ ਜਦੋਂ ਦੋ ਮਹੀਨੇ ਪਿੱਛੋਂ ਗੇਂਦੇ ਭਰਾਈ ਦੀ ਨੂੰਹ ਅਤੇ ਧੀ ਆਪਣੇ ਚੁੱਕਣ ਵਾਲਿਆਂ ਨੂੰ ਚਕਮਾ ਦੇ ਕੇ ਮੁੜ ਸਾਡੇ ਪਿੰਡ ਆ ਵੜੀਆਂ ਸਨ ਤਾਂ ਅਸੀਂ ਉਨ੍ਹਾਂ ਨੂੰ ਆਪਣੇ ਪਿੰਡ ਦੀਆਂ ਨੂੰਹਾਂ-ਧੀਆਂ ਵਾਲਾ ਪਿਆਰ ਤੇ ਦਿਲਾਸਾ ਦੇ ਕੇ ਆਪਣੇ ਘਰਾਂ ਵਿਚ ਸਾਂਭ ਲਿਆ ਸੀ। ਇਥੋਂ ਤੱਕ ਕਿ ਜਦੋਂ ਉਨ੍ਹਾਂ ਨੂੰ ਚੁੱਕਣ ਵਾਲੇ ਪ੍ਰੀਤਮ ਸਿੰਘ, ਰਤਨ ਸਿੰਘ ਤੇ ਬਲਵੰਤ ਸਿੰਘ- ਇਕ ਘੋੜੀ ਤੇ ਰਫ਼ਲਾਂ ਬੰਦੂਕਾਂ ਲੈ ਕੇ ਉਨ੍ਹਾਂ ਨੂੰ ਮੁੜ ਚੁੱਕਣ ਆਏ ਸਨ ਤਾਂ ਸਾਡੇ ਪਿੰਡ ਵਾਲਿਆਂ ਨੇ ਮੁਸਲਿਮ ਧੀਆਂ ਦੀ ਰੱਖਿਆ ਕਰਦਿਆਂ ਤਿੰਨੋਂ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।



ਮੇਰੇ ਨਾਨੇ ਨੇ ਇੱਕ ਸੱਤ ਸਾਲਾ ਅਲੀ ਗੌਸ ਨਾਮ ਦੇ ਲੜਕੇ ਨੂੰ ਉਸ ਦੇ ਮ੍ਰਿਤਕ ਮਾਪਿਆਂ ਦੀਆਂ ਲਾਸ਼ਾਂ ਕੋਲੋਂ ਚੁੱਕ ਕੇ ਆਪਣੇ ਘਰ ਲੈ ਆਂਦਾ ਸੀ ਜਿਸ ਨੂੰ ਮੇਰੀ ਨਾਨੀ ਨੇ ਆਪਣੇ ਪਹਿਲੇ ਅੱਠ ਧੀਆਂ ਪੁੱਤਰਾਂ ਦਾ ਨੌਵਾਂ ਭਰਾ ਰਾਮ ਸਿੰਘ ਬਣਾ ਕੇ ਸਿੱਖ ਮਰਿਆਦਾ ਨਾਲ ਪਾਲਿਆ ਤੇ ਵਿਆਹਿਆ ਸੀ। ਉਸ ਨੂੰ ਨਾਨਕਿਆਂ ਤੋਂ ਦਿੱਲੀ ਲਿਜਾ ਕੇ ਟੈਕਸੀ ਡਰਾਈਵਰ ਦਾ ਕੰਮ ਦਿਲਵਾਉਣ ਤੇ ਇੱਕ ਮਹਾਰਾਸ਼ਟਰਨ ਕੁੜੀ ਨਾਲ ਵਿਆਹੁਣ ਵਾਲਾ ਮੈਂ ਆਪ ਸਾਂ। ਉਹ ਮੈਥੋਂ ਸੱਤ ਸਾਲ ਛੋਟਾ ਹੋਣ ਕਾਰਨ ਮੈਨੂੰ ਭਾਣਜਾ ਸਾਹਿਬ ਕਹਿੰਦਾ ਹੁੰਦਾ ਸੀ। ਇਹ ਗੱਲ ਵੱਖਰੀ ਹੈ ਕਿ ਜਦੋਂ 1984 ਵਿਚ ਇੰਦਰਾ ਗਾਂਧੀ ਦੀ ਹੱਤਿਆ ਉਤੇ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਹੋਇਆ ਤਾਂ ਉਸ ਨੇ ਕੇਸ ਕਟਵਾ ਕੇ ਜਾਨ ਬਚਾਈ ਸੀ। ਮੇਰੀ ਨਾਨੀ ਦੇ ਦਿੱਤੇ ਉਹ ਕੇਸ ਜਿਹੜੇ ਉਸ ਨੇ ਮਹਾਰਾਸ਼ਟਰਨ ਵਹੁਟੀ ਦੇ ਕਹਿਣ ਉਤੇ ਵੀ ਨਹੀਂ ਸਨ ਕਟਵਾਏ।

1998 ਵਿਚ ਜਦੋਂ ਗੋਆ ਦਾ ਸਾਬਕਾ ਰਾਜਪਾਲ ਕਰਨਲ ਪ੍ਰਤਾਪ ਸਿੰਘ ਗਿੱਲ ਮੈਨੂੰ ਆਪੂੰ ਥਾਪੇ ਹਿੰਦੂ ਮੁਸਲਿਮ ਮਿਲਾਪ ਟਰੱਸਟ ਦਾ ਮੈਂਬਰ ਬਣਾ ਕੇ ਆਪਣੇ ਨਾਲ ਪਾਕਿਸਤਾਨ ਲੈ ਗਿਆ ਤਾਂ ਲਾਹੌਰ, ਸ਼ੇਖੂਪੁਰਾ 'ਤੇ ਮੁਲਤਾਨ ਦੇ ਅੱਧੀ ਦਰਜਨ ਅਜਿਹੇ ਪਰਿਵਾਰਾਂ ਨੂੰ ਮਿਲਿਆ ਜਿਹੜੇ ਓਧਰ ਵਾਲਾ ਆਪਣਾ ਘਰ ਘਾਟ ਛੱਡ ਕੇ ਏਧਰ ਦੀ ਓਪਰੀ ਧਰਤੀ ਵਿਚ ਆਉਣ ਦੀ ਥਾਂ ਹਿੰਦੂਆਂ ਤੋਂ ਮੁਸਲਮਾਨ ਹੋ ਕੇ ਓਧਰ ਹੀ ਰਹਿ ਗਏ ਸਨ। ਉਨ੍ਹਾਂ ਨੇ ਸਾਰੇ ਮੈਂਬਰਾਂ ਦੀ ਮਹਿਮਾਨ ਨਿਵਾਜ਼ੀ ਹੀ ਨਹੀਂ ਸੀ ਕੀਤੀ ਵਕਤ ਆਉਣ ਉਤੇ ਸਾਡੇ ਕੋਲੋਂ ਮੁਆਫੀ ਮੰਗ ਕੇ ਨੇੜਲੀ ਮਸੀਤ ਵਿਚ ਜਾ ਕੇ ਨਮਾਜ਼ ਵੀ ਪੜ੍ਹੀ। ਸਾਡੀ ਹੈਰਾਨੀ ਦੀ ਕੋਈ ਹੱਦ ਨਹੀਂ ਰਹੀ ਜਦੋਂ ਨਿਮਾਜ਼ ਪੜ੍ਹਨ ਲਈ ਮੰਗੀ ਮੁਆਫੀ ਉਨ੍ਹਾਂ ਨੇ ਵਾਪਸ ਪਰਤਣ ਉਤੇ ਇੱਕ ਵਾਰੀ ਫੇਰ ਮੰਗੀ। ਸਾਡੀ ਉਸ ਫੇਰੀ ਸਮੇਂ ਸਾਨੂੰ ਉਹ ਔਰਤਾਂ ਵੀ ਮਿਲੀਆਂ ਜਿਨ੍ਹਾਂ ਦੇ ਚਾਚੇ-ਤਾਇਆਂ ਤੇ ਭਰਾਵਾਂ ਦੀ ਹੱਤਿਆ ਕਰਕੇ ਓਧਰ ਦੇ ਮੁਸਲਮਾਨਾਂ ਨੇ ਉਨ੍ਹਾਂ ਨੂੰ ਆਪਣੇ ਘਰ ਵਸਾ ਲਿਆ ਸੀ। ਸਾਨੂੰ ਮਿਲਣ ਉਤੇ ਉਨ੍ਹਾਂ ਦੇ ਪੁੱਤਰ-ਧੀਆਂ ਦਾ ਸਾਨੂੰ 'ਮਾਮਾ ਜੀ-ਨਾਨਾ ਜੀ' ਕਹਿੰਦਿਆਂ ਦਾ ਮੂੰਹ ਸੁੱਕਦਾ ਸੀ। ਜਿੰਨੇ ਪਿਆਰ ਨਾਲ ਸਾਡੇ ਗੋਡੀਂ ਹੱਥ ਲਾ ਕੇ ਸਾਡਾ ਸਤਿਕਾਰ ਕੀਤਾ, ਉਹ ਮੈਨੂੰ ਅੰਤਲੇ ਦਮ ਤੱਕ ਚੇਤੇ ਰਹੇਗਾ। ਇਨ੍ਹਾਂ ਸਾਰੇ ਅਮਲਾਂ ਦਾ ਚਸ਼ਮਦੀਦ ਗਵਾਹ ਹੋਣ ਦੇ ਨਾਤੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਭਨਾਂ ਨੇ ਆਪਣਾ ਧਰਮ ਮਜਬੂਰੀ ਵਿਚ ਬਦਲਿਆ ਸੀ। ਖੁਸ਼ੀ ਖੁਸ਼ੀ ਨਹੀਂ।

ਉਪਰੋਕਤ ਅਮਲਾਂ ਨੂੰ 'ਘਰ ਵਾਪਸੀ' ਦਾ ਨਾਂ ਦੇਣਾ ਜਾਂ ਬਾਬਰੀ ਮਸਜਿਦ ਦੇ ਢਾਹੁਣ ਨੂੰ 'ਹਿੰਦੂ ਏਕਤਾ' ਦਾ ਨਾਂ ਦੇਣਾ ਓਨਾ ਹੀ ਹਾਸੋਹੀਣਾ ਹੈ ਜਿੰਨਾ ਮੁਸਲਿਮ ਮਹਿਲਾਵਾਂ ਵਲੋਂ ਬੁਰਕੇ ਤੋਂ ਛੁਟਕਾਰਾ ਪਾਉਣ ਲਈ ਹਿੰਦੂ ਔਰਤਾਂ ਦਾ ਘੁੰਡ ਅਪਨਾਉਣ ਦਾ ਤਰਕ। ਮੈਨੂੰ ਨਹੀਂ ਪਤਾ ਭਾਜਪਾ, ਰਾਸ਼ਟਰੀ ਸ੍ਵੈਮ ਸੇਵਕ ਸੰਘ ਜਾਂ ਹਿੰਦੂਤਵ ਦੇ ਧਾਰਨੀ ਰਾਬਿੰਦਰਨਾਥ ਟੈਗੋਰ ਜਾਂ ਸਵਾਮੀ ਵਿਵੇਕਾ ਨੰਦ ਦੇ ਕਿੰਨੇ ਕੁ ਮੱਦਾਹ ਹਨ ਪਰ ਇਥੇ ਉਨ੍ਹਾਂ ਦੀ ਧਾਰਨਾ ਪੇਸ਼ ਕਰਨਾ ਉਚਿਤ ਹੋਵੇਗਾ। ਟੈਗੋਰ ਅਨੁਸਾਰ "ਏਥੇ ਆਰੀਆ, ਗੈਰ-ਆਰੀਆ, ਦ੍ਰਾਵੜੀ, ਚੀਨੇ, ਹੂਨ, ਪਠਾਣ ਤੇ ਮੁਗ਼ਲ- ਇਕ ਦੂਜੇ ਵਿਚ ਮਿਲ ਕੇ ਇੱਕ ਇਕਾਈ ਬਣ ਚੁੱਕੇ ਹਨ ਤੇ ਇਹ ਇਕਾਈ ਭਾਰਤ ਹੈ।"

ਵਿਵੇਕਾਨੰਦ ਦੇ ਸ਼ਬਦਾਂ ਵਿਚ, ਹਰ ਪ੍ਰਣਾਲੀ ਨੇ ਅਜਿਹੇ ਮਰਦ ਔਰਤਾਂ ਨੂੰ ਜਨਮ ਦਿੱਤਾ ਹੈ ਜਿਹੜੇ ਕਿਸੇ ਇੱਕ ਧਰਮ ਨੂੰ ਪਛਾੜਨ ਜਾਂ ਦੁਰਕਾਰਨ ਦੇ ਉਕਾ ਹੀ ਹੱਕ ਵਿਚ ਨਹੀਂ। ਅੱਜ ਈਸਾਈਆਂ ਦੀ ਕ੍ਰਿਸਮਸ ਨੂੰ ਸ਼ੁਭ ਸ਼ਾਸਨ ਦਿਵਸ ਮਨਾਉਣ ਲਈ ਹੁਕਮ ਜਾਰੀ ਕਰਨਾ ਟੈਗੋਰ ਤੇ ਵਿਵੇਕਾਨੰਦ ਦੇ ਭਾਰਤ ਨੂੰ ਕਿਧਰ ਲਿਜਾ ਰਿਹਾ ਹੈ।

**ਅੰਤਿਕਾ:** (ਅਜੀਜ਼ ਇੰਦੌਰਵੀ)
ਹਮੇਂ ਭੀ ਯਾਦ ਰੱਖੇਂ
ਜਬ ਲਿਖੇਂ ਤਾਰੀਖ ਗੁਲਸ਼ਨ ਕੀ,
ਕਿ ਹਮਨੇ ਭੀ ਲੁਟਾਇਆ ਹੈ
ਚਮਨ ਮੇਂ ਆਸ਼ੀਆਂ ਅਪਨਾ।

# ਪਰਲੋ ਕਿਵੇਂ ਆਈ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353


ਮੈਂ ਉਦੋਂ ਬਹੁਤ ਛੋਟਾ ਜਿਹਾ ਹੁੰਦਾ ਸਾਂ, ਸ਼ਾਇਦ ਪੰਜ ਛੇ ਸਾਲ ਦਾ। ਇਕ ਸਾਲ ਪੰਜਾਬ ਵਿਚ ਬਹੁਤ ਜ਼ਬਰਦਸਤ ਹੜ੍ਹ ਆਏ। ਸਾਡੇ ਪਿੰਡ ਦੇ ਬਾਹਰ ਬਾਹਰ ਚਲਦੀ ਨਹਿਰ ਟੁੱਟ ਗਈ। ਪਿੰਡ ਅਤੇ ਖੇਤ ਪਾਣੀਓ ਪਾਣੀ ਹੋ ਗਏ। ਲੋਕ ਰਾਤਾਂ ਨੂੰ ਪਾਣੀ ਬੰਦ ਕਰਨ ਦਾ ਆਹਰ ਕਰਦੇ ਰਹੇ। ਘਬਰਾਏ ਹੋਏ ਆਪਣੇ ਚਾਚਾ ਜੀ ਜੋ ਖੇਤੀ ਕਰਦੇ ਸਨ, ਤੋਂ ਮੈਂ ਇਹ ਸ਼ਬਦ ਸੁਣੇ, "ਕਹਿੰਦੇ ਬਈ ਪਰਲੋ ਆਉਣੀ ਹੈ। ਸਾਰੀ ਦੁਨੀਆਂ ਡੁੱਬ ਜਾਣੀ ਹੈ।" ਮੇਰੇ ਬਾਲ ਮਨ ਵਿਚ ਦੁਨੀਆਂ ਦੇ ਖਤਮ ਹੋਣ ਦਾ ਤ੍ਰਾਸ ਪੈਦਾ ਹੋ ਗਿਆ। ਪਰਲੋ ਸ਼ਬਦ ਉਦੋਂ ਮੈਂ ਪਹਿਲੀ ਵਾਰੀ ਸੁਣਿਆ। ਦੁਨੀਆਂ ਦੀਆਂ ਕਈ ਮਿਥਾਂ ਵਿਚ ਪਰਲੋ ਜਾਂ ਪਰਲੋ ਜਿਹੇ ਸਰਵਨਾਸ ਦੀਆਂ ਕਈ ਕਥਾਵਾਂ ਮਿਲਦੀਆਂ ਹਨ। ਪਰਲੋ ਦਾ ਮੁੱਖ ਅਰਥ ਜਗਤ ਦਾ ਖਾਤਮਾ, ਕਿਆਮਤ ਆਦਿ ਹੈ। ਉਂਜ ਕਿਸੇ ਕਾਰਨ ਹੁੰਦੇ ਬੇਹੱਦ ਨੁਕਸਾਨ, ਹੜ੍ਹ ਆਦਿ ਨੂੰ ਵੀ ਪਰਲੋ ਕਹਿ ਦਿੱਤਾ ਜਾਂਦਾ ਹੈ। ਪਿਛਲੇ ਸਾਲ ਉਤਰਾਖੰਡ ਵਿਚ ਆਏ ਭਿਅੰਕਰ ਹੜ੍ਹ ਨੂੰ ਪਰਲੋ ਬਿਆਨਿਆ ਗਿਆ ਸੀ। ਲਾਖਣਿਕ ਅਰਥਾਂ ਵਿਚ ਕਾਸੇ ਦੀ ਅਤਿ ਲਿਆਉਣ ਨੂੰ ਵੀ ਪਰਲੋ ਕਹਿ ਦਿੱਤਾ ਜਾਂਦਾ ਹੈ। ਇਕ ਬੋਲੀ ਦੇ ਕੁਝ ਅੰਸ਼ ਪੜ੍ਹੋ:

ਮੁਣਸ਼ੀ ਰਾਮੋਂ ਦਾ
ਡਾਂਗ ਰੱਖਦਾ ਗੰਡਾਸੇ ਵਾਲੀ
ਮੋਦਨ ਕੌਂਕਿਆਂ ਦਾ
ਜਿੰਨੇ ਕੁੱਟ'ਤੀ ਪੰਡੋਰੀ ਸਾਰੀ
ਧੰਨ ਕੌਰ ਦੌਧਰ ਦੀ
ਲੱਕ ਪਤਲਾ ਬਦਨ ਦੀ ਭਾਰੀ
ਪਰਲੋ ਆ ਜਾਂਦੀ
ਜੇ ਹੁੰਦੀ ਨਾ ਪੁਲਸ ਸਰਕਾਰੀ।

ਸ਼ਤਪਥ ਬ੍ਰਾਹਮਣ, ਮਹਾਭਰਤ ਅਤੇ ਪੌਰਾਣਿਕ ਸਾਹਿਤ ਵਿਚ ਪਰਲੋ ਦੀਆਂ ਕਈ ਕਥਾਵਾਂ ਮਿਲਦੀਆਂ ਹਨ। 'ਮਨੁਖ ਦੀ ਉਤਪਤੀ' ਵਾਲੇ ਲੇਖ ਵਿਚ ਮਨੂ ਦਾ ਜ਼ਿਕਰ ਕੀਤਾ ਗਿਆ ਸੀ। ਅਸੀਂ ਦੱਸਿਆ ਸੀ ਕਿ ਵਰਤਮਾਨ ਸਮਾਂ ਸੱਤਵੇਂ ਮਨੂ ਵੈਵਸੂਤ ਦਾ ਹੈ। ਇਸ ਨਾਲ ਜੁੜੀ ਹੋਈ ਇਕ ਜਲ-ਪ੍ਰਲਯ ਦੀ ਕਥਾ ਹੈ। ਇਕ ਦਿਨ ਸਵੇਰੇ ਸਵੇਰੇ ਨਦੀ ਕਿਨਾਰੇ ਆਚਮਨ ਕਰਦੇ ਹੋਏ ਮਨੂ ਦੇ ਹੱਥ ਇਕ ਛੋਟੀ ਜਿਹੀ ਮੱਛੀ ਆ ਗਈ। ਤੜਪਦੀ ਮੱਛੀ ਨੇ ਬੇਨਤੀ ਕੀਤੀ, "ਮੇਰੀ ਰੱਖਿਆ ਕਰੋ, ਬਿਪਤਾ ਆਉਣ 'ਤੇ ਮੈਂ ਤੁਹਾਡੀ ਰੱਖਿਆ ਕਰਾਂਗੀ। ਜਲ-ਪਰਲੋ ਆਉਣ ਵਾਲੀ ਹੈ ਜਿਸ ਕਾਰਨ ਸਭ ਪ੍ਰਾਣੀ ਨਸ਼ਟ ਹੋ ਜਾਣਗੇ। ਮੈਨੂੰ ਘੜੇ ਵਿਚ ਪਾ ਦੇਵੋ। ਜਦ ਮੈਂ ਵੱਡੀ ਹੋ ਜਾਵਾਂ ਤਾਂ ਫਿਰ ਸਰੋਵਰ ਵਿਚ ਪਾ ਦੇਣਾ। ਜਦ ਹੋਰ ਵੱਡੀ ਹੋ ਕੇ ਉਸ 'ਚ ਵੀ ਨਾ ਸਮਾਵਾਂ ਤਾ ਮੈਨੂੰ ਸਮੁੰਦਰ ਵਿਚ ਪਾ ਦੇਣਾ। ਪਰਲੋ ਆਉਣ ਸਮੇਂ ਮੈਨੂੰ ਚੇਤੇ ਕਰਨਾ, ਮੈਂ ਪ੍ਰਗਟ ਹੋ ਕੇ ਸਭ ਦੀ ਰੱਖਿਆ ਕਰਾਗੀ।" ਮਨੂ ਨੇ ਮਛਲੀ ਦੇ ਕਹੇ ਦੀ ਪਾਲਣਾ ਕੀਤੀ।

ਸੱਤ ਦਿਨ ਬਾਅਦ ਮੀਂਹ ਨਾਲ ਜਲ-ਥਲ ਇਕ ਹੋ ਗਿਆ। ਪ੍ਰਿਥਵੀ ਗਰਕ ਜਾਣ ਲੱਗੀ। ਉਧਰ ਮਛਲੀ ਦਾ ਆਕਾਰ ਹੋਰ ਵਧਣ ਲੱਗਾ ਤਾਂ ਉਸ ਨੂੰ ਸਮੁੰਦਰ ਵਿਚ ਪਾ ਦਿੱਤਾ ਗਿਆ। ਜਲ ਦੇ ਭਿਅੰਕਰ ਹੱਦ ਤੱਕ ਵਧਦੇ ਜਾਣ ਨਾਲ ਮਨੂ ਭੈਅਭੀਤ ਹੋ ਗਿਆ। ਉਸ ਨੇ ਵਿਸ਼ਾਲ ਕਾਇਆ ਵਾਲੀ ਮਛਲੀ ਨੂੰ ਯਾਦ ਕੀਤਾ ਤਾਂ ਉਹ ਤਰਦੀ ਹੋਈ ਆ ਗਈ। ਮੱਛੀ ਨੇ ਮਨੂ ਨੂੰ ਇਕ ਨੌਕਾ ਬਣਾਉਣ ਲਈ ਕਿਹਾ। ਮੱਛੀ ਦੇ ਕਹਿਣ 'ਤੇ ਉਸ ਨੇ ਸਭ ਜੀਵਾਂ ਦੇ ਜੋੜੇ ਇਕੱਠੇ ਕਰ ਲਏ ਅਤੇ ਨੌਕੇ ਵਿਚ ਰੱਖ ਦਿੱਤੇ। ਉਸ ਨੇ ਮਨੂ ਨੂੰ ਕਿਹਾ ਕਿ ਨੌਕੇ ਨੂੰ ਇਕ ਰੱਸੀ ਲੈ ਕੇ ਮੇਰੇ ਸਿੰਗ ਨਾਲ ਬੰਨ੍ਹ ਦੇਵੋ। ਮਨੂ ਦੇ ਅਜਿਹਾ ਕਰਨ 'ਤੇ ਮਛਲੀ





ਉਸ ਨੌਕੇ ਨੂੰ ਖਿਚ ਕੇ ਉਤਰੀ ਪਰਬਤ 'ਤੇ ਲੈ ਗਈ। ਇਥੇ ਪਹੁੰਚ ਕੇ ਮਛਲੀ ਦੇ ਹੋਰ ਆਦੇਸ਼ਾਂ ਅਨੁਸਾਰ ਨੌਕੇ ਨੂੰ ਪਰਬਤ 'ਤੇ ਉਗੇ ਇਕ ਦਰਖਤ ਨਾਲ ਬੰਨ੍ਹ ਦਿੱਤਾ ਗਿਆ। ਪਾਣੀ ਦੇ ਪੂਰੀ ਤਰ੍ਹਾਂ ਉਤਰ ਜਾਣ ਪਿਛੋਂ ਮਨੂ ਨੇ ਇਕ ਯੱਗ ਕੀਤਾ ਜਿਸ ਨੂੰ ਸੰਪਨ ਕਰਨ ਲਈ ਕਿਲਾਤ ਅਤੇ ਆਕੁਲੀ ਨਾਂ ਦੇ ਬ੍ਰਾਹਮਣਾਂ ਨੂੰ ਸੱਦਿਆ ਗਿਆ। ਉਸ ਯੱਗ ਵਿਚ ਸ਼ਰਧਾ ਦਾ ਜਨਮ ਹੋਇਆ। ਮਨੂ ਅਤੇ ਸ਼ਰਧਾ ਦੇ ਸੰਜੋਗ ਨਾਲ ਨਵੀਂ ਸ੍ਰਿਸ਼ਟੀ ਦਾ ਜਨਮ ਹੋਇਆ।

ਬਾਈਬਲ ਵਿਚ ਵੀ ਅਜਿਹੀ ਮਿਥ ਹੈ। ਇਕ ਵਾਰ ਰੱਬ ਨੇ ਦੇਖਿਆ ਕਿ ਧਰਤੀ ਉਤੇ ਬੁਰਾਈ ਅਤੇ ਦੁਸ਼ਟਤਾ ਬਹੁਤ ਵਧ ਗਈ ਹੈ। ਖਿਝੇ ਹੋਏ ਰੱਬ ਨੇ ਨੂਹ ਨੂੰ ਕਿਹਾ ਕਿ ਮੈਂ ਹਰੇਕ ਮਨੁਖ, ਬਲਕਿ ਹਰ ਜੀਵਧਾਰੀ ਨੂੰ ਨਸ਼ਟ ਕਰ ਦੇਵਾਂਗਾ ਕਿਉਂਕਿ ਧਰਤੀ 'ਤੇ ਬਹੁਤ ਹਿੰਸਾ ਫੈਲ ਚੁੱਕੀ ਹੈ ਅਤੇ ਜੀਵਾਂ ਦੇ ਅਚਾਰ-ਵਿਹਾਰ ਭ੍ਰਿਸ਼ਟ ਹੋ ਚੁੱਕੇ ਹਨ। ਉਸ ਨੇ ਦੱਸਿਆ ਕਿ ਕੇਵਲ ਨੂਹ ਹੀ ਚਰਿਤਰਵਾਨ ਬਚਿਆ ਹੈ। ਉਸ ਦੇ ਬਚਾਅ ਲਈ ਰੱਬ ਨੇ ਨੂਹ ਨੂੰ ਕਈ ਖਾਨਿਆਂ ਵਾਲਾ ਸੰਦੂਕ ਬਣਾਉਣ ਦੀ ਹਦਾਇਤ ਕੀਤੀ। ਫਿਰ ਉਸ ਨੂੰ ਕਿਹਾ ਕਿ ਇਸ ਵਿਚ ਆਪਣੇ ਪਰਿਵਾਰ ਅਤੇ ਸਭ ਜੀਅ ਜੰਤੂਆਂ ਦਾ ਇਕ-ਇਕ ਜੋੜਾ ਰੱਖ ਦੇਹ। ਨੂਹ ਨੇ ਅਜਿਹਾ ਹੀ ਕੀਤਾ ਤਾਂ ਰੱਬ ਨੇ ਸੱਤ ਦਿਨ ਬਾਅਦ ਮੂਸਲਾਧਾਰ ਮੀਂਹ ਵਰ੍ਹਾ ਦਿੱਤਾ। ਸਾਰੇ ਪਰਬਤ, ਬਨਸਪਤੀ, ਜੀਵ ਜੰਤੂ ਮੀਂਹ ਦੇ ਜਲ ਵਿਚ ਲੀਨ ਹੋ ਕੇ ਮਰ ਮਿਟ ਗਏ ਪਰ ਸੰਦੂਕ ਵਿਚ ਘੁਸੇ ਹੋਏ ਸਾਰੇ ਜੋੜੇ ਬਚ ਗਏ। ਕਈ ਮਹੀਨਿਆਂ ਪਿਛੋਂ ਸੰਦੂਕ ਅਰਾਰਾਤ ਪਰਬਤ 'ਤੇ ਜਾ ਲੱਗਾ। ਅਗਲੇ ਮਹੀਨੇ ਧਰਤੀ ਦੇ ਖੁਸ਼ਕ ਹੋ ਜਾਣ ਨਾਲ ਰੱਬ ਨੇ ਸਭ ਨੂੰ ਬਾਹਰ ਆਉਣ ਦਾ ਹੁਕਮ ਦਿੱਤਾ ਤਾਂ ਕਿ ਸਾਰੇ ਜੀਵ ਮੁੜ ਤੋਂ ਵਧ ਫੁੱਲ ਸਕਣ। ਫਿਰ ਨੂਹ ਨੇ ਪਰਮਾਤਮਾ ਨੂੰ ਜਾਨਵਰਾਂ ਦੀ ਬਲੀ ਦਿੱਤੀ ਤੇ ਉਸ ਨੇ ਮੁੜ ਕੇ ਅਜਿਹੀ ਸਜ਼ਾ ਨਾ ਦੇਣ ਦਾ ਫੈਸਲਾ ਕੀਤਾ।

ਪ੍ਰਾਚੀਨ ਸੁਮੇਰੀ-ਅਕਾਦੀ ਦੇ 'ਗਿਲਗਾਮੇਸ਼ ਮਹਾਕਾਵਿ' ਵਿਚ ਵੀ ਅਜਿਹਾ ਹੀ ਬਿਰਤਾਂਤ ਆਉਂਦਾ ਹੈ ਜਿਸ ਵਿਚ ਕਿਸ਼ਤੀ ਬਣਾਉਣ, ਉਨ੍ਹਾਂ ਨੂੰ ਜੀਵ-ਜੰਤੂਆਂ ਨਾਲ ਭਰਨ, ਪਹਾੜ 'ਤੇ ਲਿਜਾਣ ਅਤੇ ਫਿਰ ਬਚਾਉਣ ਦਾ ਜ਼ਿਕਰ ਆਉਂਦਾ ਹੈ। ਇਸੇ ਕਥਾ ਤੋਂ ਪ੍ਰਭਾਵਿਤ ਗਰੀਕ-ਲਾਤੀਨੀ ਪਰਲੋ ਮਿੱਥਾਂ ਹਨ। ਸਾਰਿਆਂ ਵਿਚ ਜਲ-ਮਗਨ ਹੋ ਕੇ ਨਸ਼ਟ ਹੋਣ ਦਾ ਬਿਰਤਾਂਤ ਹੈ। ਅਜਿਹੀ ਸਥਿਤੀ ਨੂੰ ਸਾਡੀ ਭਾਸ਼ਾ ਵਿਚ ਪਰਲੋ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਪਰਲੈ ਅਤੇ ਪਰਲਉ ਦੇ ਸ਼ਬਦ-ਜੋੜਾਂ ਨਾਲ ਮਿਲਦਾ ਹੈ। "ਭੰਨਣ ਘੜਣ ਸਮਰਥੁ ਹੈ ਓਪਤਿ ਸਭ ਪਰਲੈ॥" ਅਰਥਾਤ ਪਰਮਾਤਮਾ ਪੈਦਾ ਕਰਨ ਤੇ ਨਸ਼ਟ ਕਰਨ ਦੇ ਸਮਰੱਥ ਹੈ (ਗੁਰੂ ਅਰਜਨ ਦੇਵ)। "ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਾਉ ਨਾਹੀ॥" (ਭਗਤ ਕਬੀਰ)। "ਕੋਟਿ ਪਰਲਉ ਓਪਤਿ ਨਿਮਖ ਮਾਹਿ", ਅੱਖ ਝਮਕਦਿਆਂ ਉਹ ਕਰੋੜਾਂ ਜੀਵ ਪੈਦਾ ਤੇ ਫਨਾਹ ਕਰ ਦਿੰਦਾ ਹੈ। ਸੰਸਕ੍ਰਿਤ ਦੇ ਸ਼ਬਦ-ਜੋੜਾਂ ਅਨੁਸਾਰ ਇਸ ਨੂੰ ਪ੍ਰਲਯ ਲਿਖਿਆ ਜਾਵੇਗਾ। ਪਰਲੋ\ਪ੍ਰਲਯ ਦਾ ਸ਼ਾਬਦਿਕ ਅਰਥ ਹੈ- ਰੁੜ੍ਹ ਜਾਣਾ, ਖੁਰ ਜਾਣਾ, ਘੁਲ ਜਾਣਾ। ਮਿਥਾਂ ਵਿਚ ਧਰਤੀ ਅਤੇ ਇਸ ਦੇ ਜੀਵਾਂ ਦਾ ਮੀਂਹ ਦੇ ਪਾਣੀ ਵਿਚ ਗਰਕ ਜਾਣ ਤੋਂ ਮੁਰਾਦ ਹੈ। ਇਥੇ ਸੰਸਾਰ ਦਾ ਪ੍ਰਕਿਰਤੀ ਵਿਚ ਲੀਨ ਹੋ ਜਾਣ ਦਾ ਹੀ ਭਾਵ ਹੈ। ਪ੍ਰਾਚੀਨ ਵਿਚ ਪਾਣੀ ਤੇ ਅਗਨੀ ਮਨੁੱਖ ਲਈ ਘੋਰ ਤਬਾਹੀ ਦੇ ਕਾਰਨ ਸਨ। ਕਹਾਵਤ ਹੈ, ਆਪ ਮਰੇ ਜੱਗ ਪਰਲੋ।

ਪ੍ਰਲਯ ਸ਼ਬਦ ਬਣਿਆ ਹੈ ਪ੍ਰ+ਲਯ ਤੋਂ। 'ਪ੍ਰ' ਅਗੇਤਰ ਕਈ ਸੂਰਤਾਂ ਵਿਚ ਸ਼ਬਦ ਦੇ ਅਰਥ ਨੂੰ ਤੀਖਣ ਕਰਨ ਲਈ ਵਰਤਿਆ ਜਾਂਦਾ ਹੈ। ਲਯ ਦਾ ਅਰਥ ਹੈ ਲੀਨ ਹੋਣਾ, ਮਗਨ ਹੋਣਾ। ਲਯ ਸ਼ਬਦ ਦਾ ਧਾਤੂ ਹੈ 'ਲੀ' ਜਿਸ ਵਿਚ ਨਾਲ ਲੱਗਣਾ, ਜੁੜਨਾ, ਢਲਣਾ, ਖੁਰਨਾ ਆਦਿ ਦੇ ਭਾਵ ਹਨ। ਅਸਲ ਵਿਚ ਤਾਂ ਲੀਨ ਸ਼ਬਦ ਵੀ ਲਯ ਦਾ ਹੀ ਵਿਉਤਪਤ ਰੂਪ ਹੈ। ਲੀਨ ਦਾ ਅਰਥ ਲੈਅ ਨੂੰ ਪ੍ਰਾਪਤ, ਸਮਾਇਆ, ਮਗਨ, ਗਲਤਾਨ, ਗਰਕ, ਡੁਬਿਆ ਹੋਇਆ ਹੈ, "ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ ਗਤਿ ਨਹੀ ਏਕੈ ਜਾਨੀ॥" (ਭਗਤ ਕਬੀਰ)। "ਨਿਮਖ ਨ ਲੀਨ ਭਇਓ ਚਰਨਨ ਸਿਉ॥" (ਗੁਰੂ ਤੇਗ ਬਹਾਦਰ)। ਲੈਅ, ਗੁਰਮੁਖੀ ਵਿਚ ਅਸੀਂ ਲਯ ਨੂੰ ਲੈਅ ਵਜੋਂ ਲਿਖਦੇ ਹਾਂ, ਗੁਰੂ ਗ੍ਰੰਥ ਸਾਹਿਬ ਵਿਚ ਇਸ ਦੇ ਸ਼ਬਦ ਜੋੜ 'ਲੈ' ਵੀ ਮਿਲਦੇ ਹਨ, "ਉਰਧ ਤਾਪ ਲੈ ਗੈਨ॥" ਇਸ ਦਾ ਅਰਥ 'ਸੰਗੀਤ ਅਨੁਸਾਰ ਤੇਲਧਾਰਾ ਵਾਂਗ ਤਾਰ ਗੀਤ ਦੀ ਅਖੰਡਤਾ' ਵੀ ਹੈ, "ਸਤ ਸੁਰਾ ਲੈ ਚਾਲੈ॥" (ਗੁਰੂ ਅਰਜਨ ਦੇਵ)।

ਲੀਨ ਸ਼ਬਦ ਦੇ ਅੱਗੇ 'ਵਿ' ਅਗੇਤਰ ਲੱਗ ਕੇ ਵਿਲੀਨ ਸ਼ਬਦ ਬਣ ਜਾਂਦਾ ਹੈ ਜਿਸ ਦਾ ਅਰਥ ਇਕ ਚੀਜ਼ ਦਾ ਦੂਜੀ ਵਿਚ ਜਜ਼ਬ ਹੋ ਜਾਣਾ, ਮਿਟ ਜਾਣਾ ਆਦਿ ਹੈ। ਇਸ ਦਾ ਗੁਰਬਾਣੀ ਵਿਚ ਸਮਾਨੰਤਰ ਸ਼ਬਦ ਆਉਂਦਾ ਹੈ- ਬਿਲਾਨਾ, "ਰਸਨਾ ਸਿਮਰਤ ਪਾਪ ਬਿਲਾਇਣ॥" (ਗੁਰੂ ਅਰਜਨ ਦੇਵ) ਅਰਥਾਤ ਸਿਮਰਣ ਕਰਨ ਨਾਲ ਪਾਪਾਂ ਦਾ ਨਾਸ ਹੋ ਜਾਂਦਾ ਹੈ। ਨਸ਼ਟ ਜਾਂ ਖੁਰ ਜਾਣ ਦੇ ਭਾਵ ਤੋਂ ਲੰਘ ਜਾਣ, ਬੀਤ ਜਾਣ ਦਾ ਵਿਸਥਾਰ ਵੀ ਹੁੰਦਾ ਹੈ, "ਬਹੁ ਜਨਮ ਬਿਲਾਨੇ॥" (ਧੰਨਾ ਭਗਤ)। 'ਟਿਕਾਣੇ ਲਾਉਣ' ਦੇ ਅਰਥਾਂ ਵਿਚ ਅਸੀਂ ਇਕ ਉਕਤੀ ਵਰਤਦੇ ਹਾਂ- ਬਿਲੇ ਲਾਉਣਾ। ਬਿਲੇ ਦਾ ਸੰਸਕ੍ਰਿਤ ਰੂਪ ਹੈ 'ਵਿਲਯ' ਜਿਸ ਵਿਚ 'ਲੀ' ਧਾਤੂ ਸਪਸ਼ਟ ਹੈ, ਪੁਆਧੀ ਵਿਚ ਵਿੱਲੇ ਲਾਉਣਾ ਦਾ ਅਰਥ ਹੁੰਦਾ ਹੈ ਫਾਹਾ ਵੱਢਣਾ। ਇਸੇ ਦਾ ਇਕ ਰੁਪਾਂਤਰ ਹੈ- ਵਿਲਾਇ, "ਸੰਸਾ ਗਇਆ ਵਲਾਇ॥" (ਗੁਰੂ ਅਮਰ ਦਾਸ) ਭਾਵ ਸੰਸਾ ਮਿਟ ਗਿਆ। ਲੀਨ, ਮਗਨ ਦੇ ਅਰਥਾਂ ਵਿਚ ਲਯ ਸ਼ਬਦ ਦਾ ਇਕ ਰੂਪ ਮਿਲਦਾ ਹੈ, 'ਲੌ', 'ਲੌ ਲੱਗਣਾ' ਅਰਥਾਤ ਮਗਨ ਹੋ ਜਾਣਾ। ਲਯ ਤੋਂ ਹੀ ਵਿਉਤਪਤ ਇਕ ਹੋਰ ਸ਼ਬਦ 'ਲਿਵ' ਹੈ ਜਿਸ ਦੀ ਧਾਰਮਿਕ ਸਾਹਿਤ ਵਿਚ ਬਹੁਤ ਵਰਤੋਂ ਹੁੰਦੀ ਹੈ। ਇਥੇ ਲਯ ਦੀ 'ਯ' ਧੁਨੀ 'ਵ' ਵਿਚ ਵਟ ਗਈ ਹੈ। ਲਿਵ ਦਾ ਅਰਥ- ਲਗਾਤਾਰ ਮਗਨਤਾ, ਬਿਰਤੀ ਦੀ ਇਕਾਗਰਤਾ ਹੈ। "ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥" ਇਥੇ ਤਾਰ ਦਾ ਮਤਲਬ ਨਿਰੰਤਰ, ਲਗਾਤਾਰ, ਇਕ ਰਸ ਹੈ।

ਦਿਲਚਸਪ ਗੱਲ ਹੈ ਕਿ 'ਮਹਾਨ ਕੋਸ਼' ਨੇ ਲਿਵ ਸ਼ਬਦ ਦਾ ਮੂਲ ਸੰਸਕ੍ਰਿਤ ਲਿਪਸਾ ਦੱਸਿਆ ਹੈ। ਲਿਪਸਾ ਦਾ ਅਰਥ ਹੁੰਦਾ ਹੈ- ਇੱਛਾ, ਅਭਿਲਾਸ਼ਾ। ਸਪੱਸ਼ਟ ਹੈ ਜਿਵੇਂ ਗ.ਸ. ਰਿਆਲ ਨੇ ਧਿਆਨ ਦੁਆਇਆ ਹੈ, ਲਿਪਸਾ ਦਾ ਇੱਛਾ ਨਾਲ ਕੋਈ ਜੋੜ ਨਹੀਂ ਬੈਠਦਾ। ਹੋਰ ਤਾਂ ਹੋਰ ਇਸ ਕੋਸ਼ ਅਨੁਸਾਰ ਲਿਵ ਸ਼ਬਦ ਅੰਗਰੇਜ਼ੀ ਲਵ (love) ਦਾ ਸਕਾ ਹੈ ਜੋ ਸਰਾਸਰ ਮੰਨਣਯੋਗ ਨਹੀਂ। ਰਤਨ ਸਿੰਘ ਜੱਗੀ ਜਿਹੇ ਸਿੱਖ ਵਿਦਵਾਨ ਨੇ ਵੀ ਇਸ ਤੋਂ ਭੁਲੇਖਾ ਖਾ ਕੇ 'ਗੁਰੂ ਗ੍ਰੰਥ ਵਿਸ਼ਵਕੋਸ਼' ਵਿਚ ਲਿਵ ਇੰਦਰਾਜ ਇਸ ਤਰ੍ਹਾਂ ਅਰੰਭਿਆ ਹੈ, "ਲਿਵ: ਇਸ ਦਾ ਮੂਲ ਅਰਥ ਪ੍ਰੇਮ ਹੈ ਪਰ ਜਦੋਂ ਪ੍ਰੇਮ ਦੀ ਪ੍ਰਕਾਸ਼ਠਾ 'ਤੇ ਸਾਧਕ ਪਹੁੰਚ ਜਾਂਦਾ ਹੈ ਤਾਂ ਇਹ ਬਿਰਤੀ ਦੀ ਇਕਾਗਰਤਾ ਬਣ ਜਾਂਦੀ ਹੈ...।" ਅਸੀਂ ਲੋਭ ਵਾਲੇ ਲੇਖ ਵਿਚ ਦੱਸਿਆ ਸੀ ਕਿ ਅੰਗਰੇਜ਼ੀ love ਦਾ ਸਕਾ ਪੰਜਾਬੀ ਲੋਭ ਬਣਦਾ ਹੈ। ਲਿਵ ਸ਼ਬਦ ਨਾਲ ਲੀਨ ਜੋੜ ਕੇ ਬਣਿਆ 'ਲਿਵਲੀਨ' ਸ਼ਬਦ ਵੀ ਖੂਬ ਚਲਦਾ ਹੈ ਹਾਲਾਂਕਿ ਲਿਵ ਅਤੇ ਲੀਨ- ਦੋਵੇਂ ਇਕੋ ਮੂਲ ਨਾਲ ਸਬੰਧਿਤ ਹਨ। ਇਹ ਸ਼ਬਦ 'ਸ੍ਰੀ ਗੁਰ ਪ੍ਰਤਾਪ ਸੂਰਜ' ਵਿਚ ਵੀ ਆਇਆ ਹੈ। ਇਹ ਸ਼ਬਦ ਵਿਅਕਤੀ ਨਾਂ ਵਜੋਂ ਵੀ ਪ੍ਰਚਲਿਤ ਹੈ। ਇਸੇ ਦੀ ਤਰਜ਼ 'ਤੇ ਗੁਰਲੀਨ, ਹਰਲੀਨ ਜਿਹੇ ਵਿਅਕਤੀ ਨਾਂ ਵੀ ਪ੍ਰਚਲਿਤ ਹਨ।

## ਨਵਾਂ ਸਾਲ ਮੁਬਾਰਕ !

ਕਾਹਦੀਆਂ ਮੈਂ ਦੇਵਾਂ ਨਵੇਂ ਸਾਲ 'ਤੇ ਵਧਾਈਆਂ,
ਜਦੋਂ ਜ਼ਰਾ ਸੋਚਿਆ ਤੇ ਅੱਖਾਂ ਭਰ ਆਈਆਂ।

ਇੱਜ਼ਤਾਂ ਲੁਟਾ ਕੇ ਧੀਆਂ ਮੋਈਆਂ ਨੇ ਹਜ਼ਾਰਾਂ,
ਸੁਣੀਆਂ ਨਾ ਜਿਨ੍ਹਾਂ ਦੀਆਂ ਕਿਸੇ ਨੇ ਗੁਹਾਰਾਂ।
ਡੋਲੀ ਦੀ ਥਾਂ ਅਰਥੀਆਂ ਮਾਪਿਆਂ ਬਣਾਈਆਂ।...

ਗੁੰਡਿਆਂ ਹਜ਼ਾਰਾਂ ਧੀਆਂ ਰਾਹਵਾਂ ਵਿਚੋਂ ਚੁੱਕੀਆਂ,
ਮਾਂਵਾਂ ਦੀਆਂ ਅਜੇ ਵੀ ਉਡੀਕਾਂ ਨਹੀਂਓਂ ਮੁੱਕੀਆਂ।
ਖੌਰੇ ਕਦੋਂ ਆਉਣਗੀਆਂ ਢਿੱਡ ਦੀਆਂ ਜਾਈਆਂ।...

ਲੱਖਾਂ ਪੁੱਤ ਮਾਪਿਆਂ ਦੇ ਨਸ਼ਿਆਂ 'ਚ ਡੁੱਬ ਗਏ,
ਨਿਕਲੇ ਨਾ ਬਾਹਰ ਐਸੇ ਖੋਭਿਆਂ 'ਚ ਖੁੱਭ ਗਏ।
ਵਿਹੜਿਆਂ 'ਚ ਰੋਣ ਧੀਆਂ ਬੈਠੀਆਂ ਪਰਾਈਆਂ।...

ਘਰ ਲੱਖਾਂ ਉਜਾੜੇ ਨੇ ਏਜੰਟਾਂ ਬੇਈਮਾਨਾਂ ਨੇ,
ਜ਼ਰਾ ਨਾ ਲਿਹਾਜ਼ ਕੀਤੇ ਪਾਪੀਆਂ ਹੈਵਾਨਾਂ ਨੇ।
ਪੈਸੇ ਖਾ ਕੇ ਰਾਹਵਾਂ ਵਿਚ ਬੇੜੀਆਂ ਡੁਬਾਈਆਂ।...

ਕਿੰਨੇ ਹੀ ਪਰਿਵਾਰ ਹੋਏ ਦਰ ਤੋਂ ਬੇਦਰ ਨੇ,
ਪੁੱਤਰ ਨਾ ਬਹੁੜੇ ਖਾਂਦੇ ਵੱਢ ਵੱਢ ਘਰ ਨੇ।
ਮਾਪਿਆਂ ਨੇ ਅੱਖਾਂ ਸੁੰਨੇ ਰਾਹਵਾਂ ਵੱਲ ਲਾਈਆਂ।...

ਬੋਲੀ ਸਰਕਾਰ ਸਾਡੀ ਅੰਨਾ ਇਹ ਸਮਾਜ ਏ,
ਅੱਜ ਮੇਰੇ ਦੇਸ਼ ਵਿਚ ਗੁੰਡਿਆਂ ਦਾ ਰਾਜ ਏ।
ਹੋਈਆਂ ਨਾ 'ਸੁਰਜੀਤ' ਕਿਤੇ ਸੁਣਵਾਈਆਂ।
ਜਦੋਂ ਜ਼ਰਾ ਸੋਚਿਆ ਤੇ ਅੱਖਾਂ ਭਰ ਆਈਆਂ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

## ਕੈਲੰਡਰ

ਕੰਧ ਖਲੋਤੀ ਉਤੇ ਤਰ੍ਹਾਂ ਹੀ, ਬਦਲ ਗਿਆ ਕੈਲੰਡਰ।
ਨਵੇਂ ਸਾਲ ਵੀ ਪਹਿਲਾਂ ਵਾਂਗੂੰ, ਮਹਿੰਗਾ ਮਿਲੇ ਸਿਲੰਡਰ।

ਡੀਜ਼ਲ, ਖਾਦਾਂ, ਬੀਅ, ਸਪਰੇਆਂ- ਜੱਟਾਂ ਦੀ ਮੱਤ ਮਾਰੀ,
ਕਰਜ਼ਿਆਂ ਦੇ ਬੋਝ ਦੇ ਥੱਲੇ ਖੇਤੀ ਦਬ ਗਈ ਸਾਰੀ।

ਕੋਠੀ-ਘਰ ਬਣਾਉਣ ਦੇ ਸੁਫਨੇ ਰਹਿ'ਗੇ ਫੇਰ ਅਧੂਰੇ,
ਰੇਤ-ਬਜਰੀ, ਸੀਮਿੰਟ-ਇੱਟਾਂ ਖਰਚੇ ਹੋਏ ਤੀਹਰੇ-ਚੌਹਰੇ।

ਖਤਮ ਕਰਾਂਗੇ ਅਸੀਂ ਗਰੀਬੀ, ਆਖੇ ਸਾਡਾ ਨੇਤਾ,
ਕੈਂਸਰ ਕਾਰਨ ਖਤਮ ਹੋ ਗਿਆ ਵਿਹੜੇ ਵਾਲਾ ਖੇਤਾ।

ਬੇਰੁਜ਼ਗਾਰ ਨੇ ਮੁੰਡੇ ਫਿਰਦੇ, ਕੰਮ ਕੋਈ ਨਾ ਲੱਭੇ,
ਟੈਂਕੀਆਂ ਉਤੇ ਚੜ੍ਹ ਨਾਹਰੇ ਮਾਰ ਮਾਰ ਕੇ ਯੱਭੇ।

ਹਰ ਇਕ ਕੰਮ 'ਚ ਘਾਟਾ, ਜਿਹੜਾ ਭਾਵੇਂ ਕਰੀਏ,
ਹਰ ਪਿੰਡ ਵਿਕਾਊ ਹੋਇਆ, ਜੀਈਏ ਜਾਂ ਫਿਰ ਮਰੀਏ।

ਅੰਨਾ ਵੰਡੇ ਸ਼ੀਰਨੀਆਂ, ਆਪਣਿਆਂ ਨੂੰ ਗੱਫੇ,
ਆਮ ਬੰਦੇ ਨੂੰ ਸੰਗਤ ਦਰਸ਼ਨ ਦੇ ਵਿਚ ਪੈਂਦੇ ਧੱਫੇ।

ਪਤਾ ਨਹੀਂ ਕਦ ਖਤਮ ਕਰਨ ਨੂੰ ਆਊ ਲਾਲ ਬਵੰਡਰ,
ਕੰਧ ਖਲੋਤੀ ਉਸੇ ਤਰ੍ਹਾਂ ਹੀ, ਬਦਲ ਗਿਆ ਕੈਲੰਡਰ।

-ਜੁਗਰਾਜ ਗਿੱਲ, ਸ਼ਾਰਲਟ
ਫੋਨ: 704-257-6693

---

## ਹੋਮ ਵਰਕ

ਛੱਡ ਦੇ ਭੋਲਾਪਨ ਜ਼ਮਾਨਾ ਚੁਸਤ-ਚਲਾਕੀ ਦਾ।
ਦਿਲ ਤੋਂ ਗਾਲਾਂ ਕੱਢ ਕੇ ਮੂੰਹ 'ਤੇ ਜੀ-ਜੀ ਆਖੀਦਾ।

ਝੂਠੀ ਜੀ-ਹਜ਼ੂਰੀ ਕਰ ਕਰ ਕੇ ਹੀ ਸਰਦਾ ਏ,
ਫੋਕੀ ਆਕੜ ਦੱਸ ਕੇ ਖਾਲੀ ਹੱਥ ਹੀ ਝਾਕੀਦਾ।

ਰਿਸ਼ਤੇਦਾਰ ਨਾ ਲੰਘਣ ਦਿੰਦੇ ਹੁਣ ਬਰੂਹਾਂ ਨੂੰ,
ਕੁੱਤਿਆਂ ਦਾ ਬਸ ਕੰਮ ਕੋਈ ਨਾ ਰਹਿ ਗਿਆ ਰਾਖੀ ਦਾ।

ਨਵੇਂ ਸਾਲ ਤੇ ਕ੍ਰਿਸਮਸ ਦੇ ਹੀ ਜਸ਼ਨ ਮਨਾਉਂਦੇ ਨੇ,
ਭੁੱਲ ਗਿਆ ਲਗਦਾ ਸਭ ਨੂੰ ਅੱਜ ਕੱਲ੍ਹ ਮੁੱਲ ਵਿਸਾਖੀ ਦਾ।

ਵਿਰਲਾ ਹੀ ਕੋਈ ਦੱਸੂ ਗਿਣ ਕੇ ਨਾਂ ਦਸ ਗੁਰੂਆਂ ਦੇ,
ਐਕਟਰ ਸਾਰੇ ਗਿਣ ਲੈਣ ਕੋਈ ਨਾ ਬਚਦਾ ਬਾਕੀ ਦਾ।

ਖੌਰੇ ਕਿਹੜਾ 'ਹੋਮ ਵਰਕ' ਹੁੰਦਾ ਕੰਪਿਊਟਰ 'ਤੇ,
ਕੁੰਡਾ ਲਾ ਕੇ ਅੰਦਰ ਤੋਂ ਹਰ ਬੂਹੇ ਤਾਕੀ ਦਾ।

-ਪਰਮਪਾਲ ਸੰਧੂ

## ਮਹਿਰਮਾ ਵੇ

ਮਹਿਕ ਫੁੱਲਾਂ ਦੀ
ਜਦ ਮਨ ਨੂੰ ਭਾਉਂਦੀ।
ਅੰਦਰੋ ਅੰਦਰੀ ਮਹਿਰਮਾ ਵੇ
ਕਿਉਂ ਤੇਰੀ ਯਾਦ ਸਤਾਉਂਦੀ?
ਗਠੜੀ ਤੇਰੀ ਯਾਦ ਦੀ
ਮੇਰੇ ਮੋਢਿਓਂ ਨਹੀਂ ਲੱਥੀ।
ਲੱਥ ਮੈਨੂੰ ਵੱਖ ਕੀਤਾ
ਮੈਨੂੰ ਕੀਤਾ ਹੌਲਿਓਂ ਕੱਖੀਂ।

ਇਹ ਬੁੱਲਾ ਖੁਸ਼ਬੂ ਦਾ
ਕਿਸ ਤਰਫੋਂ ਧੱਕ ਮਾਰੇ?
ਧੱਕੀਆਂ ਹੋਈਆਂ ਰੂਹਾਂ ਨੂੰ
ਅੱਜ ਮਹਿਕ ਵੀ ਸੱਟ ਮਾਰੇ।
ਮਹਿਕਾਂ ਸੁਹੱਪਣ ਰਹਿਣ ਸਲਾਮਤ
ਮੰਗ ਭੁੱਖੀ ਜ਼ਿੰਦਗੀ ਦੀ ਇਹ।
ਫਿੱਕੀਆਂ ਮਹਿਕਾਂ, ਰੁੱਖ ਸੁਹੱਪਣ
ਨਿਸ਼ਾਨੀ ਦਰਿੰਦਗੀ ਦੀ ਇਹ।

ਪਿਆਰ ਮੇਰੇ ਹੀ ਭਾਗੋਂ
ਅੱਜ ਕਿਉਂ ਲੁੱਟਿਆ ਜਾਪੇ?
ਲੱਗ ਤੇਰੇ ਪਿਛੇ ਮਹਿਰਮਾ ਵੇ
ਛੱਡ ਬੈਠੀ ਆਪਣੇ ਮਾਪੇ।
ਗਮ ਮੇਰੇ ਹਾਣੀ
ਰੋਂਦੀ ਜਿੰਦ ਨਿਮਾਣੀ।
ਨਾ ਬਣ ਦੋਖੀ ਮਹਿਰਮਾ ਵੇ
ਮੈਂ ਤੇਰੇ ਦਿਲ ਦੀ ਰਾਣੀ।

ਮੇਲੇ ਚੰਦ ਦਿਨਾਂ ਦੇ ਵੇ
ਮੁੱਲ ਮਹਿਕਾਂ ਦਾ ਪਾ ਦੇ।
ਫੁੱਲ ਕਿਰਦੇ ਤੋਂ ਪਹਿਲਾਂ
ਪਾਣੀ ਮੇਰੀਆਂ ਆਸਾਂ ਨੂੰ ਲਾ ਦੇ।
ਜਾਂ ਫਿਰ ਦਰ ਮੌਲਾ ਦੇ
ਦੀਵਿਆਂ ਅਲਖ ਜਗਾਵਾਂ।
ਰਾਤ ਹੱਥ ਤੇਰੇ ਮਹਿਰਮਾ ਵੇ
ਸਾਥ ਸੱਤ ਜਨਮ ਹੰਢਾਵਾਂ।

-ਟਹਿਲ ਸਿੰਘ ਚਾਹਲ
ਇੰਡੀਅਨਐਪੋਲਿਸ, ਇੰਡੀਆਨਾ।

## ਮੰਜ਼ਿਲ

ਐਵੇਂ ਨਾ ਬਹੁਤੀ ਚਿੰਤਾ ਕਰ। ਘੁਟ-ਘੁਟ ਕੇ ਹੈ ਨਾ ਤੂੰ ਮਰ।
ਜੋ ਮਿਲਣਾ ਆਪੇ ਮਿਲ ਜਾਣਾ, ਨਾ ਜਾ ਮੰਗਣ ਕਿਸੇ ਦੇ ਦਰ।
ਰੱਬ ਨੇ ਦਿੱਤੇ, ਹੱਥ-ਪੈਰ ਹਨ, ਮਿਹਨਤ ਕਰਨੇ ਤੋਂ ਨਾ ਡਰ।
ਭਰ ਸਕਦੈਂ ਉਡਾਣ ਤੂੰ ਲੰਬੀ, ਦੇਖ ਫੈਲਾ ਕੇ ਆਪਣੇ ਪਰ।

ਆਪਣੇ ਕੰਮ ਸੰਵਾਰ ਤੂੰ ਆਪੇ, ਨਾ ਤੂੰ ਆਸ ਕਿਸੇ 'ਤੇ ਧਰ।
ਜੋ ਸਮੇਂ ਦੀ ਕਦਰ ਨਾ ਕਰਦੇ, ਉਹ ਰੋਂਦੇ ਨੇ ਉਮਰਾਂ ਭਰ।
ਦਿਲ ਹਾਰ ਕੇ ਨਾ ਬਹਿ 'ਰਾਠੀ' ਜੇ ਤੂੰ ਕਰਨੀ ਮੰਜ਼ਿਲ ਸਰ।

-ਰਾਠੇਸ਼ਵਰ ਸਿੰਘ ਸੂਰਾਪੁਰੀ
ਫੋਨ: 916-969-9337

# ਅਦਾਕਾਰਾਂ ਦੀਆਂ ਸੁਰਾਂ ਤੇ ਤਾਲ



ਆਲੀਆ ਭੱਟ

ਸਾਲ 2014 ਵਿਚ ਕਈ ਅਦਾਕਾਰਾਂ ਨੇ ਵੱਖ-ਵੱਖ ਫਿਲਮਾਂ ਵਿਚ ਅਦਾਕਾਰੀ ਦੇ ਨਾਲ-ਨਾਲ ਗੀਤ ਵੀ ਰਿਕਾਰਡ ਕਰਵਾਏ। ਇਨ੍ਹਾਂ ਕਲਾਕਾਰਾਂ ਵਿਚ ਆਲੀਆ ਭੱਟ, ਸ਼ਰਧਾ ਕਪੂਰ, ਮਾਧੁਰੀ ਦੀਕਸ਼ਿਤ ਅਤੇ ਸਲਮਾਨ ਖਾਨ ਵਰਗੇ ਅਦਾਕਾਰ ਸ਼ਾਮਲ ਹਨ। ਆਲੀਆ ਭੱਟ ਨੇ ਆਪਣੀ ਹਿੱਟ ਹੋਈ ਫਿਲਮ 'ਹਾਈਵੇ' ਤੋਂ ਬਾਅਦ ਫਿਲਮ 'ਹੰਪਟੀ ਸ਼ਰਮਾ ਕੀ ਦੁਲਹਨੀਆ' ਵਿਚ ਪੰਜਾਬੀ ਗੀਤ 'ਮੈਂ ਤੈਨੂੰ ਸਮਝਾਵਾਂ ਕੀ' ਗੀਤ ਗਾ ਕੇ ਮੇਲਾ ਲੁੱਟ ਲਿਆ। ਆਲੀਆ ਭੱਟ ਤੋਂ ਇਲਾਵਾ ਸ਼ਰਧਾ ਕਪੂਰ ਨੇ 'ਏਕ ਵਿਲੇਨ' ਫਿਲਮ ਵਿਚ 'ਗਲੀਆਂ' ਨਾਂ ਦਾ ਗੀਤ ਗਾਇਆ। ਇਹ ਉਸ ਦਾ ਪਹਿਲਾਂ ਗੀਤ ਹੀ ਸੀ। ਇਸ ਗੀਤ ਨੂੰ ਸੰਗੀਤ ਮਿਥੁਨ ਨੇ ਦਿੱਤਾ ਅਤੇ ਅਰਿਜਿਤ ਸਿੰਘ ਦੀ ਕਮਾਲ ਦੀ ਆਵਾਜ਼ ਕਰ ਕੇ ਇਹ ਗੀਤ ਕਈ ਹਫ਼ਤੇ ਟੌਪ ਉਤੇ ਰਿਹਾ। ਸ਼ਰਧਾ ਨੇ ਫਿਲਮ 'ਹੈਦਰ' ਵਿਚ ਕਸ਼ਮੀਰੀ ਲੋਕ ਗੀਤ ਨੂੰ ਆਵਾਜ਼ ਦਿੱਤੀ।

ਮਾਧੁਰੀ ਦੀਕਸ਼ਿਤ ਨੇ ਆਪਣੀ ਫਿਲਮ 'ਗੁਲਾਬੀ ਗੈਂਗ' ਦਾ ਚਰਚਿਤ ਗੀਤ 'ਰੰਗੀ ਸਾੜ੍ਹੀ ਗੁਲਾਬੀ' ਗੀਤ ਨਾਲ ਆਪਣੀ ਹਾਜ਼ਰੀ ਲੁਆਈ। ਇਸ ਤੋਂ ਪਹਿਲਾਂ ਉਹ 'ਦੇਵਦਾਸ' ਵਿਚ 'ਕਾਹੇ ਛੇੜੇ ਮੋਹੇ' ਗੀਤ ਨਾਲ ਸਰੋਤਿਆਂ ਦੇ ਦਿਲਾਂ ਨਾਲ ਸਾਂਝ ਬਣਾ ਚੁੱਕੀ ਸੀ। ਗੀਤ ਗਾਉਣ ਦੇ ਮਾਮਲੇ ਵਿਚ ਸਲਮਾਨ ਖਾਨ ਵੀ ਪਿਛੇ ਨਹੀਂ ਰਿਹਾ। ਉਸ ਨੇ 'ਹੈਲੋ ਬ੍ਰਦਰਜ਼' ਵਿਚ 'ਚਾਂਦੀ ਕੀ ਡਾਲ ਪਰ, ਸੋਨੇ ਕਾ ਮੋਰ' ਅਤੇ ਫਿਰ 'ਚੱਲ ਮੇਰੇ ਭਾਈ' ਦਾ ਟਾਈਟਲ ਗੀਤ ਗਾਇਆ। ਇਸ ਦੇ ਨਾਲ ਹੀ ਫਿਲਮ ਜਗਤ ਦੇ ਗਾਇਨ ਖੇਤਰ ਵਿਚ ਕਈ ਨਵੇਂ ਚਿਹਰੇ ਵੀ ਸਾਹਮਣੇ ਆਏ। ਇਨ੍ਹਾਂ ਵਿਚ ਕਨਿਕਾ ਕਪੂਰ, ਆਕ੍ਰਿਤੀ ਕੱਕੜ, ਜੈਸਮੀਨ ਸੰਦਲਾਸ, ਨੇਹਾ ਕੱਕੜ ਤੇ ਚੰਨਮਈ ਸ੍ਰੀਪਦਾ ਸ਼ਾਮਲ ਹਨ। ਕਨਿਕਾ ਇੰਗਲੈਂਡ ਵਿਚ ਰਹਿੰਦੀ ਪੰਜਾਬੀ ਗਾਇਕਾ ਹੈ ਅਤੇ ਉਸ ਨੇ 'ਬੇਬੀ ਡੌਲ' ਰਾਹੀਂ ਹਿੰਦੀ ਫਿਲਮ ਜਗਤ ਵਿਚ ਵਾਹ-ਵਾਹ ਖੱਟੀ।



ਮਾਧੁਰੀ ਦੀਕਸ਼ਿਤ

# ਐਸ਼ਵਰਿਆ ਰਾਏ ਦੀ ਵਾਪਸੀ




ਐਸ਼ਵਰਿਆ ਰਾਏ ਬੱਚਨ ਫਿਲਮ 'ਜਜ਼ਬਾ' ਨਾਲ ਫਿਲਮਾਂ ਵਿਚ ਵਾਪਸੀ ਕਰ ਰਹੀ ਹੈ। ਸਾਬਕਾ ਸੁੰਦਰੀ ਲਈ ਇਹ ਫਿਲਮ ਉਘਾ ਫਿਲਮਸਾਜ਼ ਸੰਜੇ ਗੁਪਤਾ ਡਾਇਰੈਕਟ ਕਰ ਰਿਹਾ ਹੈ। ਇਹ ਫਿਲਮ ਉਤਰੀ ਕੋਰੀਆ ਦੀ ਫਿਲਮ 'ਸੈਵਨ ਡੇਅਜ਼' ਦੀ ਰੀਮੇਕ ਹੋਵੇਗੀ। 'ਸੈਵਨ ਡੇਅਜ਼' 2007 ਵਿਚ ਬਣੀ ਸੀ ਅਤੇ ਇਹ ਅਜਿਹੀ ਔਰਤ ਦੀ ਕਹਾਣੀ ਹੈ ਜੋ ਆਪਣੀ ਅਗਵਾ ਹੋਈ ਧੀ ਨੂੰ ਬਚਾਉਣ ਲਈ ਇਕ ਅਪਰਾਧੀ ਦਾ ਕੇਸ ਲੜਨ ਲਈ ਤਿਆਰ ਹੋ ਜਾਂਦੀ ਹੈ। ਇਹ ਕੇਸ ਪੂਰੇ ਸੱਤ ਦਿਨ ਚਲਦਾ ਹੈ ਅਤੇ ਇਨ੍ਹਾਂ ਸੱਤਾਂ ਦਿਨਾਂ ਦੀ ਕਹਾਣੀ ਇਸ ਫਿਲਮ ਵਿਚ ਪਰੋਈ ਗਈ ਹੈ। ਇਸ ਫਿਲਮ ਵਿਚ ਐਸ਼ਵਰਿਆ ਤੋਂ ਇਲਾਵਾ ਇਰਫਾਨ ਖ਼ਾਨ, ਅਨੁਪਮ ਖੇਰ ਅਤੇ ਜੌਹਨ ਅਬਰਾਹਿਮ ਵਰਗੇ ਕਲਾਕਾਰ ਵੀ ਕੰਮ ਕਰ ਰਹੇ ਹਨ। ਫਿਲਮ ਦੀ ਸ਼ੂਟਿੰਗ ਅਗਲੇ ਮਹੀਨੇ ਸ਼ੁਰੂ ਹੋ ਰਹੀ ਹੈ ਅਤੇ ਮਈ 2015 ਵਿਚ ਇਹ ਕਾਨ (ਫ਼ਰਾਂਸ) ਵਿਚ ਲੱਗਣ ਵਾਲੇ ਫਿਲਮ ਮੇਲੇ ਵਿਚ ਦਿਖਾਈ ਜਾਵੇਗੀ। ਬਾਅਦ ਵਿਚ ਇਹ ਫਿਲਮ ਅਗਸਤ ਜਾਂ ਸਤੰਬਰ ਵਿਚ ਰਿਲੀਜ਼ ਕੀਤੀ ਜਾਵੇਗੀ। ਸੰਜੇ ਗੁਪਤਾ ਇਸ ਤੋਂ ਪਹਿਲਾਂ 'ਸ਼ੂਟਆਊਟ ਐਟ ਵਡਾਲਾ' ਫਿਲਮ ਡਾਇਰੈਕਟ ਕਰ ਚੁੱਕੇ ਹਨ ਅਤੇ ਫਿਲਮ ਡਾਇਰੈਕਸ਼ਨ ਵਿਚ ਉਸ ਦੀ ਪਕੜ ਬਹੁਤ ਮਜ਼ਬੂਤ ਮੰਨੀ ਜਾਂਦੀ ਹੈ। ਯਾਦ ਰਹੇ, ਐਸ਼ਵਰਿਆ ਰਾਏ ਬੱਚਨ ਕਈ ਸਾਲਾਂ ਤੋਂ ਕਾਨ ਵਿਖੇ ਹਰ ਸਾਲ ਪੁੱਜਦੀ ਹੈ। 2003 ਵਿਚ ਤਾਂ ਉਸ ਨੂੰ ਇਸ ਮੇਲੇ ਦੀ ਜਿਊਰੀ ਦੀ ਮੈਂਬਰ ਵੀ ਬਣਾਇਆ ਗਿਆ ਸੀ।

ਐਸ਼ਵਰਿਆ ਰਾਏ ਬੱਚਨ ਦੀ ਪਿਛਲੀ ਫਿਲਮ 'ਗੁਜ਼ਾਰਿਸ਼' 2010 ਵਿਚ ਰਿਲੀਜ਼ ਹੋਈ ਸੀ, ਪਰ ਬਾਅਦ ਵਿਚ ਬੇਟੀ ਦੇ ਜਨਮ ਕਰ ਕੇ ਉਸ ਨੇ ਫਿਲਮਾਂ ਤੋਂ ਕਿਨਾਰਾ ਕਰ ਲਿਆ ਸੀ। ਹੁਣ ਉਹ ਕੋਈ 5 ਸਾਲ ਬਾਅਦ ਫਿਲਮਾਂ ਵੱਲ ਪਰਤੀ ਹੈ। ਐਸ਼ਵਰਿਆ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 1997 ਵਿਚ ਮਨੀ ਰਤਨਮ ਦੀ ਤਾਮਿਲ ਫਿਲਮ 'ਇਰੂਵਰ' ਨਾਲ ਕੀਤੀ ਸੀ। ਉਸ ਦੀ ਪਹਿਲੀ ਹਿੰਦੀ ਫਿਲਮ 'ਔਰ ਪਿਆਰ ਹੋ ਗਿਆ' ਸੀ। 'ਤਾਲ', 'ਦੇਵਦਾਸ', 'ਰੇਨਕੋਟ' ਤੇ 'ਜੋਧਾ ਅਕਬਰ' ਫਿਲਮਾਂ ਨਾਲ ਉਸ ਨੇ ਫਿਲਮੀ ਦੁਨੀਆਂ ਵਿਚ ਆਪਣੀ ਵਾਹਵਾ ਧਾਂਕ ਜਮਾਈ।

ਐਸ਼ਵਰਿਆ ਰਾਏ ਬੱਚਨ ਦੀ ਇਕ ਹੋਰ ਫਿਲਮ 'ਐ ਦਿਲ ਹੈ ਮੁਸ਼ਕਿਲ' ਫਿਲਮਸਾਜ਼ ਕਰਨ ਜੌਹਰ ਦੀ ਡਾਇਰੈਕਸ਼ਨ ਵਿਚ ਬਣ ਰਹੀ ਹੈ। ਇਸ ਫਿਲਮ ਵਿਚ ਰਣਬੀਰ ਕਪੂਰ ਅਤੇ ਅਨੁਸ਼ਕਾ ਸ਼ਰਮਾ ਵੀ ਕੰਮ ਕਰ ਰਹੇ ਹਨ। ਇਹ ਫਿਲਮ 2016 ਵਿਚ ਰਿਲੀਜ਼ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਐਸ਼ਵਰਿਆ ਰਾਏ ਹੋਰ ਵੀ ਕਈ ਫਿਲਮਾਂ ਸਾਈਨ ਕਰ ਰਹੀ ਹੈ ਅਤੇ ਕਈ ਨਿਰਮਾਤਾ ਨਿਰਦੇਸ਼ਕ ਉਸ ਨੂੰ ਆਪੋ-ਆਪਣੀਆਂ ਫਿਲਮਾਂ ਦੀਆਂ ਕਹਾਣੀਆਂ ਸੁਣਾ ਰਹੇ ਹਨ। ਐਸ਼ਵਰਿਆ ਰਾਏ ਦਾ ਕਹਿਣਾ ਹੈ ਕਿ ਫਿਲਮਾਂ ਵਿਚ ਉਸ ਦੀ ਇਹ ਵਾਪਸੀ ਉਹਦੀ ਨੰਨ੍ਹੀ ਧੀ ਅਰਾਧਿਆ ਨੂੰ ਸਮਰਪਿਤ ਹੈ ਜਿਸ ਦੇ ਜਨਮ ਨੇ ਉਸ ਦੀ ਜ਼ਿੰਦਗੀ ਨੂੰ ਇਕ ਨਵਾਂ ਹੁਲਾਰਾ ਦਿੱਤਾ। ਉਹ ਬੱਚਨ ਪਰਿਵਾਰ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਦੀ ਵੀ ਨਹੀਂ ਥੱਕਦੀ ਜਿਸ ਦੇ ਸਹਿਯੋਗ ਨਾਲ ਉਹ ਇਕ ਵਾਰ ਫਿਰ ਕੈਮਰੇ ਦੇ ਸਾਹਮਣੇ ਆ ਰਹੀ ਹੈ। ਅਭਿਸ਼ੇਕ ਬਾਰੇ ਤਾਂ ਉਹ ਇਹੀ ਆਖਦੀ ਹੈ ਕਿ ਉਸ ਵਰਗਾ ਪਤੀ ਕੋਈ ਹੋਰ ਨਹੀਂ ਹੈ।

# ਓਮ ਪੁਰੀ ਦਾ ਮਾਣ



ਪੰਜਾਬ ਦੇ ਕਸਬੇ ਸਨੌਰ ਦੇ ਜੰਮਪਲ ਓਮ ਪੁਰੀ ਨੂੰ ਪਰਿਯਾਗ (ਅਲਾਹਬਾਦ) ਵਿਖੇ ਲੱਗਣ ਵਾਲੇ ਪਹਿਲੇ ਕੌਮਾਂਤਰੀ ਫਿਲਮ ਮੇਲੇ ਵਿਚ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਪੁਰਸਕਾਰ ਦਿੱਤਾ ਜਾਵੇਗਾ। ਇਹ ਪੁਰਸਕਾਰ 28 ਫਰਵਰੀ 2015 ਨੂੰ ਹੋਣ ਵਾਲੇ ਵਿਸ਼ੇਸ਼ ਸਮਾਗਮ ਦੌਰਾਨ ਦਿੱਤਾ ਜਾਵੇਗਾ। ਫਿਲਮ ਮੇਲੇ ਦੇ ਡਾਇਰੈਕਟਰ ਅਭਿਸ਼ੇਕ ਅਰੁਣ ਨੇ ਹੁੱਬ ਕੇ ਦੱਸਿਆ, "ਅਸੀਂ ਆਪਣਾ ਫਿਲਮ ਮੇਲਾ ਓਮ ਪੁਰੀ ਵਰਗੇ ਕਲਾਕਾਰ ਦੇ ਮਾਣ-ਸਨਮਾਨ ਨਾਲ ਕਰ ਰਹੇ ਹਾਂ, ਇਸ ਦੀ ਸਾਨੂੰ ਅਤਿਅੰਤ ਖੁਸ਼ੀ ਹੈ।" ਓਮ ਪੁਰੀ ਉਹ ਕਲਾਕਾਰ ਹੈ ਜਿਸ ਨੇ ਹਿੰਦੀ ਸਿਨੇਮਾ ਹੀ ਨਹੀਂ, ਥੀਏਟਰ ਅਤੇ ਹਾਲੀਵੁੱਡ ਵਿਚ ਵੀ ਉਘਾ ਯੋਗਦਾਨ ਪਾਇਆ। ਉਹ ਤਕਰੀਬਨ ਤਿੰਨ ਦਹਾਕਿਆਂ ਤੋਂ ਫਿਲਮ ਸਨਅਤ ਨਾਲ ਜੁੜਿਆ ਹੋਇਆ ਹੈ ਅਤੇ ਅੱਜ ਵੀ ਸਰਗਰਮ ਹੈ। ਓਮ ਪੁਰੀ (ਜਨਮ 18 ਅਕਤੂਬਰ 1950) ਨੇ ਆਪਣੇ ਫਿਲਮ ਕਰੀਅਰ ਦੀ ਸ਼ੁਰੂਆਤ 1976 ਵਿਚ ਮਰਾਠੀ ਫਿਲਮ 'ਘਾਸ਼ੀਰਾਮ ਕੋਤਵਾਲ' ਨਾਲ ਸ਼ੁਰੂ ਕੀਤੀ ਸੀ। ਇਹ ਫਿਲਮ ਨਾਟਕਕਾਰ ਵਿਜੇ ਤੇਂਦੁਲਕਰ ਦੇ ਇਸੇ ਨਾਂ ਵਾਲੇ ਮਰਾਠੀ ਨਾਟਕ ਉਤੇ ਆਧਾਰਤ ਸੀ। ਇਹ ਫਿਲਮ ਕੇ. ਹਰੀਹਰਨ ਅਤੇ ਮਣੀ ਕੌਲ ਨੇ ਐਫ਼.ਟੀ.ਆਈ.ਆਈ. ਦੇ 16 ਗ੍ਰੈਜੂਏਟਾਂ ਦੇ ਸਹਿਯੋਗ ਨਾਲ ਬਣਾਈ ਸੀ। ਇਹ ਫਿਲਮ ਇਕ ਤਰ੍ਹਾਂ ਦਾ ਤਜਰਬਾ ਹੀ ਸੀ ਪਰ ਇਸ ਫਿਲਮ ਵਿਚ ਓਮ ਪੁਰੀ ਨੇ ਅਦਾਕਾਰੀ ਦੇ ਜੋ ਰੰਗ ਵਿਖਾਏ, ਉਸ ਨੇ ਉਸ ਲਈ ਥੀਏਟਰ ਤੇ ਫਿਲਮਾਂ ਲਈ ਰਾਹ ਖੋਲ੍ਹ ਦਿੱਤੇ ਅਤੇ ਉਸ ਦੀ ਗਿਣਤੀ ਚੋਟੀ ਦੇ ਕਲਾਕਾਰਾਂ ਵਿਚ ਹੋਣ ਲੱਗ ਪਈ।

ਇਸ ਤੋਂ ਬਾਅਦ ਓਮ ਪੁਰੀ ਨੇ ਭੂਮਿਕਾ, ਆਕ੍ਰੋਸ਼, ਆਂਧੀ, ਅਰਧ ਸੱਤਿਆ, ਜਾਨੇ ਭੀ ਦੋ ਯਾਰੋ, ਆਰੋਹਨ, ਮਿਰਚ ਮਸਾਲਾ, ਅਘਾਤ, ਘਾਇਲ, ਮਾਇਆ ਮੇਮਸਾਬ, ਸਿਟੀ ਆਫ਼ ਜੌਇ, ਪਤੰਗ, ਧ੍ਰੋਹਕਾਲ, ਮਾਚਿਸ, ਮ੍ਰਿਤੂਦੰਡ, ਹੇ ਰਾਮ ਵਰਗੀਆਂ ਫਿਲਮਾਂ ਵਿਚ ਕੰਮ ਕੀਤਾ। ਉਸ ਨੇ ਈਸਟ ਇਜ਼ ਈਸਟ, ਵੈਸਟ ਇਜ਼ ਵੈਸਟ, ਚਾਰਲੀ ਵਿਲਸਨ'ਜ਼, ਵਾਰ ਕੌਰ 46, ਦਿ ਪੈਰੋਲ ਆਫੀਸਰ ਅਤੇ ਹੰਡਰਡ ਫੁੱਟ ਜਰਨੀ ਵਰਗੀਆਂ ਅੰਗਰੇਜ਼ੀ ਫਿਲਮਾਂ ਵਿਚ ਅਹਿਮ ਰੋਲ ਨਿਭਾਏ। ਉਸ ਨੂੰ ਬਹੁਤ ਸਾਰੇ ਫਿਲਮ ਪੁਸਰਕਾਰਾਂ ਤੋਂ ਇਲਾਵਾ ਭਾਰਤ ਸਰਕਾਰ ਦਾ ਅਹਿਮ ਖਿਤਾਬ ਪਦਮਸ੍ਰੀ ਵੀ ਦਿੱਤਾ ਗਿਆ। ਫਿਲਮਫੇਅਰ ਵਾਲਿਆਂ ਨੇ ਉਸ ਨੂੰ ਜ਼ਿੰਦਗੀ ਭਰ ਦੀਆਂ ਪ੍ਰਾਪਤੀਆਂ ਦਾ ਪੁਰਸਕਾਰ 2009 ਵਿਚ ਦੇ ਦਿੱਤਾ ਸੀ।

'ਹੰਡਰਡ ਫੁੱਟ ਜਰਨੀ' ਫਿਲਮ ਵਿਚ ਉਸ ਦੀ ਅਦਾਕਾਰੀ ਦੀ ਖੂਬ ਪ੍ਰਸ਼ੰਸਾ ਹੋਈ। ਇਹ ਫਿਲਮ ਰਿਚਰਡ ਮੌਰੇਸ ਦੇ ਨਾਵਲ 'ਹੰਡਰਡ ਫੁੱਟ ਜਰਨੀ' ਉਤੇ ਆਧਾਰਤ ਹੈ ਅਤੇ ਇਹ ਫਿਲਮਸਾਜ਼ ਲੈਜ਼ੀ ਹਾਲਸਟਰੌਮ ਨੇ ਬਣਾਈ ਹੈ। ਇਹ ਦੋ ਨਾਲੋ-ਨਾਲ ਸਥਿਤ ਰੈਸਟੋਰੈਂਟਾਂ ਦੀ ਕਹਾਣੀ ਹੈ। ਇਨ੍ਹਾਂ ਵਿਚੋਂ ਇਕ ਰੈਸਟੋਰੈਂਟ ਭਾਰਤੀ ਮੂਲ ਦੇ ਪਰਿਵਾਰ ਦਾ ਹੈ ਅਤੇ ਦੂਜਾ ਇਕ ਫ੍ਰਾਂਸੀਸੀ ਸ਼ੈਫ਼ ਬੀਬੀ ਦਾ ਹੈ। ਇਸ ਸ਼ੈਫ਼ ਬੀਬੀ ਦਾ ਕਿਰਦਾਰ ਉਘੀ ਆਦਾਕਾਰਾ ਹੈਲੇਨ ਮਿਰੇਨ ਨੇ ਨਿਭਾਇਆ ਹੈ। ਓਮ ਪੂਰੀ ਦਾ ਕਹਿਣਾ ਹੈ ਕਿ ਉਸ ਨੂੰ ਮਿਰੇਨ ਨਾਲ ਕੰਮ ਕਰ ਕੇ ਬਹੁਤ ਅਨੰਦ ਆਇਆ ਹੈ। ਉਹ ਅਸਲ ਵਿਚ ਮਿਰੇਨ ਦੀ 'ਦਿ ਕੁਈਨ' ਵਿਚ ਕੀਤੀ ਅਦਾਕਾਰੀ ਤੋਂ ਬਹੁਤ ਪ੍ਰਭਾਵਤ ਹੈ। ਓਮ ਪੁਰੀ ਇਕ ਦਹਾਕੇ ਤੋਂ ਇੰਗਲੈਂਡ ਦੇ ਥੀਏਟਰ ਅਤੇ ਫਿਲਮਾਂ ਨਾਲ ਜੁੜਿਆ ਹੋਇਆ ਹੈ। ਇਸ ਖੇਤਰ ਵਿਚ ਯੋਗਦਾਨ ਬਦਲੇ ਉਸ ਨੂੰ ਓ.ਬੀ.ਈ. ਦਾ ਖਿਤਾਬ ਵੀ ਮਿਲ ਚੁੱਕਾ ਹੈ। ਹੁਣੇ-ਹੁਣੇ ਰਿਲੀਜ਼ ਹੋਈ ਐਨੀਮੇਸ਼ਨ ਫ਼ਿਲਮ 'ਚਾਰ ਸਾਹਿਬਜ਼ਾਦੇ' ਵਿਚ ਉਸ ਨੇ ਸੂਤਰਧਾਰ ਦਾ ਕਿਰਦਾਰ ਨਿਭਾਇਆ, ਤੇ ਸਭ ਜਾਣਦੇ ਹਨ ਕਿ ਉਸ ਦੀ ਆਵਾਜ਼ ਦਾ ਜਾਦੂ ਸਰੋਤਿਆਂ/ਦਰਸ਼ਕਾਂ ਦੇ ਸਿਰ ਚੜ੍ਹ ਬੋਲਦਾ ਹੈ।

# ਨਰਗਿਸ: ਅਮਰੀਕਾ ਤੋਂ ਅਮਰੀਕਾ ਤੱਕ



ਹਿੰਦੀ ਫਿਲਮ ਜਗਤ ਵਿਚ ਖੂਬ ਧੁੰਮਾਂ ਪਾਉਣ ਤੋਂ ਬਆਦ ਨਰਗਿਸ ਫਾਖਰੀ ਹੁਣ ਅਮਰੀਕੀ ਐਕਸ਼ਨ ਫਿਲਮ ਵਿਚ ਕੰਮ ਕਰ ਹੀ ਹੈ। 'ਸਪਾਈ' ਨਾਂ ਦੀ ਇਹ ਫਿਲਮ ਅਗਲੇ ਸਾਲ ਮਈ ਵਿਚ ਰਿਲੀਜ਼ ਹੋਣੀ ਹੈ। ਫਿਲਮ ਵਿਚ ਨਰਗਿਸ ਫਾਖਰੀ ਤੋਂ ਇਲਾਵਾ ਮੈਲੀਸਾ ਮੈਕਾਰਥੀ, ਰੋਜ਼ ਬਾਇਰਨ, ਜੈਸਨ ਸਟੈਥਮ, ਜੂਡ ਲਾਅ ਅਤੇ ਮਿਰੈਂਡਾ ਅਹਿਮ ਭੂਮਿਕਾਵਾਂ ਨਿਭਾਅ ਰਹੇ ਹਨ। ਇਸ ਫਿਲਮ ਨਾਲ ਨਰਗਿਸ ਫਾਖਰੀ ਦੀ ਇਕ ਤਰ੍ਹਾਂ ਨਾਲ ਅਮਰੀਕਾ ਵਾਪਸੀ ਹੀ ਹੋਈ ਹੈ। ਉਹ ਪਾਕਿਸਤਾਨੀ ਪਿਤਾ ਮੁਹੰਮਦ ਫਾਖਰੀ ਅਤੇ ਚੈਕ ਮਾਂ ਮੈਰੀ ਫਾਖਰੀ ਦੇ ਘਰ ਕੁਈਨਜ਼ (ਨਿਊ ਯਾਰਕ) ਵਿਚ 1979 ਨੂੰ ਜੰਮੀ ਸੀ। 2003 ਵਿਚ ਉਸ ਨੇ ਰਿਐਲਿਟੀ ਟੀ.ਵੀ. ਸ਼ੋਅ 'ਅਮੈਰਿਕਾ'ਜ਼ ਨੈਕਸਟ ਟੌਪ ਮਾਡਲ' ਨਾਲ ਆਪਣਾ ਕਰੀਅਰ ਸ਼ੁਰੂ ਕੀਤਾ ਸੀ ਅਤੇ ਫਿਰ 2011 ਵਿਚ ਉਹ ਹਿੰਦੀ ਫਿਲਮ 'ਰੌਕਸਟਾਰ' ਨਾਲ ਭਾਰਤੀ ਫਿਲਮ ਜਗਤ ਨਾਲ ਡੂੰਘੀ ਜੁੜ ਗਈ ਸੀ।


dishworld™
NO SATELLITE DISH NEEDED
All packages
Only $14.95/mo
for 3 months
Watch LIVE!
India-Australia Cricket Series on
WILLOW HD
3 NEW PACKAGES FOR THE BEST IN DESI ENTERTAINMENT!
Hindi-Urdu Package
36 Channels
Hindi-Punjabi Package
38 Channels
Regional Package
48 Channels
and more.
and more.
and more.
+
Watch more than 1000+ BIG FLIX and South Asian Movies FREE!
NO CONTRACT | NO CREDIT CHECK | NO HIDDEN FEES
Ask about our FREE ROKU offer
Turn your regular TV into Internet TV with the Roku Streaming Stick.†
GET IT NOW!
dishworld.com/punjabtimes
1-855-348-3518
*Get 3 months of any language pack at the special introductory price of $14.95. No commitment. Cancel anytime by calling 1-877-811-4788. After 3 months, the then-current everyday price applies. DishWorld is available to view on TV, PC or Mac, Roku, Android, iOS, Sling and Samsung devices with access permitted on up to three devices at any one time per account. Requires compatible Roku box for each TV. Roku box sold separately. Access to the first device is included in the monthly programming package price. For access on each device beyond the first, a $5/mo fee per device will apply (maximum of two). Monthly programming fees are non-refundable. State and local taxes will apply. Service is only available in the U.S. All prices, packages and programming subject to change without notice. Additional restrictions may apply. DishWorld shall determine eligibility for this offer in its sole and absolute discretion.
†After 4 months your credit card will be charged for the applicable package until you cancel your service. © 2014 DISH Digital L.L.C. All rights reserved.

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਨਵਾਂ ਸਾਲ 2015 ਮੁਬਾਰਕ

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**




6560 Rochelle Ave.,
Newark, CA 94560
3 Bedroom, 2 Bath
Attached Car Garage
Area: 1100 Sq. Ft.
Lot: 6300 Sq. Ft.
**Asking: $539,000**




534 Cashew Place
Brantwood CA 94513
4 Bedrooms, 2.5 Bath-rooms, 2 Car Garage
Area: 2563 Sq. Ft.-
Lot: 7336 Sq. Ft.
**Asking: $528,000**




1187 N. Park Victoria,
Miltpitas, CA 95035
4 Bedrooms, 2 Bathrooms,
2 Car Garage
Area: 1795 Sq.
Ft - Lot: 8712 Sq. Ft.
**Asking: $849,000**




3308 Landess Ave.,
San Jose, CA 95132
3 Bedrooms,
1.5 Bathrooms,
1 Car Garage
Living Area: 1130 Sq. Ft
**Asking: $439,000**




34755 Sandburg Court
Union City CA 94587
5 Bedrooms,
3.5 Bathrooms,
2 Car Garage
Living Area: 2320 Sq. Ft
**Asking: $779,000**

## JUST SOLD

1. 37755 Sandburg Ct., Union City, CA 94587
2. 34417 Torrey Pine Lane, Union City, CA 94587
3. 2240 Partridge Way #4 Union City, CA 94588
4. 2225 Greer Ct., Union City, CA 94587
5. 4504 Mackinaw Street, Union City, CA 94587
6. 4138 Asimuth Cir., Union City, CA 94587
7. 16129 Rocky HarborRd Lathrop, CA 95330
8. 3308 Landless Ave., San Jose, CA 95132
9. 32241 Mercury Way, Union City, CA 94587
10. 1796 Dove Ct., Hayward, CA 94545
11. 1744 Ettles St., Manteca, CA 95337
12. 5440 Cumberland Park, Fremont, CA 94538
13. 37775 Golden Rod Ct., Newark, CA 94560
14. 230 Mizner Ct., Livermore, CA 94550

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA BRE# 00966763
Broker/Owner/Notary

*2004 to 2006 Award Winner
Top 1% Listing Realtor in Bay Area

**Commercial Unit**
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
@ 510-207-9067
CA BRE Lic.#01180969
NMLS# 352095